# PUNJAB HISTORY CONFERENCE

**Twenty Third Session**

# ਪੰਜਾਬ ਹਿਸਟਰੀ ਕਾਨਫਰੰਸ

**23ਵਾਂ ਸੈਸ਼ਨ**

**ਮਾਰਚ 17-19, 1989**

**March 17-19, 1989**

**ਭਾਗ ਦੂਜਾ**

**Part II**

ਪਰੋਸੀਡਿੰਗਜ਼

**Proceedings**

ਪੰਜਾਬ ਇਤਿਹਾਸ ਅਧਿਯਨ ਵਿਭਾਗ
ਅਤੇ ਇਤਿਹਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁਲ . 115 ਰੁਪਏ
ਦੋਵੇਂ ਭਾਗ

Vol. I, Part II October, 1967 Serial No. 2

# PANJAB
# PAST AND PRESENT

*Editor*
GANDA SINGH

PUNJABI UNIVERSITY, PATIALA

Printed and Published by :
S. Amrik Singh Registrar, Punjabi University,
at the Punjabi University Press, Patiala.

# PUNJAB HISTORY CONFERENCE

**Twenty Third Session**

# ਪੰਜਾਬ ਹਿਸਟਰੀ ਕਾਨਫਰੰਸ

**23ਵਾਂ ਸੈਸ਼ਨ**

**ਮਾਰਚ 17-19, 1989**
**March 17-19, 1989**

**ਭਾਗ ਦੂਜਾ**
**Part II**

ਪਰੋਸੀਡਿੰਗਜ਼
**Proceedings**

ਪੰਜਾਬ ਇਤਿਹਾਸ ਅਧਿਯਨ ਵਿਭਾਗ
ਅਤੇ ਇਤਿਹਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬ ਇਤਿਹਾਸ ਅਧਿਯਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁਖ ਸੰਪਾਦਕ
ਡਾ. ਗੁਰਸ਼ਰਨ ਸਿੰਘ

ਸੰਪਾਦਕ
ਸੁਖਦਿਆਲ ਸਿੰਘ

ਪਰੂਫ ਰੀਡਰ : ਤਾਰਾ ਸਿੰਘ ਟਿਵਾਣਾ, ਸੈਕਟਰੀ : ਮਨਦੀਪ ਕੌਰ

ਇਸ ਕੰਮ ਨੂੰ ਇੰਡੀਅਨ ਕੌਂਸਲ ਆਫ਼ ਹਿਸਟਾਰੀਕਲ ਰੀਸਰਚ, ਨਵੀਂ ਦਿਲੀ
ਦੀ ਮਾਇਕ ਮਦਦ ਨਾਲ ਪਰਕਾਸ਼ਿਤ ਕੀਤਾ ਗਿਆ ਹੈ

ਅਤੇ

ਪਰੋਸੀਡਿੰਗਜ਼ ਵਿਚ ਦਿਤੇ ਗਏ ਖੋਜ-ਪਤਰਾਂ ਵਿਚ ਵਿਅਕਤ ਕੀਤੀਆਂ ਗਈਆਂ ਰਾਵਾਂ, ਕਢੇ ਗਏ ਸਿਟਿਆਂ ਅਤੇ ਵਰਤੇ ਗਏ ਤਥਾਂ ਦੀ ਸਾਰੀ ਜ਼ਿੰਮੇਵਾਰੀ ਲੇਖਕਾਂ ਦੀ ਆਪਣੀ ਹੈ। ਇੰਡੀਅਨ ਕੌਂਸਲ ਆਫ਼ ਹਿਸਟਾਰੀਕਲ ਰੀਸਰਚ ਅਤੇ ਸੰਪਾਦਕੀ ਮੈਂਬਰਾਂ ਦੀ ਇਨਾਂ ਬਾਰੇ ਕੋਈ ਜ਼ਿੰਮੇਵਾਰੀ ਨਹੀਂ ਹੈ।

ਕੀਮਤ :
ਸਤੰਬਰ : 1989

ਪਰਕਾਸ਼ਕ :
ਸ੍ਰ. ਤੀਰਥ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪਰਿੰਟਰਜ਼ :
ਯੈਸਮੈਨ ਪਰਿੰਟਰਜ਼, ਪਟਿਆਲਾ, ਫੋਨ 74559

# ਭੂਮਿਕਾ

ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਯਨ ਵਿਭਾਗ ਵਲੋਂ ਮਾਰਚ, 1988 ਵਿਚ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਪੜ੍ਹੇ ਜਾਣ ਵਾਲੇ ਪਰਚਿਆਂ ਦੇ ਵਖਰੇ ਭਾਗ ਦਾ ਆਯੋਜਨ ਕੀਤਾ ਗਿਆ ਸੀ। ਇਸ ਗਲ ਤੋਂ ਸਾਨੂੰ ਤਸਲੀ ਹੋਈ ਕਿ ਪਹਿਲੇ ਸਾਲ ਹੀ ਪੰਜਾਬੀ ਭਾਸ਼ਾ ਵਿਚ ਰਚਿਤ ਇਸ ਭਾਗ ਵਿਚ 18 ਖੋਜ ਪਤਰ ਪੜ੍ਹੇ ਗਏ ਅਤੇ 1989 ਮਾਰਚ ਵਿਚ ਇਨਾਂ ਦੀ ਗਿਣਤੀ ਵਧ ਕੇ 22 ਹੋ ਗਈ ਹੈ। ਆਸ ਹੈ ਕਿ ਸਾਡੇ ਵਿਦਵਾਨ ਵਾਈਸ-ਚਾਂਸਲਰ ਡਾਕਟਰ ਐਚ. ਕੇ. ਮਨਮੋਹਨ ਸਿੰਘ ਜੀ ਦੀ ਅਗਵਾਈ ਹੇਠ ਪੰਜਾਬੀ ਵਿਚ ਰਚਿਤ ਪੰਜਾਬ ਇਤਿਹਾਸ ਤੇ ਖੋਜ-ਲੇਖਾਂ ਦੀ ਗਿਣਤੀ ਅਗਲੀ ਪੰਜਾਬ ਇਤਿਹਾਸ ਕਾਨਫਰੰਸ ਦੇ ਮੌਕੇ ਤੇ ਹੋਰ ਵਧੇਗੀ।

ਇਹ ਗਲ ਮੈਂ ਫਿਰ ਇਕ ਵਾਰ ਦਸਣਾ ਚਾਹੁੰਦਾ ਹਾਂ ਕਿ ਪੰਜਾਬੀ ਭਾਸ਼ਾ ਵਿਚ ਪੰਜਾਬ ਦੇ ਇਤਿਹਾਸ ਸੰਬੰਧੀ ਕਾਫੀ ਸੋਮੇ ਮੌਜੂਦ ਹਨ, ਜਿਨਾਂ ਤੋਂ ਪੰਜਾਬੀ ਬੋਲੀ ਵਿਚ ਖੋਜ ਪਤਰ/ਲੇਖ ਲਿਖਣ ਵਾਲੇ ਵਿਦਵਾਨ/ਵਿਦਿਆਰਥੀ ਪੂਰਾ ਲਾਭ ਉਠਾ ਸਕਦੇ ਹਨ। ਅਸੀਂ ਯਤਨ ਕਰਾਂਗੇ ਕਿ ਸਾਡੇ ਵਿਭਾਗ ਵਲੋਂ ਅਜਿਹੇ ਸਰੋਤਾਂ ਦੀ ਇਕ ਵਖਰੀ ਪੁਸਤਕ-ਸੂਚੀ (Bibliography) ਤਿਆਰ ਕਰਵਾਈ ਜਾਵੇ ਤਾਂ ਜੋ ਖੋਜਕਾਰਾਂ ਨੂੰ ਇਤਿਹਾਸਕ ਸਮਗਰੀ ਬਾਰੇ ਵਧ ਤੋਂ ਵਧ ਜਾਣਕਾਰੀ ਪਰਾਪਤ ਹੋ ਸਕੇ ਤੇ ਉਹ ਆਪਣਾ ਲੇਖ ਕੁਸ਼ਲਤਾਪੂਰਵਕ ਲਿਖ ਸਕਣ।

ਮੇਰਾ ਪਕਾ ਯਕੀਨ ਹੈ ਕਿ ਜਿਹੜੇ ਖੋਜ ਵਿਦਿਆਰਥੀ ਆਪਣੇ ਦੇਸ਼ ਤੇ ਲੋਕਾਂ ਦੇ ਇਤਿਹਾਸ ਨੂੰ ਆਪਣੀ ਮਾਂ ਬੋਲੀ ਵਿਚ ਅਭਿਵਿਅਕਤ ਕਰਨ ਦੇ ਮੁਦਈ ਹਨ ਉਹ ਇਸ ਕਾਰਜ ਨੂੰ ਨਿਪੁੰਨਤਾ ਅਤੇ ਕਾਰਗਰ ਤਰੀਕੇ ਨਾਲ ਕਰ ਸਕਦੇ ਹਨ।

ਮੈਨੂੰ ਅਤੇ ਵਿਭਾਗ ਵਿਚ ਮੇਰੇ ਵਿਦਵਾਨ ਦੋਸਤਾਂ ਨੂੰ ਆਸ ਹੈ ਕਿ ਹਰ ਸਾਲ ਪੰਜਾਬੀ ਵਿਚ ਪੜ੍ਹੇ ਜਾਣ ਵਾਲੇ ਪਰਚਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹੇਗਾ।

ਪੰਜਾਬ ਇਤਿਹਾਸ ਅਧਿਯਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਡਾ. ਗੁਰਸ਼ਰਨ ਸਿੰਘ**
ਮੁਖੀ

ਪੰਜਾਬ ਹਿਸਟਰੀ ਕਾਨਫਰੰਸ

# ਤਤਕਰਾ


| | ਵਿਸ਼ਾ | ਪੰਨਾ |
|---|---|---|
| 1. | ਪਰਧਾਨਗੀ ਭਾਸ਼ਨ<br>ਡਾ. ਵਾਈ. ਪੀ. ਬਜਾਜ | 1 |
| 2. | ਗੁਰਮਤਿ-ਸੰਖੇਪ ਝਾਤ<br>ਜਸਮਿਤਰ ਸਿੰਘ | 6 |
| 3. | ਸਿਰੀ ਹਰਿਮੰਦਰ ਸਾਹਿਬ : ਇਕ ਇਤਿਹਾਸਕ ਸਰਵੇਖਣ<br>ਜਗਜੀਵਨ ਮੋਹਨ ਵਾਲੀਆ | 11 |
| 4. | ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੰਜਾਬ ਦੀ ਰਾਜਨੀਤਕ ਅਵਸਥਾ ਦੇ ਹਵਾਲੇ<br>ਗੁਰਚਰਨ ਕੌਰ ਬਰਾੜ | 17 |
| 5. | ਗੁਰੂ ਹਰਿਗੋਬਿੰਦ ਸਾਹਿਬ ਦੀ ਗਰਿਫ਼ਤਾਰੀ ਤੇ ਰਿਹਾਈ<br>ਨਰਿੰਜਨ ਸਿੰਘ ਸਾਥੀ | 20 |
| 6. | ਸਿਰੀ ਹਰਿਗੋਬਿੰਦਪੁਰ ਦਾ ਇਤਿਹਾਸਕ ਸਰਵੇਖਣ<br>ਸੁਰਿੰਦਰ ਪਾਲ ਸਿੰਘ ਸੈਣੀ | 29 |
| 7. | ਗੁਰੂ ਗੋਬਿੰਦ ਸਿੰਘ ਜੀ ਦੀ ਪਟਣੇ ਤੋਂ ਪੰਜਾਬ ਆਮਦ<br>ਸਤਨਾਮ ਕੌਰ | 39 |
| 8. | ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ<br>ਪਰਮਜੀਤ ਕੌਰ | 44 |
| 9. | ਬੰਸਾਵਲੀਨਾਮਾ ਦੇ ਸੰਭਵ ਸਰੋਤ<br>ਰਾਏ ਜਸਬੀਰ ਸਿੰਘ | 48 |
| 10. | ਭਟ ਵਹੀਆਂ— ਤਥ ਤੇ ਕਥ<br>ਬਲਵੰਤ ਸਿੰਘ ਢਿਲੋਂ | 54 |
| 11. | ਮਹਾਰਾਜਾ ਰਣਜੀਤ ਸਿੰਘ ਦਾ ਰਾਜਸੀ ਸੰਕਲਪ<br>ਸੁਖਦਿਆਲ ਸਿੰਘ | 61 |
| 12. | 1907 ਦੀ ਬੇਚੈਨੀ ਦਾ ਪੰਜਾਬ ਉਪਰ ਪਰਭਾਵ<br>ਭਰਪੂਰ ਕੌਰ | 85 |
| 13. | ਵਾਰ ਸ਼ਾਹ ਮੁਹੰਮਦ ਦੀ ਇਤਿਹਾਸਕ ਮਹਤਤਾ<br>ਰੁਪਿੰਦਰ ਕੌਰ ਸਿਧੂ | 92 |
| 14. | ਅਜੀਤ ਸਿੰਘ ਦੀਆਂ ਇਟਲੀ ਵਿਖੇ ਕਾਰਵਾਈਆਂ<br>ਸਵਿੰਦਰ ਪਾਲ | 99 |
| 15. | ਪਟਿਆਲਾ ਰਾਜ ਵਿਚ ਕਿਸਾਨਾਂ ਦੀ ਹਾਲਤ (1900-1947)<br>ਰਾਮ ਸਿੰਘ ਗੁਰਨਾ | 104 |

16. ਦੇਸ਼ ਆਜ਼ਾਦੀ ਦੀਆਂ ਲਹਿਰਾਂ ਵਿਚ ਦੀ ਜ਼ਿਲਾ ਬਠਿੰਡਾ 108
ਸਰਵਣ ਸਿੰਘ 'ਬੀਰ'

17. ਪੈਪਸੂ ਰਾਜ ਸਮੇਂ ਰਾਸ਼ਟਰਪਤੀ ਰਾਜ ਦੀਆਂ ਪਰਾਪਤੀਆਂ 114
ਅਮਰਜੀਤ ਕੌਰ

18. ਪੈਪਸੂ ਵਿਚ ਬਿਜਲੀ ਦਾ ਵਿਕਾਸ 115
ਸੀਮਾ ਰਾਣੀ

19. 1955 ਦਾ ਪੰਜਾਬੀ ਸੂਬਾ ਮੋਰਚਾ 121
ਕਰਿਸ਼ਨ ਗੋਪਾਲ ਲਾਂਬਾ

20. ਇਤਿਹਾਸਕਾਰ ਦਾ ਸਿਧਾਂਤਕ ਪਰਿਪੇਖ 127
ਬਲਕਾਰ ਸਿੰਘ

21. 1920 ਵਿਚਲੀ ਪੰਥਕ ਜਥੇਬੰਦੀ ਦੀ ਅਵਸਥਾ 130
ਅਮਰਜੀਤ ਕੌਰ

22. ਸਿਖ ਧਰਮ ਦੀ ਰਾਜਨੀਤਿਕ ਵਿਚਾਰਧਾਰਾ—ਤੁਲਨਾਤਮਿਕ ਅਧਿਐਨ 138
ਜਸਪਾਲ ਕੌਰ

# ਪਰਧਾਨਗੀ ਭਾਸ਼ਣ
## ਪੰਜਾਬੀ ਸੈਕਸ਼ਨ
## ਪੰਜਾਬ ਹਿਸਟਰੀ ਕਾਨਫਰੰਸ, 23ਵਾਂ ਸੈਸ਼ਨ

ਡਾ. ਵਾਈ. ਪੀ. ਬਜਾਜ*

ਮਾਣਯੋਗ ਵਾਈਸ-ਚਾਂਸਲਰ ਸਾਹਿਬ ਡਾ. ਭਗਤ ਸਿੰਘ ਜੀ, ਸਤਿਕਾਰ ਯੋਗ ਡਾ. ਡੀ. ਐਨ. ਪਾਨੀਗਰਹੀ, ਮਹਾਰਾਜਾ ਅਮਰਿੰਦਰ ਸਿੰਘ ਜੀ, ਪਰਾਚੀਨ, ਮਧ ਅਤੇ ਆਧੁਨਿਕ ਕਾਲ ਦੇ ਸੈਕਸ਼ਨਾਂ ਦੇ ਪਰਧਾਨ ਸਾਹਿਬਾਨ ਅਤੇ ਵਿਦਵਾਨ ਦੋਸਤੋ ।

ਮੈਂ ਕਾਨਫਰੰਸ ਦੇ ਪਰਬੰਧਕਾਂ ਦਾ ਦਿਲੋਂ ਧੰਨਵਾਦੀ ਹਾਂ ਜਿਨਾਂ ਨੇ ਮੈਨੂੰ ਇਸ ਸੈਸ਼ਨ ਦੇ ਪੰਜਾਬੀ ਸੈਕਸ਼ਨ ਦੀ ਪਰਧਾਨਗੀ ਕਰਨ ਦਾ ਗੌਰਵ ਪਰਦਾਨ ਕਰਦੇ ਹੋਏ ਇਹ ਅਵਸਰ ਦਿਤਾ ਹੈ ਕਿ ਪੰਜਾਬ ਦੇ ਇਤਿਹਾਸ ਦੇ ਕੁਝ ਪਹਿਲੂਆਂ ਅਤੇ ਸਮਸਿਆਵਾਂ ਬਾਰੇ ਮੈਂ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕਰ ਸਕਾਂ ।

ਪੰਜਾਬ ਦੇ ਇਤਿਹਾਸ ਸੰਬੰਧੀ ਸਾਲਾਨਾ ਕਾਨਫਰੰਸ ਕਰਨ ਦਾ ਵਿਚਾਰ ਪਰਸਿਧ ਇਤਿਹਾਸ-ਕਾਰ ਡਾ. ਗੰਡਾ ਸਿੰਘ ਜੀ ਦੀ ਦੇਣ ਹੈ । 14 ਅਕਤੂਬਰ, 1930 ਨੂੰ ਉਹਨਾਂ ਨੇ ਇਸ ਬਾਰੇ ਇਕ ਪਤਰ ਗਿਆਨੀ ਹੀਰਾ ਸਿੰਘ ਦਰਦ, ਸਕਤਰ, ਸਿਖ ਇਤਿਹਾਸਕ ਸੋਸਾਇਟੀ, ਲਾਹੌਰ, ਨੂੰ ਲਿਖਿਆ ਜੋ ਗਿਆਨੀ ਜੀ ਨੇ ਤੁਰੰਤ ਫੁਲਵਾੜੀ ਦੇ ਨਵੰਬਰ ਦੇ ਅੰਕ ਵਿਚ ਛਾਪ ਦਿਤਾ । ਪਰ ਇਸ ਦਾ ਕੋਈ ਸਿਟਾ ਨਾ ਨਿਕਲਿਆ । ਇਸ ਦੇ ਉਲਟ ਅਗਲੇ ਵਰੇ ਉਪਰੋਕਤ ਸਿਖ ਇਤਿਹਾਸਕ ਸੋਸਾਇਟੀ ਦੇ ਪਰਧਾਨ ਬਾਵਾ ਬੁਧ ਸਿੰਘ ਜੀ ਦੀ ਮਿਰਤੂ ਤੋਂ ਪਿਛੋਂ ਇਹ ਸੰਸਥਾ ਵੀ ਸਮਾਪਤ ਹੋ ਗਈ ਅਤੇ ਇਸ ਦੀ ਪੁਨਰ ਸਥਾਪਨਾ ਪੰਦਰਾਂ ਵਰਿਆਂ ਮਗਰੋਂ 1945 ਵਿਚ ਹੋਈ। ਪਰ 60ਵਿਆਂ ਦੇ ਮੁਢਲੇ ਸਾਲਾਂ ਦੌਰਾਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੁਆਰਾ ਇਸ ਨੂੰ ਮਾਲੀ ਸਹਾਇਤਾ ਬੰਦ ਕਰਨ ਦੇ ਨਾਲ ਇਸ ਦੀਆਂ ਗਤੀਵਿਧੀਆਂ ਮੁੜ ਠਪ ਹੋ ਗਈਆਂ । ਇਨਾਂ ਪਰਿਸਥਿਤੀਆਂ ਵਿਚ ਡਾ. ਗੰਡਾ ਸਿੰਘ ਜੀ ਨੇ 1964 ਵਿਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਭਾਈ ਜੋਧ ਸਿੰਘ ਜੀ ਨੂੰ ਪੰਜਾਬ ਹਿਸਟਰੀ ਕਾਨਫਰੰਸ ਸਥਾਪਿਤ ਕਰਨ ਦਾ ਸੁਝਾਅ ਦਿਤਾ, ਜੋ ਕਿ ਉਨਾਂ ਨੇ ਪਰਵਾਨ ਕਰ ਲਿਆ । ਨਤੀਜੇ ਵਜੋਂ 1965 ਈ. ਵਿਚ ਇਸ ਦਾ ਪਹਿਲਾ ਇਜਲਾਸ ਹੋਇਆ । ਉਦੋਂ ਤੋਂ ਲੈ ਕੇ ਹੁਣ ਤਕ ਪੰਜਾਬ ਦੇ ਇਤਿਹਾਸ ਅਤੇ ਸੰਸਕਰਿਤੀ ਦੀ ਖੋਜ ਪਰਤੀ ਇਸ ਨੇ ਵਡਮੁਲੀ ਭੂਮਿਕਾ ਨਿਭਾਈ ਹੈ ।

ਮੇਰੇ ਵਿਚਾਰ ਵਿਚ ਇਸ ਕਾਨਫਰੰਸ ਦਾ ਕਰਾਂਤੀਕਾਰੀ ਸੈਸ਼ਨ ਮਾਰਚ, 1988 ਦਾ ਸੀ ਜਿਸ ਵਿਚ ਪੰਜਾਬੀ ਵਿਚ ਪੜੇ ਜਾਣ ਵਾਲੇ ਖੋਜ-ਪਤਰਾਂ ਲਈ ਅਲਗ ਸੈਕਸ਼ਨ ਦਾ ਆਯੋਜਨ ਕੀਤਾ ਗਿਆ । ਇਸ ਦੇ ਕਈ ਲਾਭ ਹੋਣਗੇ ਕਿਉਂਕਿ ਇਸ ਸੈਕਸ਼ਨ ਵਿਚ ਖੋਜ ਪਤਰ ਥੋੜੇ ਹੁੰਦੇ ਹਨ ਇਸ ਲਈ ਪੇਪਰਾਂ ਬਾਰੇ ਵਿਚਾਰ ਕਰਨ ਲਈ ਸਹੂਲਤ ਦੇ ਪਖੋਂ ਪੰਜਾਬ ਦੇ ਇਤਿਹਾਸ ਨੂੰ ਤਿੰਨ ਹਿਸਿਆਂ—ਪਰਾਚੀਨ, ਮਧਕਾਲੀ ਅਤੇ ਆਧੁਨਿਕ—ਵਿਚ ਵੰਡਣਾ ਪਵੇਗਾ । ਇਥੇ ਪੰਜਾਬ ਦੇ ਇਤਿਹਾਸ ਨੂੰ ਇਕ ਨਿਰੰਤਰ ਵਹਿਣ ਦੇ ਰੂਪ ਵਿਚ ਵਿਚਾਰਿਆ ਜਾ ਸਕੇਗਾ । ਖੋਜ-ਪਤਰਾਂ ਬਾਰੇ ਵੀ ਵਧੇਰੇ ਵਿਸਤਾਰ ਪੂਰਵਕ ਬਹਸ ਕਰਨ ਦਾ ਮੌਕਾ ਮਿਲੇਗਾ । ਪਰ ਛੇਤੀ ਹੀ ਸਾਨੂੰ ਆਮ

*ਹੈਡ, ਹਿਸਟਰੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਲੋਕਾਂ ਦੀਆਂ ਅਕਾਂਖਿਆਵਾਂ ਪੂਰੀਆਂ ਕਰਨ ਲਈ ਵਧ ਤੋਂ ਵਧ ਵਿਦਵਾਨਾਂ ਨੂੰ ਪੰਜਾਬੀ ਵਿਚ ਲਿਖਣ ਲਈ ਪਰੇਰਨਾ ਪਵੇਗਾ । ਜੇ ਲੋੜ ਪਵੇ ਤਾਂ ਉਹਨਾਂ ਵਿਦਵਾਨਾਂ ਦੇ ਖੋਜ-ਪਤਰਾਂ ਲਈ, ਜਿਹੜੇ ਮੇਰੇ ਵਾਂਗ ਪੰਜਾਬੀ ਵਿਚ ਬਹੁਤਾ ਚੰਗਾ ਨਹੀਂ ਲਿਖ ਸਕਦੇ, ਸੁਧਾਈ ਦਾ ਪਰਬੰਧ ਕਰਨਾ ਵੀ ਯੋਗ ਹੋਵੇਗਾ । ਕਈ ਗ਼ੈਰ-ਪੇਸ਼ਾਵਰ ਖੋਜਾਰਥੀ ਜਿਹੜੇ ਅੰਗਰੇਜ਼ੀ ਭਾਸ਼ਾ ਦੀਆਂ ਗੁੰਝਲਾਂ ਤੋਂ ਘਬਰਾਉਂਦੇ ਹੋਏ ਕਾਨਫਰੰਸ ਵਿਚ ਖੋਜ-ਪਤਰ ਪੇਸ਼ ਕਰਦੇ ਹੋਏ ਝਿਜਕਦੇ ਸਨ ਭਾਵੇਂ ਉਹਨਾਂ ਦਾ ਇਤਿਹਾਸਕ ਸੋਮਿਆਂ ਦਾ ਗਿਆਨ ਕਿੰਨਾ ਵੀ ਡੂੰਘਾ ਕਿਉਂ ਨਹੀਂ ਸੀ ਹੁੰਦਾ, ਹੁਣ ਬੇਧੜਕ ਆਪਣੇ ਖੋਜ-ਪਤਰ ਪੜ ਸਕਣਗੇ ਕਿਉਂਕਿ ਹੁਣ ਉਨਾਂ ਨੂੰ ਆਪਣੇ ਵਿਚਾਰ ਵਿਅਕਤ ਕਰਨ ਲਈ ਢੁਕਵੀਂ ਸ਼ਬਦਾਵਲੀ ਅਤੇ ਸ਼ੈਲੀ ਦੀ ਘਾਟ ਮਹਿਸੂਸ ਨਹੀਂ ਹੋਵੇਗੀ ਜਦਕਿ 1987 ਤਕ ਕਾਨਫਰੰਸ ਦੇ ਭਿੰਨ ਭਿੰਨ ਇਜਲਾਸਾਂ ਵਿਚ ਪੰਜਾਬੀ ਵਿਚ ਕੁਲ 36 ਪੇਪਰ ਪੇਸ਼ ਕੀਤੇ ਗਏ ਸਨ ਪਰ ਇਕਲੇ ਪਿਛਲੇ ਵਰੇ ਪੰਜਾਬੀ ਦੇ 18 ਖੋਜ-ਪਤਰ ਪੜੇ ਗਏ । ਸਾਡੇ ਵਿਦਿਆਰਥੀ ਜਿਨਾਂ ਵਿਚੋਂ ਬਹੁਤਿਆਂ ਦਾ ਐਮ. ਏ. ਤਕ ਅਧਿਅਨ ਮਾਧਿਅਮ ਪੰਜਾਬੀ ਹੁੰਦਾ ਹੈ ਇਸ ਸੈਕਸ਼ਨ ਦੇ ਚਿੰਤਨ ਵਿਚ ਜ਼ਿਆਦਾ ਭਾਗ ਲੈਣ ਲਈ ਉਤਸਾਹਿਤ ਹੋਣਗੇ । ਆਮ ਲੋਕ ਵੀ, ਜਿਨਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ, ਪਰ ਪੰਜਾਬੀ ਜਾਣਦੇ ਹਨ, ਇਸ ਸੈਕਸ਼ਨ ਦੇ ਖੋਜ-ਪਤਰਾਂ ਦਾ ਆਨੰਦ ਮਾਣ ਸਕਣਗੇ । ਉਨਾਂ ਨੂੰ ਵੀ ਇਤਿਹਾਸਕ ਚੇਤਨਾ ਪਰਾਪਤ ਕਰਨ ਦਾ ਅਵਸਰ ਮਿਲੇਗਾ । ਅਸਲ ਵਿਚ ਇਹ ਇਤਿਹਾਸ ਦੇ ਅਧਿਅਨ ਦਾ ਪਰਜਾਤੰਤਰੀਕਰਣ ਹੋਵੇਗਾ । ਇਹ ਧਾਰਨਾ ਗਲਤ ਹੈ ਕਿ ਇਤਿਹਾਸ ਬਾਰੇ ਜਿਗਿਆਸਾ ਸਿਰਫ ਅੰਗਰੇਜ਼ੀ ਪੜੀ-ਲਿਖੀ ਉਚ ਸ਼ਰੇਣੀ ਨੂੰ ਹੀ ਹੁੰਦੀ ਹੈ । ਵਾਸਤਵ ਵਿਚ ਸਮਕਾਲੀ ਸਮਸਿਆਵਾਂ, ਪਰਾਪਤੀਆਂ ਅਤੇ ਅਪਰਾਪਤੀਆਂ ਦੇ ਸੰਦਰਭ ਵਿਚ ਲਗਭਗ ਹਰੇਕ ਵਿਅਕਤੀ ਨੂੰ ਇਤਿਹਾਸਕ ਉਤਸੁਕਤਾ ਹੁੰਦੀ ਹੈ । ਜਾਣੇ ਜਾਂ ਅਣਜਾਣੇ ਉਹ ਅਪਰਮਾਣਿਤ ਇਤਿਹਾਸ, ਅਖ਼ਬਾਰੀ ਖ਼ਬਰਾਂ, ਲੇਖਾਂ, ਰੇਡੀਓ ਦੇ ਪਰੋਗਰਾਮਾਂ, ਨੇਤਾਵਾਂ ਦੇ ਭਾਸ਼ਣਾਂ, ਲੋਕ ਬੋਲੀਆਂ ਅਤੇ ਬਜ਼ੁਰਗਾਂ ਦੀ ਜ਼ਬਾਨੀ ਪੜੀ ਜਾਂ ਸੁਣੀ ਜਾਂਦਾ ਹੈ । ਹੁਣ ਸਾਰਿਆਂ ਨੂੰ ਤਾਂ ਨਹੀਂ ਪਰ ਜੋ ਲੋਕ ਪੰਜਾਬੀ ਪੜ ਸਕਦੇ ਹਨ ਉਨਾਂ ਨੂੰ ਪੰਜਾਬ ਦੇ ਇਤਿਹਾਸ ਬਾਰੇ ਕੁਝ ਪਰਮਾਣਿਤ ਲੇਖ ਅਵਸ਼ ਮੁਹਈਆ ਹੋ ਜਾਇਆ ਕਰਨਗੇ । ਕਿਉਂਕਿ ਆਮ ਵਿਅਕਤੀ ਬਹੁਤੇ ਪੈਸੇ ਨਹੀਂ ਖਰਚ ਸਕਦਾ । ਇਸ ਲਈ ਪਰਬੰਧਕਾਂ ਨੂੰ ਮੇਰਾ ਸੁਝਾਅ ਹੈ ਕਿ ਪੰਜਾਬੀ ਸੈਕਸ਼ਨ ਦੀਆਂ ਪਰੋਸੀਡਿੰਗਜ਼ ਦੀ ਕੀਮਤ ਬਹੁਤ ਘਟ ਰਖੀ ਜਾਵੇ ਤਾਂ ਜੋ ਕਾਨਫਰੰਸ ਦਾ ਵਧ ਤੋਂ ਵਧ ਲੋਕਾਂ ਨਾਲ ਮਾਨਸਿਕ ਤਾਲ-ਮੇਲ ਉਤਪੰਨ ਹੋ ਸਕੇ ਅਤੇ ਉਹਨਾਂ ਦੀ ਇਤਿਹਾਸਕ ਚੇਤਨਾ ਦਾ ਵਿਕਾਸ ਵਿਗਿਆਨਕ ਲੀਹਾਂ ਤੇ ਹੋ ਸਕੇ । ਇਸ ਪਖੋਂ ਮੈਂ ਤਾਂ ਇਥੋਂ ਤਕ ਸੁਝਾਵਾਂਗਾ ਕਿ ਕਾਨਫਰੰਸ ਦੇ ਭਿੰਨ ਭਿੰਨ ਅਧਿਵੇਸ਼ਨਾਂ ਦੇ ਪੇਪਰ ਜੋ ਹੁਣ ਤਕ ਅੰਗਰੇਜ਼ੀ ਵਿਚ ਛਾਪੇ ਗਏ ਹਨ ਜਾਂ ਅਗੇ ਛਾਪੇ ਜਾਣਗੇ, ਉਹਨਾਂ ਦੇ ਵੀ ਪੰਜਾਬੀ ਅਨੁਵਾਦ ਸਸਤੀਆਂ ਪੁਸਤਕਾਂ ਦੇ ਰੂਪ ਵਿਚ ਪਰਕਾਸ਼ਿਤ ਕੀਤੇ ਜਾਣ ।

ਇਸੇ ਪਰਸੰਗ ਵਿਚ ਮੈਂ ਇਹ ਵੀ ਤਜਵੀਜ਼ ਕਰਾਂਗਾ ਕਿ ਖੋਜਾਰਥੀ ਪੰਜਾਬ ਦੇ ਇਤਿਹਾਸ ਲੇਖਣ ਨੂੰ ਵੀ ਨਵੀਂ ਦਿਸ਼ਾ ਦੇਣ । ਰਾਜਿਆਂ, ਮਹਾਰਾਜਿਆਂ, ਰਾਜਵੰਸ਼ਾਂ ਅਤੇ ਨੇਤਾਵਾਂ ਦੇ ਇਤਿਹਾਸ ਲਿਖਣ ਦੀ ਥਾਂ ਉਹ ਲੋਕਾਂ ਅਤੇ ਲੋਕ ਸੰਸਥਾਵਾਂ ਦਾ ਆਲੋਚਨਾਤਮਕ ਅਤੇ ਨਿਰਪਖ ਇਤਿਹਾਸ ਪੰਜਾਬੀ ਵਿਚ ਲਿਖਣ ਤਾਂ ਜੋ ਆਮ ਲੋਕਾਂ ਦੇ ਦਿਲਾਂ ਵਿਚ ਆਪਣੀ ਸ਼ਕਤੀ, ਯੋਗਤਾ, ਕਾਰਜ-ਸਮਰਥਾ ਅਤੇ ਇਤਿਹਾਸ-ਨਿਰਮਾਣ ਬਾਰੇ ਸਵੈ-ਵਿਸ਼ਵਾਸ ਉਤਪੰਨ ਹੋ ਸਕੇ । ਪੰਜਾਬ ਅਤੇ ਭਾਰਤ ਵਿਚ ਪਰਜਾਤੰਤਰ ਨੂੰ ਸਫਲ ਬਣਾਉਣ ਦੀ ਦਿਸ਼ਾ ਵਿਚ ਇਤਿਹਾਸਕਾਰਾਂ ਦਾ ਇਹ ਬਹੁਤ ਮਹਤਵਪੂਰਣ ਯੋਗਦਾਨ ਹੋਵੇਗਾ ।

ਇਥੇ ਮੈਂ ਪੰਜਾਬ ਦੇ ਪਰਾਚੀਨ ਅਤੇ ਮਧਕਾਲੀ ਇਤਿਹਾਸ ਵਿਚ ਖੋਜ ਪਰਤੀ ਅਣਗਹਿਲੀ

ਵਲ ਵੀ ਧਿਆਨ ਆਕਰਸ਼ਿਤ ਕਰਨਾ ਚਾਹਵਾਂਗਾ । ਇਸ ਦਾ ਕਾਰਣ ਸਾਡੇ ਸਕੂਲਾਂ ਅਤੇ ਕਾਲਜਾਂ ਵਿਚ ਸੰਸਕਰਿਤ, ਫਾਰਸੀ ਅਤੇ ਉਰਦੂ ਦੇ ਅਧਿਅਨ ਬਾਰੇ ਲਾਪਰਵਾਹੀ ਹੈ । ਪਰ ਜੇਕਰ ਇਤਿਹਾਸਕਾਰ ਪੰਜਾਬ ਦੇ ਸਚੇ ਇਤਿਹਾਸਕ ਵਿਰਸੇ ਨੂੰ ਠੋਸ ਅਤੇ ਛਾਣੀ-ਪੁਣੀ ਗਵਾਹੀ ਦੁਆਰਾ ਲੋਕਾਂ ਤਕ ਪਹੁੰਚਾਉਣਾ ਚਾਹੁੰਦੇ ਹਨ ਤਾਂ ਪੰਜਾਬੀ ਦੇ ਨਾਲ ਨਾਲ ਉਨਾਂ ਨੂੰ ਇਨਾਂ ਕਲਾਸੀਕਲ ਭਾਸ਼ਾਵਾਂ ਦਾ ਗਿਆਨ ਵੀ ਹਾਸਲ ਕਰਨਾ ਪਵੇਗਾ । ਇਸ ਸੰਦਰਭ ਵਿਚ ਮਰਹੂਮ ਡਾ. ਗੰਡਾ ਸਿੰਘ ਜੀ ਨੇ ਇਸ ਕਾਨਫਰੰਸ ਦੇ ਦੂਜੇ ਇਜਲਾਸ (1966) ਦੇ ਸੁਆਗਤੀ ਭਾਸ਼ਣ ਵਿਚ ਜੋ ਵਿਚਾਰ ਵਿਅਕਤ ਕੀਤੇ ਸਨ ਉਨਾਂ ਨੂੰ ਇਥੇ ਦੁਹਰਾਉਣਾ ਦਰੁਸਤ ਹੋਵੇਗਾ । ਉਨਾਂ ਨੇ ਕਿਹਾ ਸੀ ਕਿ ਜਿਹੜੇ ਵਿਦਿਆਰਥੀ ਪੋਸਟ-ਗਰੈਜੂਏਟ ਪਧਰ ਤੇ ਭਾਰਤ ਦੇ ਪਰਾਚੀਨ ਅਤੇ ਮਧਕਾਲੀ ਇਤਿਹਾਸ ਬਾਰੇ ਪੇਪਰ ਪਾਸ ਕਰਨਾ ਚਾਹੁੰਣਗੇ ਉਨਾਂ ਲਈ ਕਰਮਵਾਰ ਸੰਸਕਰਿਤ ਅਤੇ ਫ਼ਾਰਸੀ ਦਾ ਗੁਜ਼ਾਰੇ ਯੋਗ ਗਿਆਨ (Working Knowledge) ਪਰਾਪਿਤ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ ।

ਜਦੋਂ ਅਸੀਂ ਪੰਜਾਬ ਸਮੇਤ ਕਿਸੇ ਵੀ ਖੇਤਰ ਦੇ ਇਤਿਹਾਸ ਨੂੰ ਉਥੋਂ ਦੀ ਪਰਦੇਸ਼ਿਕ ਭਾਸ਼ਾ ਵਿਚ ਲਿਖਣ ਦੀ ਗਲ ਕਰਦੇ ਹਾਂ ਤਾਂ ਕਈ ਵਿਅਕਤੀ ਇਸ ਨੂੰ ਰਾਸ਼ਟਰੀ ਏਕਤਾ ਵਿਰੋਧੀ ਕਦਮ ਦਸਦੇ ਹੋਏ ਇਸ ਦੀ ਨੁਕਤਾਚੀਨੀ ਕਰਦੇ ਹਨ । ਨਾਲ ਉਹ ਇਹ ਵੀ ਦਲੀਲ ਦੇਂਦੇ ਹਨ ਕਿ ਜਦੋਂ ਅਸੀਂ ਕਿਸੇ ਪਰਦੇਸ਼ ਦਾ ਇਤਿਹਾਸ ਲਿਖਾਂਗੇ ਤਾਂ ਉਥੋਂ ਦੇ ਪੁਰਾਣੇ ਰਾਜਿਆਂ ਦੇ ਦੂਜੇ ਪਰਦੇਸ਼ਾਂ ਦੇ ਰਾਜਿਆਂ ਉਤੇ ਹਮਲਿਆਂ ਦਾ ਜ਼ਿਕਰ ਆਵੇਗਾ ਅਤੇ ਜੇਕਰ ਕਿਸੇ ਪਰਦੇਸ਼ ਵਿਚ ਇਕ ਤੋਂ ਜ਼ਿਆਦਾ ਧਾਰਮਿਕ ਫਿਰਕੇ ਰਹਿੰਦੇ ਹਨ ਤਾਂ ਇਤਿਹਾਸ ਵਿਚ ਉਨਾਂ ਦੀਆਂ ਇਕ ਦੂਜੇ ਵਿਰੁਧ ਗਤਿਵਿਧੀਆਂ ਦੀ ਵੀ ਚਰਚਾ ਹੋਵੇਗੀ । ਇਹ ਪੜ ਕੇ ਭਿੰਨ ਭਿੰਨ ਪਰਦੇਸ਼ਾਂ ਅਤੇ ਫਿਰਕਿਆਂ ਦੇ ਲੋਕ ਇਕ ਦੂਜੇ ਨੂੰ ਨਫ਼ਰਤ ਦੀ ਭਾਵਨਾ ਨਾਲ ਵੇਖਣਾ ਸ਼ੁਰੂ ਕਰ ਦੇਣਗੇ । ਪਰ ਇਹ ਵਿਚਾਰ ਤਰਕਪੂਰਣ ਨਹੀਂ ਹਨ ਕਿਉਂਕਿ ਫਿਰਕੂਪੁਣਾ ਅਤੇ ਫ਼ਸਾਦੀ ਖੇਤਰਵਾਦ ਕਿਸੇ ਪਰਦੇਸ਼ ਦੀ ਧਰਤੀ ਮਾਂ, ਭਾਸ਼ਾ ਜਾਂ ਧਰਮ ਦੀ ਦੇਣ ਨਹੀਂ ਹਨ ਸਗੋਂ ਇਹ ਤਾਂ ਸਵਾਰਥੀ ਵਿਅਕਤੀਆਂ ਦੇ ਤੰਗ ਰਾਜਨੀਤਕ ਅਤੇ ਆਰਥਿਕ ਨਜ਼ਰੀਏ ਦਾ ਸਿਟਾ ਹਨ । ਇਹ ਤਾਂ ਹਮੇਸ਼ਾਂ ਹੀ ਮਨੁਖ ਦੇ ਅਸੰਤੁਲਿਤ ਪਦਾਰਥਵਾਦੀ ਸੌੜੇ ਜੀਵਨ ਸੰਕਲਪ ਦੇ ਪਰਿਣਾਮ ਨਿਕਲਦੇ ਰਹੇ ਹਨ । ਅਸਲ ਵਿਚ ਤਾਂ ਇਹ ਮਨੁਖੀ ਕੀਮਤਾਂ ਅਤੇ ਕਦਰਾਂ ਦੇ ਪਤਨ ਦਾ ਪਰਤੀਕ ਹਨ । ਕੋਈ ਵੀ ਸਚਾ ਧਰਮ ਸਾਰੀ ਮਨੁਖਤਾ ਦੀ ਭਲਾਈ ਦਾ ਵਿਰੋਧ ਨਹੀਂ ਕਰਦਾ । ਭਾਸ਼ਾ ਤਾਂ ਸਿਰਫ਼ ਵਿਚਾਰਾਂ ਦੇ ਅਦਾਨ ਪਰਦਾਨ ਦਾ ਮਾਧਿਅਮ ਹੈ । ਉਸ ਨੂੰ ਵਿਚਾਰਾਂ ਦੀ ਸੰਕੀਰਣਤਾ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ । ਕਿਸੇ ਵੀ ਪਰਦੇਸ਼ ਦੀ ਜ਼ਮੀਨ ਵਖ ਵਖ ਧਰਮਾਂ ਦੇ ਲੋਕਾਂ ਨੂੰ ਧਾਰਮਿਕ ਆਧਾਰ ਤੇ ਵਖ ਵਖ ਫਸਲਾਂ ਨਹੀਂ ਦਿੰਦੀ । ਜੇਕਰ ਕੋਈ ਕਿਸਾਨ ਕਿਸੇ ਧਰਤੀ ਤੇ ਸੁਚਜੇ ਢੰਗ ਨਾਲ ਮਿਹਨਤ ਕਰਦਾ ਹੈ ਤਾਂ ਉਹ ਉਸ ਨੂੰ ਹਿੰਦੂ, ਸਿਖ, ਮੁਸਲਮਾਨ, ਈਸਾਈ ਜਾਂ ਪਾਰਸੀ ਕਹਿ ਕੇ ਉਪਜ ਦੇਣ ਤੋਂ ਵਾਂਝਿਆਂ ਨਹੀਂ ਰਖਦੀ । ਪਰ ਫਿਰ ਵੀ ਪਰਦੇਸ਼ਿਕ ਇਤਿਹਾਸ ਲਿਖਣ ਵਾਲਿਆਂ ਦੇ ਧਿਆਨ ਵਿਚ ਮੈਂ ਇਹ ਗਲ ਲਿਆਉਣੀ ਚਾਹਵਾਂਗਾ ਕਿ ਪਰਦੇਸ਼ਿਕ ਅਤੇ ਰਾਸ਼ਟਰੀ ਇਤਿਹਾਸ ਸੰਪੂਰਣ ਮਨੁਖਤਾ ਦੇ ਇਤਿਹਾਸ ਦੇ ਅੰਗ ਹਨ ਅਤੇ ਇਹ ਇਸੇ ਹੀ ਪਰਿਪੇਖ ਵਿਚ ਲਿਖੇ ਜਾਣੇ ਚਾਹੀਦੇ ਹਨ । ਇਤਿਹਾਸ ਦਾ ਉਦੇਸ਼ ਕੌੜੀਆਂ ਸਚਾਈਆਂ ਦਸਣ ਦੇ ਬਾਵਜੂਦ ਸਾਰੀ ਮਨੁਖਤਾ ਨੂੰ ਵਖ ਵਖ ਪਰਦੇਸ਼ਾਂ ਅਤੇ ਦੇਸ਼ਾਂ ਦੇ ਲੋਕਾਂ ਸਮੇਤ-ਜੀਵਨ ਦੀਆਂ ਸਚੀਆਂ ਕੀਮਤਾਂ ਅਤੇ ਸੰਤੁਲਿਤ ਪਰਗਤੀ ਲਈ ਇਤਿਹਾਸਕ ਪਿਠ ਭੂਮੀ ਪਰਦਾਨ ਕਰਦੇ ਹੋਏ ਸਮਕਾਲੀ ਸਮਸਿਆਵਾਂ ਦੇ ਹਲ ਲਭਣ ਵਿਚ ਸਹਾਇਤਾ ਕਰਨਾ ਹੈ । ਸਮਕਾਲੀ ਮਸਲੇ ਵੀ ਇਤਿਹਾਸਕ ਪਰਸਥਿਤੀਆਂ ਦੀ ਉਪਜ ਹੁੰਦੇ ਹਨ । ਇਸ ਲਈ ਪੰਜਾਬ ਦੇ ਵਰਤਮਾਨ ਮਸਲਿਆਂ ਨੂੰ ਸਮਝਣ ਲਈ ਸਮਕਾਲੀ ਅਰਥਾਤ 1947 ਈ. ਦੇ ਬਾਦ ਦੇ ਇਤਿਹਾਸ ਬਾਰੇ ਖੋਜ ਨੂੰ ਉਤਸਾਹਿਤ ਕਰਨ

ਦੀ ਲੋੜ ਹੈ। ਇਸ ਬਾਰੇ ਕਈਆਂ ਦਾ ਵਿਚਾਰ ਹੈ ਕਿ 1947 ਈ. ਦੇ ਬਾਦ ਦੇ ਸਮੇਂ ਬਾਰੇ ਸਾਰੇ ਸਰਕਾਰੀ ਦਸਤਾਵੇਜ਼ ਪਰਾਪਤ ਨਹੀਂ ਹਨ। ਪਰ ਫਿਰ ਵੀ ਉਪਲਬਧ ਸਰਕਾਰੀ ਰਿਪੋਰਟਾਂ, ਅਖ਼ਬਾਰੀ ਸਮਗਰੀ ਅਤੇ ਸਮਕਾਲੀ ਨੇਤਾਵਾਂ ਦੇ ਸਾਖਿਆਤਕਾਰਾਂ ਆਦਿ ਦੇ ਆਧਾਰ ਤੇ 1947 ਤੋਂ ਬਾਦ ਦਾ ਇਤਿਹਾਸ ਜ਼ਰੂਰ ਲਿਖਿਆ ਜਾਣਾ ਚਾਹੀਦਾ ਹੈ। ਇਹ ਠੀਕ ਹੈ ਕਿ ਇਹ ਬਹੁਤ ਉਚ ਪਧਰ ਦਾ ਖੋਜ ਕੰਮ ਨਹੀਂ ਹੋਵੇਗਾ ਪਰ ਬਾਦ ਦੀਆਂ ਪੀੜੀਆਂ ਉਹਨਾਂ ਦਸਤਵੇਜ਼ਾਂ ਦੀ ਲੋਅ ਵਿਚ ਜੋ ਅਜ ਉਪਲਬਧ ਨਹੀਂ ਹਨ, ਸੋਧ ਲੈਣਗੀਆਂ।

ਜਿਥੋਂ ਤਕ ਕਾਨਫਰੰਸ ਦੇ ਮੌਜੂਦਾ ਇਜਲਾਸ ਦੇ ਮੁਖ ਵਿਸ਼ੇ 'ਪੰਜਾਬ ਦਾ ਕਿਸਾਨ-ਵਰਗ, ਉਨਾਂ ਦੀਆਂ ਸਮਸਿਆਵਾਂ ਅਤੇ ਪਰਤੀਕਰਮ ਦਾ ਪਰਸ਼ਨ ਹੈ ਇਹ ਇਤਿਹਾਸਕ ਖੋਜ ਦਾ ਅਤਿ ਮਹਤਵਪੂਰਣ ਖੇਤਰ ਹੈ। ਦਰਅਸਲ ਭਾਰਤੀ ਸਭਿਅਤਾ ਦਾ ਮੂਲ ਆਧਾਰ ਕਿਰਸਾਨੀ ਹੈ ਅਤੇ ਇਹ ਕਿਤਾ ਇਤਨਾ ਹੀ ਪੁਰਾਣਾ ਹੈ ਜਿਤਨੀ ਕਿ ਦੇਸ਼ ਦੀ ਸਭਿਅਤਾ। ਇਸ ਪਰਸੰਗ ਵਿਚ ਪੰਜਾਬ ਨੂੰ ਇਹ ਗੌਰਵ ਪਰਾਪਤ ਹੈ ਕਿ ਹਿੰਦੁਸਤਾਨ ਦੀਆਂ ਦੋਵੇਂ ਮਹਾਨ ਪਰਾਚੀਨ ਸਭਿਅਤਾਵਾਂ, ਸਿੰਧ ਘਾਟੀ ਦੀ ਸਭਿਅਤਾ ਅਤੇ ਵੈਦਿਕ ਸਭਿਅਤਾ, ਇਥੇ ਪਰਫੁਲਤ ਹੋਈਆਂ। ਦੋਵੇਂ ਹੀ ਸਭਿਅਤਾਵਾਂ ਦੇ ਲੋਕ ਖੇਤੀ-ਬਾੜੀ ਦੇ ਖੇਤਰ ਵਿਚ ਕਾਫੀ ਉਨਤ ਸਨ। ਸਿੰਧ ਘਾਟੀ ਦੇ ਕਿਸਾਨ ਕਣਕ ਦੀ ਉਹ ਕਿਸਮ ਬੀਜਦੇ ਸਨ ਜੋ ਅਜ ਤਕ ਪਰਚਲਿਤ ਹੈ, ਜਾਂ ਜੋ ਪੰਜਾਬ ਵਿਖੇ ਹਰੀ ਕਰਾਂਤੀ ਦੌਰਾਨ ਵਧ ਉਪਜ ਵਾਲੀ ਕਿਸਮਾਂ ਆਉਣ ਤੋਂ ਪਹਿਲਾਂ ਪਰਚਲਿਤ ਸੀ। ਵੈਦਿਕ ਕਾਲ ਦੇ ਦੌਰਾਨ ਤਾਂ ਵਾਹੀ-ਵਿਧਿ ਬਹੁਤ ਅਗੇ ਵਧ ਚੁਕੀ ਸੀ। ਬਿਜਾਈ ਲਈ ਖੇਤਾਂ ਵਿਚ ਬਲਦਾਂ ਅਤੇ ਹਲਾਂ ਦੀ ਮਦਦ ਨਾਲ ਹਲ-ਰੇਖਾਵਾਂ ਤਿਆਰ ਕੀਤੀਆਂ ਜਾਂਦੀਆਂ ਸਨ। ਸੰਖੇਪ ਵਿਚ ਵਾਹੀ-ਜੋਤੀ ਦੀ ਜੋ ਪਰਣਾਲੀ ਟਰੈਕਟਰਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਜਾਂ ਭਾਰਤ ਵਿਚ ਪਰਚਲਿਤ ਸੀ ਉਸ ਦੇ ਮੁਖ ਲਛਣ ਇਨਾਂ ਦੋਵੇਂ ਸਭਿਅਤਾਵਾਂ ਦੇ ਵਡਮੁਲੇ ਵਿਰਸੇ ਹਨ। ਰਿਗ ਵੈਦਿਕ ਸਭਿਅਤਾ ਦੌਰਾਨ ਕਿਸਾਨ ਦਾ ਸਮਾਜ ਵਿਚ ਸਨਮਾਨ ਵਾਲਾ ਦਰਜਾ ਸੀ। ਜ਼ਮੀਨ ਦਾ ਮਾਲਕ ਰਾਜਾ ਨਹੀਂ ਸਗੋਂ ਕਿਸਾਨ ਸੀ। ਪਰ ਉਤਰ-ਵੈਦਿਕ ਕਾਲ ਵਿਚ ਭਾਵੇਂ ਵਾਹੀ-ਜੋਤੀ ਨੇ ਤਾਂ ਤਰਕੀ ਕੀਤੀ ਪਰ ਕਿਸਾਨ ਵਰਗ ਦੇ ਇਕ ਹਿਸੇ (ਸ਼ੂਦਰਾਂ) ਦਾ ਸਮਾਜਿਕ ਦਰਜਾ ਕਾਫੀ ਨੀਵਾਂ ਕਰ ਦਿਤਾ ਗਿਆ। ਉਹਨਾਂ ਤੋਂ ਵੇਦ ਤੇ ਧਾਰਮਿਕ ਗਰੰਥ ਪੜਨ ਅਤੇ ਧਾਰਮਿਕ ਸੰਸਕਾਰ ਕਰਾਉਣ ਦੇ ਅਧਿਕਾਰ ਖੋਹ ਲਏ ਗਏ। ਇਥੋਂ ਤਕ ਕਿ ਉਨਾਂ ਦੇ ਵਿਆਹ ਦੀ ਰਸਮ ਤੇ ਵੀ ਮੰਤਰਾਂ ਦਾ ਉਚਾਰਣ ਨਹੀਂ ਸੀ ਕੀਤਾ ਜਾਂਦਾ। ਇਸ ਤਰਾਂ ਉਚ ਵਰਗ ਦੇ ਲੋਕਾਂ ਨੇ ਉਸ ਨੂੰ ਅਗਿਆਨਤਾ ਦੇ ਹਨੇਰੇ ਵਿਚ ਧਕ ਦਿਤਾ ਅਤੇ ਮਾਨਸਿਕ ਤੌਰ ਤੇ ਉਸ ਵਿਚ ਹੀਨਤਾ ਅਤੇ ਬੇਬਸੀ ਦੀ ਭਾਵਨਾ ਉਤਪੰਨ ਕਰ ਦਿਤੀ। ਵੈਸ਼ ਵਰਗ, ਜੋ ਖੇਤੀ ਵਪਾਰ ਅਤੇ ਸ਼ਿਲਪਕਲਾ ਦੇ ਰੁਝੇਵਿਆਂ ਵਿਚ ਬਹੁਤ ਉਲਝਿਆ ਰਹਿੰਦਾ ਸੀ, ਨੇ ਵੀ ਹੌਲੀ ਹੌਲੀ ਬੌਧਿਕ ਜੀਵਨ ਵਿਚ ਆਪਣੇ ਆਪ ਹਿਸਾ ਲੈਣਾ ਬੰਦ ਕਰ ਦਿਤਾ। ਕੁਝ ਚਿਰ ਬਾਅਦ ਬਾਹਮਣਾ ਨੇ ਕਿਸਾਨਾਂ ਦੀ ਧਾਰਮਿਕ ਅਗਿਆਨਤਾ ਅਤੇ ਆਰਥਿਕ ਖੁਸ਼ਹਾਲੀ ਦਾ ਖੂਬ ਲਾਭ ਉਠਾਉਣਾ ਸ਼ੁਰੂ ਕਰ ਦਿਤਾ। ਉਸ ਤੋਂ ਛੋਟੇ ਛੋਟੇ ਮੌਕਿਆਂ ਤੇ ਮਹਿੰਗੇ ਕਰਮ-ਕਾਂਡ ਕਰਾਉਣੇ ਅਰੰਭ ਕਰ ਦਿਤੇ।

ਖੇਤੀਬਾੜੀ, ਸਾਰੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਕਾਰੀਗਰਾਂ ਲਈ ਮੋਰੀਆ ਕਾਲ ਸੁਨਹਿਰੀ ਯੁਗ ਸੀ। ਕਿਸਾਨ ਆਪਣੀ ਜ਼ਮੀਨ ਦਾ ਮਾਲਕ ਸੀ; ਮਜ਼ਦੂਰਾਂ ਅਤੇ ਕਾਰੀਗਰਾਂ ਦੀ ਉਜਰਤ ਨਿਸਚਿਤ ਸੀ ਅਤੇ ਜੇਕਰ ਕੋਈ ਮਾਲਕ ਅਦਾਇਗੀ ਨਹੀਂ ਸੀ ਕਰਦਾ ਤਾਂ ਉਸ ਨੂੰ ਸਜ਼ਾ ਦਿਤੀ ਜਾਂਦੀ ਸੀ, ਸਰਕਾਰ ਕਿਸਾਨਾਂ ਦੀ ਹਰ ਬਿਪਤਾ ਸਮੇਂ ਪੂਰਣ ਸਹਾਇਤਾ ਕਰਦੀ ਸੀ। ਪਰ ਇਸ ਉਪਰੰਤ ਕਿਸਾਨ ਵਰਗ ਦਾ ਪਤਨ ਅਰੰਭ ਹੋ ਗਿਆ। ਗੁਪਤਾ ਕਾਲ ਸਮੇਂ ਭਾਵੇਂ ਵਧੀਆ ਕਿਸਮ ਦੇ ਲੋਹੇ ਦੀ ਕਾਢ ਨਾਲ ਖੇਤੀ ਲਈ ਬਹੁਤ ਚੰਗੇ ਸੰਦ ਬਣਨ ਲਗੇ ਅਤੇ ਸਿੰਚਾਈ ਦਾ ਵੀ ਵਿਕਾਸ ਹੋਇਆ ਪਰ ਜਾਗੀਰਦਾਰੀ ਪਰਣਾਲੀ ਅਰੰਭ ਕਰ ਦਿਤੀ ਗਈ। ਬਾਹਮਣਾਂ ਨੂੰ ਕਰ ਮੁਕਤ

ਵਡੀਆਂ ਵਡੀਆਂ ਜਾਗੀਰਾਂ ਦਿਤੀਆਂ ਗਈਆਂ। ਜਾਗੀਰਾਂ ਵਿਚਲੇ ਕਿਸਾਨਾਂ ਤੋਂ ਕਰ ਇਕਠਾ ਕਰ ਕੇ ਉਹ ਆਪਣੇ ਕੋਲ ਹੀ ਰਖਦੇ ਸਨ। ਇਸ ਪਰਕਾਰ ਸਥਾਨਕ ਕਿਸਾਨਾਂ ਦੇ ਹਿਤਾਂ ਦੀ ਬਲੀ ਦੇ ਕੇ ਜ਼ਿਮੀਦਾਰਾ ਪਰਥਾ ਦੀ ਸਥਾਪਨਾ ਕਰ ਦਿਤੀ ਗਈ।

ਮਹਾਰਾਜਾ ਰਣਜੀਤ ਸਿੰਘ ਖੁਦ ਜਟ ਸਿਖ ਪਰਿਵਾਰ ਤੋਂ ਸਨ ਇਸ ਲਈ ਉਨਾਂ ਨੇ ਕਿਰਸਾਨੀ ਲਈ ਵਧ ਤੋਂ ਸਹੂਲਤਾਂ ਦੇਣ ਦੇ ਯਤਨ ਕੀਤੇ। ਜਟਾਂ ਨੂੰ ਵੀ ਭਾਰੀ ਤਾਇਦਾਦ ਵਿਚ ਆਪਣੀ ਫੌਜ ਵਿਚ ਭਰਤੀ ਕੀਤਾ। ਇਸ ਦੇ ਦੋ ਮੁਖ ਲਾਭ ਹੋਏ। ਇਕ ਤਾਂ ਕਿਸਾਨਾਂ ਦੀ ਆਮਦਨ ਵਧ ਗਈ ਅਤੇ ਦੂਜੇ ਉਨਾਂ ਦੀ ਸਮਾਜਿਕ ਪਰਤਿਸ਼ਟਾ ਵਿਚ ਵੀ ਵਾਧਾ ਹੋਇਆ। ਰਾਜਪੂਤ ਜਿਹੜੇ ਪਹਿਲਾਂ ਆਪਣੇ ਆਪ ਨੂੰ ਜਟਾਂ ਤੋਂ ਉਚਾ ਸਮਝਦੇ ਸਨ ਹੁਣ ਉਨਾਂ ਨਾਲ ਵਿਆਹ ਸਬੰਧ ਸਥਾਪਿਤ ਕਰਨ ਵਿਚ ਆਪਣਾ ਮਾਣ ਮਹਿਸੂਸ ਕਰਨ ਲਗੇ।

ਮਹਾਰਾਜਾ ਰਣਜੀਤ ਸਿੰਘ ਦੀ ਮਿਰਤੂ ਉਪਰੰਤ ਪੰਜਾਬ ਦੇ ਕਿਸਾਨਾਂ ਲਈ ਇਕ ਵਾਰ ਫਿਰ ਮੁਸ਼ਕਲਾਂ ਦਾ ਦੌਰ ਅਰੰਭ ਹੋ ਗਿਆ। 1849 ਵਿਚ ਪੰਜਾਬ ਨੂੰ ਬਰਿਟਿਸ਼ ਰਾਜ ਵਿਚ ਰਲਾਉਣ ਦੇ ਬਾਅਦ ਇਥੇ ਦੇ ਕਿਸਾਨਾਂ ਦੇ ਆਰਥਿਕ ਸ਼ੋਸਣ ਲਈ ਸੁਤੰਤਰ ਵਪਾਰ ਦੀ ਯੋਜਨਾ ਬਣਾਈ ਗਈ। ਇਸ ਅਨੁਸਾਰ ਕਿਸਾਨੀ ਦੇ ਵਪਾਰੀਕਰਣ ਨੂੰ ਉਤਸ਼ਾਹਿਤ ਕੀਤਾ ਗਿਆ। ਜਦੋਂ ਅਮਰੀਕਾ ਵਿਚ ਘਰੇਲੂ ਯੁਧ (1861-65) ਕਾਰਣ ਉਥੋਂ ਕਪਾਹ ਇੰਗਲੈਂਡ ਨੂੰ ਪੁਜੀ ਤਾਂ ਪੰਜਾਬ ਵਿਚ ਕਪਾਹ ਦੇ ਰੇਟ ਇਕ ਦਮ ਵਧ ਗਏ। ਨਤੀਜੇ ਵਜੋਂ ਪਿੰਡ ਦੇ ਬਾਣੀਆਂ ਨੇ ਵੀ ਜ਼ਮੀਨ ਗਿਰਵੀ ਰਖਕੇ ਕਿਸਾਨਾਂ ਨੂੰ ਸੂਦ ਤੇ ਕਰਜ਼ਾ ਦੇਣਾ ਸ਼ੁਰੂ ਕਰ ਦਿਤਾ। ਪਰ ਜਦੋਂ ਅਮਰੀਕਾ ਦੀ ਜੰਗ ਸਮਾਪਤ ਹੋਣ ਉਪਰੰਤ ਕਪਾਹ ਦੇ ਭਾਅ ਡਿਗੇ ਤਾਂ ਕਿਸਾਨ ਬਣੀਏ ਦਾ ਕਰਜ਼ਾ ਚੁਕਾਉਣ ਵਿਚ ਅਸਮਰਥ ਸਿਧ ਹੋਏ। ਸਰਕਾਰ ਦੇ ਮਾਲੀਏ ਤੇ ਸਿੰਜਾਈ ਕਰ ਦੇ ਉਚੇ ਰੇਟਾਂ, ਜੋ ਕਿ ਨਕਦ ਹੀ ਦੇਣੇ ਪੈਂਦੇ ਸਨ, ਨੇ ਉਨਾਂ ਦੀ ਸਮਸਿਆ ਨੂੰ ਹੋਰ ਵੀ ਗੰਭੀਰ ਬਣਾ ਦਿਤਾ। ਨਤੀਜੇ ਵਜੋਂ ਉਨ੍ਹਾਂ ਦੀਆਂ ਜ਼ਮੀਨਾਂ ਕੁਰਕ ਹੋਣ ਲਗੀਆਂ। ਭਾਵੇਂ ਸਰਕਾਰ ਨੇ ਇਸ ਸਮਸਿਆ ਨੂੰ ਹਲ ਕਰਨ ਲਈ ਐਕਟ ਇੰਤਕਾਲ ਅਰਾਜੀ (1900) ਅਤੇ ਹੋਰ ਕਈ ਅਜਿਹੇ ਕਾਨੂੰਨ ਪਾਸ ਕੀਤੇ, ਪਰ ਛੋਟੇ ਕਿਸਾਨਾਂ ਨੂੰ ਜਿਨ੍ਹਾਂ ਦੀ ਔਸਤ ਭੋਇ ਮੌਜੂਦਾ ਸਦੀ ਦੇ ਅਰੰਭ ਵਿਚ ਤਿੰਨ ਏਕੜ ਸੀ, ਕੋਈ ਖ਼ਾਸ ਰਾਹਤ ਨ ਮਿਲੀ। ਨਾ ਹੀ ਉਨਾਂ ਨੂੰ ਖੇਤੀ ਬਾੜੀ ਦੇ ਵਿਕਾਸ ਲਈ ਯੋਗ ਸਹਾਇਤਾ ਮਿਲੀ।

ਅਸਲ ਵਿਚ ਪੰਜਾਬ ਦੇ ਕਿਸਾਨਾਂ ਦੀਆਂ ਕੁਝ ਸਮਸਿਆਵਾਂ ਦਾ ਹਲ ਸੁਤੰਤ੍ਰਤਾ ਉਪਰੰਤ ਉਸ ਸਮੇਂ ਹੋਇਆ ਜਦੋਂ ਸਰਕਾਰ ਨੇ ਜ਼ਮੀਨ ਤੇ ਕਰ ਘਟਾਏ, ਹਰੇਕ ਪਿੰਡ ਵਿਚ ਬਿਜਲੀ ਪਹੁੰਚਾਈ, ਹਰੀ ਕਰਾਂਤੀ ਤੇ ਚਿਟੀ ਕਰਾਂਤੀ ਨੂੰ ਸਫਲ ਬਣਾਉਣ ਲਈ ਕਰਜ਼ੇ ਅਤੇ ਸਬਸਿਡੀ ਦਿਤੀ ਅਤੇ ਪਿੰਡਾਂ ਨੂੰ ਪਕੀਆਂ ਸੜਕਾਂ ਨਾਲ ਜੋੜਿਆ। ਆਪਣੀ ਮਿਹਨਤ ਸਦਕਾ ਪੰਜਾਬੀ ਕਿਸਾਨ, ਖ਼ਾਸ ਕਰਕੇ ਜਟ ਸਿਖਾਂ ਨੇ ਵਿਸ਼ਵ ਵਿਚ ਹਰੀ ਕਰਾਂਤੀ ਦਾ ਨਵਾਂ ਰਿਕਾਰਡ ਕਾਇਮ ਕਰ ਦਿਤਾ ਹੈ। ਦੁਨੀਆਂ ਦੇ ਕਿਸੇ ਵੀ ਹੋਰ ਮੁਲਕ ਵਿਚ ਇੰਨੇ ਥੋੜੇ ਸਮੇਂ ਵਿਚ ਪੈਦਾਵਾਰ ਵਿਚ ਇੰਨਾ ਵਾਧਾ ਨਹੀਂ ਹੋਇਆ ਜਿੰਨਾ ਕਿ ਪੰਜਾਬ ਵਿਚ ਹੋਇਆ ਹੈ। 1967-68 ਅਤੇ 1979-80 ਦੇ ਦੌਰਾਨ ਕਣਕ ਦੀ ਪੈਦਾਵਾਰ ਵਿਚ 136% ਅਤੇ ਚੌਲਾਂ ਦੀ ਪੈਦਾਵਾਰ ਵਿਚ 634% ਵਾਧਾ ਹੋਇਆ। ਇਸ ਲਈ ਪੰਜਾਬ ਦੇ ਬਹਾਦਰ ਕਿਸਾਨ ਅਤੇ ਕਰਿਸ਼ੀ ਵਿਗਿਆਨੀ ਦੋਨੋਂ ਹੀ ਵਧਾਈ ਦੇ ਪਾਤਰ ਹਨ।

# ਗੁਰਮਤਿ—ਸੰਖੇਪ ਝਾਤ

ਜਸਮਿਤਰ ਸਿੰਘ*

ਸਾਰੰਸ਼ : ਇਸ ਵਿਚ ਸੁਯੋਗ ਲੇਖਕ ਨੇ ਦਸਿਆ ਹੈ ਕਿ ਗੁਰਬਾਣੀ ਨੇ ਕੈਸੇ ਆਦਰਸ਼ ਮਨੁਖ ਦਾ ਸੰਕਲਪ ਧਾਰਿਆ ਸੀ ਜਾਂ ਇਹ ਕਿ ਇਕ ਆਦਰਸ਼ ਵਿਅਕਤੀ ਬਨਣ ਲਈ ਗੁਰਬਾਣੀ ਹੀ ਇਕੋ ਇਕ ਆਧਾਰ ਹੈ।

—ਸ. ਸ.

ਗੁਰੂ ਸਾਹਿਬਾਨ ਦੇ ਆਗਮਨ ਸਮੇਂ ਭਾਰਤੀ ਸਮਾਜ ਵਿਚ ਦੋ ਵਿਚਾਰਧਾਰਾ ਪਰਧਾਨ ਸਨ ਇਕ ਅਧਿਆਤਮਵਾਦੀ ਅਤੇ ਦੂਜੀ ਆਚਾਰਵਾਦੀ। ਅਧਿਆਤਮਵਾਦੀਆਂ ਦਾ ਵਿਚਾਰ ਸੀ ਕਿ ਆਤਮਾ ਤੇ ਪਰਮਾਤਮਾ ਦਾ ਮੇਲ ਹੀ ਜੀਵਨ ਦਾ ਆਦਰਸ਼ ਹੈ। ਸੰਸਾਰ ਨਾਲ ਜਾਂ ਸਮਾਜ ਨਾਲ ਉਨਾਂ ਕੋਈ ਸਰੋਕਾਰ ਜ਼ਰੂਰੀ ਨਾ ਸਮਝਿਆ। ਸੰਨਿਆਸੀ, ਵੈਰਾਗੀ, ਸਿਧ, ਜੋਗੀ ਆਦਿ ਇਸ ਵਿਚਾਰਧਾਰਾ ਦੇ ਹਾਮੀ ਸਨ। ਦੂਸਰੇ ਆਚਾਰਵਾਦੀ ਜਿੰਨਾਂ 'ਅਹਿੰਸਾ' ਨੂੰ ਹੀ ਪਰਮ ਧਰਮ ਮੰਨਿਆ ਔਰ ਮਨੁਖੀ ਸਾਂਝ ਨੂੰ ਹੀ ਪਕਿਆਂ ਕਰਨਾ ਆਪਣਾ ਜੀਵਨ ਮਨੋਰਥ ਬਣਾਇਆ। ਬੋਧੀ ਅਤੇ ਜੈਨੀ ਇਸ ਵਿਚਾਰਧਾਰਾ ਦੇ ਮਾਲਕ ਸਨ। ਸਿਖ ਗੁਰੂ ਸਾਹਿਬਾਨ ਨੇ ਇਨਾਂ ਦੋਹਾਂ ਨੂੰ ਜੋੜਿਆ-ਰਬੀ ਸਿਮਰਨ ਅਤੇ ਸਰੇਸ਼ਟਾਚਾਰ ਦਾ ਸੰਜੋਗ ਕੀਤਾ। ਉਨਾਂ ਨੇ ਸਿਖ ਨੂੰ ਸਮਾਜ ਵਿਚ ਰਹਿ ਕੇ ਹੀ ਉਸ ਪਰਮ ਪਰਮਾਤਮਾ ਨੂੰ ਮਿਲਣ ਦਾ ਰਾਹ ਦਸਿਆ। ਮਤਲਬ ਕਿ ਸਿਖ ਗਰਹਿਸਤ ਆਸ਼ਰਮ ਵਿਚ ਰਹਿ ਕੇ ਸਚ ਸੰਜਮ ਅਨੁਸਾਰ ਵਰਤਣ ਔਰ ਗੁਰਉਪਦੇਸ਼ ਅਨੁਸਾਰ ਆਪਣੀ ਰਹਿਤ ਰਖ ਕੇ ਉਸ ਪਰਮ ਪਦਵੀ ਨੂੰ ਹਾਸਿਲ ਕਰਦਾ ਹੈ[1] ਗੁਰਵਾਕ ਹੈ :

ਬਹੁ ਭੇਖ ਕਰ ਭਰਮਾਈਐ ਮਨੁ ਹਿਰਦੈ ਕਪਟ ਕਮਾਇ।
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ।
ਮਨ ਰੇ ਗ੍ਰਿਹ ਹੀ ਮਾਹਿ ਉਦਾਸ।

(ਆਦਿ ਗ੍ਰੰਥ, ਪੰਨਾ 26)

ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪ੍ਰਗਾਸ। ਰਹਾਉ।
ਗੁਰ ਕੈ ਸਬਦਿ ਮਨ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਏ।
ਹਰਿ ਕਾ ਨਾਮ ਧਿਆਈਐ ਸਤ ਸੰਗਤਿ ਮੇਲ ਮਿਲਾਇ।

(ਆਦਿ ਗ੍ਰੰਥ, ਪੰਨਾ 26)

ਗੁਰ ਸਾਹਿਬਾਨ ਦੇ ਆਗਮਨ ਸਮੇਂ ਸਮਾਜ ਵਿਚ ਬਾਹਰੀ ਵਿਖਾਵੇ ਤੇ ਪਾਖੰਡ ਦਾ ਬੋਲਬਾਲਾ ਸੀ। ਜਿੰਨਾ ਨੂੰ ਧਰਮੀ ਪੁਰਸ਼ ਮੰਨਿਆ ਜਾਂਦਾ ਸੀ, ਅਮਲ ਤੋਂ ਸਖਣੇ ਸਨ। ਕਥਨੀ ਤੇ ਹੀ ਜ਼ੋਰ ਸੀ, ਕਰਨੀ ਉਕਾ ਹੀ ਨਹੀਂ ਸੀ। ਬਾਣੀ ਵਿਚ ਆਉਂਦਾ ਹੈ :

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।

---

*ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਰਿਤਸਰ।

1. ਭਾਈ ਜੋਧ ਸਿੰਘ, ਗੁਰਮਤਿ ਨਿਰਣਯ (ਲਾਹੌਰ, 1944), ਪੰਨਾ 73.

ਬਰਸ੍ਰੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ।

(ਆਦਿ ਗ੍ਰੰਥ, ਪੰਨਾ 1395)

ਸੋ ਗੁਰੂ ਸਾਹਿਬਾਨ ਦੇ ਸਾਹਮਣੇ ਅਰਸ਼ੀ ਗਿਆਨ ਦੇ ਪਰਗਟਾਵੇ ਦਾ ਇਕ ਮਹਾਨ ਕੰਮ ਸੀ। ਸਾਰੀ ਮਨੁਖਤਾ ਨੂੰ ਇਕ ਜੀਵਨ ਜਾਚ ਅਰਥਾਤ ਜੀਵਨ ਸੇਧ ਦੇਣੀ ਸੀ। ਏਸੇ ਲਈ ਗੁਰੂ ਸਾਹਿਬਾਨ ਦੇ ਉਪਦੇਸ਼ ਅਤੇ ਕਾਰਨਾਮੇ ਮਨੁਖ ਦਾ ਆਚਰਣ ਬਣਾਉਣ ਲਈ ਸਨ।[2] ਗੁਰੂ ਸਾਹਿਬਾਨ ਨੇ ਝੂਠੀ ਕਥਨੀ ਤੇ ਪਾਖੰਡ ਨੂੰ ਭੰਡਦਿਆਂ ਹੋਇਆਂ ਫੁਰਮਾਇਆ :

ਗਲੀ ਅਸੀ ਚੰਗੀਆ ਆਚਾਰੀ ਬੁਰੀਆ
ਮਨਹੁ ਕਸੁਧਾ ਕਾਲੀਆ ਬਾਹਰਿ ਚਿਟਵੀਆਹ ॥

(ਆਦਿ ਗ੍ਰੰਥ, ਪੰਨਾ 85)

ਗੁਰੂ ਸਾਹਿਬਾਨ ਨੇ ਮਨੁਖ ਦੇ ਨੈਤਿਕ ਆਚਰਣ ਅਤੇ ਅਧਿਆਤਮਿਕ ਜੀਵਨ ਦਰਸ਼ਿਟੀ ਨੂੰ ਮਜ਼ਬੂਤ ਕਰਨ ਵਲ ਵਧੇਰੇ ਧਿਆਨ ਦਿਤਾ ਅਤੇ 'ਨੇਕ ਕਰਨੀ' ਨੂੰ ਜੀਵਨ ਦਾ ਮਨੋਰਥ ਅਤੇ ਆਧਾਰ ਦਸਿਆ :

'ਕਰਣੀ ਊਪਰਿ ਹੋਵਗਿ ਸਾਰ।'

(ਆਦਿ ਗ੍ਰੰਥ, ਪੰਨਾ 1169)

ਗੁਰਪਰਸਾਦੀ ਸਦਾ ਸੁਖੁ ਪਾਏ।
ਸਚੁ ਕਰਣੀ ਸਾਚਿ ਲਿਵ ਲਾਏ।

(ਆਦਿ ਗ੍ਰੰਥ, ਪੰਨਾ 841)

'ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ
ਆਵਣ ਜਾਣੁ ਰਹਾਈ।'

(ਆਦਿ ਗ੍ਰੰਥ, ਪੰਨਾ 1234)

ਹਿਰਦੈ ਸਚੁ ਏਹ ਕਰਣੀ ਸਾਰੁ।
ਹੋਰੁ ਸਭੁ ਪਾਖੰਡੁ ਪੂਜ ਖੁਆਰੁ।

(ਆਦਿ ਗ੍ਰੰਥ, ਪੰਨਾ 1343)

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥
ਗੁਰਮੁਖਿ ਸਚੁ ਕਮਾਵੈ ਕਰਣੀ ॥

(ਆਦਿ ਗ੍ਰੰਥ, ਪੰਨਾ 1058)

ਜਹ ਕਰਣੀ ਤਹ ਪੂਰੀ ਮਤਿ।
ਕਰਣੀ ਬਾਝਹੁ ਘਟੇ ਘਟਿ।

(ਆਦਿ ਗ੍ਰੰਥ, ਪੰਨਾ 25)

ਧਾਰਮਿਕ ਸੰਕੀਰਣਤਾ ਅਤੇ ਨਾ ਬਰਾਬਰੀ ਵਾਲੇ ਸਮਾਜਿਕ ਪਰਬੰਧ ਦੇ ਦਮਨਕਾਰੀ ਪਰਭਾਵ ਤੋਂ ਮਨੁਖ ਨੂੰ ਸੁਤੰਤਰ ਕਰਾਉਣ ਲਈ, ਸਿਖ ਗੁਰੂਆਂ ਨੇ ਏਕਤਾ ਪਰੇਮ ਤੇ ਸਚ ਦਾ ਸੰਦੇਸ਼ ਦਿਤਾ।[3]

2. ਪ੍ਰਿੰ. ਤੇਜਾ ਸਿੰਘ ਦਾ ਲੇਖ, "ਸਿਖ ਗੁਰੂਆਂ ਦੇ ਕਰਤਵ" (ਸਿੰਘ ਸਭਾ ਪਤ੍ਰਿਕਾ, ਜਨ-ਫਰ. 1989), ਪੰਨਾ 23.
3. ਜਗਬੀਰ ਸਿੰਘ ਉਭੀ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, (ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1973), ਪੰ. 197.

ਘਟ ਘਟ ਵਿਚ ਇਕੋ ਜੋਤ ਨੂੰ ਅਨੁਭਵ ਕਰਨਾ ਮਨੁਖਾ ਜਨਮ ਦਾ ਪਰਯੋਜਨ ਗੁਰੂ ਸਾਹਿਬਾਂ ਨੇ ਦਰਿੜ ਕਰਾਇਆ :

'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ।

(ਆਦਿ ਗ੍ਰੰਥ, ਪੰਨਾ 611)

ਏਕੁ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।

(ਆਦਿ ਗ੍ਰੰਥ, ਪੰਨਾ 1349)

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ
ਹਮ ਕਉ ਬਨਿ ਆਈ ।

(ਆਦਿ ਗ੍ਰੰਥ, ਪੰਨਾ 1299)

ਗੁਰੂ ਸਾਹਿਬਾਂ ਨੇ ਪਰੇਮ ਨੂੰ ਇਕ ਮੁਖ ਨੈਤਿਕ ਸਦਗੁਣ ਮੰਨਿਆ ਹੈ । ਪਰੇਮ ਈਸ਼ਵਰ ਨਾਲ ਵੀ ਹੋ ਸਕਦਾ ਹੈ ਅਤੇ ਉਸਦੇ ਬੰਦਿਆਂ ਨਾਲ ਵੀ । ਈਸ਼ਵਰ ਨਾਲ ਪਰੇਮ ਦੀ ਭਾਵਨਾ ਜੋੜਨ ਦਾ ਸੁਭਾਵਿਕ ਸਿਟਾ ਮਾਨਵ ਮਾਤਰ, ਸਮੂਹ ਜੀਵਾਂ ਨਾਲ ਪਰੇਮ ਵਿਚ ਨਿਕਲਦਾ ਹੈ। ਗੁਰਵਾਕ ਹਨ :

ਰੇ ਮਨ ਐਸੀ ਹਰ ਸਿਉ ਪ੍ਰੀਤਿ ਕਰਿ
ਜੈਸੀ ਜਲ ਕਮਲੇਹਿ ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ।

(ਆਦਿ ਗ੍ਰੰਥ, ਪੰਨਾ 59)

ਜਿਤੈ ਦਿਸਹਿ ਧਉਲਹਰ ਬਗੇ ਬੰਕ ਦੁਆਰ ।
ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ।
ਅੰਦਰੁ ਖਾਲੀ ਪ੍ਰੇਮ ਬਿਨ ਢਹਿ ਢੇਰੀ ਤਨ ਛਾਰ ।

(ਆਦਿ ਗ੍ਰੰਥ, ਪੰਨਾ 62)

ਪ੍ਰੇਮ ਵਿਚੋਂ ਹੀ ਉਪਜਣ ਵਾਲਾ ਇਕ ਹੋਰ ਨੈਤਿਕ ਸਦਗੁਣ 'ਦਇਆ' ਹੈ ਜਿਸ ਨੂੰ ਵਿਅਕਤੀਗਤ ਚਰਿਤਰ ਦਾ ਭਾਗ ਬਣਾਣ ਦੀ ਪਰੇਰਨਾ ਗੁਰਬਾਣੀ ਵਿਚੋਂ ਮਿਲਦੀ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ।
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ।

(ਆਦਿ ਗ੍ਰੰਥ, ਪੰਨਾ 468)

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ।

(ਆਦਿ ਗ੍ਰੰਥ, ਪੰਨਾ 1245)

ਦਇਆ ਅਤੇ ਖਿਮਾ ਅਜਿਹੇ ਨੈਤਿਕ ਸਦਗੁਣ ਹਨ ਜੋ ਮਨੁਖ ਵਿਚ ਸਮਾਜਿਕ ਕਲਿਆਣ ਦੀ ਭਾਵਨਾ ਉਤਪੰਨ ਕਰਦੇ ਹਨ । ਖਿਮਾ ਦਾ ਅਰਥ ਬਦਲੇ ਦੀ ਭਾਵਨਾ ਤੋਂ ਮੁਕਤ ਹੋਣਾ ਹੈ । ਇਹ ਅਤਿ ਦਰਜੇ ਦੀ ਨੈਤਿਕ ਪਰੋੜਤਾ (Ethical maturity) ਵਿਚੋਂ ਹੀ ਉਪਜ ਸਕਦੀ ਹੈ ।[4] ਬਾਣੀ ਨੇ ਬੁਰੇ ਦਾ ਭਲਾ ਕਰਨ ਵਾਲੀ ਖਿਮਾ ਬਿਰਤੀ ਨੂੰ ਉਚ ਦਰਜਾ ਪਰਦਾਨ ਕੀਤਾ ਹੈ ਅਤੇ ਪਰਭੂ ਪਰਾਪਤੀ ਦਾ ਆਧਾਰ ਕਿਹਾ ਹੈ :

4. ਜਸਬੀਰ ਸਿੰਘ ਉਭੀ, ਪੰਨਾ 200.

ਫ਼ਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ ।
ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ ।

(ਆਦਿ ਗ੍ਰੰਥ, ਪੰਨਾ 1382)

ਗੁਰੂਆਂ ਨੇ ਪਰਉਪਕਾਰ ਅਤੇ ਸੇਵਾ ਦਾ ਆਦਰਸ਼ ਸਥਾਪਿਤ ਕਰ ਕੇ ਸਮਾਜਿਕ ਨੈਤਿਕਤਾ ਨੂੰ ਖੁਦਗਰਜ਼ੀ ਵਰਗੇ ਤੰਗ ਮਿਆਰਾਂ ਤੋਂ ਪਾਰ ਕਰ ਦਿਤਾ ਹੈ ।[5] ਸੰਸਾਰ ਵਿਚ ਰਹਿੰਦਿਆਂ ਮਾਨਵਮਾਤਰ ਦੀ ਸੇਵਾ ਕਰਨਾ ਗੁਰੂਆਂ ਅਨੁਸਾਰ ਈਸ਼ਵਰ ਦੀ ਦਰਗਾਹ ਤਕ ਅਪੜਨ ਦਾ ਸਾਧਨ ਹੈ :

ਵਿਚਿ ਦੁਨੀਆ ਸੇਵ ਕਮਾਈਐ ।
ਤਾ ਦਰਗਹ ਬੈਸਣੁ ਪਾਈਐ ।

(ਆਦਿ ਗ੍ਰੰਥ, ਪੰਨਾ 26)

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ।

(ਆਦਿ ਗ੍ਰੰਥ, ਪੰਨਾ 474)

'ਅਣਹੋਂਦਾ ਆਪ ਵੰਡਾਏ', 'ਘਾਲ ਖਾਇ ਕਿਛ ਹਥਹੁ ਦੇਇ' ਆਦਿ ਉਪਦੇਸ਼ ਦਿਰੜਾ ਕੇ ਗੁਰੂ ਸਾਹਿਬਾਨ ਨੇ ਸਿਖ ਨੂੰ ਮੇਰ ਤੇਰ ਖ਼ਤਮ ਕਰ ਕੇ ਰਲ ਬੈਠਣ ਦੀ ਭਾਵਨਾ ਨੂੰ ਪਰਿਪਕ ਕਰਾਇਆ ।

ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਸਮਾਜ ਦੇ ਨੈਤਿਕ ਨਿਯਮਾਂ ਵਿਚ ਪਰਉਪਕਾਰ ਨੂੰ ਬੜਾ ਮਹਤਵ ਦਿਤਾ ਗਿਆ ਹੈ । ਮਿਥਿਆ ਤਨ ਨਹੀ ਪਰਉਪਕਾਰਾ । ਕਹਿ ਕੇ ਜੀਵਨ ਦੀ ਸਾਰਥਕਤਾ ਦਾ ਰਹਸ ਲਭਣ ਦੀ ਕੋਸ਼ਿਸ਼ ਕੀਤੀ ਗਈ ਹੈ । ਸਿਖ ਨੂੰ ਇਸ ਪਰਤੀ ਇਕ ਕਿਸਮ ਦੀ ਹਦਾਇਤ ਕੀਤੀ ਹੈ :

ਅਉਗੁਣ ਸਭ ਮਿਟਾਇ ਕੇ ਪਰਉਪਕਾਰ ਕਰੇਇ ।

(ਆਦਿ ਗ੍ਰੰਥ, ਪੰਨਾ 218)

ਸੰਖੇਪ ਵਿਚ ਅਸੀਂ ਇਸ ਤਰਾਂ ਕਹਿ ਸਕਦੇ ਹਾਂ ਕਿ ਸਿਖ ਨੇ ਵਿਅਕਤੀਗਤ ਤੌਰ ਪਰ ਔਰ ਸਮਾਜਿਕ ਤੌਰ ਤੇ ਅਜਿਹੀ ਜੀਵਨ ਜਾਚ ਦਾ ਅਭਿਆਸ ਕਰਦੇ ਰਹਿਣਾ ਹੈ, ਜਿਸ ਅਨੁਸਾਰ ਸਿਮਰਨ, ਸੇਵਾ, ਸਤ ਸੰਤੋਖ, ਦਯਾ, ਸੰਜਮ, ਧੀਰਜ, ਖਿਮਾਂ ਸ਼ਾਂਤੀ, ਤਿਆਗ, ਪਰਉਪਕਾਰ ਅਤੇ ਰਜ਼ਾ, ਭਾਣਾ ਮੰਨਣ ਆਦਿ ਗੁਣ ਪੈਦਾ ਹੋਣ ਅਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ, ਮਮਤਾ, ਤਰਿਸ਼ਨਾ, ਈਰਖਾ, ਨਿੰਦਾ ਚੁਗਲੀ, ਵੈਰ ਵਿਰੋਧ ਆਦਿ ਔਗੁਣ ਨ ਰਹਿਣ । ਗੁਰੂ ਗਰੰਥ ਸਾਹਿਬ ਵਿਚ ਇਨਾਂ ਸਭ ਕੁਝ ਦਾ ਬਾਰ ਬਾਰ ਜਿਕਰ ਕਰ ਕੇ ਸਿਖ ਨੂੰ ਚੰਗਿਆਈ ਬੁਰਾਈ ਤੋਂ ਬੜੇ ਚੰਗੇ ਤਰੀਕੇ ਨਾਲ ਜਾਣੂ ਕਰਾਇਆ ਹੈ ।[6]

ਦੂਸਰਾ, ਗੁਰੂ ਗਰੰਥ ਸਾਹਿਬ ਦੇ ਆਚਾਰ ਸ਼ਾਸ਼ਤਰ ਦੀ ਪਰਮੁਖ ਵਿਸ਼ੇਸ਼ਤਾ ਇਹ ਮੰਨੀ ਗਈ ਹੈ ਕਿ ਇਹ ਕੇਵਲ ਵਿਅਕਤੀਗਤ ਵਿਕਾਸ ਤਕ ਹੀ ਸੀਮਿਤ ਨਹੀਂ ਬਲਕਿ ਸਮੁਚੇ ਸਮਾਜਿਕ ਵਿਕਾਸ ਦਾ ਆਯੋਜਨ ਕਰਦਾ ਹੈ । ਸਮਾਜਿਕ ਵਿਕਾਸ ਇਕ ਅਜਿਹਾ ਮੰਦਰ ਹੈ ਜਿਸ ਨੂੰ ਲਗਣ

---

5. ਜਗਬੀਰ ਸਿੰਘ ਉਭੀ, ਪੰਨਾ 201.
6. ਪਿਆਰਾ ਸਿੰਘ ਪਦਮ, ਰਹਿਤਨਾਮੇ, ਪੰਨਾ 5.

ਵਾਲੀ ਹਰ ਇਟ ਪਕੀ ਅਤੇ ਸਾਵੀਂ ਪਧਰੀ ਹੋਣੀ ਚਾਹੀਦੀ ਹੈ। ਇਸ ਲਈ ਗੁਰੂ ਸਾਹਿਬਾਨ ਨੇ ਜਿਥੇ ਵਿਅਕਤੀਗਤ ਵਿਕਾਸ ਦਾ ਧਿਆਨ ਰਖਿਆ ਹੈ, ਉਥੇ ਵਿਸ਼ਵ ਵਿਕਾਸ ਲਈ ਸਤਿਸੰਗ ਟਕਸਾਲ ਦੀ ਸਥਾਪਨਾ ਕੀਤੀ ਹੈ। ਜਿਸ ਨਾਲ ਸਰੇਸ਼ਟ ਗੁਣਾਂ ਦਾ ਵਿਕਾਸ ਹੁੰਦਾ ਹੈ ਅਤੇ ਔਗੁਣ ਕਟੀਦੇ ਹਨ :

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ।
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ।

(ਆਦਿ ਗ੍ਰੰਥ, ਪੰਨਾ 639)

# ਸਿਰੀ ਹਰਿਮੰਦਰ ਸਾਹਿਬ, ਇਕ ਇਤਿਹਾਸਕ ਸਰਵੇਖਣ

ਜਗਜੀਵਨ ਮੋਹਨ ਵਾਲੀਆ, (ਡਾ.)*

ਸਾਰੰਸ਼ : ਲੇਖ ਵਿਚ ਸੁਯੋਗ ਲੇਖਕ ਨੇ ਸਿਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਦਾ ਅਤੇ ਇਸ ਦੀ ਵਖ ਵਖ ਸਮਿਆਂ ਤੇ ਕੀਤੀ ਗਈ ਉਸਾਰੀ ਦਾ ਵੇਰਵਾ ਦਿਤਾ ਹੈ। ਵਖ ਵਖ ਯੂਰਪੀਅਨ ਯਾਤਰੂਆਂ ਦੇ ਵਿਚਾਰ ਵੀ ਸੰਖੇਪ ਰੂਪ ਵਿਚ ਦਿਤੇ ਗਏ ਹਨ।

—ਸ. ਸ.

ਸਿਰੀ ਹਰਿਮੰਦਰ ਸਾਹਿਬ ਦੀ ਪਹਿਲੀ ਇਮਾਰਤ ਗੁਰੂ ਅਰਜਨ ਦੇਵ ਜੀ ਨੇ ਸੰਨ 1589 ਈ. ਵਿਚ ਮੁਕੰਮਲ ਕਰਵਾਈ ਸੀ। ਇਹ ਇਮਾਰਤ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1764 ਈ. ਵਿਚ ਢਾਹ ਦਿਤੀ ਸੀ। ਵਰਤਮਾਨ ਇਮਾਰਤ ਸੰਨ 1765 ਈ. ਵਿਚ ਉਸਾਰੀ ਗਈ ਸੀ ਅਤੇ ਇਸ ਵਿਚ ਬਹੁਤ ਸਾਰੀ ਸਜਾਵਟ ਉਨੀਵੀਂ ਸਦੀ ਦੇ ਆਰੰਭ ਵਿਚ ਕੀਤੀ ਗਈ ਸੀ। ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਨੇ ਰਾਮਦਾਸ ਪੁਰ ਸ਼ਹਿਰ ਦੀ ਨੀਂਹ ਸੰਨ 1577 ਈ. ਵਿਚ ਰਖੀ। ਇਸ ਸ਼ਹਿਰ ਦਾ ਨਾਂ ਹੁਣ ਅੰਮਰਿਤਸਰ ਹੈ। ਅੰਮਰਿਤਸਰ ਸ਼ਹਿਰ ਦੀ ਨੀਂਹ ਰਖਣ ਬਾਰੇ ਇਤਿਹਾਸਕਾਰਾਂ ਦੀਆਂ ਵਖ ਵਖ ਰਾਵਾਂ ਹਨ। ਮੈਕਾਲਿਫ ਲਿਖਦਾ ਹੈ ਕਿ ਜਦੋਂ ਬਾਦਸ਼ਾਹ ਅਕਬਰ ਪਹਿਲੀ ਵਾਰੀ ਗੁਰੂ ਅਮਰਦਾਸ ਜੀ ਪਾਸ ਆਇਆ ਤਾਂ ਉਨਾਂ ਨੇ ਗੁਰੂ ਜੀ ਦੀ ਪੁਤਰੀ ਬੀਬੀ ਭਾਨੀ ਨੂੰ ਜ਼ਮੀਨ ਦਿਤੀ ਅਤੇ ਗੁਰੂ ਜੀ ਨੇ ਆਪਣੇ ਜਵਾਈ ਰਾਮ ਦਾਸ ਜੀ ਨੂੰ ਕਿਹਾ ਕਿ ਉਹ ਉਸ ਜ਼ਮੀਨ ਤੇ ਚਲੇ ਜਾਣ ਅਤੇ ਦੋ ਸਰੋਵਰ ਸੰਤੋਖਸਰ ਅਤੇ ਅੰਮਰਿਤਸਰ ਖੁਦਵਾਉਣ। ਪਰ ਫਾਰਸਟਰ, ਲਤੀਫ[3] ਅਤੇ ਕੰਨਿਘਮ[4] ਦੀ ਰਾਇ ਹੈ ਕਿ ਜ਼ਮੀਨ ਜਿਸ ਦੇ ਵਿਚ ਅੰਮਰਿਤਸਰ ਸ਼ਹਿਰ ਭੀ ਹੈ ਬਾਦਸ਼ਾਹ ਅਕਬਰ ਨੇ ਗੁਰੂ ਰਾਮ ਦਾਸ ਜੀ ਦੇ ਗੁਰੂ ਗਦੀ ਤੇ ਬੈਠਣ ਪਿਛੋਂ ਦਿਤੀ ਸੀ ਅਤੇ ਉਨ੍ਹਾਂ ਨੇ ਆਪਣੇ ਗੁਰੂ ਕਾਲ ਵਿਚ ਇਹ ਸਰੋਵਰ ਪੁਟਣ ਦਾ ਕੰਮ ਆਰੰਭ ਕਰਵਾਇਆ। ਅੰਮਰਿਤਸਰ ਡਿਸਟਰਿਕਟ ਗਜ਼ਟੀਅਰ[5] ਅਨੁਸਾਰ ਅਕਬਰ ਨੇ ਜ਼ਮੀਨ ਸੰਨ 1577 ਈ. ਵਿਚ ਦਿਤੀ ਸੀ ਅਰਥਾਤ ਗੁਰੂ ਰਾਮਦਾਸ ਜੀ ਦੇ ਗੁਰ ਗਦੀ ਤੇ ਬੈਠਣ ਤੋਂ ਤਿੰਨ ਸਾਲ ਪਿਛੋਂ ਇਹ ਜ਼ਮੀਨ ਤੁੰਗ ਪਿੰਡ ਦੇ ਜਿਮੀਦਾਰਾਂ ਦੀ ਮਾਲਕੀ ਸੀ ਅਤੇ ਅਕਬਰ ਨੇ 50 ਬਿਘਾ ਜ਼ਮੀਨ ਦਿਤੀ ਤਾਂ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਸਤ ਸੌ ਅਕਬਰੀ ਰੁਪਏ ਤੁੰਗ ਦੇ ਜ਼ਿਮੀਦਾਰਾਂ ਨੂੰ ਦੇਣ।

ਉਪਰ ਲਿਖੇ ਤਥਾਂ ਤੋਂ ਇਹ ਸਿਧ ਹੁੰਦਾ ਹੈ ਕਿ ਜ਼ਮੀਨ ਗੁਰੂ ਰਾਮਦਾਸ ਜੀ ਨੂੰ ਬਾਦਸ਼ਾਹ ਅਕਬਰ ਨੇ ਦਿਤੀ ਸੀ ਅਤੇ ਗੁਰੂ ਜੀ ਨੇ ਸਰੋਵਰ ਦੀ ਖੁਦਵਾਈ ਦਾ ਕੰਮ ਸੰਨ 1577 ਈ. ਵਿਚ

---

*ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ।

1. ਮੈਕਾਲਿਫ, ਦੀ ਸਿਖ ਰਿਲੀਜਨ, ਭਾਗ ਤੀਜਾ (ਦਿਲੀ, 1963), ਪੰ. 9.
2. ਫਾਰਸਟਰ, ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, ਭਾਗ I (ਲੰਡਨ, 1798), ਪੰ. 297.
3. ਲਤੀਫ, ਏ ਹਿਸਟਰੀ ਆਫ ਦੀ ਪੰਜਾਬ (ਕਲਕਤਾ, 1891), ਪੰ. 252.
4. ਕੰਨਿਘਮ, ਏ ਹਿਸਟਰੀ ਆਫ ਦੀ ਸਿਖਜ਼ (ਦਿਲੀ, 1966), ਪੰ. 45.
5. ਅੰਮਰਿਤਸਰ ਡਿਸਟ੍ਰਿਕਟ ਗਜ਼ਟੀਅਰ, (1947), ਪੰ. 1.

ਆਰੰਭ ਕਰਾ ਦਿਤਾ । ਕਿਉਂਕਿ ਖੁਦਵਾਈ ਦੇ ਕੰਮ ਦੀ ਦੇਖ ਭਾਲ ਗੋਇੰਦਵਾਲ ਤੋਂ ਠੀਕ ਤਰਾਂ ਨਹੀਂ ਹੋ ਸਕਦੀ ਸੀ ਇਸ ਲਈ ਗੁਰੂ ਜੀ ਨਵੀਂ ਥਾਂ ਤੇ ਆ ਗਏ । ਸਰੋਵਰ ਦੇ ਆਲੇ ਦੁਆਲੇ ਇਕ ਛੋਟਾ ਕਸਬਾ ਵਸ ਗਿਆ ਜਿਸ ਦਾ ਨਾਂ ਰਾਮਦਾਸ ਪੁਰ ਪੈ ਗਿਆ । ਗੁਰੂ ਜੀ ਅਤੇ ਉਨਾਂ ਦੇ ਅਨੁਯਾਈਆਂ ਨੂੰ ਇਸ ਤੀਰਥ ਅਸਥਾਨ ਦੇ ਬਨਣ ਤੇ ਬਹੁਤ ਖੁਸ਼ੀ ਹੋਈ । ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਪਵਿਤਰ ਸਰੋਵਰ ਵਿਚ ਨਹਾਉਣ ਲਈ ਅਤੇ ਹਰੀ ਦਾ ਜਾਪ ਕਰਨ ਲਈ ਕਿਹਾ ਹੈ ।

ਅੰਮਿਰਤਸਰ ਸਰੋਵਰ ਦੇ ਪੂਰਨ ਹੋਣ ਪਿਛੋਂ ਇਸਦੀ ਪਰਸਿਧੀ ਬਹੁਤ ਵਧ ਗਈ ਅਤੇ ਇਹ ਸਿਖਾਂ ਦਾ ਪਰਸਿਧ ਤੀਰਥ ਅਸਥਾਨ ਬਣ ਗਿਆ ।

ਗੁਰੂ ਅਰਜਨ ਦੇਵ ਜੀ ਦੇ ਸੰਨ 1581 ਈ. ਵਿਚ ਗੁਰੂ ਗਦੀ ਤੇ ਬੈਠਣ ਤਕ ਅੰਮਿਰਤ ਸਰੋਵਰ ਕਚਾਂ ਰਿਹਾ । ਸਰੋਵਰ ਪਕਾ ਬਣਿਆ ਹੋਇਆ ਸੀ ਅਤੇ ਇਟਾਂ ਦੀਆਂ ਪੌੜੀਆਂ ਸਨ । ਪਰ ਸਰੋਵਰ ਥਲੇ ਤੋਂ ਕਚਾ ਸੀ । ਸਿਖਾਂ ਨੇ ਸਰੋਵਰ ਬਣਾਉਣ ਵਿਚ ਬੜੀ ਲਗਨ ਦਿਖਾਈ । ਹਜ਼ਾਰਾਂ ਦੀ ਗਿਣਤੀ ਵਿਚ ਮਿਸਤਰੀ, ਮਜ਼ਦੂਰ ਅਤੇ ਸ਼ਰਧਾਲੂ ਕਾਰ ਸੇਵਾ ਲਈ ਪੁਜ ਗਏ । ਸਰੋਵਰ ਥੋੜੇ ਸਮੇਂ ਵਿਚ ਹੀ ਮੁਕੰਮਲ ਹੋ ਗਿਆ । ਗੁਰੂ ਅਰਜਨ ਦੇਵ ਜੀ ਨੇ ਕਈ ਸ਼ਬਦ ਪਵਿਤਰ ਸਰੋਵਰ ਦੇ ਬਾਰੇ ਲਿਖੇ ਹਨ ਕਿ ਪਵਿਤਰ ਸਰੋਵਰ ਵਿਚ ਨਹਾਉਣ ਦੇ ਕੀ ਲਾਭ ਹਨ ।

ਸਰੋਵਰ ਦਾ ਨਾਂ ਅਮਰ ਸਰੋਵਰ ਜਾਂ ਅੰਮਰਿਤਸਰ ਪੈ ਗਿਆ । ਇਸ ਪਵਿਤਰ ਸਰੋਵਰ ਦੀ ਪਰਸਿਧੀ ਬਹੁਤ ਫੈਲ ਗਈ ਅਤੇ ਸ਼ਹਿਰ ਦਾ ਨਾਂ ਭੀ ਇਸ ਤੋਂ ਪਿਆ । ਜਦੋਂ ਸਰੋਵਰ ਬਣ ਰਿਹਾ ਸੀ, ਗੁਰੂ ਅਰਜਨ ਦੇਵ ਜੀ ਨੇ ਸਿਖਾਂ ਲਈ ਇਕ ਸੁੰਦਰ ਪੂਜਾ ਦਾ ਅਸਥਾਨ ਉਸਾਰਣ ਦਾ ਨਿਰਣਾ ਕੀਤਾ ।[6]

ਗੁਰੂ ਅਰਜਨ ਦੇਵ ਜੀ ਨੇ ਇਹ ਫੈਸਲਾ ਕੀਤਾ ਕਿ ਸਰੋਵਰ ਦੇ ਮਧ ਵਿਚ ਮੰਦਰ ਉਸਾਰਿਆ ਜਾਵੇ ।[7] ਸਰੋਵਰ ਜਾਂ ਝੀਲ ਦੇ ਵਿਚਕਾਰ ਭਵਨ ਬਣਾਉਣਾ ਭਾਰਤੀ ਭਵਨ ਨਿਰਮਾਣ ਕਲਾ ਵਿਚ ਬਹੁਤ ਪੁਰਾਣਾ ਹੈ । ਦੋ ਕਾਰਨਾਂ ਕਰਕੇ ਇਸ ਨੂੰ ਪਸੰਦ ਕੀਤਾ ਜਾਂਦਾ ਹੈ । ਪਹਿਲਾਂ ਭਵਨ ਦੁਨਿਆਵੀ ਆਲੇ ਦੁਆਲੇ ਤੋਂ ਅਲਗ ਹੋ ਜਾਂਦਾ ਹੈ ਅਤੇ ਦੂਜੇ ਪਾਣੀ ਵਿਚ ਭਵਨ ਦੀ ਪਰਛਾਈਂ ਸੁੰਦਰਤਾ ਵਿਚ ਵਾਧਾ ਕਰਦੀ ਹੈ ।

ਭਵਨ ਦਾ ਨਿਰਮਾਣ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਹੇਠ ਹੋਇਆ । ਇਸ ਕੰਮ ਵਿਚ ਗੁਰੂ ਜੀ ਦੀ ਸਹਾਇਤਾ ਬਾਬਾ ਬੁਢਾ, ਭਾਈ ਗੁਰਦਾਸ ਅਤੇ ਕੁਝ ਦੂਜੇ ਪਤਵੰਤੇ ਸਿਖ ਕਰਦੇ ਸੀ । ਬਹੁਤ ਮਿਸਤਰੀ ਕੰਮ ਤੇ ਲਗਾਏ ਗਏ । ਗੁਰੂ ਜੀ ਨੇ ਭਰੋਸੇਯੋਗ ਸਿਖਾਂ ਜਿਵੇਂ ਕਿ ਭਾਈ ਸਾਲੋ, ਭਾਈ ਭਗਤੂ, ਭਾਈ ਪੈੜਾ, ਭਾਈ ਬਾਹਲੋ ਅਤੇ ਕਲਿਆਨਾ ਨੂੰ ਕੰਮ ਦੀ ਨਿਗਰਾਨੀ ਅਤੇ ਉਸਾਰੀ ਦਾ ਸਮਾਨ ਲਿਆਉਣ ਲਈ ਲਗਾਇਆ । ਇਟਾਂ ਤਿਆਰ ਕਰਾਉਣ ਦਾ ਕੰਮ ਭਾਈ ਬਾਹਲੋ ਦੇ ਸਪੁਰਦ ਕੀਤਾ ਗਿਆ ਜਿਹੜਾ ਇਸ ਕੰਮ ਦਾ ਮਾਹਰ ਸੀ ।[8]

ਪੁਰਾਣੀ ਸਿਖ ਰਵਾਇਤ ਅਨੁਸਾਰ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਮਾਘ, ਸੰਮਤ 1645 ਬਿਕਰਮੀ (ਸੰਨ 1588 ਈ.) ਵਿਚ ਰਖੀ ਸੀ ਪਰ ਆਮ ਮੰਨੀ ਹੋਈ ਰਵਾਇਤ ਹੈ ਕਿ ਇਕ ਮੁਸਲਮਾਨ ਫਕੀਰ ਪੀਰ ਮੀਆਂ ਮੀਰ ਲਾਹੌਰ ਵਾਸੀ ਨੇ ਇਸ ਦੀ ਨੀਂਹ ਸੰਮਤ 1645 ਬਿਕਰਮੀ (ਸੰਨ 1588 ਈ.) ਵਿਚ ਰਖੀ ਸੀ ।

ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਬੜੇ ਜੋਸ਼ ਨਾਲ ਸਿਖਾਂ ਨੇ ਆਰੰਭ ਕੀਤਾ ।

6. ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗਰੰਥ, ਜਿਲਦ 5 (ਅੰਮਿਰਤਸਰ, 1962) ਪੰ. 1855.
7. ਉਹੀ.
8. ਮੈਕਾਲਿਫ ਉਕਤ ਪੰ. 9.

ਸਰੋਵਰ ਦੇ ਤਲੇ ਤੋਂ ਉਤੇ ਚੂਨਾ ਅਤੇ ਇਟਾਂ ਨਾਲ ਸਥਾਨ ਬਣਾ ਕੇ ਮਜ਼ਬੂਤ ਨੀਂਹ ਰਖੀ। ਇਕ ਪੁਲ ਦਰਸ਼ਨੀ ਡਿਉਢੀ ਅਤੇ ਹਰਿਮੰਦਰ ਸਾਹਿਬ ਦੇ ਵਿਚਕਾਰ ਬਣਾਇਆ ਗਿਆ। ਇਹ ਮਹਿਰਾਬਾਂ, ਡਾਟਾਂ ਅਤੇ ਸੁਰੰਗ ਦਵਾਰਿਆਂ ਤੇ ਟਿਕਿਆ ਹੋਇਆ ਹੈ।

ਹਿੰਦੂਆਂ ਦੇ ਮੰਦਰ ਧਰਤੀ ਦੀ ਸਤਹ ਤੋਂ ਉਚੇ ਬਣਾਏ ਜਾਂਦੇ ਸਨ ਜਦੋਂ ਹਰਿਮੰਦਰ ਸਾਹਿਬ ਨੂੰ ਧਰਤੀ ਦੀ ਸਤਹ ਤੋਂ ਨੀਚੇ ਉਸਾਰਿਆ ਗਿਆ ਤਾਂ ਕਿ ਸ਼ਰਧਾਲੂ ਪੌੜੀਆਂ ਉਤਰ ਕੇ ਨੀਚੇ ਜਾਣ ਤੇ ਮਥਾ ਟੇਕਣ। ਹਿੰਦੂ ਮੰਦਰਾਂ ਦੇ ਇਕ ਦਰਵਾਜ਼ਾ ਅੰਦਰ ਜਾਣ ਲਈ ਹੁੰਦਾ ਹੈ ਜਦੋਂ ਕਿ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਚਾਰੋਂ ਪਾਸੇ ਹਨ।

ਹਰਿਮੰਦਰ ਸਾਹਿਬ ਦੀ ਉਸਾਰੀ ਨਾਲ ਅੰਮਿਰਤਸਰ ਤੀਰਥ ਅਸਥਾਨ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਸਿਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਸੰਗਰਹਿ ਕੀਤਾ। ਉਨਾਂ ਨੇ ਕੁਝ ਹਿੰਦੂ ਭਗਤਾਂ ਅਤੇ ਮੁਸਲਮਾਨ ਸੰਤਾਂ ਦੀ ਬਾਣੀ ਦੀ ਚੋਣ ਕੀਤੀ। ਉਨਾਂ ਨੇ ਚਾਰ ਗੁਰੂ ਸਾਹਿਬਾਨ ਦੇ ਸ਼ਬਦ, ਆਪਣੀ ਬਾਣੀ ਅਤੇ ਹਿੰਦੂ ਭਗਤਾਂ ਅਤੇ ਮੁਸਲਮਾਨ ਸੰਤਾਂ ਦੀ ਚੋਣਵੀਂ ਲਿਖਤਾਂ ਦਾ ਸੰਗਰਹਿ ਕੀਤਾ ਅਤੇ ਉਨਾਂ ਨੇ ਸਾਵਣ, ਸੰਮਤ 1661 ਬਿਕਰਮੀ ਅਨੁਸਾਰ 16 ਅਗਸਤ, ਸੰਨ 1604 ਈ. ਨੂੰ ਹਰਿਮੰਦਰ ਸਾਹਿਬ ਵਿਖੇ ਗਰੰਥ ਸਾਹਿਬ ਦਾ ਪਰਕਾਸ਼ ਕੀਤਾ।[10] ਬਾਬਾ ਬੁਢਾ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਗਰੰਥੀ ਨਿਯੁਕਤ ਕੀਤਾ। ਉਸ ਦਿਨ ਤੋਂ ਹੀ ਹਰਿਮੰਦਰ ਸਾਹਿਬ ਵਿਚ ਗਰੰਥ ਸਾਹਿਬ ਦਾ ਪਾਠ ਹੁੰਦਾ ਹੈ, ਕੀਰਤਨ ਹੁੰਦਾ ਹੈ ਅਤੇ ਦੂਜੇ ਧਾਰਮਿਕ ਕੰਮ ਹੁੰਦੇ ਹਨ। ਜਲਦੀ ਹੀ ਹਰਿਮੰਦਰ ਸਿਖਾਂ ਦਾ ਮੁਖ ਤੀਰਥ ਅਸਥਾਨ ਬਣ ਗਿਆ।

ਜਿਸ ਅਸਥਾਨ ਤੇ ਹਰਿਮੰਦਰ ਸਾਹਿਬ ਉਸਾਰਿਆ ਗਿਆ, ਉਸ ਦਾ ਇਤਿਹਾਸ ਬਹੁਤ ਪੁਰਾਣਾ ਹੈ। ਕੁਝ ਰਵਾਇਤਾਂ ਅਨੁਸਾਰ ਇਹ ਥਾਂ ਬਹੁਤ ਧਾਰਮਿਕ ਮਹਤਤਾ ਵਾਲੀ ਸੀ ਅਤੇ ਇਥੇ ਅੰਮਿਰਤ ਕੁੰਡ ਸੀ। ਇਹ ਰਵਾਇਤਾਂ ਰਾਮਾਇਣ ਅਤੇ ਪੁਰਾਣਾਂ ਤੇ ਆਧਾਰਤ ਹਨ। ਬੁਧ ਮਤ ਦੇ ਜ਼ੋਰ ਪਕੜਨ ਨਾਲ ਇਸ ਥਾਂ ਦੀ ਧਾਰਮਿਕ ਮਹਤਤਾ ਘਟ ਗਈ। ਇਹ ਤਥ ਹੈ ਕਿ ਇਹ ਅਸਥਾਨ ਇਸ ਦੇ ਪਰਾਚੀਨ ਹੋਣ ਕਰਕੇ ਹੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਚੁਣਿਆ ਗਿਆ। ਇਸ ਇਮਾਰਤ ਦੀ ਉਸਾਰੀ ਤੋਂ ਪਹਿਲਾ ਜ਼ਮੀਨ ਦੇ ਵਿਚ ਦਰਖਤ ਸਨ ਜੰਗਲ ਸੀ ਅਤੇ ਇਥੇ ਛੋਟਾ ਜਿਹਾ ਛਪੜ ਸੀ। ਇਸਦੇ ਚਾਰੋਂ ਪਾਸੇ ਪਿੰਡ ਸੁਲਤਾਨ ਵਿੰਡ, ਤੁੰਗ, ਗੁਮਟਾਲਾ ਅਤੇ ਗਿਲਵਾਲੀ ਸਨ। ਗੁਰੂ ਸਾਹਿਬਾਨ ਤੋਂ ਪਹਿਲਾਂ ਇਸ ਥਾਂ ਦੀ ਕੋਈ ਮਹਤਤਾ ਨਹੀਂ ਸੀ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਸਥਾਨ ਤੇ ਸੰਮਤ 1559 ਬਿਕਰਮੀ (ਸੰਨ 1502 ਈ.) ਨੂੰ ਆਪਣੀਆਂ ਉਦਾਸੀਆਂ ਵੇਲੇ ਆਏ।[11]

ਕਈ ਕਿਸੇ ਅਤੇ ਕਰਾਮਾਤਾਂ ਅੰਮਿਰਤ ਸਰੋਵਰ ਨਾਲ ਜੁੜੀਆਂ ਹਨ। ਇਹ ਰਵਾਇਤ ਹੈ ਕਿ ਗੁਰੂ ਅਮਰਦਾਸ ਜੀ ਨੂੰ ਤਲਾ ਦੇ ਕੰਢੇ ਤੇ ਇਕ ਬੂਟੀ ਮਿਲੀ ਜਿਸ ਨਾਲ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਚਮੜੀ ਦੀ ਬਿਮਾਰੀ ਦਾ ਇਲਾਜ ਕੀਤਾ।[12] ਸਥਾਨਕ ਰਵਾਇਤ ਹੈ ਕਿ ਪਟੀ ਦੇ ਕਾਰਦਾਰ ਰਾਇ ਦੁਨੀ ਚੰਦ ਦੀ ਪੁਤਰੀ ਰਜਨੀ ਇਸ ਤਲਾ ਵਿਚ ਨਹਾਉਣ ਨਾਲ ਠੀਕ ਹੋ ਗਈ ਸੀ ਅਤੇ ਉਸਦਾ ਕੋਹੜੀ ਪਤੀ ਵੀ ਇਸ ਤਲਾ ਵਿਚ ਨਹਾ ਕੇ ਠੀਕ ਹੋ ਗਿਆ ਸੀ।[13] ਗੁਰੂ ਅਮਰਦਾਸ ਜੀ ਨੇ

9. ਰਿਪੋਰਟ ਸਿਰੀ ਦਰਬਾਰ ਸਾਹਿਬ, 1929, ਪੰ. 9.
10. ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰ. 79.
11. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ (ਪਟਿਆਲਾ, 1970), ਪੰ. 343.
12. ਕੇਸਰ ਸਿੰਘ ਛਿਬਰ, ਬੰਸਾਵਲੀਨਾਵਾਂ ਦਸਾਂ ਪਾਤਸਾਹੀਆਂ ਕਾ (1769) ਪੰ. 23
13. ਗਿਆਨ ਸਿੰਘ, ਪੰਥ ਪ੍ਰਕਾਸ਼ (ਅੰਮਿਰਤਸਰ, 1885) ਪੰ. 111.

ਭੀ ਆਪਣੇ ਸ਼ਬਦ ਵਿਚ ਇਸ ਤਲਾਅ ਦੀਆਂ ਕਰਾਮਾਤੀ ਖੂਬੀਆਂ ਬਾਰੇ ਲਿਖਿਆ ਹੈ। ਇਹ ਵੀ ਕਥਾ ਪਰਚਲਿਤ ਹੈ ਕਿ ਗੁਰੂ ਰਾਮ ਦਾਸ ਜੀ ਉਕਤ ਕਹਾਣੀ ਦੀ ਤਸਦੀਕ ਦੇ ਸਿਲਸਿਲੇ ਵਿਚ ਇਥੇ ਆਏ ਅਤੇ ਉਨ੍ਹਾਂ ਤੇ ਇਸ ਥਾਂ ਦੀ ਸੁੰਦਰਤਾ ਦਾ ਇਤਨਾ ਪਰਭਾਵ ਪਿਆ ਕਿ ਉਨ੍ਹਾਂ ਨੇ ਇਥੇ ਤੀਰਥ ਅਸਥਾਨ ਕਾਇਮ ਕਰਨ ਦਾ ਨਿਸ਼ਚਾ ਕੀਤਾ। ਇਹ ਵੀ ਰਵਾਇਤ ਹੈ ਕਿ ਭਾਈ ਜੇਠਾ, ਗੁਰੂ ਅੰਗਦ ਬਨਣ ਤੋਂ ਪਹਿਲਾਂ ਇਥੇ ਗੋਇੰਦਵਾਲ ਤੋਂ ਸਿਖਾ ਨਾਲ ਸੰਗਰਾਂਦ ਅਤੇ ਅਮਾਵਸ ਦੇ ਦਿਨ ਆਂਦੇ ਸੀ ਅਤੇ ਇਸ਼ਨਾਨ ਕਰਦੇ ਸੀ।[15] ਗੁਰੂ ਰਾਮ ਦਾਸ ਜੀ ਨੇ ਮਾਝੇ ਖੇਤਰ ਵਿਚ ਆਪਣੇ ਦੌਰੇ ਵੇਲੇ ਇਸ ਸਥਾਨ ਦਾ ਚੁਣਾਉ ਕੀਤਾ ਸੀ ਕਿ ਇਥੇ ਇਕ ਨਵਾਂ ਸਿਖੀ ਦਾ ਕੇਂਦਰ ਸਥਾਪਿਤ ਕੀਤਾ ਜਾਵੇ।[16]

ਹਰਿਮੰਦਰ ਸਾਹਿਬ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਤਿੰਨ ਵਾਰੀ ਸੰਨ 1757, 1762 ਅਤੇ 1764 ਈ. ਵਿਚ ਤਬਾਹ ਕੀਤਾ ਅਤੇ ਸਿਖ ਮਿਸਲਾਂ ਦੇ ਵੇਲੇ ਵਰਤਮਾਨ ਇਮਾਰਤ ਸੰਨ 1765 ਵਿਚ ਉਸਾਰੀ ਗਈ ਸੀ।

14 ਜਨਵਰੀ, 1764 ਨੂੰ ਸਰਹੰਦ ਦੀ ਜਿਤ ਅਤੇ ਜੈਨ ਖਾਨ ਸਰਹੰਦ ਦੇ ਸੂਬੇਦਾਰ ਦੇ ਕਤਲ ਤੋਂ ਪਿਛੋਂ ਸਿਖਾਂ ਨੇ ਨੌਂ ਲਖ ਰੁਪਏ ਇਕੱਠੇ ਕੀਤੇ। ਇਹ ਰੁਪਏ ਅੰਮਰਿਤਸਰ ਦੇ ਸਾਹੂਕਾਰਾਂ ਮੋਹਨ ਮਲ, ਭਾਗ ਮਲ ਲਾਂਬਾ, ਸ਼ਾਮ ਭਾਂਬੜਾ ਅਤੇ ਕਲਿਆਨ ਪਾਸੀ ਪਾਸ ਜਮਾਂ ਕਰਾ ਦਿਤੇ। ਜ਼ਿਲਾ ਅੰਮਰਿਤਸਰ ਦੇ ਪਿੰਡ ਸੁਰ ਸਿੰਘ ਦਾ ਖਤਰੀ ਭਾਈ ਦੇਸ ਰਾਜ ਜਿਹੜਾ ਕਿ ਆਪਣੀ ਈਮਾਨਦਾਰੀ ਲਈ ਪਰਸਿਧ ਸੀ, ਦੇ ਧਨ ਸਪੁਰਦ ਕਰ ਦਿਤਾ ਤਾਂਕਿ ਮੰਦਰ ਅਤੇ ਸਰੋਵਰ ਦਾ ਕੰਮ ਯੋਜਨਾ ਅਨੁਸਾਰ ਪੂਰਾ ਹੋ ਜਾਵੇ। ਭਾਈ ਦੇਸ ਰਾਜ਼ ਨੂੰ ਸਿਖਾਂ ਨੇ ਗੁਰੂ ਦੀ ਮੋਹਰ ਫੰਡ ਇੱਕਠਾ ਕਰਨ ਲਈ ਦਿਤੀ ਸੀ। ਹਰਿਮੰਦਰ ਸਾਹਿਬ ਦੀ ਨਵ ਉਸਾਰੀ ਜਸਾ ਸਿੰਘ ਆਹਲੂ-ਵਾਲੀਆ ਦੀ ਅਗਵਾਈ ਵਿਚ 11 ਵੈਸਾਖ, ਸੰਮਤ 1821 ਬਿਕਰਮੀ (ਸੰਨ 1764 ਈ.) ਨੂੰ ਆਰੰਭ ਹੋਈ।

ਭਵਨ ਦੀ ਉਸਾਰੀ ਦੇ ਕੰਮ ਵਿਚ ਅਹਿਮਦ ਸ਼ਾਹ ਦੇ ਦਸੰਬਰ, 1764 ਵਿਚ ਹਲੇ ਕਾਰਨ ਵਿਘਨ ਪੈ ਗਿਆ। ਅਹਿਮਦਸ਼ਾਹ ਦੁਰਾਨੀ ਦੇ ਵਾਪਸ ਜਾਣ ਪਿਛੋਂ, ਸਿਖ ਅੰਮਰਿਤਸਰ ਵਿਖੇ ਇਕਠੇ ਹੋਏ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਦੇਸ ਰਾਜ ਦੀ ਨਿਗਰਾਨੀ ਹੇਠ ਆਰੰਭ ਕੀਤਾ।

ਖਾਲਸੇ ਦੀਆਂ ਕੋਸ਼ਿਸ਼ਾਂ ਕਾਰਨ ਅੰਮਰਿਤ ਸਰੋਵਰ, ਹਰਿਮੰਦਰ, ਪੁਲ, ਅਤੇ ਦਰਸ਼ਨੀ ਡਿਉਢੀ ਦੀ ਉਸਾਰੀ ਦਾ ਕੰਮ ਸੰਮਤ 1833 ਬਿਕਰਮੀ (ਸੰਨ 1776 ਈ.) ਤਕ ਪੂਰਣ ਹੋ ਗਿਆ। ਪਰਿਕਰਮਾ ਅਤੇ ਸਰੋਵਰ ਦੇ ਦੁਆਲੇ ਦੇ ਧਰਮ ਅਸਥਾਨ ਸੰਮਤ 1841 ਬਿਕਰਮੀ (ਸੰਨ 1784 ਈ.) ਤਕ ਪੂਰਣ ਹੋਏ।[17]

ਮਹਾਰਾਜਾ ਰਣਜੀਤ ਸਿੰਘ ਵੇਲੇ ਸੋਨੇ ਦਾ ਸ਼ਾਨਦਾਰ ਕੰਮ ਹਰਿਮੰਦਰ ਸਾਹਿਬ ਵਿਖੇ ਹੋਇਆ। ਇਸ ਲਈ ਇਸ ਨੂੰ ਸਵਰਨ ਮੰਦਰ ਭੀ ਕਿਹਾ ਜਾਣ ਲਗਾ। ਮਹਾਰਾਜਾ ਰਣਜੀਤ ਸਿੰਘ ਨੇ ਸੰਮਤ 1860 ਬਿਕਰਮੀ (ਸੰਨ 1803 ਈ,) ਵਿਚ ਹਰਿਮੰਦਰ ਸਾਹਿਬ ਵਿਖੇ ਸੋਨੇ ਦੀਆਂ ਤਖਤੀਆਂ ਲਗਾਉਣ ਦੇ ਲਈ ਪੰਜ ਲਖ ਰੁਪੈ ਦਿਤੇ। ਸੰਗਮਰਮਰ ਦਾ ਕੰਮ ਭੀ ਮਹਾਰਾਜਾ ਵੇਲੇ ਹੋਇਆ। ਹਰਿਮੰਦਰ ਸਾਹਿਬ ਵਿਚ ਜੋ ਸੋਨੇ ਤੇ ਕੰਮ ਹੋਇਆ ਹੈ, ਉਹ ਮਹਾਰਾਜਾ ਰਣਜੀਤ ਸਿੰਘ

---

14. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗੁਜਰੀ, ਮਹਲਾ 4, ਪੰ. 493.
15. ਕੇਸਰ ਸਿੰਘ, ਉਕਤ ਪੰ. 39.
16. ਸਰੂਪ ਦਾਸ, ਮਹਿਮਾ ਪ੍ਰਕਾਸ਼ ਭਾਗ 2 (ਪਟਿਆਲਾ, 1971) ਪੰ. 289.
17. ਗਿਆਨ ਸਿੰਘ, ਤਵਾਰੀਖ ਅੰਮ੍ਰਿਤਸਰ (ਪਿਠਅੰਕਤ) ਪੰ. 49.

ਉਸ ਦੇ ਪੁਤਰ ਮਹਾਰਾਜਾ ਖੜਕ ਸਿੰਘ ਅਤੇ ਪੋਤੇ ਕੰਵਰ ਨੌ ਨਿਹਾਲ ਸਿੰਘ ਵੇਲੇ ਹੋਇਆ। ਸੋਨੇ ਅਤੇ ਮੀਨਾਕਾਰੀ ਦਾ ਕੰਮ 6,41,11,000 ਰੁਪਏ ਦੇ ਖਰਚੇ ਨਾਲ ਹੋਇਆ। ਮਹਾਰਾਜੇ ਵਲੋਂ 1,25,000 ਰੁਪਏ ਸਾਲਾਨਾ ਦੀ ਜਾਗੀਰ ਯਾਤਰੀਆਂ ਦੀਆਂ ਲੋੜਾਂ ਪੂਰੀਆਂ ਕਰਨੋ ਲਈ ਦਿਤੀ। ਮਹਾਰਾਜਾ ਵਲੋਂ ਕੁਲ ਜਾਗੀਰ 175,000 ਰੁਪਏ ਦੀ ਦਿਤੀ ਗਈ।[18] ਮਹਾਰਾਜਾ ਰਣਜੀਤ ਸਿੰਘ ਨੇ ਆਦੇਸ਼ ਦਿਤੇ ਕਿ ਉਨਾਂ ਦੀ ਮਿਰਤੂ ਪਿਛੋਂ ਉਨਾਂ ਦੇ ਜਾਤੀ ਪਰਯੋਗ ਲਈ ਰਖੇ ਘੋੜੇ ਅਤੇ ਹਾਥੀ ਦਰਬਾਰ ਸਾਹਿਬ ਭੇਜੇ ਜਾਣ। ਗਰੰਥੀਆਂ ਦੀ ਗਿਣਤੀ ਪੰਜ ਸੌ ਅਤੇ ਛੇ ਸੌ ਦੇ ਵਿਚਕਾਰ ਸੀ। ਥੋਰਨਟਨ ਲਿਖਦਾ ਹੈ ਕਿ ਹਰਿਮੰਦਰ ਵਿਚ ਸੋਨੇ ਦੀ ਸਜਾਵਟ ਅਤੇ ਕੀਮਤੀ ਸਜਾਵਟ ਦਾ ਕੰਮ ਬਹੁਤ ਸ਼ਾਨਦਾਰ ਹੋਇਆ ਹੈ।[19] ਲਾਰਡ ਆਕਲੈਂਡ ਦੀ ਭੈਣ ਅਮਲੀ ਈਡਨ ਜਿਹੜੀ ਹਰਿਮੰਦਰ ਵਿਚ ਆਈ ਸੀ, ਲਿਖਦੀ ਹੈ ਕਿ ਸ਼ਾਮਿਆਨੇ ਦੀ ਕੀਮਤ ਦਸ ਹਜ਼ਾਰ ਰੁਪਏ ਹੈ।[20] ਉਸਨੇ ਇਕ ਗਰੰਥੀ ਨੂੰ ਉਪਦੇਸ਼ ਦਿੰਦੇ ਹੋਏ ਸੁਣਿਆ। ਗਵਰਨਰ ਜਨਰਲ ਨਾਲ ਆਏ ਅਫਸਰਾਂ ਨੂੰ ਮਹਾਰਾਜੇ ਨੇ ਸ਼ਾਲ ਦਿਤੇ। ਲਾਰਡ ਆਕਲੈਂਡ ਗਵੰਰਨਰ ਜਨਰਲ ਦੇ ਆਗਮਨ ਤੇ ਹਰਿਮੰਦਰ ਸਾਹਿਬ, ਪੁਲ ਅਤੇ ਬੁਰਜੀਆਂ ਤੇ ਦੀਪ ਮਾਲਾ ਕੀਤੀ ਗਈ ਸੀ। ਹਯੁਗਲ, ਜਿਹੜਾ ਅੰਮਿਰਤਸਰ ਵਿਖੇ ਸੰਨ 1836 ਵਿਚ ਆਇਆ ਹਰਿਮੰਦਰ ਸਾਹਿਬ ਦੀ ਸੁੰਦਰਤਾ ਦੀ ਪਰਸੰਸਾ ਕਰਦਾ ਹੈ। ਉਹ ਸੁਨਹਿਰੀ ਛਤ ਜਿਸ ਵਿਚ ਸੰਗਮਰਮਰ ਲਗਿਆ ਹੋਇਆ ਹੈ ਦੀ ਸੁੰਦਰਤਾ ਬਾਰੇ ਲਿਖਦਾ ਹੈ।[21] ਉਸ ਨੇ ਪੁਲ ਤੇ ਜਾਣ ਤੋਂ ਪਹਿਲਾਂ ਦੋ ਝੰਡੇ ਦੇਖੇ, ਇਕ ਤੇ ਲਿਖਿਆ ਸੀ, "ਵਾਹਿਗੁਰੂ ਜੀ ਕੀ ਫਤਿਹ" ਅਤੇ ਦੂਜੇ ਤੇ ਗੁਰੂ ਰਾਮ ਦਾਸ ਜੀ ਦਾ ਨਾਂ ਲਿਖਿਆ ਸੀ। ਮੈਕਗਰੈਗਰ, ਹਰਿਮੰਦਰ ਸਾਹਿਬ ਦੀ ਸੁੰਦਰਤਾ ਬਾਰੇ ਲਿਖਦਾ ਹੈ ਕਿ ਇਸ ਦੇ ਸ਼ਾਨਦਾਰ ਉਚੇ ਸੁਨਿਹਰੀ ਗੁੰਬਦ ਅਤੇ ਬੁਰਜ ਚੁੰਧਿਆ ਦਿੰਦੇ ਹਨ। ਉਸ ਨੇ ਗਰੰਥ ਸਾਹਿਬ ਨੂੰ ਇਕ ਸੁਨਹਿਰੀ ਮਹਿਰਾਬ ਵਿਚ ਦੇਖਿਆ ਸੀ ਜਿਸਦੇ ਵਿਚ ਕੀਮਤੀ ਹੀਰੇ ਜੜੇ ਹੋਏ ਸਨ। ਉਸ ਨੂੰ ਦਸਿਆ ਗਿਆ ਸੀ ਕਿ ਮਹਾਰਾਜੇ ਨੇ ਗਰੰਥ ਸਾਹਿਬ ਦੇ ਹਰਿਮੰਦਰ ਸਾਹਿਬ ਨੂੰ ਪੇਸ਼ ਕਰਨ ਵੇਲੇ ਪੰਜਾਹ ਹਜ਼ਾਰ ਰੁਪਏ ਖਰਚ ਕੀਤੇ ਸੀ।[22] ਇਹ ਤਥ ਹੈ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਜੋ ਸ਼ਾਨਦਾਰ ਸੋਨੇ ਦਾ ਕੰਮ ਹਰਿਮੰਦਰ ਸਾਹਿਬ ਵਿਚ ਹੋਇਆ ਇਸ ਕਾਰਨ ਹਰਿਮੰਦਰ ਸਾਹਿਬ ਦਾ ਨਾਂ ਸਵਰਨ ਮੰਦਰ ਪੈ ਗਿਆ। ਮਹਾਰਾਜੇ ਨੇ ਹਰਿਮੰਦਰ ਸਾਹਿਬ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਦਿਤੇ।

ਹਰਿਮੰਦਰ ਸਾਹਿਬ 40½ ਫੁਟ ਚਤਰਭੁਜ ਦੇ ਆਕਾਰ ਵਿਚ ਇਕ 67 ਫੁਟ ਚਤਰਭੁਜ ਬੜੇ ਸਰੋਵਰ ਦੇ ਵਿਚ ਬਣਿਆ ਹੋਇਆ ਹੈ। ਇਹ ਦੋ ਮੰਜਲਾ ਸੰਗਮਰਮਰ ਦੀ ਇਮਾਰਤ ਹੈ। ਇਹ 510 ਫੁਟ ਚਤਰਭੁਜ ਸਰੋਵਰ ਦੇ ਅੰਦਰ ਹੈ। ਇਸ ਅਸਥਾਨ ਤਕ ਪਹੁੰਚਣ ਲਈ 200 ਫੁਟ ਲੰਬਾ ਰਾਹ ਹੈ। ਦੀਵਾਰਾਂ ਤੇ ਸੋਨੇ ਦੀ ਪਰਤ ਚੜ੍ਹੇ ਹੋਏ ਤਾਂਬੇ ਦੀਆਂ ਪਲੇਟਾਂ ਲਗੀਆਂ ਹੋਈਆਂ ਹਨ। ਗੁੰਬਦਾਂ ਅਤੇ ਮੀਨਾਰਾਂ ਤੇ ਸੋਨੇ ਦੀ ਪਰਤ ਚੜੇ ਤਾਂਬੇ ਦੀਆਂ ਪਲੇਟਾਂ ਲਗੀਆਂ ਹਨ। ਦੀਵਾਰਾਂ ਦੇ ਹੇਠਲੇ ਭਾਗ ਵਿਚ ਸਫੈਦ ਸੰਗਮਰਮਰ ਲਗਿਆ ਹੋਇਆ ਹੈ ਜਿਸ ਵਿਚ ਕੀਮਤੀ ਪਥਰ ਲਗੇ ਹੋਏ ਹਨ। ਮੁਖ ਭਵਨ ਤੇ ਇਕ ਸ਼ਾਨਦਾਰ ਸੋਨੇ ਦਾ ਗੁੰਬਦ ਹੈ। ਅੰਦਰ ਇਕ ਬੜਾ ਸੰਗਮਰਮਰ ਦਾ ਹਾਲ ਹੈ ਜਿਸ ਦੇ ਵਿਚ ਸੰਗਮਰਮਰ ਤੇ ਸੁੰਦਰ ਮੀਨਾਕਾਰੀ ਹੋਈ ਹੈ। ਸ਼ਾਨਦਾਰ ਦੀਵਾਰੀ ਚਿਤਰਕਾਰੀ ਜਿਸ ਨੂੰ ਮੁਹਰਾ ਕਸ਼ੀ ਕਹਿੰਦੇ ਹਨ ਹਰਿਮੰਦਰ ਦੇ ਅੰਦਰ ਹੈ। ਇਹ ਮੁਹਰਾ

---

18. ਵਾਲਟਰ ਹੈਮਲਟਨ, ਦੀ ਈਸਟ ਇੰਡੀਆ ਗਜ਼ੀਟੀਅਰਜ਼ ਭਾਗ 1 (ਲੰਡਨ 1815) ਪੰ. 48.
19. ਥੋਰਨਟਨ, ਏ ਗਜ਼ੀਟੀਅਰ ਆਫ ਦੀ ਟੈਰੀਟਰੀਜ਼ ਅੰਡਰ ਦੀ ਗੌਰਮਿੰਟ ਆਫ ਦੀ ਈਸਟ ਇੰਡੀਆ ਕੰਪਨੀ (ਲੰਡਨ, 1661), ਪੰ. 116
20. ਐਮਲੀ ਈਡਨ, ਅਪ ਦੀ ਕੰਟਰੀ (ਲੰਡਨ 1866), ਪੰ. 215.
21. ਬੈਰਨ ਚਾਰਲਸ ਹਯੁਗਲ, ਟਰੈਵਲਜ਼ ਇਨ ਕਸ਼ਮੀਰ ਐਂਡ ਦੀ ਪੰਜਾਬ (ਲੰਡਨ 1845), ਪੰ. 39.
22. ਮੈਕਗ੍ਰੇਗਰ, ਦੀ ਹਿਸਟਰੀ ਆਫ ਦੀ ਸਿਖਜ਼, ਭਾਗ 1 (ਲੰਡਨ 1846), ਪੰਨਾ 235.

ਕਸੀ ਦੇ ਡੀਜ਼ਾਇਨ ਲਗਭਗ ਤਿੰਨ ਸੌ ਹਨ। ਇਕ ਸ਼ਾਨਦਾਰ ਕਮਰੇ ਦੇ ਵਿਚ ਆਦਿ ਗ੍ਰੰਥ ਸਾਹਿਬ ਨੂੰ ਗਰੰਥੀ ਪੜ੍ਹਦਾ ਹੈ। ਗਰੰਥ ਸਾਹਿਬ ਨੂੰ ਸੁਨਹਿਰੀ ਪਾਲਕੀ ਵਿਚ ਅਕਾਲ ਤਖਤ ਸਾਹਿਬ ਤੋਂ ਸਵੇਰੇ ਲਿਆਇਆ ਜਾਂਦਾ ਹੈ ਅਤੇ ਰਾਤ ਨੂੰ ਦਸ ਵਜੇ ਉਸੇ ਪਾਲਕੀ ਵਿਚ ਅਕਾਲ ਤਖਤ ਲੈ ਕੇ ਜਾਇਆ ਜਾਂਦਾ ਹੈ।

ਉਪਰ ਦੀ ਮੰਜ਼ਲ ਵਿਚ ਸ਼ੀਸ਼ ਮਹਲ ਹੈ ਜਿਥੇ ਸ਼ੀਸ਼ੇ ਅਤੇ ਪਥਰ ਤੇ ਸ਼ਾਨਦਾਰ ਨਕਾਸ਼ੀ ਦਾ ਕੰਮ ਹੋਇਆ ਹੈ। ਇਕ 13 ਫੁਟ ਚੌੜੀ ਪਰਕਰਮਾ ਹਰਿਮੰਦਰ ਸਾਹਿਬ ਦੇ ਦੁਆਲੇ ਹੈ। ਹਰਿਮੰਦਰ ਸਾਹਿਬ ਵਿਚ ਜਾਣ ਲਈ ਸੰਗਮਰਮਰ ਦਾ ਦਰਸ਼ਨੀ ਦਰਵਾਜ਼ਾ ਹੈ। ਇਹ ਦਰਸ਼ਨੀ ਦਰਵਾਜ਼ਾ 240 ਫੁਟ ਲੰਬਾ ਅਤੇ 22 ਫੁਟ ਚੌੜਾ ਹੈ। ਸਰੋਵਰ ਦੇ ਦੁਆਲੇ 60 ਫੁਟ ਚੌੜੀ ਪਰਿਕਰਮਾ ਹੈ।

ਹਰਿਮੰਦਰ ਸਾਹਿਬ ਦੇ ਚਾਰੋਂ ਪਾਸੇ ਬੁੰਗੇ ਹਨ ਜਿਥੇ ਸ਼ਾਨਦਾਰ ਦੀਵਾਰੀ ਚਿਤਰ ਹਨ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਕਾਂਗੜਾ ਅਤੇ ਪਹਾੜਾਂ ਤੋਂ ਆਏ ਚਿਤ੍ਰਕਾਰ ਸਨ। ਉਨ੍ਹਾਂ ਦੇ ਬਣਾਏ ਹੋਏ ਦੀਵਾਰੀ ਚਿਤਰ ਹਨ। ਇਕ ਚਿਤਰਕਾਰੀ ਦਾ ਨਵਾਂ ਸਕੂਲ ਮਹਾਰਾਜਾ ਰਣਜੀਤ ਸਿੰਘ ਵੇਲੇ ਵਿਕਾਸਿਤ ਹੋਇਆ। ਇਹ ਕਾਂਗੜਾਂ ਤੋਂ ਆਏ ਹੋਏ ਚਿਤਰਕਾਰਾਂ ਤੇ ਸਥਾਨਿਕ ਪਰਭਾਵ ਦਾ ਸਿਟਾ ਸੀ।

ਜੈਮਜ ਫਰਗੂਸਨ ਲਿਖਦਾ ਹੈ ਕਿ ਹਰਿਮੰਦਰ ਸਾਹਿਬ ਆਪਣੀ ਸ਼੍ਰੇਣੀ ਦੀ ਭਵਨ ਨਿਰਮਾਨ ਕਲਾ ਦੀ ਸ਼ਾਨਦਾਰ ਵੰਨਗੀ ਹੈ।[23] ਇਹ ਉਨੀਵੀਂ ਸਦੀ ਦੀ ਮੰਦਰ ਨਿਰਮਾਣ ਕਲਾ ਦਾ ਉਤਮ ਨਮੂਨਾ ਹੈ। ਪਰਸੀ ਬਰਾਉਨ ਦੀ ਰਾਇ ਹੈ ਕਿ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਤੁਲਨਾ ਰੰਗੂਨ ਦੇ ਸੁਵੀ ਡੈਗੋਨ ਪੈਗੋਡੇ ਨਾਲ ਕੀਤੀ ਜਾ ਸਕਦੀ ਹੈ, ਪਹਿਲਾ ਸਿਖਾਂ ਦੇ ਧਰਮ ਦਾ ਪਰਤੀਕ ਹੈ ਜਦੋਂ ਦੂਜਾ ਭਾਰਤੀ ਧਰਮ ਦਾ ਪਰਤੀਕ ਹੈ।[24]

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਗਰੰਥੀਆਂ ਦੀਆਂ ਜ਼ੁਮੇਵਾਰੀਆਂ ਵਧ ਗਈਆਂ ਹਨ। ਗੁਰੂ ਅਰਜਨ ਦੇਵ ਜੀ ਨੇ ਭਾਈ ਬੁਢੇ ਨੂੰ ਹਰਿਮੰਦਰ ਸਾਹਿਬ ਦਾ ਗਰੰਥੀ ਨਿਯੁਕਤ ਕੀਤਾ। ਹੈਨਰੀ ਲਾਰੰਸ ਨੇ ਲਹਿਣਾ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਮੈਨੇਜਰ ਨਿਯੁਕਤ ਕੀਤਾ ਸੀ। ਸੰਨ 1884 ਈ. ਵਿਚ ਰਾਜਾ ਕਲਿਆਨ ਸਿੰਘ ਦਰਬਾਰ ਸਾਹਿਬ ਦੇ ਨਿਗਰਾਨ ਸਨ। ਸੰਨ 1925 ਵਿਚ ਸਿਖ ਗੁਰਦਵਾਰਾ ਐਕਟ ਬਨਣ ਨਾਲ ਦਰਬਾਰ ਸਾਹਿਬ ਦਾ ਪਰਬੰਧ ਸ਼੍ਰੋਮਣੀ ਕਮੇਟੀ ਪਾਸ ਚਲਿਆ ਗਿਆ।

ਸੰਖੇਪ ਵਿਚ ਸਿਰੀ ਹਰਿਮੰਦਰ ਸਾਹਿਬ ਸਿਖਾਂ ਦਾ ਮਹਾਨ ਧਾਰਮਿਕ ਅਸਥਾਨ ਹੈ। ਇਹ ਨਾ ਕੇਵਲ ਇਕ ਪੂਜਾ ਦਾ ਸਥਲ ਹੈ ਬਲਕਿ ਸਿਖ ਸਮੁਦਾਇ ਦੇ ਇਕਠਾ ਹੋਣ ਦੀ ਥਾਂ ਹੈ। ਪਵਿਤਰ ਸਰੋਵਰ ਨਾਲ ਕਈ ਕਿਸੇ ਜੁੜੇ ਹੋਏ ਹਨ। ਇਸ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਬਹੁਤ ਕੁਰਬਾਨੀਆਂ ਦਿਤੀਆਂ ਗਈਆਂ। ਅਠਾਰਵੀਂ ਸਦੀ ਵਿਚ ਸਿਖਾਂ ਦੇ ਸੁਤੰਤਰਤਾ ਸੰਗਰਾਮ ਦਾ ਸੰਚਾਲਣ ਵੀ ਇਸ ਥਾਂ ਤੋਂ ਹੀ ਹੋਇਆ। ਉਨੀਵੀਂ ਅਤੇ ਵੀਹਵੀਂ ਸਦੀ ਦੀਆਂ ਸਾਰੀਆਂ ਮਹਤਵ ਪੂਰਣ ਸਿਖ ਲਹਿਰਾਂ ਇਥੋਂ ਹੀ ਚਲੀਆਂ। ਸਿਰੀ ਹਰਿਮੰਦਰ ਸਾਹਿਬ ਭਵਨ ਨਿਰਮਾਣ ਕਲਾ ਦਾ ਉਤਮ ਨਮੂਨਾ ਹੈ। ਇਸ ਦੇ ਵਿਚ ਨਿਕਾਸ਼ੀ, ਸਜਾਵਟ ਅਤੇ ਦੀਵਾਰੀ ਚਿਤਰ ਉਨੀਵੀਂ ਸਦੀ ਦੇ ਮਹਾਨ ਭਾਰਤੀ ਕਲਾਕਾਰਾਂ ਦੀ ਕਲਾ ਦਾ ਉਤਮ ਨਮੂਨਾ ਹਨ।

23. ਫਰਗੂਸਨ, ਹਿਸਟਰੀ ਆਫ ਇੰਡੀਅਨ ਐਂਡ ਈਸਟਰਨ ਆਰਕੀਟੈਕਚਰ, ਭਾਗ 2, ਪੰ. 163.
24. ਪੈਰਸੀ ਬਰਾਉਨ, ਇੰਡੀਅਨ ਆਰਕੀਟੈਕਚਰ (ਇਸਲਾਮਿਕ ਪੀਰੀਅਡ), ਪੰ. 124.

# ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੰਜਾਬ ਦੀ ਰਾਜਨੀਤਿਕ ਅਵਸਥਾ ਦੇ ਹਵਾਲੇ

*ਗੁਰਚਰਨ ਕੌਰ ਬਰਾੜ

ਸਾਰੰਸ਼ : ਇਸ ਲੇਖ ਵਿਚ ਲੇਖਕਾ ਨੇ ਭਾਈ ਗੁਰਦਾਸ ਦੇ ਰਾਜਨੀਤਕ ਵਿਚਾਰਾਂ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਇਹ ਵਿਸ਼ਾ ਬਹੁਤ ਦੀਰਘ ਅਧਿਅਨ ਦੀ ਮੰਗ ਕਰਦਾ ਹੈ। ਜਦੋਂ ਕਿ ਲੇਖ ਵਿਚ ਸੰਖੇਪ ਅਤੇ ਸਰਸਰੀ ਜਿਹੀ ਜਾਣਕਾਰੀ ਹੀ ਦਿਤੀ ਗਈ ਹੈ।

—ਸ. ਸ.

ਭਾਈ ਗੁਰਦਾਸ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪਰਾਪਤ ਹੈ। ਇਸ ਦੀ ਰਚਨਾ ਦਾ ਅਧਿਅਨ ਕਰਨ ਬਾਦ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਰਚਨਾ ਨਾ ਕੇਵਲ ਗੁਰਬਾਣੀ ਦੀ ਹੀ ਵਿਆਖਿਆ ਕਰਦੀ ਹੈ ਸਗੋਂ ਉਸ ਸਮੇਂ ਦੇ ਪੰਜਾਬ ਦੀ ਸਮਾਜਿਕ, ਧਾਰਮਿਕ, ਰਾਜਨੀਤਿਕ ਬਣਤਰ ਦੇ ਬਾਰੇ ਵੀ ਪਤਾ ਚਲਦਾ ਹੈ। ਭਾਵੇਂ ਭਾਈ ਗੁਰਦਾਸ ਦੀਆਂ ਵਾਰਾਂ ਦਾ ਮੁਖ ਵਿਸ਼ਾ ਅਧਿਆਤਮਕ ਹੈ ਪਰ ਫਿਰ ਵੀ ਕਿਤੇ ਕਿਤੇ ਉਸ ਸਮੇਂ ਦੀ ਰਾਜਨੀਤਿਕ ਬਣਤਰ ਦੇ ਵੀ ਗੂੜ੍ਹੀ ਝਲਕ ਪੈ ਜਾਂਦੀ ਹੈ ਜਿਨ੍ਹਾਂ ਨੂੰ ਇਤਿਹਾਸਕਾਰ ਅਖੋਂ ਓਹਲੇ ਨਹੀਂ ਕਰ ਸਕਦੇ। ਭਾਈ ਗੁਰਦਾਸ ਦੀ ਰਚਨਾ ਕੇਵਲ ਵਾਰਾਂ ਵਿਚ ਹੀ ਨਹੀਂ ਸਗੋਂ ਕਵਿਤ ਸਵਈਏ ਤੇ ਕੁਝ ਕੁ ਸੰਸਕਰਿਤ ਦੇ ਸਲੋਕ ਵੀ ਹਨ। ਪਰ ਕਵਿਤ ਤੇ ਸਵਈਏ ਨਾਲੋਂ ਵਾਰਾਂ ਇਤਿਹਾਸਕ ਦਰਿਸ਼ਟੀ ਤੋਂ ਜ਼ਿਆਦਾ ਮਹਤਵ-ਪੂਰਨ ਹਨ, ਕਿਉਂਕਿ ਇਹ ਆਪਣੇ ਅੰਦਰ ਉਸ ਸਮੇਂ ਦੇ ਸਮਾਜ, ਰਾਜ ਤੇ ਧਰਮ ਦੀ ਝਲਕ ਵੀ ਲਕੋਈ ਬੈਠੀਆਂ ਹਨ।

ਭਾਈ ਗੁਰਦਾਸ ਸਿਖ ਧਰਮ ਦੇ ਪੈਰੋਕਾਰ ਸਨ ਇਸ ਕਰਕੇ ਉਨ੍ਹਾਂ ਦਾ ਰਾਜਨੀਤਕ ਦਰਿਸ਼ਟੀ-ਕੋਣ ਵੀ ਸਿਖ ਗੁਰੂਆਂ, ਖਾਸ ਕਰ ਕੇ ਗੁਰੂ ਨਾਨਕ ਤੋਂ ਬਹੁਤ ਪਰਭਾਵਿਤ ਸੀ। ਆਮ ਸੂਫੀਆਂ, ਫਕੀਰਾਂ, ਭਗਤਾਂ ਦੀ ਰਚਨਾ ਲੈ ਲਓ, ਸਭ ਵਿਚ ਜ਼ਿਆਦਾ ਵਿਸ਼ਾ ਵਸਤੂ ਅਧਿਆਤਮਵਾਦ ਦਾ ਹੀ ਹੈ, ਉਸ ਸਮੇਂ ਦੇ ਰਾਜਿਆਂ ਦੇ ਰਾਜ ਪਰਬੰਧ ਬਾਰੇ ਟਿਪਣੀਆਂ ਬਹੁਤ ਘਟ ਹੀ ਮਿਲਣਗੀਆਂ, ਪਰਮਾਤਮਾ ਨਾਲ ਪਰੇਮ, ਨਾਮ ਸਿਮਰਨ, ਉਸਦੀ ਰਜਾ ਵਿਚ ਰਹਿਣਾ ਆਦਿ ਸਿਧਾਂਤ ਡਾਢੇ ਪਿਆਰ ਭਰੇ ਸ਼ਬਦਾਂ ਵਿਚ ਗੁੰਦੇ ਹੋਏ ਮਿਲਣਗੇ।[1] ਅਸਲ ਵਿਚ ਉਹ ਆਪਣੇ ਆਪ ਨੂੰ ਰਾਜਨੀਤਕ ਪਖ ਨਾਲੋਂ ਅਧਿਆਤਮਕ ਪਖ ਨਾਲ ਜ਼ਿਆਦਾ ਸਬੰਧਤ ਸਮਝਦੇ ਸਨ। ਪਰ ਸਿਖ ਗੁਰੂਆਂ ਨੇ ਅਧਿਆਤਮਕਤਾ ਦਾ ਵਰਨਣ ਕਰਦੇ ਸਮੇਂ ਰਾਜਨੀਤਕ ਦੁਖਾਂ ਤਕਲੀਫ਼ਾਂ ਤੋਂ ਮੂੰਹ ਨਹੀਂ ਫੇਰਿਆ। ਗੁਰੂ ਨਾਨਕ ਖਾਸ ਕਰਕੇ ਇਸ ਪਾਸੇ ਬਾਕੀਆਂ ਨਾਲੋਂ ਭਿੰਨ ਸਨ, ਉਨ੍ਹਾਂ ਨੇ ਜਿਥੇ ਜਨ ਸਧਾਰਨ ਦੇ ਅਧਿਆਤਮਕ ਦੁਖਾਂ ਨੂੰ ਆਪਣੀ ਬਾਣੀ ਰਾਹੀਂ ਪਰਗਟ ਕੀਤਾ ਉਥੇ ਉਨ੍ਹਾਂ ਦੀ ਰਾਜਨੀਤਕ ਅਵਸਥਾ ਨੂੰ ਵੀ ਕਿਸੇ ਨਾ ਕਿਸੇ ਰੂਪ ਵਿਚ ਸਪਸ਼ਟ ਕਰਨ ਦੀ ਰੁਚੀ ਵਿਖਾਈ ਹੈ।[2] ਇਸ ਤਰਾਂ ਭਾਈ

---

*ਐਮ. ਫਿਲ. ਵਿਦਿਆਰਥੀ, ਹਿਸਟਰੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।

1. ਜੋਧ ਸਿਘ, ਭਾਈ ਗੁਰਦਾਸ ਦੇ ਰਾਜਸੀ ਵਿਚਾਰ (ਪੰਜਾਬ, 1968), ਪੰਨਾ 119.
2. ਰਤਨ ਸਿੰਘ ਜੱਗੀ, ਭਾਈ ਗੁਰਦਾਸ ਦੀ ਜੀਵਨੀ ਤੇ ਰਚਨਾ (ਪਟਿਆਲਾ, 1984), ਪੰਨਾ 56.

ਗੁਰਦਾਸ ਦੀ ਰਚਨਾ ਵੀ ਸਿਖ ਗੁਰੂਆਂ ਵਾਂਗ ਹੀ ਰਾਜਸੀ ਵਿਚਾਰਾਂ ਤੋਂ ਬਿਲਕੁਲ ਕੋਰੀ ਨਹੀਂ ਹੈ। ਭਾਈ ਗੁਰਦਾਸ ਦੀ ਰਚਨਾ ਵਿਚ ਰਾਜਸੀ ਭਾਵਨਾ ਦਾ ਪਖ ਤਤ ਗੁਰਬਾਣੀ ਦੇ ਅਧਿਅਨ ਦੁਆਰਾ ਹੋਇਆ ਅਤੇ ਉਹਨਾਂ ਦੇ ਆਪਣੇ ਨਿਜੀ ਅਨੁਭਵ ਦੇ ਅਧਾਰ ਉਤੇ ਹੀ ਇਹ ਭਾਵਨਾ ਵਿਕਸਤ ਹੋਈ।[3]

ਗੁਰੂ ਨਾਨਕ ਨੇ ਰਾਜਨੀਤਕ ਤੌਰ ਤੇ ਜ਼ੁਲਮਾਂ ਵਿਰੁਧ ਅਵਾਜ਼ ਉਠਾਈ ਤੇ ਇਹ ਕਹਿਣ ਦਾ ਹੌਸਲਾ ਕੀਤਾ।

1. ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰਿ ਉਡਰਿਆ।[4]
2. ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨ ਬੈਠੇ ਸੁਤੇ।[5]

ਭਾਈ ਗੁਰਦਾਸ ਨੇ ਸਿਖੀ ਵਿਚ ਆਏ ਇਸ ਇਨਕਲਾਬ ਨੂੰ ਅਖਾਂ ਨਾਲ ਵੇਖਿਆ, ਪਹਿਲਾਂ ਉਹ ਗੁਰੂ ਨਾਨਕ ਦੀ ਬਾਣੀ ਤੋਂ ਪਰਭਾਵਿਤ ਹੋ ਕੇ ਰਾਜਨੀਤਕ ਢਾਂਚੇ ਦੀਆਂ ਬੁਰਿਆਈਆਂ ਨੂੰ ਉਘਾੜਦੇ ਰਹੇ ਸਨ, ਤੇ ਹੁਣ ਉਨਾਂ ਨੇ ਪੰਥ ਵਿਚ ਆਈ ਰਾਜਨੀਤਕ ਚੇਤੰਨਤਾ ਨੂੰ ਅਨੁਭਵ ਕੀਤਾ। ਇਸ ਤਰਾਂ ਉਨਾਂ ਨੇ ਸਿਖੀ ਵਿਚ ਆਈ ਰਾਜਨੀਤੀ ਦਾ ਸੰਗਮ ਹੁੰਦਾ ਵੇਖ ਕੇ ਇਸ ਨੂੰ ਬਿਆਨਿਆ।[6]

ਗੁਰੂ ਨਾਨਕ ਦੇ ਜਨਮ ਤੋਂ ਪਹਿਲਾਂ ਦੀ ਪੰਜਾਬ ਦੀ ਰਾਜਨੀਤਕ ਸਥਿਤੀ ਦਾ ਭਾਈ ਗੁਰਦਾਸ ਵਰਨਣ ਕਰਦੇ ਹਨ :

ਜੁਗ ਗਰਦੀ ਜਬ ਹੋਵਹੇ, ਉਲਟੇ ਜੁਗ ਕਿਆ ਹੋਇ ਵਰਤਾਰਾ ॥[7]
ਉਠੇ ਗਿਲਾਨ ਜਗਤ ਵਿਚ ਵਰਤੈ ਪਾਪ ਭ੍ਰਿਸਟਿ ਸੰਸਾਰਾ ॥

ਇਸੇ ਤਰ੍ਹਾਂ ਇਕ ਥਾਂ ਹੋਰ ਕਿਹਾ—

ਠਾਕਰ ਦਵਾਰੇ ਢਾਹਿ ਕੈ, ਤਿਹ ਠਾਉੜੀ ਮਾਸੀਤ ਉਸਾਰਾ ॥
ਮਾਰਨ ਗਊ ਗਰੀਬ ਨੂੰ, ਧਰਤੀ ਉਪਰ ਪਾਪ ਬਿਥਾਰਾ ॥
ਪਾਪ ਦਾ ਵਰਤਿਆ ਵਰਤਾਰਾ ॥[8]

ਕਿਸ ਤਰਾਂ ਰਾਜੇ ਧਾਰਮਿਕ ਕਟੜਤਾ ਵਿਚ ਆ ਕੇ ਭੋਲੀ ਭਾਲੀ ਜਨਤਾ ਤੇ ਜ਼ੁਲਮ ਢਾਹੁੰਦੇ ਸਨ, ਉਹ ਆਪਣੀ ਇਸ ਧਾਰਮਿਕ ਕਟੜਤਾ ਨੂੰ ਪੂਰਾ ਕਰਨ ਲਈ ਰਾਜਨੀਤਕ ਤੌਰ ਤੇ ਰਾਜਸੀ ਤਾਕਤ ਵਰਤਦੇ ਸਨ, ਜਿਵੇਂ ਹਿੰਦੂਆਂ ਦੇ ਮੰਦਰ ਢਾਹੁਣੇ, ਉਨਾਂ ਨੂੰ ਧਾਰਮਿਕ ਤੀਰਥਾਂ ਦੀ ਯਾਤਰਾ ਕਰਨ ਲਈ ਇਕ ਟੈਕਸ ਦੇਣਾ ਪੈਂਦਾ ਸੀ, ਮੰਦਰ ਦੀ ਥਾਂ ਤੇ ਮਸੀਤਾਂ ਬਣਾਉਣੀਆਂ ਗਊ ਹਤਿਆ, ਜੋ ਹਿੰਦੂਆਂ ਦੇ ਧਰਮ ਤੇ ਸਿਧਾ ਹਮਲਾ ਸੀ। ਹਿੰਦੂ ਧਰਮ ਤੇ ਜ਼ੁਲਮਾਂ ਤੋਂ ਇਲਾਵਾ ਬਾਕੀ ਧਰਮਾਂ ਤੇ ਵੀ ਮੁਸਲਮਾਨਾਂ ਦੁਆਰਾ ਜ਼ੁਲਮ ਕੀਤੇ ਜਾਂਦੇ ਸਨ। ਧਰਮ ਦਾ ਸਵਾਲ ਲੈ ਕੇ ਰਾਜਨੀਤਕ ਆਗੂ ਲੋਕਾਂ ਨੂੰ ਭਰਮਾ ਰਹੇ ਸੀ। ਇਸ ਤਰਾਂ ਦੇ ਸਮਾਜ ਵਿਚ ਲੋਕਾਂ ਨੂੰ ਰਾਜਾ ਹੀ ਅੰਤਮ ਰਾਜਨੀਤਕ ਸ਼ਕਤੀ ਲਗਦਾ ਸੀ, ਰਾਜੇ ਨੂੰ ਰਬ ਵਲੋਂ ਉਹਨਾਂ ਉਪਰ ਰਾਜ ਕਰਨ ਲਈ ਭੇਜਿਆ ਹੋਇਆ ਦੂਤ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਨੇ ਨਿਰਾ ਜੋਰ ਜ਼ੁਲਮ ਵਿਰੁਧ ਹੀ ਅਵਾਜ ਨਹੀਂ ਉਠਾਈ

---

3. ਹਰਨੇਕ ਸਿੰਘ ਕੋਮਲ, ਭਾਈ ਗੁਰਦਾਸ : ਜੀਵਨ, ਚਿੰਤਨ ਤੇ ਕਲਾ (ਲੁਧਿਆਣਾ, 1986), ਪੰਨਾ 56.
4. ਵਾਰ ਮਾਝ ਕੀ ਤਥਾ ਸਲੋਕ ਮਹਲਾ 1, ਗੁਰੂ ਗ੍ਰੰਥ ਸਾਹਿਬ, ਪੰਨਾ 145.
5. ਵਾਰ ਮਲਾਰ ਕੀ, ਮਹਲਾ ਪਹਿਲਾ, ਗੁਰੂ ਗਰੰਥ ਸਾਹਿਬ, ਪੰਨਾ 1288.
6. ਰਾਜਿੰਦਰ ਕੌਰ, ਭਾਈ ਗੁਰਦਾਸ ਦੀਆਂ ਵਾਰਾਂ ਦਾ ਸਾਹਿਤਕ ਅਧਿਐਨ (ਜਲੰਧਰ, 1971), ਪੰਨਾ 94
7. ਭਾਈ ਗੁਰਦਾਸ ਦੀ ਵਾਰ ਪਹਿਲੀ, ਪਾਉੜੀ 17
8. ਭਾਈ ਗੁਰਦਾਸ ਦੀ ਵਾਰ ਪਹਿਲੀ, ਪਉੜੀ 20

ਸਗੋਂ-ਕੁਝ ਅਗਾਂਹ ਵੀ ਵਧੇ । ਰਾਜ ਦੇ ਅਧਿਕਾਰ ਤੋਂ ਉਪਰ ਕਿਸੇ ਹੋਰ ਦੇ ਅਧਿਕਾਰ ਨੂੰ ਵਧੀਕ ਉਚਾ ਮੰਨਣਾ ਰਾਜ ਧਰੋਹ ਫੈਲਾਉਣ ਦਾ ਭਾਗੀ ਹੋਣਾ ਹੈ ।[9] ਪਰ ਭਾਈ ਗੁਰਦਾਸ ਨੇ ਕਿਹਾ ਕਿ ਦੁਨਿਆਵੀ ਰਾਜੇ ਝੂਠੇ ਹਨ । ਸਤਿਗੁਰ ਹੀ ਸਚਾ ਪਾਤਸ਼ਾਹ ਹੈ ।

"ਸਤਿਗੁਰ ਸਚਾ ਪਾਤਸ਼ਾਹ, ਕੂੜੇ ਬਾਦਸ਼ਾਹ ਦੁਨੀਆਵੇ"

ਭਾਈ ਗੁਰਦਾਸ ਦਾ ਅਜਿਹਾ ਉਪਦੇਸ਼ ਸਮਕਾਲੀਨ ਜ਼ਾਲਮ ਰਾਜਨੀਤਕ ਢਾਂਚੇ ਵਿਰੁਧ ਸਿਧੀ ਅਵਾਜ਼ ਸੀ । ਆਪ ਦੇ ਰਾਜਸੀ ਵਿਚਾਰਾਂ ਦੇ ਪਰਚਾਰ ਦਾ ਸਦਕਾ ਹੀ, ਲੋਕਾਂ ਦਾ ਉਹ ਪੁਰਾਣਾ ਖਿਆਲ ਜੋ ਹਰ ਧਰਮ ਹੀ ਮੰਨਦਾ ਸੀ ਕਿ ਰਾਜੇ ਦਾ ਹੁਕਮ ਮੰਨਣਾ ਉਸ ਦੀ ਸੇਵਾ ਵਿਚ ਲੜ ਮਰਨਾ ਹੀ ਲੋਕਾਂ ਦਾ ਧਰਮ ਹੈ ।[10]

ਹੁਣ ਇਸ ਵਿਚਾਰ ਵਿਚ ਪਰੀਵਰਤਨ ਆ ਗਿਆ । ਭਾਈ ਗੁਰਦਾਸ ਦੀਆਂ ਵਾਰਾਂ ਦਾ ਅਧਿਅਨ ਕਰਨ ਤੋਂ ਬਾਦ ਪਤਾ ਚਲਦਾ ਹੈ ਕਿ ਉਸ ਸਮੇਂ ਸਿਖ ਧਰਮ ਵਿਚ ਰਾਜਨੀਤਕ ਚੇਤੰਨਤਾ ਪੂਰੀ ਤਰਾਂ ਪਰਫੁਲਤ ਤਾਂ ਨਹੀਂ ਹੋਈ ਸੀ, ਪਰ ਪਰਫੁਲਤ ਹੋਣ ਲਈ ਥਾਂ ਜਰੂਰ ਬਣਾ ਰਹੀ ਸੀ, ਰਾਜਸੀ ਵਿਚਾਰਾਂ ਦਾ ਉਹ ਬੀਜ ਜੋ ਗੁਰੂ ਨਾਨਕ ਨੇ ਬੀਜਿਆ ਸੀ, ਜਹਾਂਗੀਰ ਦੀ ਕਟੜਤਾ ਦੀ ਨੀਤੀ ਸਦਕਾ ਜੋ ਵਧਣ ਦੇ ਯਤਨ ਕਰਨ ਲਗਾ, ਗੁਰੂ ਹਰਗੋਬਿੰਦ ਦੇ ਸਮੇਂ ਪਰਫੁਲਤ ਹੋਣ ਲਗਾ, ਜੋ ਆਪਣੇ ਅਜੇ ਅੰਤਮ ਰੂਪ ਵਿਚ ਪਹੁੰਚਣ ਲਈ ਯਤਨ ਕਰਨ ਲਗਾ ਹੋਇਆ ਸੀ । ਪਰ ਇਹ ਰੂਪ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਸਾਜਨਾ ਕਰਨ ਉਪਰੰਤ ਹੀ ਆਪਣੇ ਅਸਲੀ ਰੂਪ ਵਿਚ ਆਇਆ, ਜਦੋਂ ਖਾਲਸੇ ਨੇ ਰਾਜਨੀਤਕ ਜਾਬਰ ਤੇ ਜ਼ੁਲਮ ਵਿਰੁਧ ਤੇਗਾਂ ਮਾਰੀਆਂ ਤਾਂ ਇਹ ਰਾਜਨੀਤਕ ਚੇਤੰਨਤਾ ਦਾ ਬੀਜ ਪੂਰਨ ਰੂਪ ਧਾਰ ਸਕਿਆ ।

ਭਾਈ ਗੁਰਦਾਸ ਵੀ ਇਸੇ ਮਤ ਦੇ ਅਨੁਯਾਈ ਹੋਣ ਕਰਕੇ ਉਨਾਂ ਦੀ ਰਚਨਾ ਦਾ ਖੇਤਰ ਵੀ ਅਧਿਆਤਮਕ ਹੁੰਦਾ ਹੋਇਆ ਰਾਜਨੀਤਕ ਚੇਤੰਨਤਾ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ । ਇਸ ਦਾ ਭਾਵ ਕਿਸੇ ਰਾਜਨੀਤਕ ਵਿਵਸਥਾ ਦੀ ਸਥਾਪਨਾ ਨਹੀਂ ਹੈ ।[11]

ਸੋ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਅਸੀਂ ਕਹਿ ਸਕਦੇ ਹਾਂ ਉਸ ਸਮੇਂ ਜਿੰਨਾ ਕੁ ਰਾਜਨੀ-ਤਕ ਦਰਿਸ਼ਟੀਕੋਣ ਸਿਖ ਧਰਮ ਵਿਚ ਮੌਜੂਦ ਸੀ, ਉਸ ਦੀ ਜਾਣਕਾਰੀ ਲਈ ਭਾਈ ਗੁਰਦਾਸ ਦੀਆਂ ਵਾਰਾਂ ਇਕ ਮਹਤਵਪੂਰਨ ਸਰੋਤ ਹਨ ।

---

9. ਜੋਧ ਸਿੰਘ, ਭਾਈ ਗੁਰਦਾਸ ਜੀ ਦੇ ਰਾਜਸੀ ਵਿਚਾਰ, ਭਾਈ ਗੁਰਦਾਸ, (ਪੰਜਾਬ; 1968) ਪੰਨਾਂ 122.
10. ਉਕਤ, ਪੰਨਾ 122.
11. ਉਕਤ, ਪੰਨਾ 122.
12. ਰਤਨ ਸਿੰਘ ਜੱਗੀ, ਭਾਈ ਗੁਰਦਾਸ ਜੀਵਨੀ ਤੇ ਰਚਨਾ (ਪਟਿਆਲਾ; 1984); ਪੰਨਾ 58.

# ਗੁਰੂ ਹਰਿ ਗੋਬਿੰਦ ਸਾਹਿਬ ਦੀ ਗਰਿਫ਼ਤਾਰੀ ਤੇ ਰਿਹਾਈ

ਨਰਿੰਜਨ ਸਿੰਘ ਸਾਥੀ*

ਸਾਰੰਸ਼ : ਇਸ ਲੇਖ ਵਿਚ ਲੇਖਕ ਨੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਗਰਿਫ਼ਤਾਰੀ ਬਾਰੇ ਸਰਬ ਪਖੀ ਅਧਿਅਨ ਕਰ ਕੇ, ਪਹਿਲੀਆਂ ਸਭ ਪਰਚਲਤ ਮਿਤੀਆਂ ਨੂੰ ਰਦ ਕਰ ਕੇ ਇਕ ਨਵਾਂ ਵਿਚਾਰ ਦੇਣ ਦੀ ਕੋਸ਼ਿਸ਼ ਕੀਤੀ ਹੈ।

—ਸ. ਸ.

ਸਾਰੇ ਇਤਿਹਾਸਕਾਰ ਇਸ ਗਲ 'ਤੇ ਸਹਿਮਤ ਹਨ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਜੇਠ ਸੁਦੀ ਚੌਥ, ਸੰਮਤ 1663 ਬਿ. (30 ਮਈ, 1606 ਈ.) ਨੂੰ ਹੋਈ ਸੀ। ਪਰ ਗੁਰੂ ਹਰਿ ਗੋਬਿੰਦ ਸਾਹਿਬ ਦੀ ਗਰਿਫਤਾਰੀ ਕਦੋਂ ਹੋਈ ? ਜਹਾਂਗੀਰ ਨੇ ਉਨਾਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਕਦੋਂ ਰਿਹਾ ਕੀਤਾ ? ਇਸ ਬਾਰੇ ਜਿੰਨੇ ਇਤਿਹਾਸਕਾਰ, ਉਨੇ ਹੀ ਵਿਚਾਰ ਹਨ। ਸਿਖ ਇਤਿਹਾਸ ਦਾ ਇਹ ਇਕ ਬਹੁਤ ਹੀ ਪੇਚੀਦਾ ਤੇ ਵਾਦ-ਵਿਵਾਦੀ ਵਿਸ਼ਾ ਹੈ। ਹਰ ਇਤਿਹਾਸਕਾਰ ਨੇ ਦੂਸਰੇ ਇਤਿਹਾਸਕਾਰਾਂ ਦੇ ਵਿਚਾਰਾਂ ਦਾ ਮੰਥਨ ਕਰ ਕੇ ਆਪਣਾ ਵਖਰਾ ਮਤ ਪੇਸ਼ ਕੀਤਾ ਹੈ। ਸਹੀ ਤੇ ਅਸਲ ਦਾ ਨਿਰਣਾ ਕਰਨਾ ਬਹੁਤ ਕਠਿਨ ਹੈ। ਫੇਰ ਵੀ ਇਸ ਲੇਖ ਵਿਚ ਯਥਾਰਥ ਦੇ ਨਜ਼ਦੀਕ ਪਹੁੰਚਣ ਦਾ ਯਤਨ ਕੀਤਾ ਜਾਏਗਾ।

ਜਹਾਂਗੀਰ ਨੇ ਆਪਣੀ ਸਵੈ-ਜੀਵਨੀ 'ਤੁਜ਼ਕਿ ਜਹਾਂਗੀਰੀ' ਵਿਚ ਗੁਰੂ ਅਰਜਨ ਦੇਵ ਜੀ ਬਾਰੇ ਦੋ ਪੈਰੇ ਲਿਖੇ ਹਨ। ਦੂਜੇ ਪੈਰੇ ਦੇ ਅੰਤ ਵਿਚ ਉਹ ਲਿਖਦਾ ਹੈ, "ਮੈਂ ਹੁਕਮ ਦਿਤਾ ਕਿ ਉਸ ਨੂੰ (ਗੁਰੂ ਅਰਜਨ ਜੀ ਨੂੰ) ਮੇਰੇ ਸਾਹਮਣੇ ਪੇਸ਼ ਕੀਤਾ ਜਾਏ। ਮੈਂ ਉਸ ਦੇ ਮਕਾਨ, ਘਰ-ਘਾਟ ਤੇ ਬਚੇ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿਤੇ ਅਤੇ ਉਸ ਦੀ ਜਾਇਦਾਦ ਜ਼ਬਤ ਕਰ ਕੇ ਉਸ ਨੂੰ ਮਾਰ ਦੇਣ ਦਾ ਹੁਕਮ ਦਿਤਾ।"

'ਤੁਜ਼ਕਿ ਜਹਾਂਗੀਰੀ' ਦਾ ਇਹ ਹਵਾਲਾ ਮੈਂ ਜਿੰਨੀ ਵਾਰ ਵੀ ਪੜਿਆ ਮੇਰੇ ਮਨ ਵਿਚ ਸਵਾਲ ਪੈਦਾ ਹੋਇਆ ਕਿ ਕੀ ਸਚ-ਮੁਚ ਹੀ ਗੁਰੂ ਅਰਜਨ ਦੇਵ ਜੀ ਦੇ ਬਚਿਆਂ ਨੂੰ (ਜੋ ਅਸਲ ਵਿਚ ਇਕੋ ਇਕ ਗੁਰੂ ਹਰਿ ਗੋਬਿੰਦ ਸਨ) ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿਤਾ ਗਿਆ ਸੀ ? ਜੇਕਰ ਕਰ ਦਿਤਾ ਗਿਆ ਸੀ, ਤਾਂ ਸਿਖ ਇਤਿਹਾਸ ਵਿਚ ਇਸ ਦਾ ਜ਼ਿਕਰ ਕਿਉਂ ਨਹੀਂ ਆਉਂਦਾ ? ਸਿਖ ਇਤਿਹਾਸਕਾਰ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਇਕ ਦਮ ਬਾਅਦ ਗੁਰੂ ਹਰਿ ਗੋਬਿੰਦ ਜੀ ਵਲੋਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਣ, ਅਕਾਲ ਤਖ਼ਤ ਰਚਣ ਅਤੇ ਹਥਿਆਰ ਤੇ ਘੋੜੇ ਭੇਟ ਕਰਨ ਸਬੰਧੀ ਹੁਕਮਨਾਮੇ ਜਾਰੀ ਕਰਨ ਦਾ ਸ਼ਕਤੀਸ਼ਾਲੀ ਵਰਨਣ ਸ਼ੁਰੂ ਕਰ ਦਿੰਦੇ ਹਨ। ਗੁਰੂ ਜੀ ਦੀਆਂ ਇਹ ਜੰਗੀ ਸਰਗਰਮੀਆਂ ਤਕਰੀਬਨ ਤਿੰਨ ਚਾਰ ਸਾਲ ਜਾਰੀ ਰਹਿੰਦੀਆਂ ਹਨ। ਪਰ ਕੀ ਬਾਦਸ਼ਾਹ ਜਹਾਂਗੀਰ, ਜੋ ਉਸ ਸਮੇਂ ਲਾਹੌਰ ਵਿਚ ਹੀ ਅਟਕਿਆ ਹੋਇਆ ਸੀ, ਲਾਹੌਰ ਦੇ ਐਨ ਗੁਆਂਢ ਅੰਮਰਿਤਸਰ ਵਿਚ ਗੁਰੂ ਹਰਿ ਗੋਬਿੰਦ ਜੀ ਨੂੰ ਐਸੀਆਂ ਸਰਗਰਮੀਆਂ ਦੀ

*44, ਗੁਰੂ ਨਗਰ, ਮਾਡਲ ਟਾਊਨ, ਜਲੰਧਰ

1 ਤੁਜ਼ਕਿ ਜਹਾਂਗੀਰੀ (ਅੰਗਰੇਜ਼ੀ ਅਨੁਵਾਦ) ਰੌਜਰਜ਼ ਐਂਡ ਬੀਵਰਿਜ਼ (ਮੁਨਸ਼ੀ ਰਾਮ ਮਨੋਹਰ ਲਾਲ, ਨਵੀਂ ਦਿੱਲੀ, 1978), ਪੰਨੇ 72-73.

ਆਗਿਆ ਦੇ ਸਕਦਾ ਸੀ ? ਜਦ ਕਿ ਉਹ ਆਪਣੇ ਬਾਗੀ ਪੁਤਰ ਖੁਸਰੋ ਦੇ ਸਾਥੀਆਂ ਨੂੰ ਅਤਿ ਭਿਆਨਕ ਸਜ਼ਾਵਾਂ ਦੇ ਕੇ ਮੌਤ ਦੇ ਘਾਟ ਉਤਾਰ ਰਿਹਾ ਸੀ ?

6 ਅਪਰੈਲ, 1606 ਈ. ਦੀ ਰਾਤ ਨੂੰ ਖੁਸਰੋ ਬਗਾਵਤ ਕਰ ਕੇ ਆਗਰੇ ਤੋਂ ਪੰਜਾਬ ਵਲ ਦੌੜ ਪਿਆ । ਉਹ ਲਾਹੌਰ ਵਿਚੋਂ ਦੀ ਦਰਿਆ ਚਨਾਬ ਦੇ ਕਿਨਾਰੇ ਜਾ ਪਹੁੰਚਾ । ਮੁਰਤਜ਼ਾ ਖਾਨ ਦੀ ਅਗਵਾਈ ਵਿਚ ਸ਼ਾਹੀ ਫੌਜ ਦੇ ਹਰਾਵਲ ਦਸਤੇ ਨੇ ਖੁਸਰੋ ਨੂੰ ਚਨਾਬ ਦੇ ਕਿਨਾਰੇ ਜਾ ਕੇ ਗਰਿਫ਼ਤਾਰ ਕਰ ਲਿਆ, ਅਤੇ ਇਕ ਮਈ, 1606 ਈ. ਨੂੰ, ਲਾਹੌਰ ਵਿਚ ਮੁਕੀਮ, ਬਾਦਸ਼ਾਹ ਜਹਾਂਗੀਰ ਦੇ ਸਾਹਮਣੇ ਲਿਆ ਪੇਸ਼ ਕੀਤਾ । ਖੁਸਰੋ ਨੂੰ ਕੜੀਆਂ-ਜ਼ੰਜੀਰਾਂ ਵਿਚ ਜਕੜ ਕੇ ਕੈਦਖਾਨੇ ਵਿਚ ਸੁਟ ਦਿਤਾ ਗਿਆ । ਉਸ ਦੇ ਜਰਨੈਲਾਂ ਨੂੰ ਮਾਰ ਦਿਤਾ ਗਿਆ । ਇਸ ਪਿਛੋਂ ਜਹਾਂਗੀਰ ਨੇ ਕਾਮਰਾਨ ਦੇ ਬਾਗ ਤੋਂ ਲੈ ਕੇ ਲਾਹੌਰ ਸ਼ਹਿਰ ਤਕ, ਅਠ ਮੀਲ ਲੰਮੀ ਸੜਕ ਦੇ ਦੋਹੀਂ ਪਾਸੀਂ ਸੂਲੀਆਂ ਗਡਵਾ ਕੇ ਖੁਸਰੋ ਦੇ ਸੈਂਕੜੇ ਸਾਥੀਆਂ ਨੂੰ ਉਨਾਂ ਉਪਰ ਪੁਠੇ ਲਟਕਾ ਦਿਤਾ ਜਦੋਂ ਉਹ ਦੁਖ ਤੇ ਪੀੜ ਨਾਲ ਤੜਫ ਰਹੇ ਸਨ, ਤਾਂ ਖੁਸਰੋ ਨੂੰ ਉਨਾਂ ਦੇ ਵਿਚੋਂ ਦੀ ਲੰਘਾਇਆ ਗਿਆ । ਖੁਸਰੋ ਆਪਣੇ ਸਾਥੀਆਂ ਦੀ ਇਸ ਭਿਆਨਕ ਹੋਣੀ ਨੂੰ ਸਾਰੀ ਉਮਰ ਨਹੀਂ ਭੁਲ ਸਕਿਆ । ਇਹ ਦਿਲ ਦਹਿਲਾ ਦੇਣ ਵਾਲੀ ਕਾਰਵਾਈ ਮਈ, 1606 ਈ. ਦੇ ਪਹਿਲੇ ਹਫ਼ਤੇ ਵਿਚ ਕੀਤੀ ਗਈ । ਫੇਰ ਮਈ ਦੇ ਅਖੀਰਲੇ ਹਫ਼ਤੇ ਵਿਚ ਗੁਰੂ ਅਰਜਨ ਦੇਵ ਜੀ ਨੂੰ ਵੀ ਸ਼ਹੀਦ ਕਰ ਦਿਤਾ ਗਿਆ । ਮਾਰਚ, 1607 ਈ. ਵਿਚ ਜਹਾਂਗੀਰ ਕਾਬਲ ਨੂੰ ਚਲਾ ਗਿਆ । ਕਾਬਲ ਤੋਂ ਵਾਪਸ, ਪੰਜਾਬ ਤੇ ਦਿਲੀ ਵਿਚੀਂ ਹੁੰਦਾ ਹੋਇਆ ਬਾਦਸ਼ਾਹ 21 ਮਾਰਚ, 1608 ਈ. ਨੂੰ ਆਗਰੇ ਪਹੁੰਚ ਗਿਆ । ਇੰਜ ਤਕਰੀਬਨ ਦੋ ਸਾਲ ਜਹਾਂਗੀਰ ਲਾਹੌਰ ਤੇ ਪੰਜਾਬ ਵਿਚ ਹਾਜ਼ਰ ਰਿਹਾ ।

## ਗਰਿਫ਼ਤਾਰੀ ਦੇ ਕਾਰਨ

ਸਿਖ ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਦੀ ਗਰਿਫ਼ਤਾਰੀ ਦਾ ਕਾਰਨ ਉਨਾਂ ਦੀਆਂ ਸੈਨਿਕ ਸਰਗਰਮੀਆਂ ਸਨ । ਮੁਹਸਿਨ ਫ਼ਾਨੀ 'ਦਬਿਸਤਾਨਿ ਮਜ਼ਾਹਬ' ਵਿਚ ਜਹਾਂਗੀਰ ਵਲੋਂ ਗੁਰੂ ਅਰਜਨ ਜੀ ਉਤੇ ਕੀਤੇ ਜੁਰਮਾਨੇ ਦੀ ਗਲ ਕਰਦਾ ਹੈ, ਕਿਉਂਕਿ ਗੁਰੂ ਅਰਜਨ ਜੀ ਨੇ ਇਹ ਜੁਰਮਾਨਾ ਅਦਾ ਨਹੀਂ ਸੀ ਕੀਤਾ, ਇਸ ਲਈ ਉਨਾਂ ਦੇ ਸਪੁਤਰ ਹਰਿ ਗੋਬਿੰਦ ਜੀ ਨੂੰ ਗਰਿਫ਼ਤਾਰ ਕਰ ਲਿਆ ਗਿਆ । ਕੁਝ ਸਿਖ ਗਰੰਥਕਾਰ, ਗੁਰੂ ਜੀ ਵਿਰੁਧ ਚੰਦੂ ਤੇ ਪਿਰਥੀ ਚੰਦ ਦੀਆਂ ਚੁਗਲੀਆਂ ਨੂੰ ਗਰਿਫ਼ਤਾਰੀ ਦਾ ਕਾਰਨ ਦਸਦੇ ਹਨ । ਅਜੋਕੇ ਇਤਿਹਾਸਕਾਰ ਜੁਰਮਾਨੇ ਵਾਲੀ ਗਲ ਨੂੰ ਰਦ ਕਰ ਦਿੰਦੇ ਹਨ, ਕਿਉਂਕਿ ਜਹਾਂਗੀਰ ਨੇ 'ਤੁਜ਼ਕਿ ਜਹਾਂਗੀਰੀ' ਵਿਚ ਹੋਰ ਸਜ਼ਾਵਾਂ ਦੇ ਨਾਲ ਇਸ ਦਾ ਜ਼ਿਕਰ ਨਹੀਂ ਕੀਤਾ । ਚੁਗਲੀਆਂ ਅਤੇ ਆਪਣੇ ਅਹਿਲਕਾਰਾਂ ਦੀਆਂ ਰਿਪੋਰਟਾਂ ਦਾ ਜਹਾਂਗੀਰ ਉਤੇ ਜਰੂਰ ਅਸਰ ਸੀ, ਫੌਜੀ ਸੰਗਠਨ ਵਾਲਾ ਕਾਰਨ ਵੀ ਕੁਝ ਸ਼ਕੀ ਹੈ, ਕਿਉਂਕਿ ਅਗੇ ਚਲ ਕੇ ਅਸੀਂ ਦੇਖਾਂਗੇ ਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਯਕ-ਦਮ ਬਾਅਦ ਗੁਰੂ ਹਰਿ ਗੋਬਿੰਦ ਜੀ ਨੂੰ ਇਸ ਸੰਗਠਨ ਲਈ ਸਮਾਂ ਹੀ ਨਹੀਂ ਸੀ ਮਿਲਿਆ ।

ਅਸਲ ਵਿਚ ਗਰਿਫ਼ਤਾਰੀ ਦਾ ਕਾਰਨ 'ਤੁਜ਼ਕਿ ਜਹਾਂਗੀਰੀ' ਵਾਲਾ ਹੀ ਹੈ, ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਬਾਗੀ ਖੁਸਰੋ ਦਾ ਸਹਾਇਕ ਸਮਝਦਾ ਸੀ, ਇਸ ਲਈ ਉਸ ਨੇ ਗੁਰੂ ਜੀ ਦਾ ਘਰ-ਘਾਟ ਜ਼ਬਤ ਕਰ ਕੇ, ਉਨਾਂ ਨੂੰ ਸ਼ਹੀਦ ਕਰਨ ਦਾ ਹੁਕਮ ਦਿਤਾ, ਤੇ ਨਾਲ ਹੀ ਇਹ ਹੁਕਮ ਵੀ ਦਿਤਾ ਕਿ ਉਨਾਂ ਦੇ ਬਚਿਆਂ ਨੂੰ ਵੀ ਗਰਿਫ਼ਤਾਰ ਕਰ ਲਿਆ ਜਾਵੇ । ਇਹ ਕਿਵੇਂ ਹੋ ਸਕਦਾ ਸੀ । ਕਿ ਬਾਦਸ਼ਾਹ ਦੇ ਦੋ ਹੁਕਮਾਂ ਉਤੇ ਤਾਂ ਅਮਲ ਹੋ ਜਾਏ, ਪਰ ਤੀਜੇ ਹੁਕਮ (ਬਚਿਆਂ ਦੀ ਗਰਿਫ਼ਤਾਰੀ) ਦੀ ਤਾਮੀਲ ਨਾ ਕੀਤੀ ਜਾਵੇ ? ਸੋ ਗੁਰੂ ਹਰਿ ਗੋਬਿੰਦ ਜੀ ਦੀ ਗਰਿਫ਼ਤਾਰੀ ਉਪਰੋਕਤ ਹੁਕਮ ਦੇ ਅਧੀਨ ਹੀ ਕੀਤੀ ਗਈ ਸੀ ।

### ਗਰਿਫ਼ਤਾਰੀ ਕਦੋਂ ਹੋਈ ?

ਹੁਣ ਦੇਖਣਾ ਇਹ ਹੈ ਕਿ ਇਹ ਗਰਿਫ਼ਤਾਰੀ ਹੋਈ ਕਦੋਂ ? ਦੂਜੇ ਹੁਕਮਾਂ ਦੀ ਤਾਮੀਲ ਦੇ ਨਾਲ ਉਸੇ ਵੇਲੇ ਹੀ, ਜਾਂ ਚਾਰ ਸਾਲ, ਛੇ ਸਾਲ ਜਾਂ ਦਸ ਸਾਲ ਬਾਅਦ, ਜਿਵੇਂ ਕਿ ਸਾਡੇ ਬਹੁਤੇ ਲਿਖਾਰੀ ਦਸਦੇ ਹਨ ?

ਕੁਝ ਪੁਰਾਤਨ ਗਰੰਥਾਂ ਦੇ ਲਿਖਾਰੀ ਗੁਰੂ ਜੀ ਦੀ ਗਰਿਫ਼ਤਾਰੀ ਦੀ ਕੋਈ ਤਾਰੀਖ ਨਹੀਂ ਦਸਦੇ, ਕਰਤਾ ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਭਾ. ਸੰਤੋਖ ਸਿੰਘ ਅਤੇ ਵੀਰ ਸਿੰਘ ਬਲ ਇਸ ਵਰਗ ਵਿਚ ਆਉਂਦੇ ਹਨ । 'ਬੰਸਾਵਲੀ ਨਾਮਾ' ਦਾ ਕਰਤਾ ਭਾ. ਕੇਸਰ ਸਿੰਘ ਛਿਬਰ ਗਰਿਫ਼ਤਾਰੀ ਦਾ ਸਾਲ ਦਸਦਾ ਹੈ, 1667 ਬਿ. (1610 ਈ.) ਨਵੀਨ ਇਤਿਹਾਸਕਾਰਾਂ ਵਿਚੋਂ ਤੇਜਾ ਸਿੰਘ ਤੇ ਗੰਡਾ ਸਿੰਘ, ਆਪਣੀ ਪੁਸਤਕ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਸ' ਵਿਚ ਗਰਿਫ਼ਤਾਰੀ ਦਾ ਸਾਲ 1612 ਈ. ਦਿੰਦੇ ਹਨ । ਇਸ ਸਬੰਧ ਵਿਚ ਸਭ ਤੋਂ ਵਧ ਹਵਾਲਾਯੋਗ ਪੁਸਤਕ ਮੁਹਸਿਨ ਫ਼ਾਨੀ ਦੀ 'ਦਬਿਸਤਾਨਿ ਮਜ਼ਾਹਬ' ਹੈ, ਪਰ ਉਸ ਵਲੋਂ ਦਿਤਾ ਗਿਆ ਗਰਿਫ਼ਤਾਰੀ ਦਾ ਸਾਲ 1616 ਈ. ਕਿਸੇ ਵੀ ਹੋਰ ਲੇਖਕ ਨੂੰ ਪਰਵਾਨ ਨਹੀਂ ਹੈ, ਗਿ. ਗਿਆਨ ਸਿੰਘ, ਪਹਿਲਾ ਸਿਖ ਇਤਿਹਾਸਕਾਰ ਹੈ ਜਿਸ ਨੇ ਗਰਿਫ਼ਤਾਰੀ ਦੀ ਨਿਸਚਤ ਤਾਰੀਖ ਲਿਖੀ ਹੈ, ਉਸ ਅਨੁਸਾਰ ਗੁਰੂ ਜੀ ਨੂੰ 11 ਵਿਸਾਖ, 1674 ਬਿ. (1617 ਈ.) ਨੂੰ ਗਰਿਫ਼ਤਾਰ ਕੀਤਾ ਗਿਆ । ਪਰ ਗਿਆਨੀ ਜੀ ਨੇ ਇਸ ਸੂਚਨਾ ਦੇ ਸਰੋਤ ਬਾਰੇ ਕੋਈ ਹਵਾਲਾ ਨਹੀਂ ਦਿਤਾ । ਸਾਹਿਬ ਸਿੰਘ ਅਨੁਸਾਰ ਗੁਰੂ ਜੀ ਨੂੰ ਤਕਰੀਬਨ ਅਪਰੈਲ, 1621 ਈ. ਵਿਚ ਗਰਿਫ਼ਤਾਰ ਕੀਤਾ ਗਿਆ । ਉਪਰੋਕਤ ਲਿਖਾਰੀਆਂ ਅਨੁਸਾਰ ਗਰਿਫ਼ਤਾਰੀ ਦਾ ਸਮਾਂ 1610 ਈ. ਤੋਂ ਲੈ ਕੇ 1621 ਈ. ਤਕ ਫੈਲਿਆ ਹੋਇਆ ਹੈ । ਸਪਸ਼ਟ ਹੈ ਕਿ ਅਸਲੀਅਤ ਤਕ ਪਹੁੰਚਣ ਦਾ ਰਾਹ ਬਹੁਤ ਬਿਖੜਾ ਹੈ ।

### ਨਜ਼ਰਬੰਦੀ ਦਾ ਸਮਾਂ

ਜਿਵੇਂ ਗੁਰੂ ਜੀ ਦੀ ਗਰਿਫ਼ਤਾਰੀ ਬਾਰੇ ਵਖੋ-ਵਖ ਵਿਚਾਰ ਹਨ, ਉਸੇ ਤਰਾਂ ਨਜ਼ਰਬੰਦੀ ਦੇ ਸਮੇਂ ਅਤੇ ਰਿਹਾਈ ਦੀ ਮਿਤੀ ਬਾਰੇ ਵੀ ਭਿੰਨ ਭਿੰਨ ਮਤ ਹਨ । ਨਜ਼ਰਬੰਦੀ ਦਾ ਸਮਾਂ ਘਟ ਤੋਂ ਘਟ ਚਾਲੀ ਦਿਨ ਅਤੇ ਵਧ ਤੋਂ ਵਧ 12 ਸਾਲ ਦਸਿਆ ਜਾਂਦਾ ਹੈ । ਕਰਤਾ ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਵੀਰ ਸਿੰਘ ਬਲ ਅਤੇ ਭਾ. ਸੰਤੋਖ ਸਿੰਘ ਅਨੁਸਾਰ ਜਹਾਂਗੀਰ ਬਿਮਾਰ ਹੋ ਗਿਆ ਚੰਦੂ-ਪਰਿਥੀ ਚੰਦ-ਜੁੰਡਲੀ ਦੇ ਸਿਖਾਏ ਹੋਏ ਜੋਤਸ਼ੀਆਂ ਨੇ ਬਾਦਸ਼ਾਹ ਨੂੰ ਸਲਾਹ ਦਿਤੀ ਕਿ ਕਿਸੇ ਸੰਤ ਮਹਾਤਮਾ ਤੋਂ ਗਵਾਲੀਅਰ ਦੇ ਕਿਲੇ ਵਿਚ 40 ਦਿਨ ਤਪ-ਸਾਧਨਾ ਕਰਾਓ ਤਾਂ ਰਾਜੀ ਹੋ ਜਾਉਗੇ । ਇਸ ਕਾਰਨ ਚਾਲੀ ਦਿਨਾਂ ਲਈ ਗੁਰੂ ਹਰਿ ਗੋਬਿੰਦ ਜੀ ਨੂੰ ਗਵਾਲੀਅਰ ਭੇਜ ਦਿਤਾ ਗਿਆ । ਤਕਰੀਬਨ ਡੇਢ ਮਹੀਨਾ ਉਥੇ ਰਹਿ ਕੇ ਗੁਰੂ ਜੀ ਰਿਹਾ ਹੋਏ ।

ਗਿ. ਗਿਆਨ ਸਿੰਘ ਅਨੁਸਾਰ 11 ਵਿਸਾਖ 1674 ਬਿ. ਨੂੰ ਗਰਿਫ਼ਤਾਰ ਕਰ ਕੇ ਤਿੰਨ ਕੁ ਮਹੀਨੇ ਬਾਅਦ 7 ਸਾਵਣ 1674 ਬਿ. (1617 ਈ.) ਨੂੰ ਗੁਰੂ ਜੀ ਨੂੰ ਰਿਹਾ ਕੀਤਾ ਗਿਆ । ਪ੍ਰੋ. ਸਾਹਿਬ ਸਿੰਘ ਅਨੁਸਾਰ ਚਾਰ ਮਹੀਨੇ ਅਤੇ ਖੁਸ਼ਵੰਤ ਸਿੰਘ ਅਨੁਸਾਰ, ਨਜ਼ਰਬੰਦੀ ਦਾ ਸਮਾਂ ਇਕ ਸਾਲ ਤੋਂ ਕੁਝ ਵਧ ਬਣਦਾ ਹੈ । ਤੇਜਾ ਸਿੰਘ—ਗੰਡਾ ਸਿੰਘ ਅਨੁਸਾਰ ਗੁਰੂ ਜੀ ਨੇ ਗਵਾਲੀਅਰ ਵਿਚ ਦੋ ਸਾਲ ਤੋਂ ਵਧ ਸਮਾਂ ਬਤੀਤ ਨਹੀਂ ਕੀਤਾ ਅਤੇ ਉਹ ਜ਼ਰੂਰ ਹੀ 1614 ਈ. ਵਿਚ ਉਥੋਂ ਵਾਪਸ ਆ ਗਏ ਹੋਣਗੇ ।

ਡਾ. ਗੋਪਾਲ ਸਿੰਘ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਗਰਿਫ਼ਤਾਰੀ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ :

1. ਜਹਾਂਗੀਰ ਦਾ ਹੁਕਮ ਸੀ ਕਿ ਗੁਰੂ ਅਰਜਨ ਦੇਵ ਦੇ ਨਾਲ ਹੀ ਉਨਾਂ ਦੇ ਪੁਤਰ ਨੂੰ ਵੀ

ਗਰਿਫ਼ਤਾਰ ਕੀਤਾ ਜਾਵੇ । ਕੋਈ ਕਾਰਨ ਨਹੀਂ ਕਿ ਇਹ ਗਰਿਫ਼ਤਾਰੀ ਨਾ ਹੋਈ ਹੋਵੇ । ਗੁਰੂ ਅਰਜਨ ਦੇਵ ਜੀ ਦੇ ਨਾਲ ਹੀ ਜਾਂ ਉਨਾਂ ਦੀ ਸ਼ਹੀਦੀ ਤੋਂ ਛੇਤੀ ਬਾਅਦ ਇਹ ਗਰਿਫ਼ਤਾਰੀ ਕੀਤੀ ਗਈ ਹੋਵੇਗੀ ।

2. ਗੁਰੂ ਹਰਿ ਗੋਬਿੰਦ ਸਾਹਿਬ ਦੇ ਬਚਿਆਂ ਦੇ ਜਨਮ-ਸਾਲਾਂ ਤੋਂ ਅਨੁਭਵ ਹੁੰਦਾ ਹੈ ਕਿ ਗੁਰੂ ਜੀ ਨੂੰ 1612 ਈ. ਵਿਚ ਰਿਹਾ ਕਰ ਦਿਤਾ ਗਿਆ ਸੀ । ਬਾਬਾ ਗੁਰਦਿਤਾ ਜੀ ਦਾ ਜਨਮ 1613 ਈ. ਵਿਚ ਹੋਇਆ । ਇਸ ਲਈ ਗੁਰੂ ਜੀ ਨੂੰ 1612 ਈ. ਵਿਚ ਛਡ ਦਿਤਾ ਹੋਵੇਗਾ ।
3. ਸਿਖ ਗਰੰਥਕਾਰਾਂ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਨੇ ਗਦੀ ਤੇ ਬੈਠਦਿਆਂ ਸਾਰ ਹੀ ਅਕਾਲ ਬੁੰਗੇ ਦੀ ਨੀਂਹ ਤੇ ਫੌਜੀ ਸੰਗਠਣ ਆਦਿ ਸ਼ੁਰੂ ਕਰ ਦਿਤਾ ਸੀ । ਪਰ ਜਾਪਦਾ ਹੈ ਕਿ ਉਹ ਇਨਾਂ ਘਟਨਾਵਾਂ ਨੂੰ ਅਸਲ ਸਮੇਂ ਤੋਂ ਪੰਜ ਜਾਂ ਛੇ ਸਾਲ ਪਹਿਲਾਂ ਘਟਿਤ ਹੋਈਆਂ ਦਸ ਰਹੇ ਹਨ, ਗੁਰੂ ਸਾਹਿਬ ਦੀਆਂ ਇਹ ਸਰਗਰਮੀਆਂ ਰਿਹਾਈ ਤੋਂ ਬਾਅਦ ਸੰਭਵ ਹਨ ।
4. ਜਿਥੋਂ ਤਕ ਜਹਾਂਗੀਰ ਤੇ ਗੁਰੂ ਜੀ ਦਾ ਦਿਲੀ ਤੋਂ ਪੰਜਾਬ ਵਲ ਇਕਠਿਆਂ ਸਫ਼ਰ ਕਰਨ ਦਾ ਸਬੰਧ ਹੈ, ਇਹ 1619 ਈ. ਤੋਂ ਪਹਿਲਾਂ ਸੰਭਵ ਨਹੀਂ, ਜਦੋਂ ਬਾਦਸ਼ਾਹ ਦਖਣ ਤੇ ਮੇਵਾੜ ਦੀਆਂ ਮੁਹਿੰਮਾਂ ਤੋਂ ਬਾਅਦ ਪੰਜਾਬ ਵਲ ਆਇਆ ।

ਡਾਕਟਰ ਸਾਹਿਬ ਦੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਜੇ ਹੋਰ ਸਰੋਤਾਂ ਤੋਂ ਵੀ ਹੋ ਜਾਏ, ਤਾਂ ਅਸੀਂ ਕਾਫ਼ੀ ਹਦ ਤਕ ਇਤਿਹਾਸਕ ਸਚ ਦੇ ਨਜ਼ਦੀਕ ਪਹੁੰਚ ਜਾਵਾਂਗੇ ।

### ਭਟ ਵਹੀਆਂ ਦੀ ਗਵਾਹੀ

ਭਟ ਵਹੀਆਂ ਸਿਖ ਇਤਿਹਾਸ ਦਾ ਇਕ ਭਰੋਸੇ ਯੋਗ ਸਰੋਤ ਹਨ, ਜਿਸ ਦੀ ਖੋਜ ਸਵਰਗਵਾਸੀ ਗਿ. ਗਰਜਾ ਸਿੰਘ ਨੇ ਕੀਤੀ । ਇਹ ਵਹੀਆਂ ਸਾਡੀ ਹਥਲੀ ਇਤਿਹਾਸਕ ਗੁੰਝਲ ਨੂੰ ਖੋਲਣ ਵਿਚ ਕਾਫ਼ੀ ਸਹਾਇਤਾ ਕਰਦੀਆਂ ਹਨ । ਪਹਿਲਾਂ ਤਾਂ ਭਟ ਵਹੀਆਂ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਦੀ ਜਨਮ-ਮਿਤੀ ਸੋਧ ਲੈਣੀ ਚਾਹੀਦੀ ਹੈ । ਆਮ ਪਰਚਲਤ ਧਾਰਨਾ ਅਨੁਸਾਰ ਗੁਰੂ ਜੀ ਦਾ ਜਨਮ ਮਿਤੀ 21 ਹਾੜ, ਸੰਮਤ 1652 ਬਿ. (1595 ਈ.) ਮੰਨੀ ਜਾਂਦੀ ਹੈ । ਪਰ ਭਟ ਵਹੀਆਂ ਅਨੁਸਾਰ ਗੁਰੂ ਜੀ ਦਾ ਜਨਮ 21 ਹਾੜ 1647 ਬਿ. (1590 ਈ.) ਨੂੰ ਹੋਇਆ । ਗੁਰੂ ਹਰਿ ਗੋਬਿੰਦ ਜੀ ਦੀ ਪਹਿਲੀ ਸ਼ਾਦੀ, ਗੁਰੂ ਅਰਜਨ ਦੇਵ ਜੀ ਪਿੰਡ ਡੱਲੇ ਵਿਖੇ 22 ਭਾਦੋਂ, 1661 ਬਿ. (1604 ਈ.) ਨੂੰ ਕਰ ਗਏ ਸਨ ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਰਕਾਰ ਨੇ ਗੁਰੂ ਹਰਿਗੋਬਿੰਦ ਜੀ ਨਾਲ ਕੀ ਸਲੂਕ ਕੀਤਾ ? ਇਸ ਬਾਰੇ ਸਾਡਾ ਇਤਿਹਾਸ ਚੁਪ ਹੈ । ਸਿਖ ਇਤਿਹਾਸ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਨੂੰ ਤਤਕਾਲ ਗਰਿਫ਼ਤਾਰ ਨਹੀਂ ਸੀ ਕੀਤਾ ਗਿਆ, ਸਗੋਂ ਉਨਾਂ ਨੂੰ ਸੈਨਿਕ ਸਰਗਰਮੀਆਂ ਲਈ ਖੁਲਾ ਛਡ ਦਿਤਾ ਗਿਆ ਸੀ । ਜੋ ਉਸ ਸਮੇਂ ਦੇ ਹਾਲਾਤ ਅਨੁਸਾਰ ਇਕ ਅਸੰਭਵ ਗਲ ਸੀ । ਭਟ ਵਹੀ ਮੁਲਤਾਨੀ ਸਿੰਧੀ ਸਾਨੂੰ ਉਸ ਸਮੇਂ ਦੇ ਹਾਲਾਤ ਨਾਲ ਮੇਲ ਖਾਂਦੀ ਸੂਚਨਾ ਦਿੰਦੀ ਹੈ । ਭਟ ਵਹੀ ਅਨੁਸਾਰ ਗੁਰੂ ਅਰਜਨ ਜੀ ਦੀ ਸ਼ਹੀਦੀ ਤੋਂ ਚਾਰ ਦਿਨ ਬਾਅਦ, ਗੁਰੂ ਹਰਿ ਗੋਬਿੰਦ, ਜੰਗਲ ਦੇ ਇਲਾਕੇ ਵਿਚ ਪਿੰਡ ਡਰੋਲੀ ਵਿਖੇ, ਆਪਣੇ ਸਾਂਢੂ ਭਾਈ ਸਾਈਂ ਦਾਸ ਦੇ ਘਰ ਪਹੁੰਚ ਗਏ ਸਨ । ਉਸ ਸਮੇਂ ਸਿਖਾਂ ਨੇ ਅਨੁਭਵ ਕਰ ਲਿਆ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਿਸਚਤ ਹੈ, ਐਸਾ, ਨਾ ਹੋਵੇ ਕਿ ਗੁਰੂ ਜੀ ਦੇ ਇਕਲੌਤੇ ਸਪੁਤਰ ਹਰਿ ਗੋਬਿੰਦ ਉਤੇ ਵੀ ਕੋਈ ਭਿਆਨਕ ਭਾਣਾ ਵਰਤ ਜਾਏ ਇਸ ਲਈ ਉਹ ਗੁਰੂ ਪਰਵਾਰ ਨੂੰ

ਲਾਹੌਰ ਤੋਂ ਦੂਰ, ਜੰਗਲ ਦੇ ਇਲਾਕੇ ਵਿਚੋਂ ਲੈ ਗਏ, ਜਿਥੇ ਆਮ ਤੌਰ ਤੇ ਜਾਣਾ ਆਉਣਾ ਬਹੁਤ ਕਠਿਨ ਸੀ। ਗੁਰੂ ਜੀ ਡੇਢ ਸਾਲ ਉਥੇ ਟਿਕੇ ਰਹੇ। ਭਟ ਵਹੀ ਦੀ ਸੂਚਨਾ ਇਸ ਪਰਕਾਰ ਹੈ :

"ਗੁਰੂ ਹਰਿ ਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਪਰਗਣਾ ਨਿਝਰਿਆਲਾ ਸੰਮਤ ਸੋਲਾਂ ਸੈ ਤਰੇਸਠਾ ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ, ਗੋਇੰਦਵਾਲ ਸੇ ਜੰਗਲ ਦੇਸ ਗਾਮ ਡਰੋਲੀ ਪਰਗਣਾ ਡਗਰੂ, ਭਾਈ ਸਾਈਂ ਦਾਸ ਕੇ ਗ੍ਰਿਹਿ ਮੇਂ ਆਏ। ਗਲੋਂ ਮਾਤਾ ਗੰਗਾ ਦੇਈ ਤੇ ਇਸਤ੍ਰੀ ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ ਡਰੋਲੀ ਗਾਮ ਮੇਂ ਬਾਸ ਕਰ ਕੇ ਗੋਇੰਦਵਾਲ ਆਏ।"[2]

ਡੇਢ ਸਾਲ ਬਾਅਦ ਜਦੋਂ ਗੁਰੂ ਜੀ ਗੋਇੰਦਵਾਲ ਪਹੁੰਚੇ, ਤਾਂ ਉਨਾਂ ਨੂੰ ਗਰਿਫਤਾਰ ਕਰ ਲਿਆ ਗਿਆ। ਇਸ ਹਿਸਾਬ, ਗੁਰੂ ਜੀ ਦੀ ਗਰਿਫਤਾਰੀ ਤਕਰੀਬਨ ਮਘਰ 1165 ਬਿ. (ਨਵੰਬਰ-ਦਸੰਬਰ 1607 ਈ.) ਵਿਚ ਹੋਈ, ਇੰਜ ਡਾ. ਗੋਪਾਲ ਸਿੰਘ ਦਾ ਇਹ ਅਨੁਮਾਨ ਸਹੀ ਸਾਬਤ ਹੁੰਦਾ ਹੈ ਕਿ ਗੁਰੂ ਹਰਿ ਗੋਬਿੰਦ ਜੀ ਨੂੰ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਛੇਤੀ ਬਾਅਦ ਗਰਿਫਤਾਰ ਕੀਤਾ ਗਿਆ ਹੋਵੇਗਾ।

## ਰਿਹਾਈ ਦੀ ਗੁੰਝਲ

ਸਾਡੇ ਸਾਰੇ ਮਨਵੀਨ ਇਤਿਹਾਸਕਾਰ ਪ੍ਰਿੰ. ਸਤਿਬੀਰ ਸਿੰਘ, ਡਾ. ਗੋਪਾਲ ਸਿੰਘ, ਖੁਸ਼ਵੰਤ ਸਿੰਘ, ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ ਆਦਿ ਗੁਰੂ ਜੀ ਦੀ ਰਿਹਾਈ 1912 ਈ. ਦੇ ਇਰਦ-ਗਿਰਦ ਮੰਨਦੇ ਹਨ। 1612 ਈ. ਵਿਚ ਰਿਹਾਈ ਹੋਣ ਬਾਰੇ, ਇਨ੍ਹਾਂ ਸਾਰਿਆਂ ਕੋਲ ਇਕੋ ਇਕ ਦਲੀਲ ਇਹ ਹੈ ਕਿ 1613 ਈ. ਵਿਚ ਗੁਰੂ ਜੀ ਦੀ ਪਹਿਲੀ ਪਤਨੀ ਮਾਤਾ ਦਮੋਦਰੀ ਦੀ ਕੁੱਖ ਤੋਂ ਬਾਬਾ ਗੁਰਦਿਤਾ ਜੀ ਨੇ ਜਨਮ ਲਿਆ ਸੀ ਤੇ ਫੇਰ ਇਕ ਜਾਂ ਦੋ ਦੋ ਸਾਲ ਦੇ ਵਕਫ਼ੇ ਬਾਅਦ ਹੋਰ ਸਾਹਿਬ-ਜ਼ਾਦੇ ਪੈਦਾ ਹੋਏ ਸਨ। ਸੰਤਾਨ ਉਤਪਤੀ ਤੋਂ ਬਿਨਾਂ 1612 ਈ. ਵਿਚ ਰਿਹਾਈ ਸਬੰਧੀ ਹੋਰ ਕੋਈ ਦਲੀਲ ਜਾਂ ਸਬੂਤ ਮੌਜੂਦ ਨਹੀਂ ਹੈ, ਕਿਸੇ ਵੀ ਸਿਖ ਜਾਂ ਫ਼ਾਰਸੀ ਇਤਿਹਾਸ ਦੀ ਪੁਸਤਕ ਵਿਚ 1612 ਈ. ਵਿਚ ਰਿਹਾਈ ਹੋਣ ਬਾਰੇ ਕੋਈ ਇਸ਼ਾਰਾ ਤਕ ਨਹੀਂ ਮਿਲਦਾ। ਇਸ ਲਈ ਰਿਹਾਈ ਦੀ ਇਹ ਮਿਤੀ ਇਕ ਸਾਧਾਰਨ ਜਹੇ ਅਨੁਮਾਨ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਸੋ ਇਸ ਨੂੰ ਪਰਮਾਣੀਕ ਨਹੀਂ ਮੰਨਿਆ ਜਾ ਸਕਦਾ।

ਮੁਹਸਿਨ ਫ਼ਾਨੀ ਵਲੋਂ ਦਸੇ ਗਏ ਗਰਿਫਤਾਰੀ ਦੇ ਸਾਲ (1616 ਈ.) ਨਾਲ ਤਾਂ ਕੋਈ ਇਤਿਹਾਸਕਾਰ ਸਹਿਮਤ ਨਹੀਂ ਹੈ, ਪਰ ਉਸ ਵਲੋਂ ਦਸੀ ਗਈ ਨਜ਼ਰਬੰਦੀ ਦੀ ਅਵਧੀ (12 ਸਾਲ) ਨਾਲ ਭਟ ਵਹੀ ਸਹਿਮਤ ਹੈ। ਇਹ ਤਾਂ ਉਪਰ ਦਸਿਆ ਹੀ ਜਾ ਚੁਕਾ ਹੈ ਕਿ ਭਟ ਵਹੀ ਅਨੁਸਾਰ ਗਰਿਫਤਾਰੀ 1665 ਬਿ. (1907 ਈ.) ਵਿਚ ਹੋਈ ਸੀ। ਰਿਹਾਈ ਬਾਰੇ ਵੀ ਭਟ ਵਹੀ ਸਾਨੂੰ ਸੂਚਨਾ ਦਿੰਦੀ ਹੈ, ਜੋ ਇਸ ਤਰਾਂ ਹੈ—

"ਗੁਰੂ ਹਰਿ ਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖਤਰੀ ਚਕ ਗੁਰੂ ਕਾ, ਪਰਗਣਾ ਨਿਝਰਆਲਾ ਸੰਮਤ ਸੋਲਾਂ ਸੈ ਛਿਹਤਰਾ ਕਤਕ ਮਾਸੇ ਕਰਿਸਨਾ ਪੱਖੇ ਚੋਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਵਾਲੀਆਰ ਸੇ ਬੰਧਤ ਮੁਕਤ ਹੂਏ।"

ਨਾਇਕ ਹਰੀਰਾਮ ਦਰੋਗਾ ਬੇਟਾ ਹਰਬੰਸ ਲਾਲ ਕਾ, ਚੰਦਰਬੰਸੀ ਜਾਦਵ ਬੜਤੀਆ ਕਨਾਵਤ ਨੇ ਬੰਦੀ ਛੋੜ ਗੁਰੂ ਹਰਿ ਗੋਬਿੰਦ ਜੀ ਕੇ ਬੰਧਨ ਮੁਕਤ ਹੋਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ। ਏਕ ਦਿਵਸ ਨਾਇਕ ਹਰੀਰਾਮ ਦੇ ਗ੍ਰਿਹ ਮੇਂ ਨਿਵਾਸ ਕਰ ਕੇ ਗੁਵਾਲੀਆਰ ਸੇ ਬਿਦਾਇਗੀ

2. ਗੁਰੂ ਕੀਆਂ ਸਾਖੀਆਂ, (ਸੰ) ਪਿਆਰਾ ਸਿੰਘ ਪਦਮ (ਪਟਿਆਲਾ, 1986), ਪੰਨਾ 26.

ਲੀ । ਰਾਸਤੇ ਕਾ ਪੰਧ ਮੁਕਾਇ ਆਗਰੇ ਆਇ ਨਿਵਾਸ ਕੀਆ ।"[3]

ਸੋ ਭਟ ਵਹੀ ਦੀ ਗਵਾਹੀ ਅਨੁਸਾਰ ਗੁਰੂ ਜੀ 12 ਸਾਲ ਨਜ਼ਰਬੰਦ ਰਹਿ ਕੇ ਕਤਕ ਵਦੀ ਚੌਦਾਂ ਸੰਮਤ 1676 ਬਿ. (ਲਗਭਗ ਨਵੰਬਰ 1619 ਈ.) ਵਿਚ ਰਿਹਾ ਹੋਏ । ਰਿਹਾਈ ਦੀ ਇਹ ਮਿਤੀ ਸਹੀ ਜਾਪਦੀ ਹੈ, ਕਿਉਂਕਿ ਕੁਝ ਹੋਰ ਇਤਿਹਾਸਕ ਗੁਆਹੀਆਂ ਵੀ ਇਸ ਮਿਤੀ ਦੇ ਪੱਖ ਵਿਚ ਜਾਂਦੀਆਂ ਪ੍ਰਤੀਤ ਹੁੰਦੀਆਂ ਹਨ ।

## ਹੋਰ ਇਤਿਹਾਸਕ ਗਵਾਹੀਆਂ

'ਤੁਜ਼ਕਿ ਜਹਾਂਗੀਰੀ (ਭਾਗ ਦੂਜਾ, ਪੰ: 59-60), ਅਨੁਸਾਰ ਮੇਵਾੜ ਤੇ ਦਖਣ ਦੀਆਂ ਸਫਲ ਮੁਹਿੰਮਾਂ ਤੋਂ ਮੁੜਦਾ ਹੋਇਆ, ਜ਼ਹਾਂਗੀਰ, ਦਸੰਬਰ 1618 ਵਿਚ ਰਣਥੰਬੋਰ ਦੇ ਕਿਲੇ ਵਿਚ ਠਹਿਰਿਆ । ਉਥੇ ਉਸ ਨੇ ਖਤਰਨਾਕ ਮੁਜਰਮਾਂ ਤੋਂ ਬਿਨਾਂ, ਬਾਕੀ ਸਾਰੇ ਕੈਦੀ ਰਿਹਾ ਕਰ ਦਿਤੇ, ਇਸੇ ਤਰਾਂ ਗਵਾਲੀਅਰ ਦੇ ਕਿਲੇ ਵਿਚੋਂ ਵੀ ਉਸ ਨੇ 7000 ਕੈਦੀ ਰਿਹਾ ਕੀਤੇ । ਸੰਭਵ ਹੈ, ਇਨਾਂ ਸਤ ਹਜ਼ਾਰ ਰਿਹਾਈਆਂ ਵਿਚ ਹੀ ਗੁਰੂ ਜੀ ਅਤੇ ਪਹਾੜੀ ਰਾਜੇ ਵੀ ਰਿਹਾ ਕੀਤੇ ਗਏ ਹੋਣ ।

ਮਥਰਾ ਦੇ ਇਕ ਹਿੰਦੂ ਸਾਧੂ ਗੁਸਾਈਂ ਜਦਰੂਪ ਦਾ ਜਹਾਂਗੀਰ ਬਹੁਤ ਸ਼ਰਧਾਲੂ ਸੀ । ਕਸ਼ਮੀਰ ਨੂੰ ਜਾਂਦਾ ਹੋਇਆ ਜਦੋਂ ਉਹ ਅਕਤੂਬਰ 1619 ਈ. ਵਿਚ ਗੁਸਾਈਂ ਜੀ ਨੂੰ ਮਿਲਿਆ ਤਾਂ ਉਸ ਨੇ ਖੁਸਰੋ ਨੂੰ ਰਿਹਾ ਕਰਨ ਦੀ ਸਿਫਾਰਸ਼ ਕੀਤੀ । ਜਹਾਂਗੀਰ ਨੇ ਅਕਤੂਬਰ 1619 ਦੇ ਅਖੀਰ ਵਿਚ ਖੁਸਰੋ ਨੂੰ ਰਿਹਾ ਕਰ ਦਿਤਾ ।

ਸਰਹੰਦ ਦਾ ਮਸ਼ਹੂਰ ਸ਼ੇਖ ਅਹਿਮਦ ਸਰਹੰਦੀ ਵੀ ਮਈ 1619 ਤੋਂ ਗਵਾਲੀਅਰ ਵਿਚ ਕੈਦ ਸੀ । ਮਈ, 1620 ਈ. ਵਿਚ ਜਹਾਂਗੀਰ ਨੇ ਉਸ ਨੂੰ ਵੀ ਰਿਹਾ ਕਰ ਦਿਤਾ ।

ਇਨਾਂ ਮੁਆਫੀਆਂ ਤੇ ਰਿਹਾਈਆਂ ਤੋਂ ਅਨੁਭਵ ਹੁੰਦਾ ਹੈ ਕਿ 1618 ਤੋਂ 1620 ਈ. ਤਕ ਦੇ ਸਮੇਂ ਵਿਚ ਜਹਾਂਗੀਰ ਰਿਹਾਈਆਂ ਦੇ ਰਉ ਵਿਚ ਸੀ । ਜਦੋਂ ਸਾਰੇ ਪੁਆੜੇ ਦੀ ਜੜ ਖੁਸਰੋ ਨੂੰ ਹੀ ਮੁਆਫ ਤੇ ਰਿਹਾ ਕਰ ਦਿਤਾ ਗਿਆ, ਤਾਂ ਜਾਪਦਾ ਹੈ ਕਿ ਜਹਾਂਗੀਰ ਨੇ ਗੁਰੂ ਹਰਿ ਗੋਬਿੰਦ ਜੀ ਨੂੰ ਵੀ ਹੋਰ ਕੈਦ ਵਿਚ ਰਖਣਾ ਮੁਨਾਸਬ ਨਾ ਸਮਝਿਆ ਅਤੇ ਇਕ ਮਹੀਨੇ ਬਾਅਦ ਨਵੰਬਰ 1619 ਈ. ਵਿਚ ਉਨਾਂ ਨੂੰ ਵੀ ਰਿਹਾ ਕਰ ਦਿਤਾ । ਇਸ ਹਿਸਾਬ ਨਾਲ ਖੁਸਰੋ ਨੂੰ 13 ਸਾਲ ਅਤੇ ਗੁਰੂ ਜੀ ਨੂੰ 12 ਸਾਲ ਬਾਅਦ ਰਿਹਾਈ ਮਿਲੀ ।

ਸਿਖ ਇਤਿਹਾਸ ਵਿਚ ਇਹ ਪ੍ਰਸਿਧ ਰਵਾਇਤ ਹੈ ਕਿ ਰਿਹਾਈ ਤੋਂ ਬਾਅਦ ਗੁਰੂ ਜੀ ਪੰਜਾਬ ਵਲ ਬਾਦਸ਼ਾਹ ਦੇ ਨਾਲ ਆਏ । ਰਸਤੇ ਵਿਚ ਉਹ ਕਈ ਵਾਰ ਇਕਠੇ ਸ਼ਿਕਾਰ ਖੇਲਣ ਵੀ ਜਾਂਦੇ ਸਨ । ਬਾਦਸ਼ਾਹ ਬਣਨ ਤੋਂ ਬਾਅਦ 1620 ਈ. ਤਕ ਜਹਾਂਗੀਰ ਸਿਰਫ਼ ਦੋ ਵਾਰ ਪੰਜਾਬ ਆਇਆ । ਪਹਿਲੀ ਵਾਰ 1606 ਈ. ਵਿਚ, ਖੁਸਰੋ ਦਾ ਪਿਛਾ ਕਰਦਾ ਹੋਇਆ, ਤੇ ਦੂਜੀ ਵਾਰ 1619 ਈ. ਵਿਚ, ਕਸ਼ਮੀਰ ਨੂੰ ਜਾਂਦਾ ਹੋਇਆ । ਸਪਸ਼ਟ ਹੈ ਕਿ ਜੇ ਗੁਰੂ ਜੀ ਨੇ ਰਿਹਾਈ ਤੋਂ ਬਾਅਦ ਬਾਦਸ਼ਾਹ ਨਾਲ ਸਫ਼ਰ ਕੀਤਾ ਹੋਵੇਗਾ ਤਾਂ ਇਹ 1619 ਈ. ਵਿਚ ਹੀ ਸੰਭਵ ਹੈ, ਇਹੀ ਗਲ ਪਿਛੇ ਡਾ. ਗੋਪਾਲ ਸਿੰਘ ਨੇ ਆਖੀ ਹੈ ।

## ਸਾਈਂ ਮੀਆਂ ਮੀਰ ਦੀ ਸਿਫ਼ਾਰਸ਼

ਸਾਡਾ ਇਤਿਹਾਸ ਦਸਦਾ ਹੈ ਕਿ ਬਾਦਸ਼ਾਹ, ਗੁਰੂ ਜੀ ਨੂੰ ਦਿਲੀ ਤੋਂ ਪੰਜਾਬ ਤਕ ਕੇਵਲ ਮਿਤਰਤਾ ਤੇ ਸ਼ਰਧਾ-ਭਾਵ ਦੇ ਕਾਰਨ ਆਪਣੇ ਨਾਲ ਲਿਆਇਆ ਸੀ । ਪਰ ਇਸ ਦਾ ਇਕ

---

3. ਭੱਟ ਵਹੀ ਜਾਦੋ ਬੰਸੀਆਂ ਬੜਤੀਆਂ ਕੀ, ਗੁਰੂ ਕੀਆਂ ਸਾਖੀਆਂ, (ਪਿਠਅੰਕਤ, ਪੰਨਾ 27).

ਕਾਰਨ ਹੋਰ ਵੀ ਸੀ। ਗੁਰੂ ਜੀ ਨੂੰ ਨਵੰਬਰ 1619 ਈ. ਵਿਚ ਗਵਾਲੀਅਰ ਦੇ ਕਿਲੇ ਵਿਚੋਂ ਤਾਂ ਰਿਹਾਈ ਮਿਲ ਗਈ ਸੀ, ਪਰ ਅਜੇ ਤਕ ਉਨਾਂ ਨੂੰ ਮੁਕੰਮਲ ਤੌਰ ਤੇ ਆਜ਼ਾਦ ਨਹੀਂ ਸੀ ਕੀਤਾ ਗਿਆ। ਭਟ ਵਹੀ ਅਨੁਸਾਰ, ਗੁਰੂ ਜੀ ਫਗਣ ਦੀ ਸੰਗਰਾਂਦ, ਸੰਮਤ 1676 ਬਿ. (ਲਗ ਭਗ ਫਰਵਰੀ 1620 ਈ.) ਨੂੰ ਪਰਗਣਾ ਬਟਾਲਾ ਵਿਚ ਕਲਾਨੌਰ ਵਿਖੇ ਪਹੁੰਚੇ, 'ਤੁਜ਼ਕਿ ਜਹਾਂਗੀਰੀ' ਅਨੁਸਾਰ ਬਾਦਸ਼ਾਹ ਜਨਵਰੀ 1620 ਈ. ਦੇ ਲਗ ਭਗ ਪਹਿਲੇ ਅਧ ਵਿਚ ਕਲਾਨੌਰ ਪਹੁੰਚਾ। ਇੰਜ ਦੋਹਾਂ ਤਰੀਕਾਂ ਵਿਚ ਮਮੂਲੀ ਇਕ ਮਹੀਨੇ ਦਾ ਵਰਕ ਰਹਿ ਜਾਂਦਾ ਹੈ। ਕਲਾਨੌਰ ਆ ਕੇ ਜਹਾਂਗੀਰ ਨੇ, ਲਾਹੌਰ ਤੋਂ ਸਾਈਂ ਮੀਆਂ ਮੀਰ ਜੀ ਨੂੰ ਬੁਲਾਇਆ। ਸ਼ਾਇਦ ਉਹ ਗੁਰੂ ਜੀ ਬਾਰੇ ਸਾਈਂ ਜੀ ਤੋਂ ਕੋਈ ਭਰੋਸਾ ਲੈਣਾ ਚਾਹੁੰਦਾ ਸੀ ਜਾਂ ਕੋਈ ਹੋਰ ਸਲਾਹ-ਮਸ਼ਵਰਾ ਕਰਨਾ ਚਾਹੁੰਦਾ ਸੀ। ਜਹਾਂਗੀਰ ਨੇ ਸਾਈਂ ਜੀ ਨਾਲ ਇਕ ਲੰਮੀ ਮੁਲਾਕਾਤ ਦਾ ਜ਼ਿਕਰ 'ਤੁਜ਼ਕਿ ਜਹਾਂਗੀਰੀ' ਵਿਚ ਕੀਤਾ ਹੈ, ਭਾਵੇਂ ਉਸ ਨੇ ਗੁਰੂ ਹਰਿ ਗੋਬਿੰਦ ਜੀ ਦਾ ਕੋਈ ਜ਼ਿਕਰ ਨਹੀਂ ਕੀਤਾ, ਪਰ ਅਸੀਂ ਸਮਝਦੇ ਹਾਂ ਕਿ ਗੁਰੂ ਜੀ ਦੇ ਮਸਲੇ ਉਤੇ ਵੀ ਜਰੂਰ ਗਲ ਹੋਈ ਹੋਵੇਗੀ। ਇਹ ਵੀ ਸੰਭਵ ਹੈ ਕਿ ਸਾਰੀ ਗਲ ਬਾਤ ਹੀ ਗੁਰੂ ਜੀ ਬਾਰੇ ਹੋਈ ਹੋਵੇ। ਇਸ ਮੁਲਾਕਾਤ ਤੋਂ ਬਾਅਦ ਗੁਰੂ ਜੀ ਨੂੰ ਪੂਰਨ ਰੂਪ ਵਿਚ ਸੁਤੰਤਰ ਕਰ ਦਿਤਾ ਗਿਆ।

ਬਾਦਸ਼ਾਹ ਤੇ ਗੁਰੂ ਜੀ ਦੇ ਇਕਠਿਆਂ ਕਲਾਨੌਰ ਪਹੁੰਚਣ ਬਾਰੇ ਭਟ ਵਹੀ ਤਲਉਂਢਾ ਪਰਗਣਾ ਜੀਂਦ ਦੀ ਗਵਾਹੀ ਇਸ ਤਰਾਂ ਹੈ।

"ਗੁਰੂ ਹਰਿ ਗੋਬਿੰਦ ਮਹਲ ਛਟਾ ਗੁਰੂ ਅਰਜਨ ਜੀ ਕਾ ਬਾਸੀ ਚਕ ਗੁਰੂ ਪਰਗਣਾ ਨਿਝਰਿਆਲਾ, ਗੜ ਗੁਵਾਲੀਆਰ ਸੇ ਬੰਧਨ ਮੁਕਤ ਹੋਇ ਗਾਮ ਕਲਾਨੌਰ ਪਰਗਣਾ ਬਟਾਲਾ ਮੇਂ ਆਏ। ਬਾਦਸ਼ਾਹ ਜਹਾਂਗੀਰ ਕੇ ਗੈਲ, ਸੰਮਤ ਸੋਲਾਂ ਸੈ ਛਿਹਤਰ ਫਲਗੁਣ ਪਰਵਿਸ਼ਟੇ ਪਹਿਲੀ ਸੰਗਰਾਂਦ ਕੇ ਦਿਹੁੰ। ਗੁਰੂ ਜੀ ਕਾ ਆਨਾ ਸੁਣਿ ਬਾਬਾ ਬੁਢਾ ਬੇਟਾ ਬਾਬਾ ਸੁਘਾ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭਲੇ ਕਾ, ਬਲੂ ਰਾਇ ਬੇਟਾ ਮੂਲਚੰਦ, ਪਦਮ ਰਾਇ ਬੇਟਾ ਕੌਲਦਾਸ ਹਜਾਵਤ ਕਾ, ਹੋਰ ਸਿਖ ਫਕੀਰ ਆਏ।"[4]

ਇਸ ਤਰ੍ਹਾਂ ਜੇ 'ਤੁਜ਼ਕਿ ਜਹਾਂਗੀਰੀ' ਅਤੇ ਭਟ ਵਹੀਆਂ ਨੂੰ ਮਿਲਾ ਕੇ ਪੜੀਏ ਤਾਂ ਗੁਰੂ ਹਰਿ ਗੋਬਿੰਦ ਜੀ ਦੀ ਗੜ ਗਵਾਲੀਅਰ ਤੋਂ ਰਿਹਾਈ ਦੀ ਮਿਤੀ 1619 ਈ. ਵਿਚ ਹੀ ਸਿਧ ਹੁੰਦੀ ਹੈ। ਇਤਿਹਾਸ ਦੀਆਂ ਤਿੰਨ ਮਹਤਵਪੂਰਨ ਗਵਾਹੀਆਂ (ਤੁਜ਼ਕਿ ਜਹਾਂਗੀਰੀ, ਭਟ ਵਹੀਆਂ ਅਤੇ ਮੁਹਸਿਨ ਫ਼ਾਨੀ (ਕੇਵਲ ਨਜ਼ਰਬੰਦੀ ਦੀ ਅਵਧੀ) ਇਕ ਨੁਕਤੇ ਉਤੇ ਸਹਿਮਤ ਹੋ ਜਾਂਦੀਆਂ ਹਨ। ਇਸੇ ਪਖ ਵਿਚ ਇਕ ਹੋਰ ਚੌਥੀ ਗਵਾਹੀ ਪੇਸ਼ ਕਰਕੇ ਇਹ ਚਰਚਾ ਸਮਾਪਤ ਹੋ ਜਾਏਗੀ।

## ਚੌਥੀ ਗਵਾਹੀ

ਸਵਰਗਵਾਸੀ ਸ. ਰਣਧੀਰ ਸਿੰਘ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਰੀਸਰਚ ਸਕਾਲਰ ਸਨ। ਉਨਾਂ ਨੇ ਬੜੀ ਮਿਹਨਤ ਨਾਲ ਗੁਰ ਪਰਣਾਲੀਆਂ ਦੀ ਖੋਜ ਕੀਤੀ ਅਤੇ ਬੜੀ ਖੋਜ-ਪੜਤਾਲ ਪਿਛੋਂ ਇਕ ਪੁਸਤਕ 'ਗੁਰ-ਪਰਣਾਲੀਆਂ' ਪਰਕਾਸ਼ਿਤ ਕੀਤੀ। ਇਸ ਪੁਸਤਕ ਵਿਚ ਉਨਾਂ ਨੇ ਘਟ-ਘਟ ਗਿਆਰਾਂ ਵਾਰ ਜ਼ਿਕਰ ਕੀਤਾ ਹੈ ਕਿ ਗੁਰੂ ਹਰਿ ਗੋਬਿੰਦ ਜੀ ਨੂੰ 1663 ਬਿ. ਤੋਂ 1676 ਬਿ. (1606 ਤੋਂ 1619 ਈ.) ਤਕ 12 ਸਾਲ ਨਜ਼ਰਬੰਦ ਰਖਿਆ ਗਿਆ ਅਤੇ ਗੁਰ-ਪਰਣਾਲੀ ਲੇਖਕਾਂ ਤੇ ਹੋਰ ਲਿਖਾਰੀਆਂ ਨੇ ਇਸ ਸਮੇਂ ਨੂੰ ਧਿਆਨ ਵਿਚ ਨਾ ਰਖ ਕੇ ਗੁਰ-ਇਤਿਹਾਸ ਦੀਆਂ ਤਾਰੀਖਾਂ ਵਿਚ ਦਸ ਬਾਰਾਂ ਸਾਲਾਂ ਦਾ ਫਰਕ ਪਾ ਦਿਤਾ ਹੈ। ਇਥੇ ਅਸੀਂ ਸ. ਰਣਧੀਰ ਸਿੰਘ ਦੇ ਸਿਰਫ਼ ਦੋ ਸੰਖੇਪ ਹਵਾਲੇ ਦਰਜ ਕਰਦੇ ਹਾਂ—

4. ਗੁਰੂ ਕੀਆ ਸਾਖੀਆਂ, ਪਿਠ ਅੰਕਤ, ਪੰਨਾ ਓਹੀ

1. "ਜਹਾਂਗੀਰ ਬਾਦਸ਼ਾਹ ਨੇ ਅਪਣੀ ਲਿਖੀ ਜੀਵਨੀ 'ਤੁਜ਼ਕਿ ਜਹਾਂਗੀਰੀ" ਵਿਚ 1663 ਬਿ. ਹਾੜ 21, 19 ਜੂਨ 1606 ਈ. ਵੀਰਵਾਰ ਦੀ ਖਬਰ 'ਚ ਪੰਚਮ ਪਾਤਿਸ਼ਾਹ ਨੂੰ ਸ਼ਹੀਦ ਕਰਨ ਦਾ ਇਕਬਾਲ ਕਰਦਿਆਂ ਨਾਲ ਹੀ ਥਾਂ-ਮਕਾਨ ਤੇ ਸੰਤਾਨ (ਫਰਜ਼ੰਦਾਨ) ਜ਼ਬਤ ਕਰਕੇ, ਮੁਰਤਜ਼ਾ ਖਾਨ ਬਖਸ਼ੀ ਨੂੰ ਇਨਾਯਤ ਕਰਨ ਦਾ ਜ਼ਿਕਰ ਭੀ ਕੀਤਾ ਹੈ। ਸੋ ਸਹੀ ਹੁੰਦਾ ਹੈ ਕਿ ਸਿਰੀ ਗੁਰੂ ਅਰਜਨ ਸਾਹਿਬ ਦੇ ਡੰਨ ਭਰਨ ਤੋਂ ਇਨਕਾਰ ਕਰਨ ਤੋਂ ਤੁਰਤ ਮਗਰੋਂ (ਜਾਇਦਾਦ ਜ਼ਬਤੀ, ਤਸੀਹੇ ਦੇ ਕੇ ਮਾਰ ਮੁਕਾਉਣ (ਸ਼ਹੀਦ ਕਰਨ) ਤੇ ਸੰਤਾਨ (ਸਿਰੀ ਹਰਿ ਗੋਬਿੰਦ ਸਾਹਿਬ ਇਕਲੌਤੇ ਪੁਤਰ) ਨੂੰ ਨਜ਼ਰਬੰਦ ਕਰਨ, ਦੇ ਕਹਿਰ-ਭਰੇ ਹੁਕਮ ਜਾਰੀ ਕਰ ਦਿਤੇ ਗਏ। ਪਰ ਇਹ ਅਤਿਆਚਾਰੀ ਨਾਟਕ 21 ਹਾੜ ਤਕ ਖਤਮ ਕਰ ਦਿਤਾ ਗਿਆ।[5]

2. 'ਗੁਰੂ ਜੀ ਬਾਰਾਂ ਕੁ ਵਰ੍ਹੇ ਨਜ਼ਰਬੰਦੀ ਦੇ ਕਾਰਨ ਘਰੋਂ, ਬਲਕਿ ਪੰਜਾਬੋਂ ਭੀ ਬਾਹਰ, ਬਾਦਸ਼ਾਹ ਨਾਲ ਯਾ ਗਵਾਲੀਅਰ ਗੜ ਵਿਚ ਰਹੇ ਅਤੇ ਸੰਮਤ 1676 ਬਿ. ਫਗਣ ਮਹੀਨੇ ਕਲਾਨੌਰ ਦੇ ਬਾਦਸ਼ਾਹੀ ਬਾਗ ਤੋਂ ਸਾਈਂ ਮੀਆਂ ਮੀਰ ਦੀ ਸਿਫਾਰਸ਼ ਨਾਲ ਬਰੀ ਹੋ ਕੇ ਘਰ ਪਹੁੰਚੇ।"[6]

ਸ. ਰਣਧੀਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਗੁਰੂ ਹਰਿ ਗੋਬਿੰਦ ਜੀ ਦੇ ਪਹਿਲੇ ਵਿਆਹ ਤੋਂ ਬਾਅਦ ਦੂਜੇ ਦੋ ਵਿਆਹ ਤੇ ਸੰਤਾਨ, ਸੰਮਤ 1678 ਬਿ. (1621 ਈ.) ਤੇ ਇਸ ਤੋਂ ਬਾਅਦ ਹੋਣੇ ਹੀ ਸੰਭਵ ਹਨ। (ਪੰ. 284) ਇਕ ਇਸ਼ਾਰਾ ਉਨਾਂ ਨੇ ਇਹ ਵੀ ਕੀਤਾ ਹੈ ਕਿ ਗੁਰੂ ਜੀ ਦੀ ਪਹਿਲੀ ਪਤਨੀ ਬੀਬੀ ਦਮੋਦਰੀ ਜੀ, ਉਨਾਂ ਦੇ ਨਾਲ ਹੀ ਗਵਾਲੀਅਰ ਵਿਚ ਨਜ਼ਰਬੰਦ ਸਨ ਜਿਵੇਂ ਕਿ (ਪਤੀ ਪਤਨੀ ਨੂੰ ਇਕਠਿਆਂ ਨਜ਼ਰਬੰਦ ਕਰਨ ਦਾ) ਉਦੋਂ ਦਸਤੂਰ ਸੀ। (ਪੰ. 252) ਮੁਗਲ ਸਰਕਾਰ ਦੇ ਇਸ ਦਸਤੂਰ ਦੀ ਪੁਸ਼ਟੀ ਇਸ ਗਲ ਤੋਂ ਵੀ ਹੋ ਜਾਂਦੀ ਹੈ ਕਿ ਨਜ਼ਰਬੰਦੀ ਸਮੇਂ ਖੁਸਰੋ ਦਾ ਪਰਵਾਰ ਵੀ ਉਸ ਦੇ ਨਾਲ ਹੀ ਸੀ। ਨਜ਼ਰਬੰਦੀ ਦੇ ਸਮੇਂ ਹੀ 1609 ਅਤੇ 1616 ਈ. ਵਿਚ ਖੁਸਰੋ ਦੇ ਦੋ ਪੁਤਰ ਪੈਦਾ ਹੋਏ। ਇੰਜ ਬੀਬੀ ਦਮੋਦਰੀ ਦੀ ਸੰਤਾਨ ਦਾ ਜਨਮ, ਨਜ਼ਰਬੰਦੀ ਦੇ ਸਮੇਂ ਵਿਚ ਹੋਣਾ ਵੀ ਸੰਭਵ ਹੋ ਜਾਂਦਾ ਹੈ ਅਤੇ ਸਿਖ ਇਤਿਹਾਸਕਾਰਾਂ ਵਲੋਂ ਕੇਵਲ ਸੰਤਾਨ-ਉਤਪਤੀ ਦੇ ਆਧਾਰ 'ਤੇ ਮਿਥੀ ਗਈ ਰਿਹਾਈ ਦੀ ਮਿਤੀ (1612 ਈ.) ਬਿਲਕੁਲ ਰੱਦ ਹੋ ਜਾਂਦੀ ਹੈ।

ਉਪਰੋਕਤ ਸਾਰੀ ਖੋਜ-ਪੜਤਾਲ ਤੋਂ ਬਾਅਦ, 'ਤੁਜ਼ਕਿ ਜਹਾਂਗੀਰੀ', ਭਟ ਵਹੀਆਂ, ਅਤੇ ਸ. ਰਣਧੀਰ ਸਿੰਘ ਦੇ ਆਧਾਰ ਤੇ, ਸਾਡੇ ਵਿਚਾਰ ਅਨੁਸਾਰ, ਗੁਰੂ ਹਰਿ ਗੋਬਿੰਦ ਜੀ ਦੀ ਜੀਵਨ-ਘਟਨਾਵਲੀ ਹੇਠ ਲਿਖੇ ਅਨੁਸਾਰ ਨਿਸਚਤ ਹੁੰਦੀ ਹੈ :

ਜਨਮ—ਸੰਮਤ 1647 ਬਿ. ਮਿਤੀ 21 ਹਾੜ, 20 ਜੂਨ 1590 ਈ.।

ਪਹਿਲਾ ਵਿਆਹ—22 ਭਾਦੋਂ 1661 ਬਿ 1604 ਈ. ਨੂੰ ਮਾਤਾ ਦਮੋਦਰੀ ਜੀ ਨਾਲ।

ਗੁਰਗਦੀ—ਜੇਠ ਸੁਦੀ ਏਕਮ 1663 ਬਿ. 27 ਮਈ 1606 ਈ.।

(ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਤਿੰਨ ਦਿਨ ਪਹਿਲਾਂ)

ਸ਼ਹੀਦੀ ਗੁਰੂ ਅਰਜਨ ਦੇਵ ਜੀ—ਜੇਠ ਸੁਦੀ ਚੌਥ, 1663 ਬਿ; ਹਾੜ ਦੀ ਸੰਗ੍ਰਾਂਦ, 30 ਮਈ, 1606 ਈ.।

ਮਾਲਵੇ ਵਿਚ ਪਿੰਡ ਡਰੋਲੀ ਪਹੁੰਚਣਾ—ਜੇਠ ਸੁਦੀ ਅਸ਼ਟਮੀ, 1663 ਬਿ. 3 ਜੂਨ, 1606 ਈ.।

---

5. ਗੁਰਪ੍ਰਣਾਲੀਆਂ, (ਸੰ.) ਰਣਧੀਰ ਸਿੰਘ (ਸਿਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 1977), ਪੰਨਾ 266.

6. ਉਕਤ, ਪੰਨਾ 284.

ਡਰੋਲੀ ਵਿਖੇ ਬਾਬਾ ਗੁਰਦਿਤਾ ਜੀ ਦਾ ਜਨਮ—ਅਸੂ ਪੂਰਨਿਮਾ, 1665 ਬਿ; ਤਕਰੀਬਨ ਅਕਤੂਬਰ, 1607 ਈ. ।

ਗੋਇੰਦਵਾਲ ਵਾਪਸੀ ਤੇ ਗਰਿਫ਼ਤਾਰੀ—1665 ਬਿ; ਤਕਰੀਬਨ ਦਸੰਬਰ, 1607 ਈ. ।

ਗੜ੍ਹ ਗਵਾਲੀਅਰ ਤੋਂ ਰਿਹਾਈ—28 ਕਤਕ (ਕਤਕ ਵਦੀ 14) 1676 ਬਿ; ਤਕਰੀਬਨ ਨਵੰਬਰ, 1619 ਈ. ।

ਬਾਦਸ਼ਾਹੀ ਬਾਗ ਕਲਾਨੌਰ ਵਿਖੇ ਮੁਕੰਮਲ ਰਿਹਾਈ—1 ਫਗਣ, 1676 ਬਿ; ਤਕਰੀਬਨ ਫਰਵਰੀ 1620 ਈ. ।

ਦੂਜਾ ਵਿਆਹ—1 ਵਿਸਾਖ, 1677 ਬਿ. (ਮਾਤਾ ਨਾਨਕੀ) 28 ਮਾਰਚ, 1620 ਈ. ।

ਤੀਜਾ ਵਿਆਹ (ਮਾਤਾ ਮਹਰਾਈ)—11 ਸਾਵਣ 1677 ਬਿ. 10 ਜੁਲਾਈ, 1620 ਈ. ।

ਇਸ ਤਰਾਂ ਇਨਾਂ ਦੋਹਾਂ ਸ਼ਾਦੀਆਂ ਤੋਂ ਸੰਤਾਨ-ਉਤਪਤੀ 1620 ਈ. ਤੋਂ ਬਾਅਦ ਹੀ ਸੰਭਵ ਹੈ । ਭਾਵ ਇਹ ਕਿ ਕੇਵਲ ਸੰਤਾਨ-ਉਤਪਤੀ ਦੇ ਆਧਾਰ ਤੇ ਰਿਹਾਈ ਦੀ ਮਿਤੀ ਨਿਸਚਤ ਕਰਨੀ ਉਚਿਤ ਨਹੀਂ ਹੈ । ਗੁਰੂ ਹਰਿ ਗੋਬਿੰਦ ਜੀ ਦੀ ਗਰਿਫ਼ਤਾਰੀ ਅਤੇ ਰਿਹਾਈ ਸਬੰਧੀ ਉਪਰੋਕਤ ਵੇਰਵੇ ਅਜ ਤਕ ਪਰਾਪਤ ਇਤਿਹਾਸਕ ਸਮਾਗਰੀ ਦੇ ਆਧਾਰ ਤੇ ਨਿਸਚਤ ਕੀਤੇ ਗਏ ਹਨ । ਪਰ ਇਨਾਂ ਦੇ ਅੰਤਿਮ ਹੋਣ ਦਾ ਦਾਅਵਾ ਕਰਨਾ ਇਤਿਹਾਸਕ ਖੋਜ ਦੀ ਗਤੀ-ਮਾਨਤਾ ਦੇ ਵਿਰੁਧ ਹੋਵੇਗਾ ।

# ਸਿਰੀ ਹਰਿਗੋਬਿੰਦਪੁਰ ਦਾ ਇਤਿਹਾਸਕ ਸਰਵੇਖਣ

ਸੁਰਿੰਦਰ ਪਾਲ ਸਿੰਘ ਸੈਣੀ*

ਸਾਰੰਸ਼ : ਇਹ ਲੇਖ ਅਸਲ ਵਿਚ ਲੇਖਕ ਦੀ ਸਰਵੇਖਣ ਰਿਪੋਰਟ ਹੈ। ਸ਼ਹਿਰ ਦੇ ਮੁਢ ਬਝਣ ਤੋਂ ਲੈ ਕੇ ਅਜ ਤਕ ਦੇ ਸਮੇਂ ਦਾ ਸੰਖੇਪ ਹਵਾਲਾ ਦਿਤਾ ਗਿਆ ਹੈ ਅਤੇ ਸ਼ਹਿਰ ਦੇ ਪਰਮੁਖ ਅਸਥਾਨ ਵੀ ਦਿਤੇ ਗਏ ਹਨ।

—ਸ. ਸ.

ਸਿਰੀ ਹਰਿਗੋਬਿੰਦਪੁਰ ਹਦ ਬੰਸਤ ਨੰ. 11 ਜ਼ਿਲਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਵਿਚ 31° 41′ ਉਤਰ ਅਤੇ 75° 29′ ਪੂਰਬ ਦਰਿਆ ਬਿਆਸ ਦੇ ਉਤਰੀ ਕਿਨਾਰੇ ਉਤੇ ਵਸਿਆ ਹੋਇਆ ਹੈ।[1] ਮਧ ਕਾਲੀਨ ਪੰਜਾਬ ਦਾ ਇਹ ਸ਼ਹਿਰ ਹੁਣ ਇਕ ਛੋਟਾ ਕਸਬਾ ਹੈ। ਇਹ ਕਸਬਾ ਬਟਾਲਾ ਤੋਂ 30, ਅੰਮਰਿਤਸਰ ਤੋਂ 60 ਅਤੇ ਜ਼ਿਲਾ ਹੈਡਕੁਆਟਰ (ਗੁਰਦਾਸਪੁਰ) ਤੋਂ 40 ਕਿਲੋਮੀਟਰ ਦੀ ਦੂਰੀ ਉਤੇ ਹੈ। ਇਸ ਦਾ ਕੁਲ ਰਕਬਾ 1597 ਏਕੜ ਹੈ। ਜਿਸ ਵਿਚੋਂ 1125 ਏਕੜ ਉਤੇ ਕਾਸ਼ਤ ਕੀਤੀ ਜਾਂਦੀ ਹੈ, ਅਤੇ ਬਾਕੀ 472 ਏਕੜ ਵਿਚ ਇਹ ਨਗਰ ਆਬਾਦ ਹੈ।[2] ਸਾਲ 1981 ਦੀ ਮਰਦਮ ਸੁਮਾਰੀ ਅਨੁਸਾਰ ਨਗਰ ਦੀ ਆਬਾਦੀ 3181 ਸੀ ਜਦ ਕਿ ਹੁਣ ਇਸ ਦੀ ਆਬਾਦੀ 4000 ਦੇ ਕਰੀਬ ਹੈ।[3]

ਸਰਵੇਖਣ ਦੌਰਾਨ ਪਤਾ ਚਲਿਆ ਹੈ ਕਿ ਇਥੇ ਮੁਹਲਾ ਸਲਵਾਨਾ, ਮੁਹਲਾ ਬਜਾਜਾਂ, ਮੁਹਲਾ ਬਾਫਿੰਦਗਾਂ, ਮੁਹਲਾ ਘੁਮਾਰਾਂ, ਮੁਹਲਾ ਪੁਰੀਆਂ, ਮੁਹਲਾ ਬਾਵਿਆਂ, ਮੁਹਲਾ ਮੇਮਰਾਂ, ਮੁਹਲਾ ਘੇਰੜਾਂ, ਮੁਹਲਾ ਪਠਾਨੀਆਂ, ਮੁਹਲਾ ਸ਼ੇਖਾਂ, ਮੁਹਲਾ ਕਨੇਰਾਂ ਅਤੇ ਮੁਹਲਾ ਸੈਣੀਆਂ ਅਤੇ ਗੁਰੂ ਕੀ ਗਲੀ, ਰੋੜਿਆਂ ਦੀ ਗਲੀ, ਭਲਿਆਂ ਦੀ ਗਲੀ, ਥਾਪੜਾਂ ਦੀ ਗਲੀ ਆਦਿ ਮੌਜੂਦ ਹਨ।[4]

ਇਸ ਤੋਂ ਇਹ ਸਿਧ ਹੁੰਦਾ ਹੈ ਕਿ ਇਥੇ ਵਖ ਵਖ ਜਾਤਾਂ, ਗੋਤਾਂ, ਨਸਲਾਂ, ਧਰਮਾਂ ਅਤੇ ਪੇਸ਼ਿਆਂ ਨਾਲ ਸੰਬੰਧਿਤ ਲੋਕ ਆਬਾਦ ਸਨ।

ਇਸ ਨਗਰ ਵਿਚ ਮਿਉਂਸੀਪਲ ਕਮੇਟੀ ਦਾ ਗਠਨ 1867 ਈ. ਵਿਚ ਹੋਇਆ।[5] ਪਹਿਲਾਂ ਇਹ ਇਕ ਸਮਾਲ ਟਾਊਨ (small town) ਕਮੇਟੀ ਸੀ। 1955 ਈ. ਵਿਚ ਇਹ ਤੀਜੇ ਦਰਜੇ ਦੀ ਕਮੇਟੀ ਬਣੀ, ਜੋ ਹੁਣ ਤਕ ਕਾਇਮ ਹੈ।[6]

---

*ਡਿਪਾਰਟਮੈਂਟ ਆਫ ਗੁਰੂ ਨਾਨਕ ਸਟਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਰਿਤਸਰ।

1. *Imperial Gazetteer of India*, Provincial Series Punjab Vol. II, (Usha Publication, Superintendent of Government Printing, 1908.)
2. ਪਟਵਾਰਖਾਨੇ ਤੋਂ ਮਿਲੀ ਸੂਚਨਾ ਅਨੁਸਾਰ।
3. ਮਿਉਂਸੀਪਲ ਕਮੇਟੀ ਦੇ ਦਫਤਰ ਤੋਂ ਮਿਲੀ ਸੂਚਨਾ ਅਨੁਸਾਰ।
4. ਇਨਾਂ ਗਲੀਆਂ ਅਤੇ ਮੁਹਲਿਆਂ ਦੀ ਹੋਂਦ ਬਾਰੇ ਜਾਣਕਾਰੀ ਦੇਸ਼ ਦੀ ਵੰਡ ਤੋਂ ਪੂਰਵ ਤਿਆਰ ਕੀਤੇ ਨਕਸ਼ੇ ਤੋਂ, ਜੋ ਮਿਉਂਸੀਪਲ ਕਮੇਟੀ ਦੇ ਦਫਤਰ ਵਿਚ ਮੌਜੂਦ ਹੈ, ਵੀ ਮਿਲਦੀ ਹੈ।
5. *Imperial Gazetteer of India*, p. 74.
6. ਮਿਉਂਸੀਪਲ ਕਮੇਟੀ ਦਫਤਰ ਤੋਂ ਮਿਲੀ ਸੂਚਨਾ ਅਨੁਸਾਰ।

ਸ਼ਹਿਰ ਦੀ ਸਥਾਪਨਾ ਅਤੇ ਇਸ ਦੇ ਨਾਮ ਬਾਰੇ ਕਈ ਮਤ ਭੇਦ ਪਾਏ ਜਾਂਦੇ ਹਨ । ਕਿਹਾ ਜਾਂਦਾ ਹੈ ਕਿ ਜਿਸ ਸਥਾਨ ਉਤੇ ਹੁਣ ਸਿਰੀ ਹਰਿਗੋਬਿੰਦਪੁਰ ਨਗਰ ਵਸ ਰਿਹਾ ਹੈ, ਉਥੇ ਪਹਿਲਾਂ ਰੋਹੀਲਾ ਨਾਮੀ ਪਿੰਡ ਆਬਾਦ ਸੀ ।[7]

ਇਹ ਵੀ ਸੂਚਨਾ ਮਿਲਦੀ ਹੈ ਕਿ ਸ਼ਹਿਰ ਦੀ ਸਥਾਪਨਾ ਗੁਰੂ ਅਰਜਨ ਦੇਵ ਨੇ 1644 ਬਿ. (1587 ਈ.) ਵਿਚ ਕੀਤੀ ਸੀ ਤੇ ਇਸ ਦਾ ਨਾਮ ਗੋਬਿੰਦਪੁਰ ਰਖਿਆ ਸੀ ।[8] ਪਰ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਅੰਮਿਰਤਸਰ ਤੋਂ ਉਤਰ-ਪੂਰਬ ਵਲ ਹੋਰ ਕੋਈ ਇਤਿਹਾਸਕ ਸਥਾਨ ਨਾ ਹੋਣ ਕਰਕੇ ਉਪਰੋਕਤ ਮਤ ਕੋਈ ਬਹੁਤਾ ਤਰਕ ਸੰਗਤ ਨਹੀਂ ਜਾਪਦਾ । ਦੂਜਾ ਇਹ ਸੂਚਨਾ ਬਹੁਤ ਬਾਅਦ ਦੀ ਹੈ । ਜ਼ਿਆਦਾਤਰ ਅਤੇ ਮੁਢਲੇ ਸਰੋਤ ਇਸ ਮਤ ਨਾਲ ਸਹਿਮਤ ਹਨ ਕਿ ਇਸ ਸ਼ਹਿਰ ਨੂੰ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਰੋਹੀਲਾ ਨਾਮੀ ਪਿੰਡ ਦੇ, ਜੋ ਭਗਵਾਨ ਦਾਸ ਘੇਰੜ ਦੀ ਜਾਗੀਰ ਸੀ, ਸਥਾਨ ਉਤੇ 17ਵੀਂ ਸਦੀ ਦੇ ਚੌਥੇ ਦਹਾਕੇ ਵਿਚ ਵਸਾਇਆ ਸੀ ।

ਸ਼ਹਿਰ ਦਾ ਮੌਜੂਦਾ ਨਾਂ ਨਿਸਚੇ ਹੀ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਨਾਂ ਨਾਲ ਜੁੜਿਆ ਹੋਇਆ ਹੈ । ਪਰ ਗੁਰੂ ਹਰਿ ਗੋਬਿੰਦ ਤੋਂ ਪਹਿਲਾਂ ਇਥੇ ਕਿਸੇ ਪਿੰਡ ਦੇ ਆਬਾਦ ਹੋਣ ਤੋਂ ਇਨਕਾਰ ਕਰਨਾ ਸੰਭਵ ਨਹੀਂ ਕਿਉਂਕਿ ਸਰਵੇਖਣ ਦੌਰਾਨ ਪਤਾ ਲਗਿਆ ਹੈ ਕਿ ਰੋਹੀਲਾ ਜੋ ਕਿ ਇਸ ਨਗਰ ਦਾ ਪਹਿਲਾ ਨਾਂ ਮੰਨਿਆ ਜਾਂਦਾ ਹੈ, ਸਿਰੀ ਹਰਿਗੋਬਿੰਦਪੁਰ ਤੋਂ ਅਧ ਕੁ ਕਿਲੋਮੀਟਰ ਦੀ ਦੂਰੀ ਉਤੇ ਥੇਹ ਦੇ ਰੂਪ ਵਿਚ ਮੌਜੂਦ ਹੈ ।

ਸਾਡੇ ਮਤ ਅਨੁਸਾਰ ਇਹ ਸ਼ਹਿਰ ਛੋਟੇ ਵਪਾਰਕ ਰਸਤੇ ਉਤੇ ਸਥਿਤ ਹੋਣ ਕਰਕੇ ਇਥੇ ਕਿਸੇ ਕਿਸਮ ਦੀ ਆਬਾਦੀ ਦੀ ਹੋਂਦ ਨੂੰ ਰਦ ਨਹੀਂ ਕੀਤਾ ਜਾ ਸਕਦਾ । ਬੇਸ਼ਕ ਸਮੇਂ ਦੇ ਬੀਤਣ ਨਾਲ ਇਸ ਨਗਰ ਦੇ ਕਈ ਨਾਮ ਭਾਵ ਰੋਹੀਲਾ ਸਿਰੀ ਗੋਬਿੰਦਪੁਰ ਜਾਂ ਸਿਰੀ ਹਰਿਗੋਬਿੰਦਪੁਰ ਵਿਚ ਤਬਦੀਲ ਹੁੰਦੇ ਰਹੇ ।

ਸਿਰੀ ਹਰਿਗੋਬਿੰਦਪੁਰ ਨਗਰ ਬਿਆਸ ਦਰਿਆ ਦੇ ਉਤਰੀ ਕਿਨਾਰੇ ਉਤੇ ਸਥਿਤ ਹੈ । ਲਗਦਾ ਹੈ ਕਿ ਇਹ ਨਗਰ ਕਿਸੇ ਵਪਾਰਕ ਰਸਤੇ ਦੇ ਨੇੜੇ ਹੀ ਸੀ ਤੇ ਇਥੋਂ ਦਰਿਆ ਤੋਂ ਪਾਰ ਅਤੇ ਨੇੜੇ ਤੇੜੇ ਦੇ ਹੋਰ ਇਲਾਕਿਆਂ ਨਾਲ ਵਾਪਾਰ ਕਰਨ ਦਾ ਪਤਾ ਸ਼ਹਿਰ ਦੇ ਸਰਵੇਖਣ ਦੌਰਾਨ ਸ਼ਹਿਰੀਆਂ ਤੋਂ ਲਗਿਆ ਹੈ । ਆਧੁਨਿਕ ਸਰੋਤਾਂ ਵਿਚੋਂ ਵੀ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ ਸਿਰੀ ਹਰਿਗੋਬਿੰਦ ਪੁਰ ਵਿਚ ਮੁਖ ਤੌਰ ਉਤੇ ਖੰਡ ਦਾ ਵਪਾਰ ਹੁੰਦਾ ਸੀ ਤੇ ਇਥੇ ਖੰਡ ਸਾਫ ਕਰਨ ਦੇ ਕਈ ਕਾਰਖਾਨੇ ਸਨ ।[9] ਇਸ ਤੋਂ ਇਲਾਵਾ ਇਥੋਂ ਦੇ ਵੜੇ, ਮਿਠਿਆਈਆਂ ਅਤੇ ਕੰਘੇ ਬੜੇ ਪਰਸਿਧ ਸਨ ਤੇ ਹੋਰਨਾ ਸ਼ਹਿਰਾਂ ਨੂੰ ਭੇਜੇ ਜਾਂਦੇ ਸਨ ।

ਸਿਰੀ ਹਰਿਗੋਬਿੰਦਪੁਰ ਦਾ ਸਿਖ ਇਤਿਹਾਸ ਨਾਲ ਸੰਬੰਧ ਗੁਰੂ ਅਮਰਦਾਸ ਦੇ ਵੇਲੇ ਤੋਂ ਜੁੜਿਆ ਹੋਇਆ ਮੰਨਿਆ ਜਾਂਦਾ ਹੈ । ਪਰਾਪਤ ਸਰੋਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗੁਰੂ ਅਮਰਦਾਸ ਜੀ ਕੁਝ ਸਮੇਂ ਲਈ ਇਸ ਨਗਰ ਵਿਚ ਰਹੇ ਸਨ ।[10] ਉਨਾਂ ਦੀ ਵੰਸ਼ ਵਿਚੋਂ ਭਲੇ, ਬਾਵੇ ਹੁਣ ਵੀ ਥੋੜੀ ਬਹੁਤੀ ਗਿਣਤੀ ਵਿਚ ਇਸ ਨਗਰ ਵਿਚ ਵਸਦੇ ਹਨ ।

ਕਿਹਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਇਥੇ ਇਕ ਮੰਜੀ ਵੀ ਸਥਾਪਿਤ ਕੀਤੀ ਸੀ ਤੇ ਭਾਈ ਬੂਆ ਨੂੰ ਇਥੋਂ ਦਾ ਮੰਜੀਦਾਰ ਨਿਯੁਕਤ ਕੀਤਾ ਸੀ । ਸਿਖ ਸਰੋਤਾਂ ਵਿਚ ਭਾਈ ਬੂਆ ਸਿਰੀ

---

7. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, (ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960), ਪੰਨਾ 780.
8. ਉਹੀ, ਪੰਨਾ 188.
9. *Imperial Gazetteer of India*, p. 75.
10. District Cencus Hand Book No. 14, District Gurdaspur, Govt. of Punjab, Chandigarh, 1969, p. 6.

ਹਰਿਗੋਬਿੰਦਪੁਰ ਦਾ ਰਹਿਣ ਵਾਲਾ ਹੀ ਦਸਿਆ ਗਿਆ ਹੈ।[11]

ਪਰ ਜੇਕਰ ਸ਼ਹਿਰ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਥਾਪਿਤ ਮੰਨ ਲਿਆ ਜਾਵੇ ਤਾਂ ਇਹ ਮੰਜੀ ਇਥੇ ਸਥਾਪਿਤ ਹੋਣੀ ਸੰਭਵ ਪਰਤੀਤ ਨਹੀਂ ਹੁੰਦੀ। ਸੰਭਵ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਇਹ ਮੰਜੀ ਰੋਹੀਲਾ ਨਾਮੀ ਪਿੰਡ ਵਿਚ ਸਥਾਪਿਤ ਕੀਤੀ ਹੋਵੇ ਤੇ ਬਾਅਦ ਵਿਚ ਇਤਿਹਾਸਕਾਰਾਂ ਨੇ ਇਸ ਨੂੰ ਸਿਰੀ ਹਰਿਗੋਬਿੰਦ ਪੁਰ ਦੇ ਨਾਮ ਨਾਲ ਹੀ ਸੰਬੰਧਿਤ ਕਰ ਦਿਤਾ ਹੋਵੇ।

ਸ਼ਹਿਰ ਦੇ ਸਰਵੇਖਣ ਦੌਰਾਨ ਕੁਝ ਪਤਵੰਤੇ ਸ਼ਹਿਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਥੇ ਗੁਰੂ ਅਮਰਦਾਸ ਜੀ ਦੇ ਵੰਸ਼ ਨਾਲ ਸੰਬੰਧਿਤ ਇਕ ਧਰਮਸਾਲਾ ਵੀ ਹੈ ਜਿਸ ਨੂੰ ਕਿ 'ਭਲਿਆਂ ਬਾਵਿਆਂ ਦੀ ਧਰਮਸਾਲਾ' ਕਰਕੇ ਜਾਣਿਆ ਜਾਂਦਾ ਹੈ। ਇਸ ਤੋਂ ਇਥੇ ਕੋਈ ਮੰਜੀ ਮੌਜੂਦ ਹੋਣ ਦੇ ਮਤ ਨੂੰ ਸਹਾਇਤਾ ਮਿਲਦੀ ਹੈ।

ਭਾਵੇਂ ਕੁਝ ਸਰੋਤ ਸ਼ਹਿਰ ਦੀ ਸਥਾਪਨਾ ਗੁਰੂ ਅਰਜਨ ਦੇਵ ਦੁਆਰਾ ਹੋਈ ਮੰਨ ਕੇ ਇਸ ਦਾ ਨਾਮ ਸਿਰੀ ਗੋਬਿੰਦਪੁਰ ਦਸਦੇ ਹਨ, ਪਰ ਇਸ ਸ਼ਹਿਰ ਨੂੰ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਕਰਨਾ ਸੰਭਵ ਨਹੀਂ ਜਾਪਦਾ। ਕਿਉਂਕਿ ਸਰਵੇਖਣ ਦੌਰਾਨ ਸ਼ਹਿਰ ਸਿਰੀ ਹਰਿਗੋਬਿੰਦ ਪੁਰ ਜਾਂ ਇਸ ਦੇ ਆਸੇ ਪਾਸੇ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਕੋਈ ਇਤਿਹਾਸਕ ਯਾਦਗਾਰ ਨਹੀਂ ਲਭਦੀ। ਦੂਜਾ ਮਹਾਨ ਕੋਸ਼ ਤੋਂ ਪਹਿਲਾਂ ਕਿਸੇ ਸਰੋਤ ਵਿਚ ਵੀ ਇਸ ਸ਼ਹਿਰ ਨੂੰ ਗੁਰੂ ਅਰਜਨ ਦੇਵ ਨਾਲ ਜੋੜਿਆ ਨਹੀਂ ਗਿਆ।

ਇਸ ਸ਼ਹਿਰ ਦਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਬੜਾ ਡੂੰਘਾ ਸੰਬੰਧ ਮੰਨਿਆ ਜਾਂਦਾ ਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੀ ਕੈਦ ਤੋਂ ਰਿਹਾ ਕਰਦਿਆਂ ਬਾਦਸ਼ਾਹ ਜਹਾਂਗੀਰ ਨੇ ਚੰਦੂ ਦੀ ਜਾਗੀਰ ਜੋ ਰੋਹੀਲਾ ਨਾਮੀ ਪਿੰਡ ਵਿਚ ਸੀ, ਵੀ ਗੁਰੂ ਸਾਹਿਬ ਦੇ ਸਪੁਰਦ ਕਰ ਦਿਤੀ। ਜਦ ਗੁਰੂ ਸਾਹਿਬ ਇਸ ਸਥਾਨ ਨੂੰ ਆਪਣੇ ਕਬਜ਼ੇ ਵਿਚ ਕਰਨ ਆਏ ਤਾਂ ਇਹ ਪਿੰਡ ਉਸ ਸਮੇਂ ਚੰਦੂ ਦੇ ਇਕ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਦੇ ਅਧੀਨ ਸੀ। ਭਗਵਾਨ ਦਾਸ ਨੇ ਗੁਰੂ ਸਾਹਿਬ ਨੂੰ ਇਥੇ ਡੇਰਾ ਲਾਉਣ ਤੋਂ ਰੋਕਿਆ। ਜਿਸ ਦੇ ਫਲ ਸਰੂਪ ਭਗਵਾਨ ਦਾਸ ਸਿਖਾਂ ਹਥੋਂ ਮਾਰਿਆ ਗਿਆ। ਅੰਤ 1621 ਈ. ਵਿਚ ਜਲੰਧਰ ਦੇ ਫੌਜਦਾਰ ਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਵਿਚਕਾਰ ਯੁਧ ਹੋਇਆ ਜਿਸ ਵਿਚ ਗੁਰੂ ਸਾਹਿਬ ਦੀ ਫਤਹਿ ਹੋਈ।[12] ਫਿਰ ਏਸੇ ਰੋਹੀਲਾ ਨਾਮੀ ਪਿੰਡ ਦੀ ਥਾਂ ਉਤੇ ਗੁਰੂ ਸਾਹਿਬ ਨੇ ਇਕ ਨਵਾਂ ਨਗਰ ਆਬਾਦ ਕੀਤਾ। ਇਸ ਦਾ ਨਾਮ ਸਿਰੀ ਹਰਿਗੋਬਿੰਦਪੁਰ ਰਖਿਆ ਗਿਆ।[13]

ਭਾਵੇਂ ਇਸ ਸ਼ਹਿਰ ਨੂੰ ਵਧੇਰੇ ਕਰ ਕੇ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਪਰ ਉਨ੍ਹਾਂ ਤੋਂ ਪੂਰਵ ਇਥੇ ਕੋਈ ਆਬਾਦ ਪਿੰਡ ਦਾ ਗੁਰੂ ਘਰ ਨਾਲ ਕੋਈ ਸੰਬੰਧ ਹੋਣ ਦੀ ਸੰਭਾਵਨਾ ਨੂੰ ਸਹਿਜੇ ਰਦ ਨਹੀਂ ਕੀਤਾ ਜਾ ਸਕਦਾ।

18 ਵੀਂ ਸਦੀ ਦੇ ਪਹਿਲੇ ਅਧ ਵਿਚ ਮੁਗਲ ਸਰਕਾਰ ਨਾਲ ਸੰਘਰਸ਼ ਕਰਦਿਆ ਸਿਖਾਂ ਨੇ ਜਦ ਆਪਣੇ ਆਪ ਨੂੰ ਮਿਸਲਾਂ ਵਿਚ ਸੰਗਠਿਤ ਕੀਤਾ ਤਾਂ ਉਸ ਸਮੇਂ ਇਹ ਸ਼ਹਿਰ ਰਾਮਗੜੀਆ

---

11. ਤਾਰਾਂ ਹਰਿ ਨਰੋਤਮ, ਗੁਰ ਤੀਰਥ ਸੰਗ੍ਰਹਿ, (ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ, 1975), ਪੰਨਾ 273.
12. ਸੇਵਾ ਸਿੰਘ, ਸ਼ਹੀਦ ਬਿਲਾਸ ਭਾਈ ਮਨੀ ਸਿੰਘ (ਸੰਪ) ਗਰਜਾ ਸਿੰਘ (ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1961), ਪੰਨੇ 5, 20 ਅਤੇ Fauja Singh, *Chronology of the Battles of Guru Hargobind*, Punjab History Conference Proceedings (Punjabi University, Patiala 1971), pp. 136-37.
13. ਸਰੂਪ ਦਾਸ ਭਲਾ, ਮਹਿਮਾ ਪ੍ਰਕਾਸ਼ (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971), ਪੰਨਾ 423-24

ਮਿਸਲ ਦੇ ਅਧਿਕਾਰ ਖੇਤਰ ਹੇਠ ਸੀ ।

ਕਿਹਾ ਜਾਂਦਾ ਹੈ ਕਿ ਸਿਰੀ ਹਰਿਗੋਬਿੰਦਪੁਰ ਜਸਾ ਸਿੰਘ ਰਾਮਗੜੀਆ ਦੀ ਰਾਜਧਾਨੀ ਸੀ ।[14] ਉਸ ਨੇ ਇਸ ਨਗਰ ਦੀ ਸੁਰਖਿਆ ਲਈ ਚਾਰੇ ਪਾਸੇ ਇਕ ਫਸੀਲ ਬਣਾਈ ਸੀ । ਪਰਾਪਤ ਸਰੋਤਾਂ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਪਹਿਲਾਂ ਇਸ ਨਗਰ ਦੀ ਆਬਾਦੀ ਸਾਢੇ ਚਾਰ ਹਜ਼ਾਰ ਸੀ ਤੇ ਰਾਮਗੜ੍ਹੀਏ ਸਰਦਾਰਾਂ ਦੀ ਰਾਜਧਾਨੀ ਬਣਨ ਦੇ ਨਾਲ ਹੀ ਇਸ ਦੀ ਆਬਾਦੀ 22 ਹਜ਼ਾਰ ਤਕ ਪੁਜ ਗਈ । ਦਸਿਆ ਜਾਂਦਾ ਹੈ ਕਿ ਗੁਰਦੁਆਰਾ ਦਮਦਮਾ ਸਾਹਿਬ ਦੀ ਇਮਾਰਤ ਵੀ ਰਾਮਗੜੀਏ ਸਰਦਾਰਾਂ ਨੇ ਬਣਵਾਈ ਸੀ ।[15]

ਸਰਵੇਖਣ ਅਤੇ ਮਿਉਂਸੀਪਲ ਕਮੇਟੀ ਦੇ ਰਿਕਾਰਡ ਤੋਂ ਬਹੁਤ ਸਾਰੀਆਂ ਇਮਾਰਤਾਂ ਦਾ ਰਾਮਗੜੀਏ ਸਰਦਾਰਾਂ ਨਾਲ ਸਬੰਧ ਹੋਣ ਦਾ ਪਤਾ ਲਗਦਾ ਹੈ ।[16] ਭਾਵੇਂ ਇਨਾਂ ਵਿਚੋਂ ਬਹੁਤ ਸਾਰੀਆਂ ਬੇ-ਆਬਾਦ ਹੋ ਚੁਕੀਆਂ ਹਨ ਪਰ ਇਨਾਂ ਦੇ ਖੰਡਰ ਪੁਰਾਣੀ ਸ਼ਾਨੋ-ਸ਼ੌਕਤ ਦੀ ਕਹਾਣੀ ਬਿਆਨ ਕਰਦੇ ਹਨ । ਜਦੋਂ ਜਸਾ ਸਿੰਘ ਰਾਮਗੜੀਆ ਕੁਝ ਚਿਰ ਬੀਮਾਰ ਰਹਿਣ ਉਪਰੰਤ 1803 ਈ. ਵਿਚ ਸਿਰੀ ਹਰਿਗੋਬਿੰਦ ਵਿਚ ਪਰਲੋਕ ਸਿਧਾਰਿਆ ਤਾਂ ਉਸ ਦੀ ਸਮਾਧ ਉਸ ਦੇ ਪੁਤਰ ਨੇ ਸਿਰੀ ਹਰਿਗੋਬਿੰਦਪੁਰੇ ਬਣਾਈ ਸੀ । ਇਹ ਉਚਿਤ ਦੇਖ-ਭਾਲ ਨਾ ਹੋਣ ਕਰਕੇ ਦਰਿਆ ਬਿਆਸ ਰੋਹੜ ਕੇ ਲੈ ਗਿਆ ।[17] ਬਦਕਿਸਮਤੀ ਦੀ ਗਲ ਹੈ ਕਿ ਜਿਸ ਸਰਦਾਰ ਦਾ ਇਸ ਸ਼ਹਿਰ ਨਾਲ ਬੜਾ ਨੇੜ ਦਾ ਸੰਬੰਧ ਸੀ, ਉਸ ਦੀ ਹੁਣ ਕੋਈ ਯਾਦਗਾਰ ਬਾਕੀ ਨਹੀਂ ।

ਜਸਾ ਸਿੰਘ ਰਾਮਗੜੀਆ ਤੋਂ ਪਿਛੋਂ ਮਿਸਲ ਦੀ ਵਾਗਡੋਰ ਉਸ ਦੇ ਪੁਤਰ ਸ. ਜੋਧ ਸਿੰਘ ਦੇ ਹਥ ਆ ਗਈ ।

1814 ਈ. ਵਿਚ ਸ. ਜੋਧ ਸਿੰਘ ਦੀ ਮੌਤ ਹੋ ਜਾਣ ਤਕ ਇਸ ਸ਼ਹਿਰ ਨੂੰ ਰਾਮਗੜੀਆ ਮਿਸਲ ਦੀ ਰਾਜਧਾਨੀ ਹੋਣ ਦਾ ਮਾਣ ਪਰਾਪਤ ਰਿਹਾ । ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਰਾਮਗੜੀਆ ਮਿਸਲ ਦੇ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ ਤੇ ਰਾਮਗੜੀਆ ਜੋਧ ਸਿੰਘ ਦੇ ਉਤਰਾਧਿਕਾਰੀਆਂ ਨੂੰ ਗੁਜ਼ਾਰੇ ਲਈ ਕੁਝ ਜਾਗੀਰ ਲਾ ਦਿਤੀ ।[18]

ਮਹਾਰਾਜਾ ਰਣਜੀਤ ਸਿੰਘ ਦਾ ਆਪਣੀਆਂ ਮੁਹਿੰਮਾਂ ਅਤੇ ਸ਼ਿਕਾਰ ਦੌਰਾਨ ਸਿਰੀ

---

14. ਬਖਸ਼ੀ ਸਿੰਘ ਆਦਿਲ, ਮਹਾਰਾਜਾ ਜੱਸਾ ਸਿੰਘ ਰਾਮਗੜੀਆ (ਲਿਟ੍ਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, ਮਿਤੀ ਹੀਨ), ਪੰਨਾ 32.
15. ਉਕਤ, ਪੰਨਾ 52.
16. ੳ) ਸਰਦਾਰ ਜਸਾ ਸਿੰਘ ਦਾ ਦੋ ਮੰਜ਼ਲਾ ਮਕਾਨ ਖੰਡਰਾਂ ਦੀ ਸ਼ਕਲ ਵਿਚ ਗੈਰ-ਆਬਾਦ.
    ਅ) ਮਕਾਨ ਨੰ. 1099, ਕੂਚਾ ਥਾਪੜਾਂ.
    ੲ) ਮਕਾਨ ਨੰ 1279, ਦੋ ਮੰਜ਼ਲਾ ਪਕਾ ਮਕਾਨ ਕੂਚਾ ਅਰੋੜਿਆਂ.
    ਸ) ਮਕਾਨ ਨੰ. 1118, ਕੂਚਾ ਥਾਪੜਾਂ
    ਹ) ਮਕਾਨ ਨੰ, 891, ਕੂਚਾ ਅਰਾਰਜਾਂ.
    ਕ) ਮਕਾਨ ਨੰ. 1531, ਲਾਹੌਰੀ ਦਰਵਾਜ਼ਾ.
    ਖ) ਮਕਾਨ ਨੰ. 1104, ਪਕੀ ਹਵੇਲੀ.
    ਗ) ਮਕਾਨ ਨੰ. 1605, ਇਕ ਦੁਕਾਨ ਹੈ,
    ਘ) ਹਵੇਲੀ ਇਮਲੀ ਵਾਲੀ ਜਿਥੇ ਜਸਾ ਸਿੰਘ ਆਹਲੂਵਾਲੀਏ ਨੂੰ ਕੈਦ ਰਖਿਆ.
    ਙ) ਸ. ਜਸਾ ਸਿੰਘ ਰਾਮਗੜੀਏ ਦਾ ਦੀਵਾਨ ਖਾਨਾ.
    ਚ) ਇਕ ਛੋਟਾ ਜਿਹਾ ਕਿਲਾ ਤੇ ਬਾਹਰ ਵਡਾ ਖੂਹ, ਜੋ ਅਜ ਕਲ ਪੂਰ ਦਿਤਾ ਹੈ । ਪਹਿਲਾਂ ਇਹ ਚਾਣਾ ਸੀ, ਅਜ ਬਾਵਿਆਂ ਕੋਲ ਹੈ ।
17. ਬਖਸ਼ੀ ਸਿੰਘ ਆਦਿਲ, ਪਿਠਅੰਕਤ, ਪੰਨਾ 45.
18. ਸੋਹਨ ਲਾਲ ਸੂਰੀ, ਉਮਦਾ ਉਤਵਾਰੀਖ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਰਿਤਸਰ ਭਾਗ ਦੂਜਾ, 1985), ਪੰਨਾ 235,

ਹਰਿਗੋਬਿੰਦਪੁਰ ਦੇ ਰਸਤੇ ਦਰਿਆ ਬਿਆਸ ਪਾਰ ਕਰਨ ਤੇ ਇਥੇ ਠਹਿਰਣ ਦੇ ਕਈ ਹਵਾਲੇ ਸਮਕਾਲੀ ਲਿਖਤਾਂ ਤੋਂ ਪਰਾਪਤ ਹੁੰਦੇ ਹਨ ।[19] ਜਿਸ ਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਸਿਖ ਰਾਜ ਸਮੇਂ ਦਰਿਆ ਬਿਆਸ ਪਾਰ ਕਰਨ ਲਈ ਸਿਰੀ ਹਰਿਗੋਬਿੰਦਪੁਰ ਬੜਾ ਅਹਿਮ ਸਥਾਨ ਸੀ ।

1849 ਈ. ਵਿਚ ਪੰਜਾਬ ਉਪਰ ਅੰਗਰੇਜ਼ਾਂ ਦਾ ਸ਼ਾਸਨ ਹੋਇਆ । ਉਨਾਂ ਨੇ 1867 ਈ. ਵਿਚ ਇਥੇ ਸਮਾਲ ਟਾਊਨ (small town) ਕਮੇਟੀ ਦਾ ਗਠਨ ਕੀਤਾ । ਅੰਗਰੇਜ਼ੀ ਅਹਿਦ ਦੇ ਦੌਰਾਨ ਹੀ ਇਥੇ ਇਕ ਐਂਗਲੋ ਵਰਨੈਕੂਲਰ ਮਿਡਲ ਸਕੂਲ ਅਤੇ ਇਕ ਡਿਸਪੈਂਸਰੀ ਵੀ ਕਾਇਮ ਕੀਤੀ ਸੀ । ਇਨਾਂ ਦੀ ਦੇਖ-ਰੇਖ ਇਸ ਕਮੇਟੀ ਦੇ ਹੀ ਸਪੁਰਦ ਸੀ ।[20]

1902-03 ਈ. ਵਿਚ ਅੰਗਰੇਜ਼ਾਂ ਨੇ ਇਸ ਇਲਾਕੇ ਨੂੰ ਸਿੰਚਾਈ ਦੀਆਂ ਸਹੂਲਤਾਂ ਦੇਣ ਲਈ ਇਕ ਨਹਿਰ ਖੁਦਵਾਈ ਜੋ ਸ਼ਹਿਰ ਦੇ ਪਛਮ ਵਾਲੇ ਪਾਸੇ ਤੋਂ ਗੁਜ਼ਰਦੀ ਹੈ । ਕਿਸੇ ਸਮੇਂ ਸਿਰੀ ਹਰਿਗੋਬਿੰਦਪੁਰ ਨੂੰ ਰੇਲਵੇ ਲਾਈਨ ਦੇ ਨਾਲ ਜੋੜਨ ਦੀ ਸਕੀਮ ਵੀ ਬਣਾਈ ਗਈ ਸੀ । ਦਸਿਆ ਜਾਂਦਾ ਹੈ ਕਿ ਬਟਾਲਾ ਕਾਦੀਆਂ ਰੇਲਵੇ ਲਾਈਨ ਨੂੰ ਸਿਰੀ ਹਰਿਗੋਬਿੰਦਪੁਰ ਤੋਂ ਅਗੇ ਅੰਮਰਿਤਸਰ-ਜਲੰਧਰ ਸਟੇਸ਼ਨ ਉਤੇ ਬੁਟਾਰੀ ਰੇਲਵੇ ਸਟੇਸ਼ਨ ਨਾਲ ਜੋੜਨ ਦੀ ਸਕੀਮ ਸੀ ਤੇ ਇਸ ਸਕੀਮ ਉਪਰ ਅਮਲ ਦੌਰਾਨ ਕਾਦੀਆਂ ਤੋਂ ਸਿਰੀ ਹਰਿਗੋਬਿੰਦਪੁਰ ਤਕ ਰੇਲਵੇ ਲਾਈਨ ਵਿਛਾ ਵੀ ਦਿਤੀ ਗਈ ਤੇ ਸਟੇਸ਼ਨ ਵੀ ਕਾਇਮ ਕਰ ਦਿਤੇ ਗਏ ਸਨ । ਪਰ ਬਾਅਦ ਵਿਚ 1933-34 ਈ. ਵਿਚ ਰੇਲਵੇ ਦੇ ਕਿਸੇ ਅਧਿਕਾਰੀ ਸਰ ਜ਼ਫਰੁਲਾ ਦੇ ਹੁਕਮ ਅਨੁਸਾਰ ਇਸ ਸਕੀਮ ਉਪਰ ਅਮਲ ਰੋਕ ਦਿਤਾ ਗਿਆ ਤੇ ਰੇਲਵੇ ਸਟੇਸ਼ਨ ਨਿਲਾਮ ਕਰ ਦਿਤੇ ਗਏ । ਇਸ ਤਰਾਂ ਇਸ ਸ਼ਹਿਰ ਨੂੰ ਰੇਲਵੇ ਦੀ ਸਹੂਲਤ ਮਿਲਦੀ ਮਿਲਦੀ ਰਹਿ ਗਈ ।[21]

ਦੇਸ਼ ਦੀ ਵੰਡ ਤੋਂ ਬਾਅਦ ਇਸ ਸਹਿਰ ਦੇ ਜੰਮਪਲ ਸ. ਸੋਭਾ ਸਿੰਘ ਨੇ ਪੰਜਾਬ ਅਤੇ ਸਿਖ ਚਿਤਰਕਲਾ ਦੇ ਖੇਤਰ ਵਿਚ ਬੜਾ ਨਾਮ ਕਮਾਇਆ ਤੇ ਉਸ ਦੇ ਨਾਂ ਹੇਠ ਇਥੇ ਸੋਭਾ ਸਿੰਘ ਆਰਟ ਗੈਲਰੀ ਕਾਇਮ ਕੀਤੀ ਗਈ ਹੈ । 1977 ਈ. ਵਿਚ ਪੰਜਾਬ ਦੀ ਅਕਾਲੀ ਸਰਕਾਰ ਨੇ ਇਸ ਸ਼ਹਿਰ ਦੀ ਧਾਰਮਿਕ ਅਤੇ ਇਤਿਹਾਸਕ ਮਹਤਤਾ ਨੂੰ ਧਿਆਨ ਵਿਚ ਰਖਦੇ ਹੋਏ ਇਸ ਦੇ ਵਿਕਾਸ ਲਈ ਇਕ ਮਾਸਟਰ ਪਲੈਨ (Master Plan) ਵੀ ਤਿਆਰ ਕੀਤੀ ਸੀ ।[22] ਪਰ ਇਹ ਯੋਜਨਾ ਕਾਗਜ਼ੀ ਕਾਰਵਾਈ ਤਕ ਹੀ ਸੀਮਤ ਰਹਿ ਗਈ ਲਗਦੀ ਹੈ । ਕਿਉਂਕਿ ਇਸ ਉਪਰ ਅਜੇ ਤਕ ਕੋਈ ਅਮਲ ਹੋਇਆ ਨਹੀਂ ਜਾਪਦਾ ।

ਮਧ ਯੁਗ ਦੇ ਸ਼ਹਿਰਾਂ ਵਾਂਗ ਸਿਰੀ ਹਰਿਗੋਬਿੰਦਪੁਰ ਦੇ ਚਾਰੇ ਪਾਸੇ ਸੁਰਖਿਆ ਲਈ ਇਕ ਫਸੀਲ ਸੀ । ਜਿਸ ਦੇ ਬਚੇ ਖੁਚੇ ਖੰਡਰਾਂ ਦੇ ਨਿਸ਼ਾਨ ਅਜ ਵੀ ਦੇਖਣ ਨੂੰ ਮਿਲ ਜਾਂਦੇ ਹਨ । ਸ਼ਹਿਰ ਵਿਚ ਦਾਖਲ ਹੋਣ ਲਈ ਪੰਜ ਦਰਵਾਜ਼ੇ ਸਨ :

ਲਾਹੌਰੀ ਦਰਵਾਜ਼ਾ, ਮਿਆਦੀ ਦਰਵਾਜ਼ਾ, ਮੋਰੀ ਦਰਵਾਜ਼ਾ, ਤਲਵਾੜਾ ਦਰਵਾਜ਼ਾ, ਸ਼ਾਹਮਾਨਾ ਦਰਵਾਜ਼ਾ ।

ਇਨਾਂ ਵਿਚੋਂ ਚਾਰ ਦਰਵਾਜ਼ੇ ਢਹਿ ਢੇਰੀ ਹੋ ਚੁਕੇ ਹਨ । ਪਰ ਲਾਹੌਰੀ ਦਰਵਾਜ਼ਾ ਅਜੇ ਤਕ ਵੀ ਮੌਜੂਦ ਹੈ ।

ਇਸ ਸ਼ਹਿਰ ਵਿਚ ਸਿਖ ਧਰਮ ਤੋਂ ਇਲਾਵਾ ਹਿੰਦੂਆਂ ਤੇ ਮੁਸਲਮਾਨਾਂ ਦੇ ਕਈ ਧਾਰਮਿਕ

---

19. ਉਹੀ, ਪੰਨਾ 437.
20. *Imperial Gazetter of India*, pp. 74-75.
21. ਪਵਿਤਰ ਨਗਰੀ ਸਿਰੀ ਹਰਗੋਬਿੰਦਪੁਰ, ਸਰਕਲ ਅਕਾਲੀ ਜਥਾ ਸਿਰੀ ਹਰਿਗੋਬਿੰਦਪੁਰ, 1979, ਪੰਨਾ 7.
22. ਮਿਉਂਸੀਪਲ ਕਮੇਟੀ ਦੇ ਦਫਤਰ ਤੋਂ ਪਰਾਪਤ ਨਕਸ਼ੇ ਅਨੁਸਾਰ ।

ਸਥਾਨ ਤੇ ਯਾਦਗਾਰਾਂ ਮਿਲਦੀਆਂ ਹਨ। ਜਿਨ੍ਹਾਂ ਵਿਚ ਮੁਖ ਥਾਵਾਂ ਇਹ ਇਹ ਹਨ :

## ਗੁਰਦੁਆਰਾ ਦਮਦਮਾ ਸਾਹਿਬ

ਇਹ ਧਾਰਮਿਕ ਸਥਾਨ ਸਿਰੀ ਹਰਿਗੋਬਿੰਦ ਪੁਰ ਨਗਰ ਤੋਂ ਤਕਰੀਬਨ ਅਧ ਮੀਲ ਦੂਰ ਪਛਮ ਵਿਚ ਅੰਮਿਰਤਸਰ ਨੂੰ ਜਾਣ ਵਾਲੀ ਸੜਕ ਉਪਰ ਸਥਿਤ ਹੈ। ਇਸ ਸਥਾਨ ਬਾਰੇ ਇਤਿਹਾਸ ਵਿਚ ਜ਼ਿਕਰ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਲੜਾਈ ਉਪਰੰਤ ਇਥੇ ਆ ਕੇ ਕਮਰਕਸਾ ਖੋਲ ਕੇ ਦਮ ਲਿਆ ਸੀ। ਜਿਸ ਕਰਕੇ ਇਸ ਸਥਾਨ ਦਾ ਨਾਂ 'ਦਮਦਮਾ ਸਾਹਿਬ' ਪਰਚਲਿਤ ਹੋਇਆ। ਪਰ ਸ਼ਹਿਰ ਦੇ ਸਰਵੇਖਣ ਦੌਰਾਨ ਮਿਲੀ ਸੂਚਨਾ ਅਨੁਸਾਰ ਲੋਕਾਂ ਵਿਚ ਇਹ ਵਿਸ਼ਵਾਸ ਵੀ ਹੈ ਕਿ ਇਸ ਸਥਾਨ ਦਾ ਨਾਂ 'ਦਮਦਮਾ' ਇਸ ਕਰਕੇ ਪਿਆ ਕਿਉਂਕਿ ਇਥੇ ਹੀ ਜਲੰਧਰ ਦੇ ਫੌਜਦਾਰ ਅਬਦੁਲ ਬੇਗ ਨੇ ਦਮ ਤੋੜਿਆ ਸੀ। ਇਸ ਸਥਾਨ ਦੀ ਇਮਾਰਤ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਹ ਕਾਫ਼ੀ ਪੁਰਾਤਨ ਹੈ।

ਇਸ ਗੁਰਦੁਆਰੇ ਵਿਚ ਤਿੰਨ ਨਿਸ਼ਾਨ ਸਾਹਿਬ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਵਿਚ ਇਕ ਛੋਟੇ ਥੜੇ ਉਪਰ ਹੈ ਜਿਸ ਨੂੰ 'ਸ਼ਹੀਦੀ ਥੜਾ' ਕਹਿੰਦੇ ਹਨ। ਇਸ ਦੇ ਉਪਰ ਕੁਝ ਨਾਂ ਲਿਖੇ ਹੋਏ ਹਨ ਜਿਨ੍ਹਾਂ ਵਿਦ ਕੁਝ ਮੁਖੀ ਸਿਖਾਂ ਦੇ ਨਾਂ ਹਨ। ਕਿਹਾ ਜਾਂਦਾ ਹੈ ਕਿ ਇਹ ਸਿਖ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਵਿਚ ਲੜਾਈ ਸਮੇਂ ਸ਼ਹੀਦ ਹੋਏ ਸਨ।

ਇਸ ਤੋਂ ਇਲਾਵਾ ਚੀਨ-ਪਾਕਿਸਤਾਨ ਦੀ ਜੰਗ ਵਿਚ ਸ਼ਹੀਦ ਹੋਏ ਇਲਾਕੇ ਦੇ ਫੌਜੀਆਂ ਦੇ ਨਾਮ ਵੀ ਏਸੇ ਗੁਰਦੁਆਰੇ ਵਿਚ ਸੰਗਮਰਮਰ ਦੀਆਂ ਸਿਲਾਂ ਉਪਰ ਉਕਰੇ ਹੋਏ ਮਿਲਦੇ ਹਨ।

ਬੇਸ਼ਕ ਇਹ ਧਾਰਮਿਕ ਸਥਾਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਅਧੀਨ ਹੈ, ਪਰ ਮੌਜੂਦਾ ਸਮੇਂ ਵਿਚ ਇਸ ਸਥਾਨ ਦੀ ਦੇਖ-ਰੇਖ ਨਿਹੰਗ ਸਿੰਘਾਂ ਦੇ ਤਰਨਾ ਦਲ ਦੇ ਹਥ ਵਿਚ ਹੈ। ਗੁਰਦੁਆਰੇ ਦੇ ਠੀਕ ਸਾਹਮਣੇ ਸਰੋਵਰ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਦਾ ਕੁਝ ਹਿਸਾ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ।

## ਗੁਰਦੁਆਰਾ ਗੁਰੂ ਕੇ ਮਹਿਲ

ਸਿਖਾਂ ਦਾ ਇਹ ਧਾਰਮਿਕ ਸਥਾਨ ਇਸ ਨਗਰ ਦੀ 'ਗੁਰੂ ਕੀ ਗਲੀ' ਵਿਚ ਸਥਿਤ ਹੈ। ਸਰਵੇਖਣ ਦੌਰਾਨ ਇਸ ਸਥਾਨ ਬਾਰੇ ਦੋ ਵਖ ਵਖ ਵਿਚਾਰ ਮਿਲਦੇ ਹਨ। ਇਕ ਵਿਚਾਰ ਅਨੁਸਾਰ ਇਸ ਸਥਾਨ ਉਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਨਿਵਾਸ ਅਸਥਾਨ ਬਣਵਾਇਆ ਹੋਇਆ ਸੀ ਜਿਸ ਕਰਕੇ ਇਸ ਨੂੰ 'ਗੁਰੂ ਕੇ ਮਹਿਲ' ਕਹਿੰਦੇ ਹਨ।

ਦੂਜੇ ਵਿਚਾਰ ਅਨੁਸਾਰ ਇਸ ਸਥਾਨ ਉਪਰ ਇਕ ਮੰਜੀ ਗੁਰੂ ਸਾਹਿਬ ਨੇ ਰਖੀ ਹੋਈ ਸੀ ਜਿਸ ਉਪਰ ਬੈਠ ਕੇ ਉਹ ਇਸ ਨਗਰ ਦੀ ਉਸਾਰੀ ਕਰਵਾਉਂਦੇ ਸਨ। ਇਸ ਕਰਕੇ ਇਸ ਸਥਾਨ ਨੂੰ 'ਗੁਰਦੁਆਰਾ ਮੰਜੀ ਸਾਹਿਬ' ਕਿਹਾ ਜਾਂਦਾ ਹੈ।

ਸਰਵੇਖਣ ਕਰਨ 'ਤੇ ਪਤਾ ਚਲਿਆ ਹੈ ਕਿ ਇਹ ਸਥਾਨ ਇਕੋ ਹੀ ਹੈ ਪਰ ਇਸ ਨੂੰ ਦੋ ਵਖ ਵਖ ਨਾਵਾਂ 'ਗੁਰੂ ਕੇ ਮਹਿਲ' ਅਤੇ 'ਮੰਜੀ ਸਾਹਿਬ' ਨਾਲ ਜਾਣਿਆ ਜਾਂਦਾ ਹੈ।

## ਗੁਰਦੁਆਰਾ ਸਤਿਕਰਤਾਰੀਆਂ

ਇਹ ਸਥਾਨ ਇਸ ਨਗਰ ਦੀ ਗਲੀ ਜੁਲਕਿਆਂ ਵਿਚ ਸਥਿਤ ਹੈ। ਸ਼ਹਿਰ ਦੇ ਸਰਵੇਖਣ ਦੌਰਾਨ ਇਸ ਸਥਾਨ ਦੇ ਮੌਜੂਦਾ ਸੇਵਕ ਤੋਂ ਪਰਾਪਤ ਜਾਣਕਾਰੀ ਅਨੁਸਾਰ ਇਸ ਸਥਾਨ ਦਾ ਇਤਿਹਾਸ ਸੰਗਤ ਦਾਸ ਜੀ (ਜੋ ਕਿ ਸਤਿਕਰਤਾਰੀਆ ਮਤ ਦੇ ਮੋਢੀ ਮੰਨੇ ਜਾਂਦੇ ਹਨ) ਨਾਲ ਸੰਬੰਧਿਤ ਹੈ ਤੇ ਉਹ ਬੋਲ-ਚਾਲ ਸਮੇਂ ਸਤਿਕਰਤਾਰ, ਸਤਿਕਰਤਾਰ ਬੋਲਿਆ ਕਰਦੇ ਸਨ। ਇਸ ਤਰਾਂ ਉਹ ਲੋਕਾਂ ਵਿਚ ਸਤਿਕਰਤਾਰੀਏ ਪਰਸਿਧ ਹੋਏ।

ਇਸ ਗੁਰਦੁਆਰੇ ਵਿਚ ਕੁਝ ਯਾਦਗਾਰਾਂ ਵੀ ਮੌਜੂਦ ਹਨ। ਜਿਨ੍ਹਾਂ ਵਿਚ ਇਕ ਸੰਜੋ (ਲੋਹੇ ਦਾ ਕੋਟ) ਹੈ ਜੋ ਕਿ ਬਾਬਾ ਸੰਗਤ ਦਾਸ ਜੀ ਦਾ ਦਸਿਆ ਜਾਂਦਾ ਹੈ। ਇਸ ਤੋਂ ਬਿਨਾਂ ਪਿਤਲ ਦੀ ਇਕ ਗੋਲਾਕਾਰ ਪਲੇਟ ਹੈ ਜਿਸ ਉਤੇ ਫਾਰਸੀ ਵਿਚ ਕੋਈ ਲਿਖਤ ਲਿਖੀ ਹੋਈ ਹੈ। ਇਨ੍ਹਾਂ ਯਾਦਗਾਰਾਂ ਦੇ ਦਰਸ਼ਨ ਵੈਸਾਖੀ ਦੇ ਮੇਲੇ ਉਤੇ ਹੀ ਕਰਾਏ ਜਾਂਦੇ ਹਨ।

## ਧਰਮਸ਼ਾਲਾ ਗਰੰਥੀਆਂ

ਧਰਮਸ਼ਾਲਾ ਗਰੰਥੀਆਂ ਦੀ ਆਪਣੀ ਹੀ ਵਿਸ਼ੇਸ਼ ਇਤਿਹਾਸਕ ਮਹਾਨਤਾ ਹੈ। ਕਿਹਾ ਜਾਂਦਾ ਹੈ ਕਿ ਇਹ ਸਥਾਨ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਹੈ। ਇਸ ਸਥਾਨ ਉਤੇ ਬੈਠ ਕੇ ਗੁਰੂ ਸਾਹਿਬ ਜੀ ਦੇ ਗਰੰਥੀ ਸਿਖ ਹਥ-ਲਿਖਤ ਬੀੜਾਂ, ਗੁਟਕੇ ਅਤੇ ਪੰਜ ਗਰੰਥੀਆਂ ਲਿਖ ਕੇ ਦੂਜੇ ਇਲਾਕਿਆਂ ਨੂੰ ਭੇਜਦੇ ਸਨ। ਇਸ ਸਥਾਨ ਦੇ ਗੁੰਬਦ ਦੇ ਚਾਰ ਦਰਵਾਜ਼ੇ ਦੇਖ ਕੇ ਵੀ ਇਹੋ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਇਸ ਸਥਾਨ ਤੇ ਬੈਠ ਕੇ ਲਿਖਾਰੀ ਸਿਖ ਆਪਣਾ ਕਾਰਜ ਕਰਦੇ ਸਨ। ਇਸੇ ਕਰਕੇ ਇਸ ਸਥਾਨ ਨੂੰ ਧਰਮਸ਼ਾਲਾ ਗਰੰਥੀਆਂ ਕਿਹਾ ਜਾਂਦਾ ਹੈ। ਦਸਿਆ ਜਾਂਦਾ ਹੈ ਕਿ ਇਹ ਕਾਰਜ ਰਣਜੀਤ ਸਿੰਘ ਦੇ ਸਮੇਂ ਤਕ ਚਲਦਾ ਰਿਹਾ।

ਸਰਵੇਖਣ ਦੌਰਾਨ ਪਤਾ ਲਗਿਆ ਹੈ ਕਿ ਰਣਜੀਤ ਸਿੰਘ ਨੇ ਇਸ ਧਾਰਮਿਕ ਸਥਾਨ ਦੇ ਨਾਂ ਦਰਿਆ ਪਾਰ ਪਿੰਡ ਜਲਾਲਪੁਰ ਵਿਚ 60/-ਰੁ. ਦੀ ਜਾਗੀਰ ਲੁਆਈ ਸੀ।

## ਧਰਮਸ਼ਾਲਾ ਨਿਰਮਲਿਆਂ

ਇਹ ਸਥਾਨ ਸ਼ਹਿਰ ਦੇ ਠੀਕ ਉਤਰ ਵਲ ਸਥਿਤ ਹੈ। ਇਸ ਸਥਾਨ ਦੇ ਮੌਜੂਦਾ ਮਹੰਤ ਹੋਰਾਂ ਦੀ ਜ਼ਬਾਨੀ ਇਹ ਪਤਾ ਲਗਿਆ ਹੈ ਕਿ ਇਸ ਸਥਾਨ ਉਤੇ ਸਭ ਤੋਂ ਪਹਿਲਾਂ ਨਿਰਮਲੇ ਸੰਤ ਗੁਲਾਬ ਸਿੰਘ ਜੀ ਨੇ ਆਪਣੀ ਕੁਟੀਆ ਬਣਾਈ ਸੀ। ਉਨ੍ਹਾਂ ਦੇ ਦੇਹਾਂਤ ਉਪਰੰਤ ਬਾਬਾ ਜੈਮਲ ਸਿੰਘ ਜੀ ਇਥੇ ਰਹੇ।

ਇਸ ਸਥਾਨ ਦੀ ਜਾਇਦਾਦ ਦਾ ਕੋਈ ਮਾਲੀਆ ਨਹੀਂ ਦਿਤਾ ਜਾਂਦਾ। ਇਹ ਜਾਗੀਰ ਦੇ ਰੂਪ ਵਿਚ ਪਰਾਪਤ ਹੋਈ ਦਸੀ ਜਾਂਦੀ ਹੈ। ਪਰ ਇਸ ਬਾਰੇ ਕੋਈ ਠੋਸ ਜਾਣਕਾਰੀ ਪਰਾਪਤ ਨਹੀਂ ਹੋਈ।

## ਧਰਮਸ਼ਾਲਾ ਸੁਥਰਿਆਂ

ਇਹ ਸਥਾਨ ਗੁਰੂ ਘਰ ਦੇ ਸ਼ਰਧਾਲੂ ਸੁਥਰੇ ਸ਼ਾਹ ਦੇ ਨਾਂ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਸੁਥਰੇ ਸ਼ਾਹ ਦਾ ਇਸੇ ਨਗਰ ਵਿਚ ਜਨਮ ਹੋਇਆ।[23] ਜਿਸ ਕਰਕੇ ਉਨ੍ਹਾਂ ਦੀ ਯਾਦ ਵਿਚ ਧਰਮਸ਼ਾਲਾ ਸੁਥਰਿਆਂ ਕਾਇਮ ਕੀਤੀ ਗਈ। ਪਰ ਮੌਜੂਦਾ ਸਮੇਂ ਵਿਚ ਇਥੇ ਕੋਈ ਇਮਾਰਤ ਨਹੀਂ ਹੈ। ਸਿਰਫ ਖਾਲੀ ਪਏ ਸਥਾਨ ਵਿਚ ਇਕ ਛੋਟੀ ਇਹੀ ਸਮਾਧ ਹੈ। ਇਥੇ ਇਕ ਖੂਹ ਵੀ ਹੈ ਜਿਸ ਨੂੰ ਸ਼ਹਿਰ ਦਾ ਕੂੜਾ ਕਰਕਟ ਸੁਟ ਸੁਟ ਕੇ ਭਰ ਦਿਤਾ ਗਿਆ ਹੈ। ਹੁਣ ਇਹ ਥਾਂ ਸਿਰਫ ਕੂੜਾ ਸੁਟਣ ਲਈ ਹੀ ਵਰਤੀ ਜਾਂਦੀ ਹੈ।

## ਗੁਰੂ ਕੀ ਮਸੀਤ

ਇਹ ਸਥਾਨ ਨਗਰ ਦੇ ਮਹਲਾ ਕਸਾਈਆਂ ਵਿਚ ਸਥਿਤ ਹੈ। ਸਰਵੇਖਣ ਦੌਰਾਨ ਪਤਾ ਲਗਿਆ

---

23. ਕਾਨ ਸਿੰਘ ਨਾਭਾ ਤੇ ਸੰਤ ਗਣੇਸ਼ਾ ਸਿੰਘ ਅਨੁਸਾਰ ਸੁਥਰੇ ਸ਼ਾਹ ਦਾ ਜਨਮ ਬਰਾਮਪੁਰ ਪਿੰਡ ਵਿਚ ਹੋਇਆ ਲਿਖਿਆ ਮਿਲਦਾ ਹੈ। ਪਰ ਤਾਰਾ ਸਿੰਘ ਨਰੋਤਮ ਸੁਥਰੇ ਸ਼ਾਹ ਦਾ ਜਨਮ ਅਸਥਾਣ ਸਿਆਲਕੋਟ ਨੂੰ ਮੰਨਦਾ ਹੈ, ਵਿਸਥਾਰ ਲਈ ਦੇਖੋ : ਭਾਈ ਕਾਨ ਸਿੰਘ ਨਾਭਾ, ਪਿਠਅੰਕਤ, ਪੰਨਾ 159, ਗਣੇਸ਼ਾ ਸਿੰਘ, ਭਾਰਤ ਮਤ ਦਰਪਣ, (ਨਿਰਮਲ ਪੰਚੇਤੀ ਅਖਾੜਾ, ਬਿ. 1983), ਪੰਨਾ 54, ਤਾਰਾ ਹਰਿ ਨਰੋਤਮ, ਪਿਠਅੰਕਤ, ਪੰਨਾ 279.

ਹੈ ਕਿ ਇਹ ਮਸੀਤ ਗੁਰੂ ਹਰਿਗੋਬਿੰਦ ਜੀ ਨੇ ਬਣਵਾਈ ਸੀ। ਸ਼ਹਿਰ ਵਿਚ ਵਖ ਵਖ ਧਰਮਾਂ ਦੇ ਲੋਕਾਂ ਨੂੰ ਵਸਾਉਣ ਸਮੇਂ ਜਿਥੇ ਸਿਖਾਂ ਲਈ ਗੁਰਦੁਆਰੇ ਤੇ ਹਿੰਦੂਆਂ ਲਈ ਮੰਦਰ ਬਣਵਾਏ ਗਏ ਉਥੇ ਮੁਸਲਮਾਨਾਂ ਲਈ ਇਹ ਮਸੀਤ ਵੀ ਬਣਵਾਈ। ਇਸ ਸਥਾਨ ਨੂੰ 'ਮਸਤਗੜ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਵੀ ਸੂਚਨਾ ਮਿਲੀ ਹੈ ਕਿ ਇਸ ਸਥਾਨ ਉਪਰ ਭਗਵਾਨ ਦਾਸ ਘੇਰੜ ਦਾ ਘਰ ਹੁੰਦਾ ਸੀ। ਇਸ ਮਸੀਤ ਦੇ ਠੀਕ ਸਾਹਮਣੇ ਇਕ ਖੂਹ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਸ਼ਹਿਰ ਦੀ ਉਸਾਰੀ ਸਮੇਂ 40 ਖੂਹ ਲਗਵਾਏ ਸਨ, ਹੋ ਸਕਦਾ ਹੈ ਕਿ ਇਹ ਖੂਹ ਵੀ ਉਨ੍ਹਾਂ ਨੇ ਹੀ ਲਗਵਾਇਆ ਹੋਵੇ।

## ਜਾਨੀਸ਼ਾਹ ਦਾ ਮਜ਼ਾਰ

ਇਹ ਸਥਾਨ ਇਕ ਜਾਨੀਸ਼ਾਹ ਨਾਮੀ ਮੁਸਲਮਾਨ ਫਕੀਰ ਨਾਲ ਸੰਬੰਧਿਤ ਹੈ। ਇਹ ਸਥਾਨ ਗੁਰਦੁਆਰਾ ਦਮਦਮਾ ਸਾਹਿਬ ਦੇ ਸਾਹਮਣੇ ਬਣੇ ਸਰੋਵਰ ਦੇ ਨੇੜੇ ਹੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਮੁਸਲਮਾਨ ਫ਼ਕੀਰ ਨੂੰ ਵਰ ਦਿਤਾ ਸੀ ਕਿ ਜੋ ਸਾਡੇ ਦੁਆਰੇ ਆਵੇਗਾ, ਉਹ ਤੇਰੇ ਵੀ ਜਾਵੇਗਾ।

ਸੰਭਵ ਹੈ ਕਿ ਜਾਨੀਸ਼ਾਹ ਗੁਰੂ ਹਰਿਗੋਬਿੰਦ ਜੀ ਦੀ ਫੌਜ ਵਿਚ ਹੀ ਰਿਹਾ ਹੋਵੇ ਕਿਉਂਕਿ ਗੁਰੂ ਸਾਹਿਬ ਦੀ ਫੌਜ ਵਿਚ ਕਈ ਮੁਸਲਮਾਨ ਸਿਪਾਹੀ ਵੀ ਸ਼ਾਮਲ ਦਸੇ ਜਾਂਦੇ ਹਨ।

ਉਪਰੋਕਤ ਸੂਚਨਾਵਾਂ ਦੇ ਆਧਾਰ ਉਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਜਾਨੀਸ਼ਾਹ ਦੀ ਸ਼ਖਸੀਅਤ ਤੋਂ ਕਾਫੀ ਪ੍ਰਭਾਵਿਤ ਸਨ, ਜਿਸ ਦੇ ਨਤੀਜੇ ਵਜੋਂ ਜਾਨੀਸ਼ਾਹ ਦੀ ਅੰਤਿਮ ਯਾਦਗਾਰ ਗੁਰੂ ਸਾਹਿਬ ਨੇ ਆਪਣੇ ਧਾਰਮਿਕ ਸਥਾਨ ਦੇ ਨੇੜੇ ਹੀ ਬਣਾਈ ਤੇ ਵਰਦਾਨ ਵੀ ਦਿਤਾ।

## ਸ਼ਾਹਮਾਨਾ ਮਜ਼ਾਰ

ਇਹ ਸਥਾਨ ਇਕ ਮੁਸਲਮਾਨ ਫਕੀਰ 'ਸ਼ਾਹ ਈਮਾਨ' ਦੇ ਨਾਂ ਨਾਲ ਪਰਸਿਧ ਹੈ। ਸ਼ਹਿਰ ਦੇ ਬਜ਼ੁਰਗਾਂ ਤੋਂ ਪਤਾ ਲਗਿਆ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨਗਰ ਦੀ ਚਾਰ ਦੀਵਾਰੀ ਕਰਵਾਉਂਦੇ ਇਸ ਫ਼ਕੀਰ ਦੀ ਕੁਟੀਆ ਦੇ ਕੋਲ ਪੁਜੇ ਤਾਂ ਇਹ ਫਕੀਰ ਧੂਣੀ ਲਾ ਕੇ ਬੈਠਾ ਸੀ। ਗੁਰੂ ਜੀ ਦੇ ਸਿਖ ਕਾਰੀਗਰਾਂ ਨੇ ਇਸ ਫਕੀਰ ਨੂੰ ਇਕ ਪਾਸੇ ਹਟ ਜਾਣ ਲਈ ਕਿਹਾ। ਕਹਿੰਦੇ ਹਨ ਕਿ ਉਸ ਫ਼ਕੀਰ ਨੇ ਅਗ ਆਪਣੀ ਝੋਲੀ ਵਿਚ ਪਾਈ ਅਤੇ ਉਥੋਂ ਇਕ ਪਾਸੇ ਹਟ ਕੇ ਬੈਠ ਗਿਆ। ਜਦੋਂ ਕਾਰੀਗਰ ਉਥੇ ਦੀਵਾਰ ਬਣਾਉਂਦੇ ਤਾਂ ਉਹ ਵਾਰ ਵਾਰ ਢਹਿ ਜਾਂਦੀ। ਸਿਖਾਂ ਨੇ ਇਹ ਸਾਰੀ ਕਹਾਣੀ ਗੁਰੂ ਜੀ ਨੂੰ ਜਾ ਦਸੀ। ਗੁਰੂ ਜੀ ਜਦੋਂ ਆਏ ਤਾਂ ਉਹ ਫ਼ਕੀਰ ਨੂੰ ਦੇਖ ਕੇ ਬਹੁਤ ਪਰਭਾਵਤ ਹੋਏ ਤੇ ਉਨਾਂ ਨੇ ਸਿਖਾਂ ਨੂੰ ਹੁਕਮ ਕੀਤਾ ਕਿ ਫ਼ਕੀਰ ਦੀ ਕੁਟੀਆ ਨਾ ਢਾਹੀ ਜਾਵੇ ਅਤੇ ਦੀਵਾਰ ਨੂੰ ਇਥੋਂ ਮੋੜ ਪਾ ਦਿਤਾ ਜਾਵੇ। ਸਿਖਾਂ ਨੇ ਗੁਰੂ ਜੀ ਦਾ ਹੁਕਮ ਮੰਨਦੇ ਹੋਏ ਅਜਿਹਾ ਹੀ ਕੀਤਾ। ਪਰ ਮੌਜੂਦਾ ਸਮੇਂ ਵਿਚ ਇਸ ਦੇ ਕੋਲ ਕੋਈ ਦੀਵਾਰ ਨਹੀਂ ਹੈ।

ਦਸਿਆ ਜਾਂਦਾ ਹੈ ਕਿ ਇਸ ਸਥਾਨ ਦੇ ਕੋਲ ਹੀ ਉਨਾਂ ਪੰਜਾਂ ਦਰਵਾਜ਼ਿਆਂ ਵਿਚੋਂ ਇਕ ਦਰਵਾਜ਼ਾ ਸਥਿਤ ਸੀ ਜਿਨਾਂ ਦੀ ਉਸਾਰੀ ਗੁਰੂ ਹਰਿਗੋਬਿੰਦ ਜੀ ਨੇ ਨਗਰ ਵਸਾਉਣ ਸਮੇਂ ਕਰਾਈ ਮੰਨੀ ਜਾਂਦੀ ਹੈ। ਇਸ ਦਰਵਾਜ਼ੇ ਨੂੰ 'ਸ਼ਾਹਮਾਨਾ ਦਰਵਾਜ਼ਾ' ਕਹਿੰਦੇ ਸਨ। ਪਰ ਅਜ ਇਸ ਦੇ ਕੋਲ ਕੋਈ ਦਰਵਾਜ਼ਾ ਨਹੀਂ ਹੈ, ਕੇਵਲ ਨਾਂ ਹੀ ਬਾਕੀ ਹੈ।

## ਮਜ਼ਾਰ ਯਕੀਨ ਸ਼ਾਹ

ਇਹ ਸਥਾਨ ਸ਼ਹਿਰ ਦੇ ਮੁਖ ਬਾਜ਼ਾਰ ਵਿਚ ਸਥਿਤ ਹੈ। ਇਹ ਥਾਂ ਇਕ ਮੁਸਲਮਾਨ ਫਕੀਰ

'ਯਕੀਨ ਸ਼ਾਹ' ਦੇ ਨਾਂ ਨਾਲ ਜਾਣੀ ਜਾਂਦੀ ਹੈ । ਸਰਵੇਖਣ ਕਰਦਿਆਂ ਇਸ ਸਥਾਨ ਬਾਰੇ ਜੋ ਸੂਚਨਾ ਮਿਲੀ, ਉਸ ਅਨੁਸਾਰ ਸਾਈਂ ਯਕੀਨ ਸ਼ਾਹ ਜੀ ਇਕ ਪਹੁੰਚੇ ਹੋਏ ਫ਼ਕੀਰ ਸਨ । ਇਹ ਜਦੋਂ ਇਸ ਨਗਰ ਵਿਚ ਆਏ ਤਾਂ ਇਨਾਂ ਦਾ ਸੰਬੰਧ ਇਸ ਸ਼ਹਿਰ ਦੇ ਰਹਿਣ ਵਾਲੇ ਇਕ ਧਰਿਵਾਰ ਨਾਲ ਹੋਇਆ ।

## ਕਰਿਸ਼ਨਾ ਮੰਦਰ

ਹਿੰਦੂਆਂ ਦਾ ਇਹ ਧਰਮ ਸਥਾਨ ਸ਼ਹਿਰ ਦੇ ਪੁਰਾਣੇ ਥਾਣੇ ਅਤੇ ਭਲਿਆਂ ਬਾਵਿਆਂ ਦੀ ਧਰਮਸ਼ਾਲਾ ਦੇ ਕੋਲ ਹੀ ਸਥਿਤ ਹੈ । ਸਰਵੇਖਣ ਦੌਰਾਨ ਇਹ ਮੰਦਰ ਦੇ ਮੌਜੂਦਾ ਪੁਜਾਰੀ ਹੋਰਾਂ ਦੀ ਜ਼ਬਾਨੀ ਪਤਾ ਲਗਿਆ ਹੈ ਕਿ ਇਹ ਮੰਦਰ ਕੋਈ ਦੋ ਕੁ ਸੌ ਸਾਲ ਪੁਰਾਣਾ ਮੰਨਿਆ ਜਾਂਦਾ ਹੈ ।

ਇਸ ਮੰਦਰ ਵਿਚ ਸਿਰੀ ਕਰਿਸ਼ਨ ਜੀ ਦੀ ਮੂਰਤੀ ਤੋਂ ਇਲਾਵਾ ਹਿੰਦੂ ਧਰਮ ਨਾਲ ਸੰਬੰਧਿਤ ਹੋਰ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵੀ ਦੇਖਣ ਨੂੰ ਮਿਲਦੀਆਂ ਹਨ ।

## ਰਘੂਨਾਥ ਮੰਦਰ

ਇਹ ਮੰਦਰ ਨਗਰ ਦੇ ਮੁਖ ਬਾਜ਼ਾਰ ਵਿਚ ਹੀ ਸਥਿਤ ਹੈ । ਸਰਵੇਖਣ ਦੌਰਾਨ ਸੂਚਨਾ ਮਿਲੀ ਹੈ ਕਿ ਇਸ ਮੰਦਰ ਦੀ ਉਸਾਰੀ ਤਰੇਹਣ ਖਤਰੀਆਂ ਨੇ ਕਰਾਈ ਸੀ । ਇਸ ਮੰਦਰ ਵਿਚ ਸਿਰੀ ਰਾਮ ਚੰਦਰ, ਸੀਤਾ, ਲਛਮਣ ਅਤੇ ਹੋਰ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਪਈਆਂ ਹੋਈਆਂ ਹਨ ।

## ਹਨੂੰਮਾਨ ਮੰਦਰ

ਹਿੰਦੂਆਂ ਦਾ ਇਹ ਧਰਮ ਸਥਾਨ ਗਲੀ ਘੇਰੜਾਂ ਵਿਚ ਸਥਿਤ ਹੈ । ਸਰਵੇਖਣ ਦੌਰਾਨ ਸੂਚਨਾ ਮਿਲੀ ਹੈ ਕਿ ਇਹ ਸਭ ਤੋਂ ਪੁਰਾਣਾ ਮੰਦਰ ਹੈ । ਮੌਜੂਦਾ ਸਮੇਂ ਵਿਚ ਇਸ ਦੀ ਕੋਈ ਮੰਨਤ ਨਹੀਂ ਹੈ । ਇਸ ਦੀ ਇਮਾਰਤ ਦੋ ਮੰਜ਼ਲੀ ਬਣੀ ਹੋਈ ਹੈ ਜੋ ਕਿ ਹੁਣ ਖਸਤਾ ਹਾਲਤ ਵਿਚ ਹੈ । ਇਸ ਸਥਾਨ ਨੂੰ ਹੁਣ ਇਕ ਗਰੀਬ ਪਰਿਵਾਰ ਆਪਣੇ ਰੈਣ-ਬਸੇਰੇ ਦੇ ਤੌਰ ਉਤੇ ਵਰਤਦਾ ਹੈ ।

## ਕਾਲੀ ਮਾਤਾ ਦਾ ਮੰਦਰ

ਇਹ ਸਥਾਨ ਨਗਰ ਦੀ ਮੁਖ ਸੜਕ ਉਤੇ ਬਜ਼ਾਰ ਵਿਚ ਹੀ ਸਥਿਤ ਹੈ । ਇਸ ਸਥਾਨ ਉਤੇ ਇਕ ਮਾਤਾ ਦੀ ਮੂਰਤੀ ਬਣੀ ਹੋਈ ਹੈ ਜਿਸ ਦੀ ਅਜ ਵੀ ਪੂਜਾ ਕੀਤੀ ਜਾਂਦੀ ਹੈ ।

## ਸ਼ਿਵ ਮੰਦਰ/ਸ਼ਿਵਾਲੇ

ਇਸ ਨਗਰ ਵਿਚ ਸ਼ਿਵ ਮੰਦਰ ਜਾਂ ਸ਼ਿਵਾਲੇ ਵੀ ਹਨ । ਇਨਾਂ ਸ਼ਿਵਾਲਿਆਂ ਵਿਚੋਂ ਕੁਝ ਇਕ ਤਾਂ ਅਜਿਹੇ ਹਨ ਜਿਨਾਂ ਦੀ ਅਜ ਕੋਈ ਦੇਖ-ਰੇਖ ਨਹੀਂ ਹੁੰਦੀ । ਪਰ ਕੁਝ ਸ਼ਿਵਾਲਿਆਂ ਵਿਚ ਸ਼ਰਧਾਲੂ ਅਜ ਵੀ ਆਉਂਦੇ ਜਾਂਦੇ ਹਨ । ਸ਼ਹਿਰ ਵਿਚ ਸਥਿਤ ਸ਼ਿਵਾਲਿਆਂ ਵਿਚੋਂ ਕੁਝ ਇਕ ਦੇ ਨਾਂ ਇਸ ਪਰਕਾਰ ਹਨ :

(1) ਮਸਦੀ ਮਲ ਦਾ ਸ਼ਿਵਾਲਾ (ਪੁਰਾਣੇ ਥਾਣੇ ਵਿਚ)
(2) ਸ਼ਿਵਾਲਾ ਬੰਨੀ ਗਿਲ (ਮੇਨ ਬਾਜ਼ਾਰ ਵਿਚ)
(3) ਥਾਪਰਾਂ ਦਾ ਸ਼ਿਵਾਲਾ (ਗਲੀ ਜੁਲਕਿਆਂ)
(4) ਪਲਨਾਂ ਦਾ ਸ਼ਿਵਾਲਾ (ਗਲੀ ਬਜਾਜਾਂ ਵਿਚ)

ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਨਗਰ ਵਿਚ ਵਖ ਵਖ ਧਰਮਾਂ, ਜਾਤਾਂ, ਗੋਤਾਂ ਅਤੇ ਪੇਸ਼ਿਆਂ ਦੇ ਲੋਕ ਵਸਦੇ ਹਨ । ਪਰ ਜੇ ਇਹ ਕਿਹਾ ਜਾਵੇ ਕਿ ਇਹ ਸਾਰੇ ਮੰਦਰ ਅਤੇ ਸ਼ਿਵਾਲੇ

ਨਗਰ ਦੀ ਉਸਾਰੀ ਸਮੇਂ ਹੀ ਬਣਵਾਏ ਗਏ ਹਨ ਜਿਸ ਤਰਾਂ ਕਿ ਨਗਰ ਦੇ ਕੁਝ ਲੋਕਾਂ ਵਿਚ ਵਿਸ਼ਵਾਸ ਪਾਇਆ ਜਾਂਦਾ ਹੈ ਤਾਂ ਇਹ ਮੰਨਣਾ ਯੋਗ ਨਹੀਂ ਹੋਵੇਗਾ । ਕਿਉਂਕਿ ਦਸਿਆ ਜਾਂਦਾ ਹੈ ਕਿ ਇਸ ਨਗਰ ਵਿਚ ਕਣਕ ਦੇ ਭਾਰੀ ਭੰਡਾਰ ਮੌਜੂਦ ਹੁੰਦੇ ਸਨ ਤੇ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਇਥੇ ਖੰਡ ਦਾ ਕਾਫੀ ਵਾਪਾਰ ਹੁੰਦਾ ਸੀ ।

ਵਿਸ਼ਾ-ਵਸਤੂ ਦੀ ਸੀਮਾ ਤੇ ਸਮੇਂ ਦੀ ਘਾਟ ਕਾਰਨ ਕੇਵਲ ਇਤਿਹਾਸ ਤੇ ਇਤਿਹਾਸਿਕ ਥਾਵਾਂ ਦਾ ਸਰਵੇ ਹੀ ਕੀਤਾ ਗਿਆ ਹੈ । ਏਥੇ ਮਿਲਦੇ ਕੰਧ-ਚਿਤਰਾਂ ਤੇ ਲਿਖਤਾਂ, ਇਮਾਰਤਾਂ ਦੀ ਸਾਮਗਰੀ ਤੇ ਸ਼ੈਲੀ, ਆਰਕਿਉਲੋਜੀ ਨਾਲ ਸੰਬੰਧਿਤ ਥਾਵਾਂ ਦਾ ਹੋਰ ਅਧਿਐਨ ਕਰਨ ਨਾਲ ਹੋਰ ਮਹਤਵ ਪੂਰਣ ਜਾਣਕਾਰੀ ਪਰਾਪਤ ਹੋ ਸਕਦੀ ਹੈ । ਇਸ ਤੋਂ ਇਲਾਵਾ ਸਰਵੇਖਣ ਰਾਹੀਂ ਧਰਮ ਤੇ ਸਭਿਆਚਾਰ ਦੇ ਹੋਰ ਪਖਾਂ ਉੱਤੇ ਅਧਿਐਨ ਦੀ ਕਾਫੀ ਸੰਭਾਵਨਾ ਹੈ ।

# ਗੁਰੂ ਗੋਬਿੰਦ ਸਿੰਘ ਜੀ ਦੀ ਪਟਣੇ ਤੋਂ ਪੰਜਾਬ ਆਮਦ

ਸਤਿਨਾਮ ਕੌਰ*

ਸਾਰੰਸ਼ : ਇਸ ਲੇਖ ਵਿਚ ਸੁਯੋਗ ਲੇਖਕਾ ਨੇ ਸਥਾਨਕ ਰਵਾਇਤਾਂ ਦੇ ਆਧਾਰ ਤੇ ਬਾਲ ਗੋਬਿੰਦ ਜੀ (ਗੁਰੂ ਗੋਬਿੰਦ ਸਿੰਘ) ਦੇ ਪਟਣੇ ਤੋਂ ਪੰਜਾਬ ਨੂੰ ਆਉਣ ਸਮੇਂ ਦਾ ਬਿਰਤਾਂਤ ਦਿਤਾ ਹੈ ।

—ਸ. ਸ.

1970-71 ਦੇ ਸਾਲਾਂ ਦੇ ਸਮੇਂ ਵਿਚਕਾਰ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਮਿਲਣ ਤੇ ਪਰਵਾਰ, ਬਾਲ ਗੋਬਿੰਦ ਜੀ ਸਮੇਤ ਪਟਣੇ ਤੋਂ ਪੰਜਾਬ ਆਉਣ ਲਈ ਰਵਾਨਾ ਹੋਇਆ । ਪੰਜਾਬ ਵਲ ਨੂੰ ਆਉਣ ਸਮੇਂ ਰਸਤੇ ਵਿਚਲੀਆਂ ਥਾਵਾਂ ਤੇ ਰਹਿਣ ਦੀ ਜਾਣਕਾਰੀ ਸਾਨੂੰ ਸਿਵਾਇ ਸਥਾਨਕ ਰਵਾਇਤਾਂ ਤੋਂ ਹੋਰ ਕਿਸੇ ਲਿਖਤੀ ਸੋਮੇ ਤੋਂ ਨਹੀਂ ਮਿਲਦੀ । ਲਿਖਤੀ ਸੋਮੇ (ਗੁਰਮੁਖੀ) ਸੰਖੇਪ ਜਿਹੀ ਜਾਣਕਾਰੀ ਦੇ ਕੇ ਪਾਵਨ ਪਰਵਾਰ ਨੂੰ ਚਕ ਨਾਨਕੀ ਪਹੁੰਚਾ ਦਿੰਦੇ ਹਨ । ਪਰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪਟਣੇ ਤੋਂ ਚਕ ਨਾਨਕੀ ਪਹੁੰਚਣ ਦਾ ਰਸਤਾ ਕਿਤਨਾ ਲੰਮਾ ਹੈ ਅਤੇ ਇਸ ਰਸਤੇ ਰਾਹੀਂ, ਬਿਨਾਂ ਗੁਰੂ ਜੀ ਦੇ ਸਾਥ ਤੋਂ ਪੂਰਾ ਪਰਵਾਰ ਕਿਸ ਤਰਾਂ ਪੈਂਡਾ ਤਹਿ ਕਰਦਾ ਹੋਇਆ ਚਕ ਨਾਨਕੀ ਪਹੁੰਚਿਆ । ਸੈਂਕੜੇ ਮੀਲਾਂ ਦਾ ਇਹ ਰਸਤਾ ਤਹਿ ਕਰਨਾ ਕੋਈ ਸੌਖਾ ਕੰਮ ਨਹੀਂ ਸੀ । ਨਾ ਹੀ ਉਸ ਸਮੇਂ ਸੜਕਾਂ ਜਾਂ ਬਸਾਂ-ਗਡੀਆਂ ਸਨ ਅਤੇ ਨਾ ਹੀ ਅਜ ਦੀ ਤਰਾਂ ਕੋਈ ਸਹੂਲਤ ਸੀ । ਇਸ ਲਈ ਇਸ ਪਰਵਾਰ ਦੇ ਪੈਂਡੇ ਨੂੰ ਤਹਿ ਕਰਨ ਵਾਲੀ ਗਲ ਬਹੁਤ ਮਹਤਵਪੂਰਨ ਬਣ ਜਾਂਦੀ ਹੈ । ਇਸ ਨਾਲ ਸਿਖ ਸੰਗਤਾਂ ਦੀ ਵਿਆਪਕਤਾ ਦਾ ਵੀ ਪਤਾ ਲਗਦਾ ਹੈ ।

ਮੁਖ ਰਸਤਾ ਗੰਗਾ ਨਦੀ ਦੇ ਕਿਨਾਰੇ ਆਉਣ ਦਾ ਹੀ ਸੀ । ਪਰ ਇਸ ਪਰਵਾਰ ਨੇ ਇਸ ਰਸਤੇ ਦੇ ਨਾਲ ਨਾਲ ਸਿਖ ਸੰਗਤਾਂ ਵਾਲੀਆਂ ਥਾਵਾਂ ਨੂੰ ਵੀ ਸਾਹਮਣੇ ਰਖਿਆ ਸੀ । ਜਿਸ ਕਰਕੇ ਪਰਵਾਰ ਦੇ ਠਹਿਰਣ ਦਾ ਕੰਮ ਸੌਖਿਆਂ ਹੋ ਜਾਂਦਾ ਸੀ । ਪਰਵਾਰ ਦੇ ਆਪਣੇ ਮੈਂਬਰਾਂ ਤੋਂ ਇਲਾਵਾ ਦਸ ਬਾਰਾਂ ਅਜਿਹੇ ਵਿਅਕਤੀਆਂ ਦੇ ਹੋਣ ਦੀ ਵੀ ਸੰਭਾਵਨਾ ਹੈ ਜਿਨਾਂ ਨੇ ਰਸਤੇ ਵਿਚਲਿਆਂ ਖ਼ਤਰਿਆਂ ਤੋਂ ਪਰਵਾਰ ਅਤੇ ਉਸਦੀ ਸੰਪਤੀ ਨੂੰ ਬਚਾ ਕੇ ਰਖਣਾ ਸੀ । ਇਸ ਤਰਾਂ ਇਸ ਜਥੇ ਦੇ ਸਮੁਚੇ ਮੈਂਬਰਾਂ ਦੀ ਗਿਣਤੀ 16 ਤੋਂ 20 ਤਕ ਹੋ ਸਕਦੀ ਹੈ । ਇਤਨੇ ਵਡੇ ਜਥੇ ਨੂੰ ਠਹਿਰਣ ਲਈ ਸਮੁਚੀ ਸਿਖ ਸੰਗਤ ਹੀ ਪਰਬੰਧ ਕਰ ਸਕਦੀ ਸੀ । ਇਨਾਂ ਮੈਂਬਰਾਂ ਨਾਲ ਅਸਵਾਰੀ ਵਾਲੇ ਘੋੜੇ ਵੀ ਹੋਣਗੇ । ਇਸ ਨਾਲ ਰਸਤੇ ਦਾ ਅਤੇ ਠਹਿਰਣ ਦਾ ਖਰਚ ਬਹੁਤ ਹੁੰਦਾ ਹੋਵੇਗਾ । ਜਿਸ ਤਰਾਂ ਮੈਂ ਹਰ ਥਾਂ ਤੇ ਜਾ ਕੇ ਸਥਾਨਕ ਤੌਰ ਤੇ ਪਰਚਲਤ ਰਵਾਇਤਾਂ ਤੋਂ (ਨੂੰ ਇਕਤਰ ਕੀਤਾ ਹੈ ਉਸ ਤੋਂ) ਇਸ ਤਰਾਂ ਦੀ ਜਾਣਕਾਰੀ ਮਿਲਦੀ ਹੈ ਕਿ ਪਾਵਨ ਪਰਵਾਰ ਦੇ ਸੁਰਖਿਆ ਸਹਿਤ ਪਹੁੰਚਣ ਲਈ ਰਾਹ ਵਿਚਲੇ ਮਸੰਦ ਜਾਂ ਪਰਚਾਰਕਾਂ ਦੀ ਮੁਖ ਜ਼ਿੰਮੇਵਾਰੀ ਹੁੰਦੀ ਸੀ । ਇਕ ਇਲਾਕੇ ਦਾ ਮਸੰਦ ਪਾਵਨ ਪਰਵਾਰ ਨੂੰ ਆਪਣੇ ਇਲਾਕੇ ਵਿਚੋਂ ਸਹੀ ਸਲਾਮਤ ਲੰਘਾਉਣ ਦਾ ਪਰਬੰਧ

---

*ਰਿਸਰਚ ਸਕਾਲਰ, ਹਿਸਟਰੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਕਰਦਾ ਸੀ। ਇਸ ਤਰਾਂ ਇਕ ਤੋਂ ਪਿਛੋਂ ਦੂਜੇ ਇਲਾਕੇ ਦਾ ਮਸੰਦ ਜਾਂ ਸਿਖ ਰੂਪ ਵਿਚ ਪਰਬੰਧ ਕਰਦੀਆਂ ਸਨ। ਇਸ ਤਰਾਂ ਪਾਵਨ ਪਰਵਾਰ ਨੇ ਜਿਹੜਾ ਰਸਤਾ ਪੰਜਾਬ ਆਉਣ ਲਈ ਅਪਣਾਇਆ ਸੀ ਉਸ ਵਿਚ ਦਾਨਾਪੁਰ, ਆਰਾ, ਛਪਰਾ, ਬਕਸਰ, ਬਨਾਰਸ, ਅਲਾਹਾਬਾਦ, ਅਯੁਧਿਆ, ਲਖਨਊ, ਪੀਲੀਭੀਤ, ਨਾਨਕ ਮਤਾ, ਹਰਿਦੁਆਰ ਅਤੇ ਲਖਨੌਰ ਸਾਹਿਬ ਦੀਆਂ ਮੁਖ ਥਾਵਾਂ ਆਉਂਦੀਆਂ ਹਨ।[1] ਇਨਾਂ ਵਿਚੋਂ ਆਰਾ, ਛਪਰਾ ਅਤੇ ਬਕਸਰ ਨੂੰ ਛਡ ਕੇ ਹੋਰ ਸਭ ਥਾਈਂ ਸਿਖ ਸੰਗਤਾਂ ਦੇ ਕੇਂਦਰ ਸਨ। ਜਿਥੇ ਜਿਥੇ ਇਹ ਪਾਵਨ ਪਰਵਾਰ ਠਹਿਰਦਾ ਸੀ ਉਥੇ ਉਥੇ ਹੀ ਪਿਛੋਂ ਸਿਖ ਸੰਗਤਾਂ ਨੇ ਇਸ ਪਰਵਾਰ ਦੀ ਆਮਦ ਦੀ ਯਾਦ ਵਿਚ ਗੁਰਦੁਆਰੇ ਉਸਾਰ ਦਿਤੇ ਸਨ। ਇਸ ਤਰਾਂ ਉਪਰੋਕਤ ਸਾਰੀਆਂ ਥਾਵਾਂ ਵਿਚੋਂ ਕੁਝ ਇਕ ਨੂੰ ਛਡ ਕੇ ਸਭ ਥਾਈਂ ਗੁਰਦੁਆਰੇ ਉਸਰੇ ਹੋਏ ਹਨ। ਕਈ ਥਾਈਂ ਤਾਂ ਬਾਲ ਗੋਬਿੰਦ ਜੀ ਦੀਆਂ ਕੁਝ ਨਿਸ਼ਾਨੀਆਂ ਵੀ ਸੰਭਾਲ ਕੇ ਰਖੀਆਂ ਹੋਈਆਂ ਹਨ।

ਬਾਲ ਗੋਬਿੰਦ ਜੀ ਸਮੇਤ ਪਾਵਨ ਪਰਵਾਰ ਦਾ ਜਥਾ ਪਟਣਾ ਸਾਹਿਬ ਤੋਂ ਸਥਾਨਕ ਰਵਾਇਤਾਂ ਦੇ ਆਧਾਰ ਤੇ ਇਕ ਬਘੀ ਅਤੇ ਘੋੜਿਆਂ ਉਪਰ ਅਸਵਾਰ ਹੋ ਕੇ ਤੁਰਿਆ। ਸਥਾਨਕ ਸੰਗਤਾਂ ਦਾ ਹਜੂਮ ਬਾਲ ਗੋਬਿੰਦ ਜੀ ਨੂੰ ਵਿਦਾ ਕਰਨ ਲਈ ਆਇਆ। ਇਹ ਇਕਠ ਇਤਨਾ ਸੀ ਅਤੇ ਲੋਕਾਂ ਦਾ ਮੋਹ ਇਤਨਾ ਸੀ ਕਿ ਪਾਵਨ ਪਰਵਾਰ ਉਸ ਦਿਨ ਬੜੀ ਮੁਸ਼ਕਲ ਨਾਲ 10-12 ਮੀਲਾਂ ਦਾ ਪੈਂਡਾ ਹੀ ਤਹਿ ਕਰ ਸਕਿਆ। ਪਹਿਲਾ ਠਹਿਰਾਅ ਦਾਨਾਪੁਰ[2] ਵਿਖੇ ਕੀਤਾ ਗਿਆ। ਇਥੋਂ ਦੀ ਸੰਗਤ ਦੀ ਮੁਖੀਆ ਇਕ ਬਖੀ ਮਾਈ ਸੀ। ਇਸਨੇ ਸਾਰੇ ਪਰਵਾਰ ਦੇ ਰਾਤ ਠਹਿਰਣ ਦਾ ਪਰਬੰਧ ਕੀਤਾ। ਸਥਾਨਕ ਰਵਾਇਤ ਅਨੁਸਾਰ ਜਿਸ ਹਾਂਡੀ ਵਿਚ, ਇਸ ਮਾਈ ਨੇ, ਪਰਵਾਰ ਲਈ ਖਿਚੜੀ ਆਦਿ ਬਣਾ ਕੇ ਖੁਆਈ ਸੀ ਉਹ ਹਾਂਡੀ ਅਜ ਵੀ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰਖੀ ਹੋਈ ਹੈ। ਇਸੇ ਹਾਂਡੀ ਦੇ ਨਾਂ ਉਪਰ ਹੀ ਇਥੋਂ ਦੇ ਗੁਰਦੁਆਰਾ ਸਾਹਿਬ ਦਾ ਨਾਂ "ਗੁਰਦੁਆਰਾ ਹਾਂਡੀ ਸਾਹਿਬ" ਹੈ।

ਦਾਨਾਪੁਰ ਤੋਂ ਅਗੇ ਬਨਾਰਸ ਤਕ ਵਿਚਲੇ ਰਸਤੇ ਵਿਚ ਆਉਂਦੇ ਸ਼ਹਿਰਾਂ ਜਾਂ ਥਾਵਾਂ ਬਾਰੇ ਕਿਸੇ ਵੀ ਸੋਮੇ ਤੋਂ ਜਾਣਕਾਰੀ ਨਹੀਂ ਮਿਲ ਸਕੀ ਕਿ ਇਸ ਪਾਵਨ ਪਰਵਾਰ ਨੇ ਕਿਨਾਂ ਕਿਨਾਂ ਥਾਵਾਂ ਤੇ ਠਹਿਰਾਅ ਕੀਤਾ ਸੀ। ਕਿਉਂਕਿ ਇਨਾਂ ਥਾਵਾਂ ਵਿਚ ਸਿਖ ਆਬਾਦੀ ਨਾ ਹੋਣ ਦੇ ਬਰਾਬਰ ਹੀ ਹੈ। ਇਸ ਲਈ ਪਰਵਾਰ ਨਾਲ ਸਬੰਧਤ ਰਵਾਇਤਾਂ ਦੀ ਸਾਂਭ ਸੰਭਾਲ ਨਹੀਂ ਕੀਤੀ ਜਾ ਸਕੀ। ਪਰ ਦਾਨਾਪੁਰ (ਪਟਣਾ) ਤੋਂ ਬਨਾਰਸ ਤਕ ਦਾ ਰਸਤਾ ਇਤਨਾ ਲੰਮਾ ਹੈ ਕਿ ਇਸਨੂੰ ਇਕੋ ਦਿਨ ਵਿਚ ਤਹਿ ਨਹੀਂ ਕੀਤਾ ਜਾ ਸਕਦਾ ਰਸਤੇ ਵਿਚ ਇਕ ਤੋਂ ਵਧ ਥਾਵਾਂ ਤੇ ਰਾਤ ਦਾ ਠਹਿਰਾਅ ਹੋਣਾ ਕੁਦਰਤੀ ਹੈ।

ਇਸ ਤਰਾਂ ਇਹ ਪਾਵਨ ਜਥਾ ਦਾਨਾਪੁਰ ਤੋਂ ਰਵਾਨਾ ਹੋ ਕੇ ਗੰਗਾ ਨਦੀ ਵਲ ਤੁਰਿਆ। ਗੰਗਾ ਨੂੰ ਪਾਰ ਕਰਕੇ ਛਪਰਾ ਸ਼ਹਿਰ ਪਹੁੰਚੇ। ਇਥੋਂ ਅਗੇ ਇਹ ਜਥਾ ਦਮ ਰਾਓ ਅਤੇ ਬਕਸਰ ਗਿਆ। ਬਕਸਰ ਪਹੁੰਚਣ ਲਈ ਜਥੇ ਨੂੰ ਇਕ ਵਾਰ ਫਿਰ ਗੰਗਾ ਨਦੀ ਨੂੰ ਪਾਰ ਕਰਨਾ ਪਿਆ। ਬਕਸਰ ਤੋਂ ਚਲਕੇ ਸਸਰਾਮ ਪਹੁੰਚੇ। ਸਸਰਾਮ ਪਹੁੰਚਣ ਲਈ ਵੀ ਗੰਗਾ ਨਦੀ ਨੂੰ ਪਾਰ ਕਰਨਾ ਪੈਂਦਾ ਹੈ। ਸਸਰਾਮ ਵਿਖੇ ਇਸ ਪਾਵਨ ਪਰਵਾਰ ਦੀ ਆਮਦ ਨਾਲ ਕੁਝ ਰਵਾਇਤਾਂ ਹਨ। ਇਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਆ ਚੁਕੇ ਸਨ। ਜਿਸਦੇ ਫਲਸਰੂਪ ਇਥੇ

1. ਪਟਣਾ ਸਾਹਿਬ ਤੋਂ ਆਨੰਦਪੁਰ ਸਾਹਿਬ ਪਹੁੰਚਣ ਸਮੇਂ ਅਪਣਾਏ ਰਸਤੇ ਦਾ ਵਿਸਥਾਰ ਪੂਰਵਕ ਨਕਸ਼ਾ ਵੇਖਣ ਲਈ ਦੇਖੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਤ "ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਦੀ ਐਟਲਸ," 1968, ਨਕਸ਼ਾ ਨੰ: 2, 3 ਅਤੇ 4।
2. ਦਾਨਾਪੁਰ ਪਟਣਾ ਸਾਹਿਬ ਤੋਂ ਸਿਰਫ 18 ਕਿਲੋਮੀਟਰ ਦੀ ਦੂਰੀ ਤੇ ਹੀ ਸਥਿਤ ਹੈ।

ਇਕ ਬਹੁਤ ਤਕੜੀ ਸਿਖ ਸੰਗਤ ਸਥਾਪਤ ਹੋ ਚੁਕੀ ਸੀ । ਇਥੋਂ ਦੀ ਸੰਗਤ ਨੂੰ ਚਾਚਾ ਫਗੂ ਮਲ ਦੀ ਸੰਗਤ ਕਿਹਾ ਜਾਂਦਾ ਸੀ । ਕਿਉਂਕਿ ਚਾਚਾ ਫਗੂ ਮਲ ਜੀ ਇਥੋਂ ਦੀਆਂ ਸਿਖ ਸੰਗਤਾਂ ਦੇ ਮੁਖੀ ਪਰਚਾਰਕ ਸੀ । ਪਾਵਨ ਜਥਾ ਇਥੇ ਰਿਹਾ ।

ਸਸਰਾਮ ਤੋਂ ਰਵਾਨਾ ਹੋ ਕੇ ਛੋਟਾ ਮਿਰਜ਼ਾਪੁਰ ਵਿਚ ਪਹੁੰਚੇ । ਛੋਟਾ ਮਿਰਜ਼ਾਪੁਰ ਵਿਚ ਵੀ ਸਿਖ ਸੰਗਤਾਂ ਸਥਾਪਤ ਸੀ । ਪਰਵਾਰ ਇਕ ਰਾਤ ਇਥੇ ਰਿਹਾ । ਇਥੋਂ ਦੇ ਇਕ ਗੁਰਦੁਆਰੇ ਵਿਚ ਇਕ ਗੁਟਕਾ ਹੈ ਇਸ ਉਪਰ ਬਾਲ ਗੋਬਿੰਦ ਜੀ ਦੇ ਕਰ-ਕਮਲਾਂ ਦੀ ਲਿਖਤ ਦਸੀ ਜਾਂਦੀ ਹੈ । ਇਥੇ ਗੰਗਾ ਨਦੀ ਨੂੰ ਪਾਰ ਕਰਕੇ[3] ਬਨਾਰਸ ਪਹੁੰਚੇ । ਬਨਾਰਸ ਇਧਰ ਦੇ ਇਲਾਕਿਆਂ ਦੀਆਂ ਸਿਖ ਸੰਗਤਾਂ ਦਾ ਇਕ ਉਘਾ ਕੇਂਦਰ ਸੀ । ਇਥੇ ਗੁਰਦੁਆਰਾ ਗੁਰੂ ਦੇ ਬਾਗ ਵਾਲੀ ਥਾਂ ਤੇ ਇਹ ਪਰਵਾਰ ਰਿਹਾ । ਇਕ ਹੋਰ ਗੁਰਦੁਆਰਾ ਲੀਚੀ ਬੇਰ ਵਿਚ ਬਾਲ ਗੋਬਿੰਦ ਜੀ ਦੇ ਪੈਰਾਂ ਦੇ ਛੋਟੇ ਜੁਤੇ ਪਏ ਹਨ । ਇਹ ਜੁਤੇ ਰਾਜਸਥਾਨੀ ਜੁਤੀਆਂ ਦੇ ਡੀਜ਼ਾਇਨ ਦੇ ਹਨ । ਸਥਾਨਕ ਰਵਾਇਤ ਅਨੁਸਾਰ ਇਥੋਂ ਦੇ ਇਕ ਪਰਚਾਰਕ ਭਾਈ ਗੁਰਬਖਸ਼ ਜੀ ਨੂੰ ਬਾਲ ਗੋਬਿੰਦ ਜੀ ਨੇ ਇਕ ਮਿਰਦੰਗ ਭੀ ਭੇਟ ਕੀਤੀ ਸੀ । ਗਿਆਨੀ ਗਿਆਨ ਸਿੰਘ ਅਨੁਸਾਰ ਬਾਲ ਗੋਬਿੰਦ ਜੀ ਤੇ ਪਰਵਾਰ ਇਥੇ ਪੰਦਰਾਂ ਦਿਨ ਰਿਹਾ । ਇਸ ਸਮੇਂ ਦੌਰਾਨ ਬਿਸਵਨਾਥ ਮੰਦਰ, ਕਾਲ ਭੈਰੋ ਮੰਦਰ, ਢੂੰਢੀ ਰਾਜ, ਮਨੀਕਰਣਕਾ, ਦਸ਼ਾਸ਼ਮੇਧ, ਬਰਣਾ ਸੰਗਮ ਅਤੇ ਅਸੀਂ ਆਦਿ ਧਾਰਮਿਕ ਥਾਵਾਂ ਵੀ ਦੇਖੀਆਂ ।[4]

ਬਨਾਰਸ ਤੋਂ ਚਲ ਕੇ ਪਾਵਨ ਜਥਾ ਅਲਾਹਬਾਦ ਪਹੁੰਚਿਆ । ਅਲਾਹਬਾਦ (ਤ੍ਰਿਬੈਣੀ) ਨਾਲ ਬਾਲ ਗੋਬਿੰਦ ਜੀ ਦਾ ਜਜ਼ਬਾਤੀ ਸਬੰਧ ਵੀ ਸੀ, ਕਿਉਂਕਿ ਇਥੇ ਹੀ ਬਾਲ ਜੀ ਦਾ, ਮਾਤਾ ਗੁਜਰੀ ਜੀ ਦੀ ਪਵਿਤਰ ਕੁਖ ਵਿਚ ਪ੍ਰਕਾਸ਼ ਹੋਇਆ ਸੀ । ਅਲਾਹਬਾਦ ਤੋਂ ਚਲ ਕੇ ਪਾਵਨ ਜਥਾ ਅਯੁਧਿਆ ਜੀ ਪਹੁੰਚਿਆ । ਇਥੇ ਬਸ਼ਿਸ਼ਟ ਕੁੰਡ ਦੀ ਥਾਂ ਠਹਿਰੇ । ਸੂਰਜਕੁੰਡ, ਹਨੂਮਾਨ ਗੜ੍ਹੀ, ਰਾਮ ਚੰਦਰ ਦਾ ਘਰ, ਸੀਤਾ ਦੀ ਰਸੋਈ ਆਦਿ ਥਾਵਾਂ ਦੇਖੀਆਂ ।[5] ਇਥੇ ਕੁਝ ਚਿਰ ਠਹਿਰਣ ਉਪਰੰਤ ਪਾਵਨ ਜਥਾ ਲਖਨਊ ਪਹੁੰਚਿਆ । ਲਖਨਊ ਪਹੁੰਚਣ ਲਈ ਛੇਵੀਂ ਵਾਰ ਫਿਰ ਗੰਗਾ ਨੂੰ ਪਾਰ ਕਰਨਾ ਪਿਆ । ਇਥੇ ਵੀ ਸੰਗਤਾਂ ਦਾ ਇਕ ਤਕੜਾ ਕੇਂਦਰ ਸੀ । ਅਜ ਕਲ ਸ਼ਹਿਰ ਦੇ ਵਿਚ ਉਹ ਗੁਰਦੁਆਰਾ ਸਥਿਤ ਹੈ ਜਿਥੇ ਕੇ ਪਾਵਨ ਪਰਵਾਰ ਠਹਿਰਿਆ ਸੀ ।

ਲਖਨਊ ਤੋਂ ਚਲਕੇ ਚੰਦੌਸੀ, ਪੂਰਜਾ ਅਤੇ ਲਖੀਮਪੁਰ (ਖੀਰੀ) ਆਦਿ ਥਾਵਾਂ ਤੇ ਹੁੰਦਾ ਹੋਇਆ ਇਹ ਪਾਵਨ ਜਥਾ ਪੀਲੀਭੀਤ ਪਹੁੰਚਿਆ । ਪੀਲੀਭੀਤ ਇਕ ਰਾਤ ਦਾ ਠਹਿਰਾਅ ਕਰਕੇ ਅਗੇ ਨਾਨਕਮਤੇ ਪਹੁੰਚਿਆ । ਨਾਨਕਮਤਾ ਵਿਖੇ ਸਥਾਨਕ ਪਰੰਪਰਾਵਾਂ ਅਨੁਸਾਰ ਗੁਰਦੁਆਰਾ ਕੰਪਲੈਕਸ ਦੇ ਬਾਹਰਵਾਰ ਇਕ ਪਿਪਲ ਦਾ ਦਰਖਤ ਹੈ । ਇਸ ਹੇਠਾਂ ਇਕ ਛੋਟੀਆਂ ਇਟਾਂ ਦਾ ਪਕਾ ਥੜਾ ਹੈ । ਇਸ ਥੜੇ ਨੂੰ 'ਲਾਲ ਜੀ' ਦਾ ਥੜਾ ਕਿਹਾ ਜਾਂਦਾ ਹੈ । 'ਲਾਲ ਜੀ' ਨਾਮ ਬਾਲ ਗੋਬਿੰਦ ਜੀ ਤੋਂ ਭਾਵ ਰਖਦਾ ਹੈ । ਜਿਸ ਤੋਂ ਮਤਲਬ ਹੈ ਕਿ ਬਾਲ ਗੋਬਿੰਦ ਜੀ ਇਸ ਦਰਖਤ ਹੇਠਾਂ ਖੇਡਿਆ ਕਰਦੇ ਸਨ ਅਤੇ ਪਿਛੋਂ ਇਥੇ ਦੇ ਪਰਬੰਧਕਾਂ ਨੇ ਉਨਾਂ ਦੀ ਪਾਵਨ ਯਾਦ ਵਿਚ ਇਕ

---

3. ਪਾਵਨ ਪਰਵਾਰ ਦੇ ਜਥੇ ਨੂੰ ਵਾਰ ਵਾਰ ਗੰਗਾ ਇਸ ਕਰਕੇ ਪਾਰ ਕਰਨੀ ਪੈਂਦੀ ਸੀ ਕਿਉਂਕਿ ਜਥੇ ਨੇ ਆਪਣੇ ਰਸਤੇ ਨੂੰ ਸਿਖ ਸੰਗਤਾਂ ਦੇ ਕੇਂਦਰਾਂ ਨਾਲ ਜੋੜਿਆ ਹੋਇਆ ਸੀ । ਇਸ ਤਰਾਂ ਭਾਵੇਂ ਰਸਤਾ ਲੰਮੇਰਾ ਹੁੰਦਾ ਸੀ ਪਰ ਇਸ ਤਰਾਂ ਇਕ ਥਾਂ ਸਿਖ ਸੰਗਤਾਂ ਨਾਲ ਮਿਲਾਪ ਹੁੰਦਾ ਸੀ ਦੂਸਰਾ ਸੰਗਤਾਂ ਕੋਲੋਂ ਨਜ਼ਰਾਨੇ ਆਦਿ ਭੇਟ ਹੋਣ ਨਾਲ ਮਾਇਕ ਸਥਿਤੀ ਠੀਕ ਰਹਿੰਦੀ ਸੀ । ਨਹੀਂ ਤਾਂ ਇਸ ਤੋਂ ਛੁਟੇਰੇ ਹੋਰ ਵੀ ਕਈ ਰਸਤੇ ਸਨ । ਗੁਰੂ ਪਰਵਾਰ ਦੇ ਹਾਜ਼ਰ ਹੋਣ ਨਾਲ ਸਥਾਨਕ ਸੰਗਤਾਂ ਦੇ ਕਈ ਮਸਲੇ ਵੀ ਹਲ ਹੋ ਜਾਂਦੇ ਸਨ ।
4. ਤਵਾਰੀਖ ਗੁਰੂ ਖਾਲਸਾ, ਛਾਪ ਪਹਿਲੀ (ਪਥਰ) ਪੰਨਾ 283.
5. ਉਕਤ ਪੰਨਾ ਉਹੀ । ਰਾਮ ਚੰਦਰ ਅਤੇ ਸੀਤਾ ਆਦਿ ਨਾਲ ਸਬੰਧਤ ਥਾਵਾਂ ਮਿਥਿਹਾਸਕ ਘਟਨਾਵਾਂ ਨਾਲ ਸਬੰਧ ਰਖਦੀਆਂ ਹਨ ।

ਬੜਾ ਬਣਾ ਦਿਤਾ ਸੀ ।

ਨਾਨਕਮਤੇ ਤੋਂ ਅਗੇ ਚਲਦਾ ਹੋਇਆ ਪਾਵਨ ਜਥਾ ਕੁਝ ਥਾਵਾਂ ਤੇ ਠਹਿਰਾਅ ਕਰਦਾ ਹੋਇਆ ਹਰਦੁਆਰ ਪਹੁੰਚਿਆ । ਹਰਦੁਆਰ ਪਹੁੰਚਣ ਲਈ ਜਥੇ ਨੂੰ ਦਸਵੀਂ ਵਾਰ ਗੰਗਾ ਨਦੀ ਪਾਰ ਕਰਨੀ ਪਈ ਸੀ । ਹਰਦੁਆਰ ਕੁਝ ਦਿਨ ਠਹਿਰਣ ਪਿਛੋਂ ਸੰਤਾਲਪੁਰ ਅਤੇ ਦਰਾਜ਼ਪੁਰ ਆਦਿ ਥਾਵਾਂ ਤੋਂ ਦੀ ਹੁੰਦਾ ਹੋਇਆ ਇਹ ਜਥਾ ਸੰਨ 1670 ਦੇ ਵਿਚਕਾਰ ਲਖਨੌਰ ਸਾਹਿਬ ਪਹੁੰਚਿਆ । ਇਹ ਅਸਥਾਨ ਹਰਿਆਣਾ ਪਰਾਂਤ ਦੇ ਅੰਬਾਲਾ ਜ਼ਿਲਾ ਵਿਚ, ਅੰਬਾਲੇ ਤੋਂ 18 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ । ਇਹ ਨਗਰ ਮਾਤਾ ਗੁਜਰੀ ਜੀ ਦਾ ਪੇਕਾ ਨਗਰ ਅਤੇ ਬਾਲ ਗੋਬਿੰਦ ਜੀ ਦਾ ਨਾਨਕਾ ਘਰ ਸੀ । ਇਥੇ ਪਾਵਨ ਪਰਵਾਰ ਕਾਫ਼ੀ ਅਰਸਾ ਠਹਿਰਿਆ ਮਾਲੂਮ ਹੁੰਦਾ ਹੈ, ਕਿਉਂਕਿ ਇਥੋਂ ਦੇ ਆਲੇ ਦੁਆਲੇ ਦੀਆਂ ਥਾਵਾਂ ਉਪਰ ਬਾਲ ਗੋਬਿੰਦ ਜੀ ਦੇ ਜਾਣ -ਦੀਆਂ ਰਵਾਇਤਾਂ ਮਿਲਦੀਆਂ ਹਨ । ਜਿਵੇਂ ਕਿ ਭਾਨੋਖੇੜੀ, ਪਿਹੋਵਾ, ਕੁਰਕਸ਼ੇਤਰ ਆਦਿ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਰਵਾਇਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਇਨਾਂ ਥਾਵਾਂ ਤੇ ਗੁਰੂ ਜੀ ਬਾਲ ਅਵਸਥਾ ਸਮੇਂ ਲਖਨੌਰ ਸਾਹਿਬ ਤੋਂ ਆਏ ਸਨ ।

ਭਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਬਾਲ ਗੋਬਿੰਦ ਜੀ ਦੇ ਪਰਵਾਰ ਦੇ ਹੋਰ ਮੈਂਬਰਾਂ ਨਾਲ ਲਖਨੌਰ ਸਾਹਿਬ ਵਿਖੇ ਪਹੁੰਚਣ ਦਾ ਵੇਰਵਾ ਮਿਲਦਾ ਹੈ । ਇਸ ਦੀ ਇਬਾਰਤ ਇਸ ਤਰਾਂ ਹੈ :

> "ਗੋਬਿੰਦ ਦਾਸ ਜੀ ਬੇਟਾ ਗੁਰੂ ਤੇਗ ਬਹਾਦਰ ਮਹਲ ਨਾਮੇ ਕਾ, ਪੋਤਾ ਗੁਰੂ ਹਰਿ ਗੋਬਿੰਦ ਜੀ ਦਾ ਪੜਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਗੋਸਲ ਗੋਤਰ ਸੋਢੀ ਖਤਰੀ ਲਖਨੌਰ ਆਏ ਪਰਗਨਾ ਅੰਬਾਲਾ ਸੰਮਤ ਸਤਰਾਂ ਸੌ ਸਤਾਈਸ ਅਸਵਮਾਸੇ ਸ਼ੁਕਲਾ ਪਖੇ ਨਾਵੀ ਕੇ ਦਿਹੁੰ । ਗੈਲ ਮਾਤਾ ਗੁਜਰੀ ਜੀ ਆਏ ਇਸਤਰੀ ਗੁਰੂ ਤੇਗ ਬਹਾਦਰ ਜੀ ਕੀ ਕ੍ਰਿਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ ਚਉਪਤ ਰਾਇ ਆਇਆ ਬੇਟਾ ਪੈਰੇ ਛਿਬਰ ਕਾ ਗੁਆਲ ਦਾਸ ਆਇਆ ਬੇਟਾ ਛੁਟ ਮਲ ਛਿਬਰ ਕਾ ਕ੍ਰਿਪਾ ਰਾਮ ਆਇਆ ਬੇਟਾ ਅੜੂਰਾਮ ਦਤ ਕਾ ਦਸਮੀ ਦੇ ਰੋਜ਼ ਮਸੂ ਮੇਹਰ ਚੰਦ ਨੇ ਗੋਬਿੰਦ ਦਾਸ ਜੀ ਕੋ ਜ਼ਮੁਰਦੀ ਰੰਗ ਕੀ ਪਾਗ ਬੰਧਾਈ ਸਿਰਬਾਰਨਾ ਕੀਆ ।"

ਲਖਨੌਰ ਸਾਹਿਬ ਕੁਝ ਸਮਾਂ ਠਹਿਰਣ ਉਪਰੰਤ ਇਹ ਪਾਵਨ ਪਰਵਾਰ ਬਾਬਾ ਬਕਾਲਾ ਵਿਖੇ ਜਾ ਪਹੁੰਚਿਆ । ਬਾਬਾ ਬਕਾਲਾ ਗੁਰੂ ਤੇਗ ਬਹਾਦਰ ਜੀ ਦਾ ਨਾਨਕਾ ਪਿੰਡ ਸੀ । ਗੁਰੂ ਕੀਆਂ ਸਾਖੀਆਂ ਵਿਚ ਬਾਲ ਗੋਬਿੰਦ ਜੀ ਦੇ ਬਾਬਾ ਬਕਾਲਾ ਵਿਖੇ ਠਹਿਰਣ ਦੇ ਹਵਾਲੇ ਮਿਲਦੇ ਹਨ । ਜਿਵੇਂ ਕਿ ਬਾਲ ਗੋਬਿੰਦ ਜੀ ਆਪਣੀ ਦਾਦੀ ਨਾਨਕੀ ਜੀ ਪਾਸੋਂ ਪੂਛ ਰਹੇ ਹਨ : "ਅੰਮਾ ਜੀ ! ਆਪਕੇ ਨਾਉਂ ਕਾ ਗਾਮ ਕਉਨ ਸਾ ਹੈ, ਹਮੇ ਕਬ ਦਿਖਾਏਂਗੇ । ਪਿਤਾ ਜੀ ਨੇ ਏਕ ਦਿਹੁੰ ਮੇਰੇ ਪੂਛਨੇ ਸੇ ਬਤਲਾਇਆ ਥਾ ਕਿ ਚੱਕ ਨਾਨਕੀ ਪਰਬਤਾਂ ਵਿਖੇ ਹੈ ਅਜੇ ਠਹਿਰ ਕੇ ਜਾਵਾਂਗੇ । ਪਾਸ ਬੈਠੇ ਦੀਵਾਨ ਦੁਰਘਾ ਮਲ ਨੇ ਕਹਾ, ਮਾਤਾ ਜੀ ਸਾਹਿਬਜ਼ਾਦਾ ਸਹੀ ਕਹਿ ਰਹਾ ਹੈ । ਇਸੇ ਚਾਉ ਹੈ ਪਿਤਾ ਜੀ ਕੇ ਬਾਂਧੇ ਹੂਏ ਗਾਉਂ ਦੇਖਨੇ ਕਾ । ਮਾਤਾ ਜੀ ਨੇ ਕਹਾ, ਦੀਵਾਨ ਜੀ ਬਿਲਾਸਪੁਰ ਸੇ ਰਾਣੀ ਚੰਪਾ ਕਾ ਭੇਜਾ ਅਹਿਲਕਾਰ ਆਇਆ ਥਾ, ਇਸੀ ਬਰਖ ਚੇਤ ਮਾਸ ਮੇਂ ਜਾਨੇ ਕਾ ਬੀਚਾਰ ਹੈ । ਸੰਮਤ ਸਤਰਾਂ ਸੈ ਉੱਨਤੀਸ ਕੇ ਆਰੰਭ ਮੇਂ ਚਕ ਨਾਨਕੀ ਜਾਨੇ ਕੀ ਤਿਆਰੀ ਕੀ ਬਕਾਲਾ ਨਗਰੀ ਸੇ ਵਿਦਿਆ ਹੋਈ ਬਿਆਸਾ ਪਾਰ ਕਰਕੇ ਕਰਤਾਰਪੁਰ ਮੇਂ ਆਇ ਗਏ ।"

ਕਰਤਾਰਪੁਰ ਤੋਂ ਚਕ ਨਾਨਕੀ ਪਹੁੰਚਦਿਆਂ ਰਸਤੇ ਵਿਚ ਫਗਵਾੜਾ ਬੰਗਾ ਸੜਕ ਦੇ ਉਪਰ ਸਥਿਤ ਬਹਿਰਾਮਪੁਰ ਤੋਂ ਕੁਝ ਕਿਲੋਮੀਟਰ ਦੂਰੀ ਤੇ ਸਥਿਤ ਚਕ ਗੁਰੂ ਅਤੇ ਹਕੀਮਪੁਰਾ ਪਿੰਡ ਹਨ। ਇਨਾਂ ਵਿਚ ਵੀ ਬਾਲ ਗੋਬਿੰਦ ਜੀ ਅਤੇ ਪਰਵਾਰ ਦੇ ਮੈਂਬਰਾਂ ਦੇ ਆਉਣ ਦੀਆਂ ਰਵਾਇਤਾਂ ਹਨ। ਚਕ ਗੁਰੂ ਵਿਖੇ ਪਰਵਾਰ ਨੂੰ ਕਾਫ਼ੀ ਦਿਨ ਠਹਿਰਿਆ ਦਸਿਆ ਜਾਂਦਾ ਹੈ। ਇਥੇ ਹੀ ਮਾਤਾ ਗੁਜਰੀ ਜੀ ਦੇ ਨਾਂ ਤੇ ਇਕ ਖੂਹ ਲਗਿਆ ਹੋਇਆ ਹੈ। ਇਥੇ ਕੁਝ ਸਮਾਂ ਠਹਿਰਕੇ ਪਾਵਨ ਪਰਵਾਰ 1672 ਈਸਵੀ ਦੀ ਬਿਸਾਖੀ ਨੂੰ ਚਕ ਨਾਨਕੀ (ਆਨੰਦਪੁਰ ਸਾਹਿਬ) ਜਾ ਪਹੁੰਚਿਆ। ਗੁਰੂ ਪਰਵਾਰ ਅਤੇ ਬਾਲ ਗੋਬਿੰਦ ਜੀ ਦਾ ਆਉਣਾ ਸੁਣ ਕੇ ਆਲੇ ਦੁਆਲੇ ਦੀਆਂ ਸੰਗਤਾਂ ਦਰਸ਼ਨਾਂ ਨੂੰ ਆਉਣ ਲਗੀਆਂ। ਗੁਆਂਢੀ ਰਿਆਸਤਾਂ ਦੇ ਰਾਜੇ ਵੀ ਦਰਸ਼ਨਾਂ ਨੂੰ ਆਏ।

# ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ

ਪਰਮਜੀਤ ਕੌਰ*

ਸਾਰੰਸ਼ : ਲੇਖ ਵਿਚ ਸੁਯੋਗ ਲੇਖਕਾ ਨੇ ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਬਾਰੇ ਚਾਨਣਾ ਪਾਇਆ ਹੈ ਅਤੇ ਸਿਟਾ ਇਕ ਕਢਿਆ ਹੈ ਕਿ ਭਾਈ ਤਾਰਾ ਸਿੰਘ ਵਾਂ ਇਕ ਧਾਰਮਿਕ, ਅਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲਾ ਵਿਅਕਤੀ ਸੀ ।

—ਸ. ਸ.

ਬੰਦਾ ਸਿੰਘ ਬਹਾਦਰ ਦੀ ਮੌਤ ਤੋਂ ਬਾਅਦ ਸਿਖ ਇਤਿਹਾਸ ਦਾ ਅਤਿ ਬਿਖੜਾ ਸਮਾਂ ਆਰੰਭ ਹੋਇਆ । ਪਰ ਉਸ ਬਿਖੜੇ ਸਮੇਂ ਵਿਚ ਜਿਸ ਹਿੰਮਤ ਨਾਲ ਸਿਖਾਂ ਨੇ ਟਾਕਰਾ ਕੀਤਾ ਇਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ । ਬਹਾਦਰ ਸ਼ਾਹ ਤੋਂ ਪਿਛੋਂ ਫਰਖਸ਼ੀਅਰ ਦਿਲੀ ਦੇ ਤਖਤ ਤੇ ਬੈਠਿਆ । ਫਰਖਸ਼ੀਅਰ ਨੇ ਬੰਦੇ ਦੀ ਮੌਤ ਤੋਂ ਪਿਛੋਂ ਸਿਖਾਂ ਉਪਰ ਅਤਿਆਚਾਰਾਂ ਦਾ ਅੰਤ ਕਰ ਦਿਖਾਇਆ । ਸਿਖਾਂ ਦੇ ਸਿਰਾਂ ਦੇ ਮੁਲ ਪਾਏ ਗਏ । ਇਹ ਲਗਭਗ ਤਿੰਨ ਸਾਲ ਤਕ ਲਗਾਤਾਰ ਚਲਦਾ ਰਿਹਾ । ਫਰਖਸ਼ੀਅਰ ਦੀ ਮੌਤ ਸਤੰਬਰ, 1719[1] ਈਸਵੀ ਵਿਚ ਹੋਣ ਤੋਂ ਬਾਦ ਸਿਖਾਂ ਨੂੰ ਕੁਝ ਸੁਖ ਦਾ ਸਾਹ ਆਇਆ । ਪਰੰਤੂ 1726[2] ਈਸਵੀ ਵਿਚ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣ ਗਿਆ । ਇਸ ਨੇ ਵੀ ਸਿਖਾਂ ਵਲ ਸਖਤੀ ਦਾ ਦੌਰ ਸ਼ੁਰੂ ਕਰ ਦਿਤਾ । ਕੋਈ ਐਸਾ ਜ਼ੁਲਮ ਨਹੀਂ ਹੋਵੇਗਾ ਜੋ ਇਸ ਦੇ ਸਮੇਂ ਨਾ ਕੀਤਾ ਗਿਆ ਹੋਵੇ ।[3] ਸੈਨਾ ਦੇ ਫਿਰਤੂ ਜਥੇ ਬਣਾ ਕੇ ਸਿੰਘਾਂ ਦੇ ਸਿਰਾਂ ਦੇ ਸ਼ਿਕਾਰ ਲਈ ਭੇਜੇ ਗਏ । ਸਿਖਾਂ ਦਾ ਪਤਾ ਦਸਣ ਵਾਲੇ ਨੂੰ 10 ਰੁ: ਸਿਰ ਵਢ ਕੇ ਲਿਆਉਣ ਵਾਲੇ ਨੂੰ 50 ਰੁ: ਦਿਤੇ ਜਾਂਦੇ ਸਨ ।' ਇਹ ਇਨਾਮ ਵਧਦਾ ਘਟਦਾ ਵੀ ਰਹਿੰਦਾ ਸੀ । ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵੀ ਇਸ ਨਾਲ ਸਹਿਮਤ ਹਨ ।[4] ਹਜ਼ਾਰਾਂ ਦੀ ਗਿਣਤੀ ਵਿਚ ਸਿਖਾਂ ਨੂੰ ਪਕੜ ਕੇ ਲਾਹੌਰ ਲਿਆਂਦਾ ਜਾਂਦਾ ਅਤੇ ਉਨਾਂ ਨੂੰ

---

*ਐਮ. ਫਿਲ. ਵਿਦਿਆਰਥੀ, ਹਿਸਟਰੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

1. ਗੰਡਾ ਸਿੰਘ, 'ਏ ਬਰੀਫ ਅਕਾਊਂਟ ਆਫ ਦੀ ਸਿਖਜ਼' (ਅੰਮਰਿਤਸਰ, 1977), ਪੰਨਾ 27 ।
2. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, (ਪੰਜਾਬ, ਭਾਸ਼ਾ ਵਿਭਾਗ, 1987), ਪੰਨਾ 100 ।
3. ਕਈ ਚਰਖੀ ਕਈ ਫਾਂਸੀ ਮਾਰੇ ।
   ਕਈ ਤੇਗਨ ਕਈ ਛੁਰੀ ਕਟਾਰੇ ।
   ਕਈਅਨ ਕੇ ਸਿਰ ਮੁੰਗਲੀ ਕਟੇ ।
   ਕਈ ਡੋਬੇ ਕਈ ਘਸੀਟ ਸਿਟੇ ।
   ਦਬੇ ਕਟੇ ਬੰਦੂਖਨ ਦੇਹ ਮਾਰ ।
   ਕੌਨ ਗਨੈ ਜੋ ਮਾਰੇ ਹਜ਼ਾਰ ।
   ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਚੌਥੀ ਵਾਰ (ਅੰਮਰਿਤਸਰ, 1962) ਪੰਨਾ 228 ।
4. ਗਿਆਨੀ ਗਿਆਨ ਸਿੰਘ, ਪਿਠ ਅੰਕਤ, ਭਾਗ ਦੂਜਾ, ਪੰਨਾ 140 ।
   ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 233 ।
   ਦਸਣ ਵਾਲੇ ਦਸ ਰੁਪਏ ਔ ਮਾਰਨ ਵਾਲਾ ਪਚਾਸ ।
   ਯਹ ਲਾਲਚ ਤੁਰਕਨ ਦਯੋ ਤਬ ਬਹੁਤ ਸਿੰਘਨ ਭਯੋ ਨਾਸ ।

ਸਖਤ ਤਸੀਹੇਂ ਦੇਣ ਤੋਂ ਬਾਦ ਕਤਲ ਕਰ ਦਿਤਾ ਜਾਂਦਾ ਸੀ ।[5] ਭਾਈ ਤਾਰਾ ਸਿੰਘ ਵਾਂ ਵੀ ਇਨ੍ਹਾਂ ਸ਼ਹੀਦਾਂ ਵਿਚੋਂ ਇਕ ਸਨ ।

ਭਾਈ ਤਾਰਾ ਸਿੰਘ, ਗੁਰਦਾਸ ਦੇ ਵਡੇ ਪੁਤਰ ਸਨ । ਗੁਰਦਾਸ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮਰਿਤ ਛਕ ਕੇ ਸਿੰਘੀ ਬਾਣਾ ਸਜਾ ਲਿਆ ਸੀ । ਗੁਰਦਾਸ ਪਹਿਲਾਂ ਗੁਰੂ ਜੀ ਦਾ ਜੰਗਾਂ ਵਿਚ ਸਾਥ ਦਿੰਦਾ ਰਿਹਾ ਤੇ ਫੇਰ ਪਿਛੋਂ ਮਾਝੇ ਵਿਚ ਬੰਦਾ ਸਿੰਘ ਵੇਲੇ ਸਿੰਘਾਂ ਨੂੰ ਜਥੇਬੰਦ ਕਰਦਾ ਰਿਹਾ। ਤਾਰਾ ਸਿੰਘ ਦਾ ਜਨਮ 1702 ਈ. ਵਿਚ ਹੋਇਆ ਅਤੇ ਭਾਈ ਮਨੀ ਸਿੰਘ ਜੀ ਹਥੋਂ ਅੰਮਰਿਤ ਛਕ ਕੇ ਇਸ ਨੇ ਸਿੰਘਾਂ ਦੀ ਸੇਵਾ ਦਾ ਬੀੜਾ ਚੁਕ ਲਿਆ ।[6] ਤਾਰਾ ਸਿੰਘ ਮਾਝੇ ਦੇ ਜਟ ਸਿਖ ਸਨ ਅਤੇ ਅੰਮਰਿਤਸਰ ਜ਼ਿਲੇ ਦੇ ਵਾਂ ਪਿੰਡ ਵਿਚ ਰਹਿੰਦੇ ਸਨ ।[7] ਭਾਈ ਤਾਰਾ ਸਿੰਘ ਜਿਥੇ ਆਚਰਣ ਦੇ ਉਚੇ, ਸੁਭਾਅ ਦੇ ਮਿਠੇ ਸਨ, ਉਥੇ ਇਕ ਚੰਗੇ ਘੋੜ ਸਵਾਰ, ਤਲਵਾਰੀਏ ਤੇ ਤੀਰ ਅੰਦਾਜ਼ ਵੀ ਸਨ ।[8] ਇਹਨਾਂ ਨੇ ਆਪਣੇ ਪਿੰਡ ਵਾਂ ਵਿਖੇ ਆਪਣਾ ਵਾੜਾ ਬਣਾ ਲਿਆ ਸੀ । ਸਿਖ ਥਕੇ ਟੁਟੇ ਜਦੋਂ ਆਉਂਦੇ ਤਾਂ ਉਹ ਇਥੇ ਆ ਕੇ ਆਰਾਮ ਕਰਦੇ ਅਤੇ ਪਰਸ਼ਾਦਾ ਛਕ ਕੇ ਆਪਣੇ ਪੈਂਡੇ ਪੈ ਜਾਂਦੇ ਸਨ ।[9]

ਨੌਸ਼ਹਿਰਾ ਦਾ ਨੰਬਰਦਾਰ ਚੌਧਰੀ ਸਾਹਿਬ ਰਾਏ ਬੜਾ ਘੁਮੰਡੀ, ਜ਼ਾਲਮ ਅਤੇ ਨਿਰਦਈ ਆਦਮੀ ਸੀ । ਸਿੰਘ ਉਸ ਦੀਆਂ ਜ਼ਾਲਮ ਕਾਰਵਾਈਆਂ ਤੋਂ ਬਹੁਤ ਤੰਗ ਆ ਚੁਕੇ ਸਨ । ਸਿਖਾਂ ਨਾਲ ਸਾਹਿਬ ਰਾਏ ਦੀ ਦੁਸ਼ਮਣੀ ਦਾ ਵਡਾ ਕਾਰਨ ਇਹ ਸੀ ਕਿ ਉਹ ਸਿਖਾਂ ਦੇ ਖੇਤਾਂ ਵਿਚ ਆਪਣੀਆਂ ਘੋੜੀਆਂ ਨੂੰ ਖੁਲੀਆਂ ਛਡ ਦਿੰਦਾ ਸੀ ।[10] ਇਸ ਨਾਲ ਗਰੀਬ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਸਨ । ਸਿੰਘਾਂ ਨੇ ਉਸ ਕੋਲ ਬੇਨਤੀ ਕੀਤੀ ਸੀ ਕਿ ਉਹ ਉਹਨਾਂ ਦੇ ਖੇਤਾਂ ਨੂੰ ਇਸ ਤਰਾਂ ਨਾ ਉਜਾੜੇ, ਪਰ ਉਸ ਨੇ ਸੁਣੀ ਅਣਸੁਣੀ ਕਰ ਦਿਤੀ । ਇਸ ਤਰਾਂ ਦੁਆਰਾ ਫਿਰ ਸਿੰਘਾਂ ਨੇ ਚੌਧਰੀ ਨੂੰ ਘੋੜੀਆਂ ਬੰਨ ਰਖਣ ਲਈ ਕਿਹਾ ਤਾਂ ਸਾਹਿਬ ਰਾਏ ਨੇ ਅਗੋਂ ਰੋਅਬ ਵਿਚ ਆ ਕੇ ਉਹਨਾਂ ਨੂੰ ਡਾਕੂ ਅਤੇ ਚੋਰ ਦਸਿਆ । ਜਦੋਂ ਭੁਵਾਣੇ ਪਿੰਡ ਦੇ ਦੋ ਸਿੰਘਾਂ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਉਸ ਕੋਲ ਇਹ ਸ਼ਕਾਇਤ ਕੀਤੀ ਤਾਂ ਸਾਹਿਬ ਰਾਏ ਨੇ ਗੁਸੇ ਵਿਚ ਆ ਕੇ ਕਿਹਾ ਕਿ "ਤੁਸੀਂ ਮੇਰੀਆਂ ਘੋੜੀਆਂ ਦੇ ਖੇਤਾਂ ਵਿਚ ਚਰਨ ਨੂੰ ਬੁਰਾ ਮੰਨਦੇ ਹੋ, ਮੈਂ ਤੁਹਾਨੂੰ ਦਸਦਾ ਹਾਂ ਕਿ ਮੇਰੀ ਕੈਂਚੀ ਤੁਹਾਡੀਆਂ ਦਾਹੜੀਆਂ ਅਤੇ ਲੰਬੇ ਵਾਲਾਂ ਵਿਚੋਂ ਲੰਘੇਗੀ ।"[11]

ਗਰੀਬ ਕਿਸਾਨਾਂ ਨੇ ਚੌਧਰੀ ਦਾ ਰਵਈਆ ਦੇਖ ਕੇ ਪਿੰਡ ਛਡ ਕੇ ਚਲੇ ਜਾਣ ਦਾ ਨਿਰਣਾ ਕਰ ਲਿਆ । ਕਿਉਂਕਿ ਲਗਾਤਾਰ ਉਥੇ ਇਸ ਹਾਲਤ ਵਿਚ ਰਹਿਣ ਦਾ ਮਤਲਬ ਤਾਂ ਭੁਖੇ ਮਰਨਾ ਹੀ ਸੀ ।[12] ਭਾਈ ਤਾਰਾ ਸਿੰਘ ਜੋ ਕਿ ਇਕ ਧਾਰਮਿਕ ਅਤੇ ਸਿਖ ਕੌਮ ਦਾ ਭਲਾ ਚਾਹੁੰਣ ਵਾਲੇ ਸਨ, ਨੇ ਉਨ੍ਹਾਂ ਦੀ ਦੁਖਾਂ ਭਰੀ ਵਾਰਤਾਲਾਪ ਸੁਣੀ ਤਾਂ ਉਨ੍ਹਾਂ ਨਾਲ ਹਮਦਰਦੀ ਦਿਖਾਈ । ਤਾਰਾ ਸਿੰਘ ਨੇ ਉਨ੍ਹਾਂ ਨੂੰ ਆਪਣੇ ਵਾੜੇ ਵਿਚ ਪਨਾਹ ਦਿਤੀ ਅਤੇ ਉਦੋਂ ਤਕ ਭੋਜਨ ਆਦਿ ਦਾ ਪਰਬੰਧ ਕੀਤਾ ਜਦੋਂ ਤਕ ਕਿ ਉਹ ਆਪਣੇ ਆਪ ਦਾ ਪਰਬੰਧ ਨਾ ਕਰ ਸਕਣ । ਸਿੰਘਾਂ ਨੇ ਤਾਰਾ ਸਿੰਘ

5. ਭਗਤ ਸਿੰਘ, ਸਿਖ ਪੋਲਟੀ ਇਨ ਦੀ ਏਟੀਨਥ ਐਂਡ ਨਾਇਟੀਨਥ ਸੈਂਚਰੀਜ਼ (ਦਿਲੀ, 1978), ਪੰਨਾ 58.
6. ਹੀਰਾ ਸਿੰਘ ਦਰਦ (ਸੰਪਾਦਕ), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ (ਅੰਮਰਿਤਸਰ, 1975). ਪੰਨੇ 195, 196 ।
7. ਰਤਨ ਸਿੰਘ ਭੰਗੂ, ਪਿਠ ਅੰਕਤ, ਪੰਨਾ 187.
8. ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 557.
9. ਗਿਆਨ ਸਿੰਘ. ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 101.
10. ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 558.
11. ਰਤਨ ਸਿੰਘ ਭੰਗੂ, ਪਿਠ ਅੰਕਤ, ਪੰਨਾ 188.
12. ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 557.

ਦੀ ਗਲ ਮੰਨ ਲਈ । ਉਹ ਉਸ ਦੇ ਪਿੰਡ ਆਏ ਅਤੇ ਰਹਿਣਾ ਸ਼ੁਰੂ ਕਰ ਦਿਤਾ ।[13]

ਅਮਰ ਸਿੰਘ ਅਤੇ ਬਘੇਲ ਸਿੰਘ ਦੋ ਸਕੇ ਭਰਾ ਸਨ, ਜੋ ਕਿ ਨਾਲ ਦੇ ਪਿੰਡ ਭੂਸੇ ਦੇ ਰਹਿਣ ਵਾਲੇ ਸਨ । ਜਦੋਂ ਉਹਨਾਂ ਨੂੰ ਸਾਹਿਬ ਰਾਇ ਦੀ ਗੁਸਤਾਖੀ ਬਾਰੇ ਪਤਾ ਲਗਿਆ ਤਾਂ ਉਨਾਂ ਨੇ ਸਾਹਿਬ ਰਾਇ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗਲੇ ਘਰਿਆਲ ਦੇ ਸਰਦਾਰ ਲਖਮੀਰ ਸਿੰਘ ਨੂੰ ਦੇ ਦਿਤੀਆਂ । ਲਖਮੀਰ ਸਿੰਘ ਘੋੜੀਆਂ ਮਾਲਵੇ ਲੈ ਗਿਆ ਤੇ ਸਰਦਾਰ ਆਲਾ ਸਿੰਘ ਪਾਸ ਪਟਿਆਲੇ ਵੇਚ ਆਇਆ । ਤੇ ਰਕਮ ਦੀ ਰਸਦ ਲੈ ਕੇ ਸਰਦਾਰ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿਤੀ ।[14]

ਸਾਹਿਬ ਰਾਇ ਦਾ ਸਿਧਾ ਸ਼ਕ ਇਨਾਂ ਕਿਸਾਨਾਂ ਤੇ ਹੀ ਪਿਆ । ਉਸ ਨੇ ਤਾਰਾ ਸਿੰਘ ਨੂੰ ਕਿਹਾ ਕਿ ਚੋਰ ਉਸ ਦੇ ਹਵਾਲੇ ਕੀਤੇ ਜਾਣ । ਤਾਂ ਕਿ ਉਨਾਂ ਨੂੰ ਕਾਜ਼ੀ ਕੋਲ ਭੇਜ ਕੇ ਪਾਪ ਦੀ ਸਜ਼ਾ ਦਿਤੀ ਜਾ ਸਕੇ । ਪਰੰਤੂ ਭਾਈ ਤਾਰਾ ਸਿੰਘ ਨੇ ਉਹਨਾਂ ਨੂੰ ਪੇਸ਼ ਕਰਨ ਤੋਂ ਇਨਕਾਰ ਕਰ ਦਿਤਾ । ਲੜਾਈ ਵਧਦੀ ਦੇਖ ਕੇ ਸਾਹਿਬ ਰਾਇ ਭਜ ਆਇਆ ਤੇ ਸਿਧਾ ਪਟੀ ਦੇ ਫੌਜਦਾਰ, ਜਾਫ਼ਰ ਬੇਗ ਕੋਲ ਗਿਆ । ਉਸ ਨੂੰ ਕਹਿਣ ਲਗਿਆ ਕਿ ਤਾਰਾ ਸਿੰਘ ਜੋ ਕਿ ਵਾਂ ਪਿੰਡ ਵਿਚ ਰਹਿੰਦਾ ਹੈ ਬਹੁਤ ਵਡਾ ਡਾਕੂ ਹੈ ਅਤੇ ਲੋਕਾਂ ਤੋਂ ਉਨਾਂ ਦੇ ਜਾਣ ਤੋਂ ਪਹਿਲਾਂ ਹੀ ਮਾਮਲਾ ਉਗਰਾਹ ਕੇ ਲੈ ਜਾਂਦਾ ਹੈ ਇਸ ਤਰਾਂ ਤਾਂ ਲੋਕਾਂ ਦਾ ਜੀਵਨ ਅਤੇ ਜਾਇਦਾਦ ਖਤਰੇ ਵਿਚ ਹੈ ।[15]

ਫੌਜਦਾਰ ਨੇ ਚੌਧਰੀ ਦੀ ਗਲ ਧਿਆਨ ਨਾਲ ਸੁਣੀ ਅਤੇ ਉਸ ਨੂੰ ਬੜਾ ਗੁਸਾ ਤੇ ਹੈਰਾਨੀ ਹੋਈ ਕਿ ਉਹਨਾਂ ਦੇ ਰਾਜ ਵਿਚ ਲੋਕਾਂ ਦਾ ਜੀਵਨ ਖਤਰੇ ਵਿਚ ਹੈ । ਚੌਧਰੀ ਦੀ ਝੂਠੀ ਕਹਾਣੀ ਨੂੰ ਸਚ ਮੰਨ ਕੇ ਫੌਜਦਾਰ ਨੇ ਖ਼ਾਲਸਾ ਕਾਲੋਨੀ ਵਿਰੁਧ 25 ਘੋੜ ਸਵਾਰ ਅਤੇ 80 ਪਿਆਦਾ ਸੈਨਿਕ ਭੇਜੇ ।[16]

ਹਾਲੇ ਸ਼ਾਹੀ ਸੈਨਾ ਵਾਂ ਪਹੁੰਚੀ ਨਹੀਂ ਸੀ ਕਿ ਇਹਨਾਂ ਨੂੰ ਬਘੇਲ ਸਿੰਘ ਅਤੇ ਉਸਦੇ ਸਾਥੀਆਂ ਨਾਲ ਨਿਪਟਣਾ ਪੈ ਗਿਆ । ਇਸ ਲੜਾਈ ਵਿਚ ਜ਼ਾਫ਼ਰ ਬੇਗ ਦੇ ਦੋ ਭਤੀਜੇ ਅਤੇ ਬਹੁਤ ਸਾਰੇ ਸੈਨਿਕ ਮਾਰੇ ਗਏ । ਅੰਤ ਵਿਚ ਬਘੇਲ ਸਿੰਘ ਵੀ ਲੜਦਾ ਲੜਦਾ ਸ਼ਹੀਦ ਹੋ ਗਿਆ ।[17] ਲੜਾਈ ਅਤੇ ਗੋਲੀਆਂ ਦੀ ਅਵਾਜ਼ ਤਾਰਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਸੁਣੀ । ਉਹ ਸਾਰੇ ਬੰਦੂਕਾਂ ਲੈ ਕੇ ਹਮਲਾਵਰਾਂ ਵਲ ਨੂੰ ਭਜੇ । ਪਰੰਤੂ ਸਿੰਘਾਂ ਦੇ ਆਉਣ ਦੀ ਅਵਾਜ਼ ਸੁਣ ਕੇ ਸਭ ਨਸ ਗਏ ।

ਉਥੋਂ ਬਚਦੀ ਫੌਜ ਲਾਹੌਰ ਪਹੁੰਚੀ ਅਤੇ ਜ਼ਕਰੀਆਂ ਖਾਨ ਕੋਲ ਸਿੰਘਾਂ ਦੀ ਵਧੀ ਹੋਈ ਤਾਕਤ ਦਾ ਚਰਚਾ ਐਸੇ ਢੰਗ ਨਾਲ ਕੀਤਾ ਕਿ ਜ਼ਕਰੀਆ ਖ਼ਾਨ ਨੇ ਆਪਣੇ ਚੋਣਵੇਂ ਜਰਨੈਲ ਮੋਮਨ ਖਾਨ ਨੂੰ 2200 ਸਵਾਰਾਂ, 40 ਜੰਬੂਰੇ, 4 ਰਹਿਕਲੇ ਅਤੇ 5 ਹਾਥੀ ਦਿਤੇ ਤਾਂ ਕਿ ਉਹ ਤਾਰਾ ਸਿੰਘ ਨੂੰ ਪਕੜ ਕੇ ਲਿਆਵੇ ।[18]

ਮੁਹਿੰਮ ਦੀ ਤਿਆਰੀ ਦੀਆਂ ਖਬਰਾਂ ਜੰਗਲ ਦੀ ਅਗ ਦੀ ਤਰਾਂ ਸਾਰੇ ਪਾਸੇ ਫੈਲ ਗਈਆਂ ।

---

13. ਉਕਤ, ਪੰਨਾ ਉਹੀ ।
14. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 189.
ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 101.
15. ਰਤਨ ਸਿੰਘ ਭੰਗੂ, ਪਿਠ ਅੰਕਤ, ਪੰਨਾ 189, 90.
16. ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 560.
17. ਰਤਨ ਸਿੰਘ ਭੰਗੂ, ਪਿਠ ਅੰਕਤ, ਪੰਨੇ 190, 91.
18. ਉਕਤ, ਪੰਨਾ 193.

ਲਾਹੌਰ ਦੇ ਕਿਲੇ ਦੇ ਬਾਹਰ ਹਰ ਰੋਜ ਸਿਖ ਬਚੇ, ਇਸਤਰੀਆਂ ਅਤੇ ਭੋਲੇ-ਭਾਲੇ ਲੋਕਾਂ ਨੂੰ ਖੁਲੇ ਆਮ ਤਸੀਹੇ ਦੇ ਕੇ ਮਾਰਿਆ ਜਾਣ ਲਗਾ ।

ਇਸ ਮੁਹਿੰਮ ਦੀ ਖਬਰ ਭਾਈ ਤਾਰਾ ਸਿੰਘ ਨੂੰ ਵੀ ਲਾਹੌਰ ਦੇ ਸਿਖਾਂ ਰਾਹੀਂ ਮਿਲ ਗਈ ।[19] ਕਈ ਆਦਮੀ ਇਕਠੇ ਹੋ ਕੇ ਤਾਰਾ ਸਿੰਘ ਕੋਲ ਆਏ ਕਿ ਇਸ ਵੇਲੇ ਤਾਂ ਸਮਾਂ ਟਪਾਉਣਾ ਹੀ ਸਿਆਣਪ ਹੈ ਤੇ ਮਾਲਵੇ ਵਲ ਵਹੀਰ ਚਲੀ ਜਾਏ । ਪਰੰਤੂ ਭਾਈ ਤਾਰਾ ਸਿੰਘ ਨੇ ਇਸ ਤਰਾਂ ਭਜ ਕੇ ਆਪਣੀ ਜਾਨ ਬਚਾਉਣਾ ਠੀਕ ਨਾ ਸਮਝਿਆ ।

ਉਹ ਵਾਂ ਪਹੁੰਚੇ । ਉਥੇ ਪਹੁੰਚ ਕੇ ਫਿਰ ਸੋਚ ਵਿਚਾਰ ਕੀਤਾ ਤਾਂ ਇਹ ਫੈਸਲਾ ਲਿਆ ਕਿ ਇਸ ਸਮੇਂ ਮਾਲਵੇ ਵਲ ਖਿਸਕ ਲੈਣਾ ਚਾਹੀਦਾ ਹੈ । ਸੋ ਸਾਰਿਆਂ ਨੇ ਉਥੋਂ ਕੂਚ ਕੀਤਾ ਪਰ ਜਦ ਪਤਣ ਲੰਘਣ ਲਗੇ ਤਾਂ ਤਾਰਾ ਸਿੰਘ ਨੇ ਕਿਹਾ ਕਿ ਪਤਣ ਤੋਂ ਪਹਿਲਾਂ ਵਾਕ ਤਾਂ ਲੈ ਲਈਏ ਕਿ ਅਕਾਲ ਪੁਰਖ ਦਾ ਕੀ ਹੁਕਮ ਹੈ । ਦਸ ਗਰੰਥੀ ਦੇ ਵਾਕ ਤੋਂ ਇਹ ਹੁਕਮ ਹੋਇਆ ਕਿ ਸਿੰਘਾਂ ਲਈ ਜਾਨ ਪਿਆਰੀ ਕਰਨਾ ਸ਼ੋਭਦਾ ਨਹੀਂ । ਸੋ ਤਾਰਾ ਸਿੰਘ ਨੇ ਕਿਹਾ ਕਿ ਜਿਸ ਨੇ ਮਾਲਵੇ ਵਲ ਜਾਣਾ ਹੈ ਬੇਸ਼ਕ ਚਲਾ ਜਾਏ, ਸਾਨੂੰ ਤਾਂ ਗੁਰੂ ਦਾ ਹੁਕਮ ਵਾਪਿਸ ਵਾਂ ਜਾਣ ਦਾ ਹੋਇਆ ਹੈ । ਵਹੀਰ ਤਾਂ ਮਾਲਵੇ ਵਲ ਚਲੀ ਗਈ ਸਿਰਫ ਬਾਈ ਸਿੰਘ ਭਾਈ ਨਾਲ ਵਾਪਸ ਮੁੜ ਆਏ ।

ਮੋਮਨ ਖਾਨ ਨੇ ਨਿਸ਼ਚਾ ਕੀਤਾ ਕਿ ਤਾਰਾ ਸਿੰਘ ਨੂੰ ਸੁਤਿਆਂ ਹੀ ਪਕੜਨਾ ਠੀਕ ਹੈ । ਇਸ ਕਰਕੇ ਸ਼ਾਹੀ ਫੌਜ ਨੇ ਰਾਤ ਨੂੰ ਹੀ ਪਿੰਡ ਦੇ ਦੁਆਲੇ ਘੇਰਾ ਪਾ ਲਿਆ । ਜਿਉਂ ਹੀ ਉਹਨਾਂ ਨੇ ਹਮਲਾ ਕੀਤਾ ਤਾਂ ਅਗੋਂ ਸਿੰਘਾਂ ਨੇ ਤੀਰਾਂ ਦਾ ਮੀਂਹ ਵਰਾ ਦਿਤਾ । ਇਸ ਤਰਾਂ ਇਕ ਦਮ ਦੇ ਧਮਾਕੇ ਨਾਲ ਫੌਜ ਡਰ ਗਈ ਅਤੇ ਖਲਬਲੀ ਮਚ ਗਈ । ਰਾਤੋ-ਰਾਤ ਸਿੰਘਾਂ ਨੇ ਸ਼ਾਹੀ ਫੋਜ ਨੂੰ ਕਾਫੀ ਨੁਕਸਾਨ ਪਹੁੰਚਾਇਆ । ਰਾਤ ਦੇ ਹਨੇਰੇ ਵਿਚ ਸਿੰਘਾਂ ਦੀ ਸਹੀ ਗਿਣਤੀ ਬਾਰੇ ਪਤਾ ਨਾ ਲਗਿਆ । ਉਹਨਾਂ ਨੇ ਸਮਝਿਆ ਕਿ ਸਿਖਾਂ ਦੀ ਫੌਜ ਬਹੁਤ ਵਡੀ ਹੈ ।[20]

ਮੋਮਨ ਖਾਨ ਨੇ ਦੇਖਿਆ ਕਿ ਤਕੀ ਖਾਨ ਤਾਂ ਪਿਛੇ ਹਟ ਗਿਆ ਹੈ ਤਾਂ ਉਸ ਨੇ ਬਾਕੀ ਦਸਤਿਆਂ ਨੂੰ ਸਿਖਾਂ ਤੇ ਟੁਟ ਪੈਣ ਲਈ ਹੁਕਮ ਦਿਤਾ । ਗਿਣਤੀ ਦੇ 22 ਸਿੰਘ ਕਿਥੋਂ ਤਕ ਹਜ਼ਾਰਾਂ ਦਾ ਟਾਕਰਾ ਕਰ ਸਕਦੇ ਸਨ । ਹੌਲੀ-ਹੌਲੀ ਸਾਰੇ ਸਿੰਘ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ ਅੰਤ ਵਿਚ ਭਾਈ ਤਾਰਾ ਸਿੰਘ ਇਕ ਇਕਲਾ ਹੀ ਬਾਕੀ ਰਹਿ ਗਿਆ । ਤਾਰਾ ਸਿੰਘ ਸ਼ੇਰ ਦੀ ਤਰਾਂ ਗਰਜਦਾ ਹੋਇਆ ਦੁਸ਼ਮਣਾਂ ਤੇ ਢਹਿ ਪਿਆ ਅਤੇ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ ।

ਇਸ ਤਰਾਂ ਭਾਈ ਤਾਰਾ ਸਿੰਘ 1726 ਈ. (1783 ਵਿਕਰਮੀ)[21] ਨੂੰ ਵੈਸਾਖ ਦੇ ਮਹੀਨੇ ਵਿਚ ਸ਼ਹੀਦ ਹੋ ਗਿਆ । ਸੋ ਭਾਈ ਤਾਰਾ ਸਿੰਘ ਨੇ ਆਪਣੇਂ ਧਰਮੀ ਭਰਾਵਾਂ ਦੀ ਜ਼ਿੰਦਗੀ ਬਚਾਉਣ ਲਈ ਸ਼ਹੀਦੀ ਪਰਾਪਤ ਕੀਤੀ । ਉਸ ਨੂੰ ਸਚਾ ਸ਼ਹੀਦ ਕਹਿਣਾ ਗਲਤ ਨਹੀਂ ਹੋਵੇਗਾ ।

---

19. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 102.
20. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 196.
21. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 102.
ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਤਾਰਾ ਸਿੰਘ ਦੀ ਸ਼ਹੀਦੀ 1782 ਵਿਚ ਹੋਈ ਲਿਖਦਾ ਹੈ ।

# ਬੰਸਾਵਲੀਨਾਮਾ ਦੇ ਸੰਭਵ ਸਰੋਤ

ਰਾਏ ਜਸਬੀਰ ਸਿੰਘ*

ਸਾਰੰਸ਼ : ਲੇਖ ਵਿਚ ਦਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੇਸਰ ਸਿੰਘ ਛਿਬਰ ਦੀ ਰਚਨਾ ਇਕ ਅਤੀ ਪੁਰਾਣੀ ਰਚਨਾ ਹੋਣ ਦੇ ਬਾਵਜੂਦ ਵੀ ਭਰੋਸੇਯੋਗ ਨਹੀਂ ਹੈ। ਸਗੋਂ ਕਲਪਿਤ ਸਾਖੀਆਂ ਅਤੇ ਬਾਹਮਣਵਾਦੀ ਵਿਚਾਰਾਂ ਦੀ ਹੀ ਸ਼ਿਕਾਰ ਹੋਈ ਜਾਪਦੀ ਹੈ।

—ਸ. ਸ.

ਬੰਸਾਵਲੀਨਾਮਾ ਦੇ ਸਰੋਤਾਂ ਦਾ ਅਧਿਅਨ ਕਰਨ ਲਈ ਇਸ ਰਚਨਾ ਦੀ ਅੰਦਰਲੀ ਗੁਆਹੀ ਦਾ ਵਿਚਾਰ ਕਰਨਾ ਜ਼ਰੂਰੀ ਹੈ। ਕੇਸਰ ਸਿੰਘ ਅਨੁਸਾਰ ਪਹਿਲੇ ਚਰਣ ਦਾ ਗੁਰੂ ਨਾਨਕ ਦੇਵ ਵਾਲਾ ਭਾਗ, ਬਾਲਾ ਜਨਮ ਸਾਖੀ ਉਤੇ ਆਧਾਰਿਤ ਹੈ।[1] ਬਾਕੀ ਹਿਸੇ ਵਾਸਤੇ ਉਹ ਆਪਣੇ ਸਮਕਾਲੀ ਸਿਖਾਂ ਦੀ ਸੰਗਤ ਤੇ ਮਾਤਾ ਸਾਹਿਬ ਦੇਵਾਂ ਦੇ ਦਰਬਾਰ ਵਿਚੋਂ ਸਾਮਗਰੀ ਪਰਾਪਤ ਕਰਨ ਦਾ ਦਾਹਵਾ ਕਰਦਾ ਹੈ।[2] ਉਸ ਅਨੁਸਾਰ ਉਸ ਨੇ ਸੰਮਤਾਵਲੀ ਗੁਰੂ ਗੋਬਿੰਦ ਸਿੰਘ ਦੀ ਖ਼ਜ਼ਾਨੇ ਦੀ ਵਹੀ ਤੋਂ ਪਰਾਪਤ ਕੀਤੀ। ਇਹ ਵਹੀ ਕੇਸਰ ਸਿੰਘ ਛਿਬਰ ਦੇ ਆਪਣੇ ਕੋਲ ਸੀ ਜੋ ਜੰਮੂ ਸ਼ਹਿਰ ਨੂੰ ਅਗ ਲਗਣ ਕਾਰਨ ਨਸ਼ਟ ਹੋ ਗਈ ਸੀ।[3]

ਉਪਰੋਕਤ ਦਾਹਵੇ ਵਾਲੇ ਪਰਮਾਣਿਕ ਸਰੋਤਾਂ (ਬਾਲੇ ਵਾਲੀ ਸਾਖੀ ਨੂੰ ਛਡ ਕੇ) ਦੀ ਸਹਾਇਤਾ ਨਾਲ ਕੀਤੀ ਗਈ ਰਚਨਾ ਨਿਸਚੈ ਹੀ ਗੁਰੂ ਕਾਲ ਤੇ ਛਿਬਰ ਦੇ ਸਮਕਾਲੀ ਸਮੇਂ ਲਈ ਮਹਤਵਪੂਰਨ ਸਰੋਤ ਹੋ ਸਕਦੀ ਸੀ। ਪਰ ਅਜਿਹਾ ਨਹੀਂ। ਇਸ ਵਿਚ ਬਹੁਤ ਸਾਰੀਆਂ ਤਥਕ ਗਲਤੀਆਂ ਹਨ ਜਿਹਾ ਕਿ ਅਸੀਂ ਅਗੇ ਜਾ ਕੇ ਵੇਖਾਂਗੇ। ਛਿਬਰ ਕਿਸੇ ਵੀ ਮਹਤਵਪੂਰਣ ਘਟਨਾ ਦੇ ਕਾਰਨ ਤੇ ਮਹਤਾ ਨੂੰ (ਜਿਵੇਂ ਗੁਰੂ ਨਾਨਕ ਜੀ ਦੀਆਂ ਉਦਾਸੀਆਂ, ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਿਗੋਬਿੰਦ ਜੀ ਦੀ ਨਵੀਂ ਨੀਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਖਾਲਸਾ ਸਾਜਨਾ, ਆਦਿ) ਸਮਝ ਨਹੀਂ ਸਕਿਆ। ਤਤਕਾਲੀ ਸਦੀ ਦੀਆਂ ਘਟਨਾਵਾਂ ਸੰਬੰਧੀ ਵੀ ਉਸ ਦੇ ਉਲੇਖ ਦਾ ਹੋਰ ਤਤਕਾਲੀ ਤੇ ਨਿਕਟ ਤਤਕਾਲੀ ਸਰੋਤਾਂ ਨਾਲ ਮੇਲਣ ਤੋਂ ਅੰਤਰ ਪਰਗਟ ਹੁੰਦਾ ਹੈ। ਇਸ ਕਰਕੇ ਉਸ ਦੇ ਸਰੋਤਾਂ ਬਾਰੇ ਅਧਿਐਨ ਕਰਨ ਦੀ ਜ਼ਰੂਰਤ ਹੈ।

ਜਿਹਾ ਕਿ ਛਿਬਰ ਆਪ ਹੀ ਦਸਦਾ ਹੈ ਕਿ ਪਹਿਲੇ ਚਰਣ ਦੇ ਗੁਰੂ ਨਾਨਕ ਵਾਲੇ ਭਾਗ ਦਾ, ਉਸ ਦਾ ਸਰੋਤ ਬਾਲੇ ਵਾਲੀ ਜਨਮਸਾਖੀ ਹੈ। ਇਸ ਤੋਂ ਇਲਾਵਾ ਉਸ ਨੇ ਗਿਆਨ ਰਤਨਾਵਲੀ ਤੋਂ ਵੀ ਕੁਝ ਸਾਮਗਰੀ ਲਈ ਹੈ। ਬੰਸਾਵਲੀਨਾਮਾ ਦਾ ਆਰੰਭ ਪੁਰਾਣੇ ਗਰੰਥਾਂ ਨਾਲ ਮਿਲਦਾ ਹੈ। ਸਰਿਸ਼ਟੀ ਉਤਪਤੀ, ਸੂਰਜਾ ਬੰਸ ਤੋਂ ਬੰਸਾਵਲੀ ਤੋਰਨੀ, ਖੰਡਾਂ ਦੀਆਂ ਦਾ ਉਲੇਖ

---

* ਗੁਰੂ ਨਾਨਕ ਦੇਵ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

1. ਬੰਸਾਵਲੀਨਾਮਾ, 12
2. ਉਹੀ, 245, 207
3. ਉਹੀ, 207

ਕਲਜੁਗ ਦਾ ਚਿਤਰਣ-ਪੁਰਾਣ ਗਰੰਥਾਂ ਦੇ ਪੈਟਰਨ ਦੇ ਆਧਾਰ ਉਤੇ ਹੈ ।[4] ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਛਿਬਰ ਨੇ ਗੁਰੂ ਗਰੰਥ, ਦਸਮ ਗਰੰਥ, ਰਾਮਚਰਿਤ ਮਾਨਸ, (ਤੁਲਸੀ ਦਾਸ) ਰਜਬ ਰਚਨਾਂ, ਗੀਤਾ, ਯੋਗ ਵਾਸ਼ਿਸ਼ਟ, ਵਾਰਾਂ ਭਾਈ ਗੁਰਦਾਸ, ਅਜਿਹੇ ਰੰਧਾਵੇ ਦੀ ਗੋਸਟਿ ਰਾਮਾਇਣ. ਮਹਾਭਾਰਤ, ਦੇਵੀ ਸਤੋਤਰ ਵਿਚੋਂ ਸਾਖਾਂ (ਉਦਾਹਰਣਾਂ) ਦੀ ਵਰਤੋਂ ਕੀਤੀ ਹੈ। ਕਈ ਸਾਖਾਂ ਵਾਸਤੇ ਕਲਪਤ ਸਾਖੀਆਂ ਵੀ ਘੜ ਲਈਆਂ ਗਈਆਂ ਹਨ ।

ਗੁਰੂ ਸਾਹਿਬਾਨ ਦੀ ਔਲਾਦ, ਖਾਸ ਘਟਨਾਵਾਂ ਤੇ ਸੰਮਤਾਵਲੀ ਦਾ ਆਧਾਰ ਰਵਾਇਤ ਜਾਪਦੀ ਹੈ। ਗੁਰੂ ਗੋਬਿੰਦ ਸਿੰਘ ਬਾਰੇ ਬਚਿਤਰ ਨਾਟਕ ਦੀ ਵਰਤੋਂ ਕੀਤੀ ਲਗਦੀ ਹੈ ।[5] ਗੁਰੂ ਤੇਗ ਬਹਾਦਰ ਦੀ ਪੂਰਬ ਯਾਤਰਾ ਤੇ ਗੁਰੂ ਗੋਬਿੰਦ ਸਿੰਘ ਦੇ ਜਨਮ ਸਾਲ ਦੀ ਸੂਚਨਾ ਭਟਵਹੀਆਂ ਨਾਲ ਮਿਲਦੀ ਹੈ ।[6] ਬਾਬਾ ਗੁਰਦਿਤੇ ਦੇ ਦੇਹਾਂਤ ਦਾ ਉਲੇਖ ਦਬਿਸਤਾਨ ਮਜ਼ਾਹਬ ਨਾਲ ਮੇਲ ਖਾਂਦਾ ਹੈ ।[7]

ਬੰਦਾ ਬਹਾਦਰ, ਅਜੀਤ ਸਿੰਘ, ਮਾਤਾ ਸਾਹਿਬ ਦੇਵਾਂ ਤੇ ਇਸ ਤੋਂ ਬਾਅਦ ਦੀਆਂ ਕੁਝ ਘਟਨਾਵਾਂ ਛਿਬਰ ਦੀਆਂ ਸਮਕਾਲੀ ਮੰਨੀਆਂ ਜਾ ਸਕਦੀਆਂ ਹਨ। ਹੋ ਸਕਦਾ ਹੈ ਕਿ ਇਹ ਉਸ ਨੇ ਅਖੀਂ ਵੇਖ ਕੇ ਜਾਂ ਸਮਕਾਲੀ ਸਿਖਾਂ ਤੋਂ ਸੁਣ ਕੇ ਲਿਖੀਆ ਹੋਣ।

ਕੇਸਰ ਸਿੰਘ ਨੇ ਰਵਾਇਤ ਤੋਂ ਜੋ ਕੁਝ ਲਿਆ, ਉਸ ਵਿਚ ਗਲਤੀਆਂ ਹਨ। ਉਸ ਦਾ ਭੂਗੋਲਿਕ ਵੇਰਵਾ ਤਰਤੀਬ ਤੇ ਪੈਮਾਇਸ਼ ਪਖੋਂ ਪੁਰਾਣੇ ਗਰੰਥਾਂ ਨਾਲ ਨਹੀਂ ਮਿਲਦਾ ।[8] ਉਸ ਨੇ ਰਾਮ ਦੇ ਪੁਤਰ ਕੁਸ਼ ਦੀ ਔਲਾਦ ਉਸ ਦੇ ਦੂਜੇ ਪੁਤਰ ਲਵ ਨਾਲ ਜੋੜ ਦਿਤੀ ਹੈ ਤੇ ਕੁਸ਼ ਦੀ ਔਲਾਦ ਦਾ ਉਹ ਵੇਰਵਾ ਦਿਤਾ ਹੈ ਜੋ ਕਿਸੇ ਵੀ ਪੁਰਾਣੇ ਗਰੰਥ ਵਿਚ ਪਰਾਪਤ ਨਹੀਂ ।[9] ਉਸ ਰਾਹੀਂ ਦਸੀ ਗਈ ਸੂਚਨਾ ਕਿ ਗੁਰੂ ਅੰਗਦ ਜੀ ਨੇ 1594 ਵਿਚ ਕਰਤਾਰਪੁਰ ਵਿਚ ਦੇਵੀ ਦਰਸ਼ਨ ਕੀਤਾ, ਦੋ ਸਾਲ ਗੁਰੂ ਘਰ ਦੀ ਸੇਵਾ ਕੀਤੀ, ਗੁਰੂ ਅੰਗਦ ਜੀ ਨੂੰ ਬਾਬਾ ਸਿਰੀ ਚੰਦ ਨੇ ਕੋਹੜੀ ਹੋਣ ਦਾ ਸਰਾਪ ਦਿਤਾ—ਜਨਮਸਾਖੀ ਭਾਈ ਬਾਲਾ ਸਮੇਤ ਕਿਸੇ ਵੀ ਜਨਮ ਸਾਖੀ ਨਾਲ ਮੇਲ ਨਹੀਂ ਖਾਂਦੇ ।[10]

ਗੁਰੂ ਅਮਰਦਾਸ ਜੀ ਦੇ ਪੁਤਰਾਂ ਦੇ ਨਾਂ, ਬੀਬੀ ਅਮਰੋ ਤੇ ਗੁਰੂ ਅਮਰਦਾਸ ਜੀ ਦਾ ਆਪਸੀ ਰਿਸ਼ਤਾ, ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ—ਇਹ ਸਭ ਵੇਰਵੇ ਗ਼ਲਤ ਹਨ ।[11] ਗੁਰੂ ਹਰਿ ਗੋਬਿੰਦ ਦੀ ਗਰਿਫਤਾਰੀ ਦਾ ਕਾਰਨ, ਉਨਾਂ ਦੀ ਗਫਿਤਾਰੀ ਦਾ ਸਮਾਂ, ਉਨਾਂ ਦੇ ਮੁਗਲ ਸਰਕਾਰ ਨਾਲ ਲੜਾਈਆਂ ਦੇ ਸਮੇਂ ਤੇ ਕਾਰਨ ਵੀ ਠੀਕ ਨਹੀਂ ।[12]

---

4. ਵੇਖੋ ਬੰਸਾਵਲੀਨਾਮਾ, ਅਧਿ. 1 ਤੇ 14 ਅਤੇ ਵਿਸ਼ਨੂ ਪੁਰਾਣ, ਗੀਤਾ ਪ੍ਰੈਸ ਗੋਰਖਪੁਰ, ਅਧਿਆਇ ਵੰਡ, 3-5
5. ਦਸਮ ਗਰੰਥ, ਬਚਿਤਰ ਨਾਟਕ, ਅਧਿ. 5 ਤੋਂ 14.
6. ਬਸਾਵਲੀਨਾਮਾ 81 ਤੇ 99 ਅਤੇ ਭਟ ਵਹੀ ਪੂਰਬੀ ਦਖਣੀ।
7. ਬੰਸਾਵਲੀਨਾਮਾ, 69, 70, 72, ਡਾ. ਗੰਡਾ ਸਿੰਘ (ਸੰਪਾ), ਮਾਖਿਜ਼ ਤਵਾਰੀਖੇ ਸਿਖਾਂ, ਸਿਖ ਹਿਸਟਰੀ ਸੁਸਾਇਟੀ, ਅੰਮਿਰਤਸਰ, 1949, 44-45.
8. ਬੰਸਾਵਲੀਨਾਮਾ, 2-3 ਅਤੇ ਸਿਰੀ ਵਿਸ਼ਨੂ ਪੁਰਾਣ, ਅੰਸ਼ 2, ਅਧਿ. 4, 145-152.
9. ਬੰਸਾਵਲੀਨਾਮਾ, 7-8 ਅਤੇ ਸਿਰੀ ਮਦ ਭਾਗਵਤ ਪੁਰਾਣ, 9, 10, ਮੋਤੀ ਲਾਲ ਬਨਾਰਸੀ ਦਾਸ, ਦਿਲੀ, 1976, ਪੰਨੇ 1177-86.
10. ਬੰਸਾਵਲੀਨਾਮਾ, 13-14.
11. ਬੰਸਾਵਲੀਨਾਮਾ, 21, 30, 33 ਅਤੇ ਗੁਰੂ ਅਮਰਦਾਸ; ਸਰੋਤ ਪੁਸਤਕ, 218, 231.
12. ਬੰਸਾਵਲੀਨਾਮਾ, 63, 64, 68, 70 ਅਤੇ ਗੁਰੂ ਅਮਰਦਾਸ : ਸਰੋਤ ਪੁਸਤਕ, 219-220.

ਇਸ ਤਰਾਂ ਛਿਬਰ ਨੇ ਰਵਾਇਤ ਤੋਂ ਜੋ ਕੁਝ ਹਾਸਲ ਕੀਤਾ ਉਸ ਵਿਚਲੀਆਂ ਗਲਤੀਆਂ, ਉਸ ਦੀ ਪਰਮਾਣਿਕਤਾ ਨੂੰ ਸ਼ਕੀ ਬਣਾਉਂਦੀਆਂ ਹਨ ।

ਕੁਝ ਜਾਣੀਆਂ ਪਛਾਣੀਆਂ ਘਟਨਾਵਾਂ ਨੂੰ ਛਡ ਕੇ ਕੇਸਰ ਸਿੰਘ ਛਿਬਰ ਨੂੰ ਗੁਰੂ ਇਤਿਹਾਸ ਦੀ ਕਿਸੇ ਵੀ ਅਹਿਮ ਘਟਨਾ ਦੇ ਕਾਰਨਾਂ ਤੇ ਮਹਤਾ ਦਾ ਨਹੀਂ ਪਤਾ । ਉਸ ਅਨੁਸਾਰ ਗੁਰੂ ਨਾਨਕ ਵਰਣ ਦੇਵਤਾ ਤੋਂ ਅਸ਼ੀਰਵਾਦ ਲੈ ਕੇ ਉਦਾਸੀਆਂ ਉਤੇ ਗਏ ।[13] ਗੁਰੂ ਅਮਰਦਾਸ ਹਰਿਦਵਾਰ, ਆਦਿ ਤੀਰਥਾਂ ਦੀ ਯਾਤਰਾ ਕਰਨ ਗਏ ਸਨ ।[14] ਪਿਰਥੀਏ ਦੀ ਥਾਂ ਗੁਰੂ ਅਰਜਨ ਨੂੰ ਗੁਰਿਆਈ ਮਿਲਣ ਦਾ ਕਾਰਨ ਗੁਰੂ ਅਮਰਦਾਸ ਜੀ ਰਾਹੀਂ ਉਨਾਂ ਨੂੰ ਵਰ ਮਿਲਣਾ ਸੀ ।[15] ਗੁਰੂ ਅਰਜਨ ਦੀ ਸ਼ਹੀਦੀ ਦਾ ਕਾਰਨ ਉਨਾਂ ਦਾ ਆਪਣੇ ਭਰਾ ਪਿਰਥੀਏ ਨਾਲ ਪਿਛਲੇ ਜਨਮ ਦਾ ਵੈਰ ਸੀ । ਖਾਂਡਣ-ਬਨ ਵਿਚ ਭੁਲੇਖੇ ਨਾਲ ਅਰਜਨ ਪਾਂਡੋ ਪਾਸੋਂ ਸਹਿਆ (ਪਿਰਥੀਆ) ਮਾਰਿਆ ਗਿਆ ਸੀ; ਇਸਦੇ ਬਦਲੇ 'ਚ ਪਿਰਥੀਏ ਨੇ ਗੁਰੂ ਅਰਜਨ ਜੀ ਨੂੰ ਸ਼ਹੀਦ ਕਰਵਾਇਆ ।[16] ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਲਈ ਪਿਛਲੇ ਜਨਮ ਦੀ ਕਥਾ ਦੇ ਨਾਲ ਔਰੰਗਜ਼ੇਬ ਰਾਹੀਂ ਆਪਣੇ ਗੁਨਾਹ ਮੁਆਫ਼ ਕਰਾਉਣ ਲਈ ਫਕੀਰਾਂ ਨੂੰ ਗਰਿਫਤਾਰ ਕਰਨ ਵਾਲੀ ਕਥਾ ਘੜੀ ਗਈ ਹੈ ।[17] ਖਾਲਸਾ ਸਾਜਨ ਦਾ ਕਾਰਨ ਦੇਵੀ ਪੂਜਾ ਰਾਹੀਂ ਦੇਵੀ ਪਰਗਟਾ ਕੇ ਉਸ ਤੋਂ ਲਏ ਅਸ਼ੀਰਵਾਦ ਤੇ ਪਾਪਾਂ ਦਾ ਟਾਕਰਾ ਕਰਨ ਲਈ ਪੰਥ ਸਾਜਨ ਦੀ ਲੋੜ ਨਾਲ ਜੋੜਿਆ ਗਿਆ ਹੈ ।[18] ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਦੇਹਾਂਤ ਵਾਲੀਆਂ ਕਥਾਵਾਂ ਆਤਮ ਘਾਤੀ ਰੂਪ ਵਿਚ ਬਦਲ ਗਈਆਂ ਹਨ ।[19] ਇਉਂ, ਜਿਨਾਂ ਘਟਨਾਵਾਂ ਦੇ ਕਾਰਨਾਂ ਦਾ ਉਸ ਨੂੰ ਪਤਾ ਨਹੀਂ, ਉਨਾਂ ਵਾਸਤੇ ਕਰਮ ਫਲ ਦੇ ਅਧੀਨ ਪਿਛਲੇ ਜਨਮਾਂ ਦੀਆਂ ਕਲਪਤ ਕਥਾਵਾਂ ਘੜ ਲਈਆਂ ਗਈਆਂ ਹਨ । ਇਸ ਤੋਂ ਵੀ ਉਸਦੀ ਸਮਕਾਲੀ ਸਿਖਾਂ ਤੋਂ ਪਰਾਪਤ ਰਵਾਇਤ ਉਤੇ ਸ਼ਕ ਪੈਦਾ ਹੁੰਦਾ ਹੈ ।

ਬੰਸਾਵਲੀ ਨਾਮਾ ਵਿਚ ਕਰਮਕਾਂਡ, ਰਹੁਰੀਤਾਂ ਤੇ ਦੇਵੀ ਪੂਜਾ ਸੰਬੰਧੀ ਸਾਮਗਰੀ ਵੀ ਮਿਲਦੀ ਹੈ । ਕਰਮਕਾਂਡ ਗੁਰੂ ਸਾਹਿਬਾਨ ਨਾਲ ਵੀ ਜੋੜੇ ਗਏ ਹਨ ।

ਛਿਬਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ, ਗੁਰੂ ਹਰਿ ਗੋਬਿੰਦ, ਪਿਹੋਵੇ ਜਾ ਕੇ ਸਾਸਤਰੋਕਤ ਕਰਮਕਾਂਡ ਕਰਾਵਾਉਂਦੇ ਹਨ ।[20] ਦੇਵੀ ਪੂਜਾ ਦੀ ਸਾਖੀ ਗੁਰੂ ਗੋਬਿੰਦ ਸਿੰਘ ਨਾਲ ਜੋੜੀ ਜਾਂਦੀ ਹੈ ਅਤੇ ਦਸਿਆ ਗਿਆ ਹੈ ਕਿ ਦੇਵੀ ਤੋਂ ਵਰ ਲੈ ਕੇ ਖਾਲਸਾ ਸਾਜਨਾ ਕੀਤੀ ਗਈ ।[21] ਇਸੇ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਜਨੇਊ ਵੀ ਪਵਾਇਆ ਗਿਆ ਹੈ ।[22]

ਕਰਮਕਾਂਡ ਦੇ ਵਿਰੋਧੀ ਗੁਰੂ ਸਾਹਿਬਾਨ ਦੇ ਆਪਣੇ ਜੀਵਨ ਨਾਲ ਕਰਮਕਾਂਡ ਸੰਬੰਧਿਤ

13. ਬੰਸਾਵਲੀਨਾਮਾ, 12-13
14. ਉਹੀ, 33
15. ਉਹੀ, 40
16. ਉਹੀ, 53
17. ਉਹੀ, 86-87
18. ਉਹੀ, 107-110
19. ਉਹੀ, 93-162
20. ਉਹੀ, 62
21. ਉਹੀ, 107-10
22. ਉਹੀ, 113

ਹੋਣੇ ਅਸੰਭਵ ਗਲ ਲਗਦੀ ਹੈ। ਜਾਪਦਾ ਹੈ ਕਿ ਇਨ੍ਹਾਂ ਨਾਲ ਸੰਬੰਧਿਤ ਸਾਮਗਰੀ ਛਿਬਰ ਦੇ ਤਤਕਾਲੀ ਵਿਦਵਾਨ ਸਿਖਾਂ ਤੋਂ ਪਰਾਪਤ ਰਵਾਇਤਾਂ ਤੋਂ ਨਹੀਂ ਲਈ ਗਈ। ਇਹ ਤਤਕਾਲੀ ਵਾਤਾਵਰਣ ਦਾ ਸਿਟਾ ਹੈ ਜਿਸ ਵਿਚ ਸਿਖ ਸਮੁਦਾਇ ਵਿਚ ਕਰਮਕਾਂਡ ਤੇ ਰਹੁਰੀਤਾਂ ਹਾਵੀ ਹੋ ਗਈਆਂ ਸਨ। ਇਸ ਬਾਰੇ ਬੰਸਾਵਲੀਨਾਮਾ ਤੋਂ ਇਲਾਵਾ ਹੋਰ ਤਤਕਾਲੀ ਰਚਨਾਵਾਂ ਗਿਆਨ ਰਤਨਾਵਲੀ, ਸਿਖਾਂ ਦੀ ਭਗਤਮਾਲਾ, ਮਹਿਮਾ ਪਰਕਾਸ਼, ਪਰਚੀਆਂ ਸੇਵਾ ਦਾਸ, ਆਦਿ ਤੋਂ ਵੀ ਪਤਾ ਲਗਦਾ ਹੈ।

ਛਿਬਰ ਰਾਹੀਂ ਵਰਤੀਆਂ ਗਈਆਂ ਸਾਖਾਂ ਤਾਂ ਮਹਤਵਪੂਰਣ ਹਨ। ਉਸ ਨੇ ਆਪਣੇ ਵਿਚਾਰਾਂ ਨੂੰ ਗੁਰਬਾਣੀ, ਦਸਮ ਗਰੰਥ, ਵਾਰਾਂ ਭਾਈ ਗੁਰਦਾਸ ਆਦਿ ਪਰਮਾਣਿਕ ਰਚਨਾਵਾਂ ਵਿਚੋਂ ਉਦਾਹਰਣਾਂ ਲੈ ਕੇ ਪੁਸ਼ਟ ਕੀਤਾ ਹੈ ਪਰ ਕਈ ਥਾਂ ਸਾਖਾਂ ਦੇ ਪਰਸੰਗ ਗਲਤ ਹਨ। ਦਸਮ ਗਰੰਥ ਵਿਚੋਂ ਖਾਲਸਾ ਉਸਤਤ ਨਾਲ ਸੰਬੰਧਿਤ ਸ਼ਬਦ ਉਨ੍ਹਾਂ ਬਾਹਮਣਾਂ ਦੀ ਉਸਤਤ ਵਿਚ ਉਚਾਰੇ ਗਏ ਦਸੇ ਹਨ, ਜਿਨ੍ਹਾਂ ਨੇ ਦੇਵੀ ਪਰਗਟ ਕਰਨ ਵਿਚ ਸਹਾਇਤਾ ਕੀਤੀ ਸੀ।[23] ਕਈ ਜਗਾ ਸਾਖ ਗਲਤ ਥਾਂ ਵਰਤੀ ਹੈ। 'ਬਚਿੱਤਰ ਨਾਟਕ' ਦਾ ਦੋਹਾਂ, ਜੋ ਭੰਗਾਣੀ ਦੀ ਲੜਾਈ ਨਾਲ ਸੰਬੰਧਿਤ ਹੈ, ਚਮਕੌਰ ਦੀ ਲੜਾਈ ਨਾਲ ਜੋੜ ਲਿਆ ਗਿਆ ਹੈ।[24] ਬਾਹਮਣ ਜਾਤੀ ਨਾਲ ਸੰਬੰਧਿਤ ਸ਼ਬਦ ਬਾਹਮਣ ਵਿਸ਼ੇਸ਼ ਨੂੰ ਸੰਬੋਧਿਤ ਕਰ ਦਿਤੇ ਗਏ ਹਨ।[25] ਜਾਤੀ ਪਰਥਾ ਤੇ ਕਰਮਕਾਂਡ ਦੇ ਸੰਬੰਧ ਵਿਚ ਕਲਪਤ ਸਾਖੀਆਂ ਦੀ ਸਹਾਇਤਾ ਲਈ ਗਈ ਹੈ; ਜਿਵੇਂ ਫਰੀਦ ਦੀ ਮਾਤਾ ਵਾਲੀ ਕਥਾ, ਸੁਪਚ ਤੇ ਵਿਵਿਸ਼ਟ ਦੀ ਕਥਾ,[26] ਆਦਿ। ਇਸ ਤਰਾਂ ਬਹੁਤ ਸਾਰੀਆਂ ਸਾਖਾਂ ਵਿਸ਼ੇਸ਼ ਮੰਤਵ ਦੀ ਖਾਸ ਕਰਕੇ ਬਾਹਮਣ ਵਰਗ ਦੀ ਉਪਮਾ, ਕਰਮਕਾਂਡ ਦੇ ਮੰਡਨ ਤੇ ਜਾਤੀ ਪਰਥਾ ਦੇ ਹਕ ਵਿਚ, ਪੂਰਤੀ ਵਾਸਤੇ ਵਰਤੀਆਂ ਗਈਆਂ ਹਨ।

ਕੇਸਰ ਸਿੰਘ ਛਿਬਰ ਦੀ ਸਮਕਾਲੀ, 18ਵੀਂ ਸਦੀ ਦੀਆਂ ਕੁਝ ਘਟਨਾਵਾਂ ਦਾ ਵੇਰਵਾ ਹੋਰ ਸਮਕਾਲੀ ਸਰੋਤਾਂ ਨਾਲ ਨਹੀਂ ਮਿਲਦਾ। ਬੰਦੇ ਬਹਾਦਰ ਦੇ ਗੁਰੂ ਗੋਬਿੰਦ ਸਿੰਘ ਨਾਲ ਮੇਲ ਤੋਂ ਪਹਿਲੇ ਜੀਵਨ ਦਾ ਬਿਉਰਾ ਅਯਾਥਾਰਥਕ ਤੇ ਵਿਲਖਣ ਹੈ।[27] ਬੰਦੇ ਰਾਹੀਂ ਸਰਹਿੰਦ ਜਿਤ ਤੇ ਉਸ ਦੇ ਦੇਹਾਂਤ ਦੀਆਂ ਮਿਤੀਆਂ ਵੀ ਸਮਕਾਲੀ ਰਚਨਾਵਾਂ ਨਾਲ ਮੇਲ ਨਹੀਂ ਖਾਂਦੀਆਂ।[28] ਅੰਮਰਿਤਸਰ ਦੀ ਲੜਾਈ ਦਾ ਵੇਰਵਾ ਦਰਸ਼ਨ ਕਵੀ ਦੀ ਅੰਮਰਿਤਸਰ ਦੀ ਵਾਰ ਅਤੇ ਸੇਵਾ ਸਿੰਘ ਕੌਸ਼ਿਸ਼ ਦੇ ਸ਼ਹੀਦ ਬਿਲਾਸ ਨਾਲ ਮਿਲਦਾ ਹੈ।[29] ਪਰ ਇਸ ਦੀ ਤਰਤੀਬ ਅੰਮਰਿਤਸਰ ਵਿਚ ਵਾਪਰੀਆਂ ਹੋਰ ਘਟਨਾਵਾਂ ਦੇ ਸੰਬੰਧ ਵਿਚ ਅਗੇ ਪਿਛੇ ਹੈ। ਅਜੀਤ ਸਿੰਘ ਸੰਬੰਧੀ ਸਾਮਗਰੀ ਰਾਇ ਚਤਰਮਨ ਦੀ ਚਹਾਰ ਗੁਲਸ਼ਨ ਵਿਚ ਵੀ ਮਿਲਦੀ ਹੈ; ਪਰ ਅਜੀਤ ਸਿੰਘ ਦੀ ਗਰਿਫਤਾਰੀ ਤੇ ਕਤਲ ਸੰਬੰਧੀ ਵੇਰਵੇ ਉਸ ਨਾਲ ਨਹੀਂ ਰਲਦੇ।

ਛਿਬਰ ਅਨੁਸਾਰ ਅਜੀਤ ਸਿੰਘ ਨੂੰ ਕਤਲ ਕਰਨ ਦਾ ਹੁਕਮ ਬਾਦਸ਼ਾਹ ਵਲੋਂ ਹੋਇਆ ਪਰ ਰਾਇ ਚਤਰਮਨ ਇਸ ਸੰਬੰਧੀ ਹੁਕਮ ਵਜ਼ੀਰ ਕਮਰੁਦਦੀਨ ਦੀ ਕਚਹਿਰੀ ਵਲੋਂ ਹੋਇਆ

---

23. ਉਹੀ, 116-117.
24. ਉਹੀ, 151-52.
25. ਉਹੀ, 117.
26. ਉਹੀ, 223-25.
27. ਉਹੀ, 170.
28. ਬੰਸਾਵਲੀਨਾਮਾ, 173, 175 : The Punjab Past and Present Oct : 1984, 32, 165-66.
29. ਬੰਸਾਵਲੀਨਾਮਾ, 189-90; ਸੇਵਾ ਸਿੰਘ ਕੌਸ਼ਿਸ਼ ਸ਼ਹੀਦ ਬਿਲਾਸ, 73-80· ਦਰਸ਼ਨ, ਵਾਰ ਅੰਮਰਿਤਸਰ ਕੀ, ਇਤਿਹਾਸਕ ਪਤਰ, ਵੈਸਾਖ-ਹਾੜ, 1950, 19-26

ਦਸਦਾ ਹੈ। ਛਿਬਰ ਮੁਜਬ ਅਜੀਤ ਸਿੰਘ ਡਰ ਕੇ ਲੁਕ ਗਿਆ ਤੇ ਦਹਿਲ ਨਾਲ ਹੀ ਮਰ ਗਿਆ ਪਰ ਚਹਾਰਗੁਲਸ਼ਨ ਵਿਚ ਉਸ ਦੀ ਹਤਿਆ ਉਸ ਨੂੰ ਹਾਥੀ ਦੇ ਪੈਰਾਂ ਨਾਲ ਬੰਨ ਕੇ ਕੁਚਲ ਕੇ ਕੀਤੀ ਗਈ।[30] ਕਪੂਰ ਸਿੰਘ ਦੇ ਦੇਹਾਂਤ ਦੀ ਮਿਤੀ ਵੀ ਤਤਕਾਲੀ ਫ਼ਾਰਸੀ ਸਰੋਤਾਂ ਤੋਂ ਵਖਰੀ ਹੈ। ਦੂਜੇ ਦੌਰਾਨੀ ਹਮਲੇ ਵੇਲੇ ਸਿਖਾਂ ਨੇ ਫਰਵਰੀ, 1750 ਵਿਚ ਲਾਹੌਰ ਦੀ ਲੁਟ ਕੀਤੀ। ਇਸ ਵਿਚ ਨਵਾਬ ਕਪੂਰ ਸਿੰਘ ਸ਼ਾਮਿਲ ਸੀ। ਸ਼ਾਹਨਿਵਾਜ ਖਾਂ ਦੀ ਬਗਾਵਤ ਸਮੇਂ (ਸਤੰਬਰ 1750) ਕੌੜਾ ਮਲ ਨੇ, ਸਿਖਾਂ ਨੂੰ ਉਸ ਦੀ ਸਹਾਇਤਾ ਦੇ ਬਦਲੇ ਚੂਣੀਆਂ ਤੇ ਝੁਬਾਲ ਦੇ ਇਲਾਕੇ ਦੀ ਜ਼ਾਗੀਰ ਦਿਤੀ। ਕਪੂਰ ਸਿੰਘ ਨੇ ਇਸ ਤੋਂ ਬਾਅਦ ਦਿਵਾਲੀ ਦੇ ਮੌਕੇ ਉਤੇ ਲੰਗਰ ਲਗਾਇਆ।[31] ਇਸ ਤੋਂ ਪਤਾ ਲਗਦਾ ਹੈ ਕਿ ਛਿਬਰ ਰਾਹੀਂ ਦਿਤੀ ਮਿਤੀ (1746 ਈ. 1803 ਬਿ.) ਸਹੀ ਨਹੀਂ ਹੈ। ਤਤਕਾਲੀ ਸਮੇਂ ਬਾਰੇ ਛਿਬਰ ਰਾਹੀਂ ਦਸੇ ਗਏ ਉਸ ਵੇਰਵੇ ਨੂੰ ਮਹਤਵਪੂਰਣ ਮੰਨਿਆ ਜਾ ਸਕਦਾ ਹੈ ਜੋ ਉਸ ਨੇ ਅਖੀਂ ਵੇਖਿਆ ਅਤੇ ਹੋਰ ਤਤਕਾਲੀ ਜਾਂ ਨਿਕਟ ਤਤਤਾਲੀ ਰਚਨਾਵਾਂ ਵਿਚ ਨਹੀਂ ਮਿਲਦਾ, ਜਿਵੇਂ ਅੰਮਰਿਤਸਰ ਦੇ ਪਰਬੰਧ, ਅੰਮਰਿਤਸਰ ਉਤੇ ਤੁਰਕਾਂ ਦੇ ਹਮਲੇ, ਤੁਰਕਾਂ ਰਾਹੀਂ ਵਜ਼ੀਰਾਬਾਦ ਵਿਚ ਸਿਖਾਂ ਦੇ ਕਤਲ[32], ਆਦਿ ਦੇ ਵੇਰਵੇ ਵੇਖੇ ਜਾਂ ਸਕਦੇ ਹਨ।

ਇਉਂ, ਕੇਸਰ ਸਿੰਘ ਛਿਬਰ ਦੇ ਬੰਸਾਵਲੀਨਾਮਾ ਦੇ ਸਰੋਤ ਵਿਸ਼ੇਸ਼ ਕਿਸਮ ਦੇ ਹਨ। ਗੁਰੂ ਨਾਨਕ ਨਾਲ ਸੰਬੰਧਿਤ ਸਰੋਤ—ਜਨਮਸਾਖੀ ਸਿਖ ਰਵਾਇਤ ਨਾਲ ਸੰਬੰਧਿਤ ਨਹੀਂ। ਬਾਲੇ ਵਾਲੀ ਜਨਮਸਾਖੀ ਜੰਡਿਆਲਾ ਗੁਰੂ ਦੇ ਨਿਰੰਜਨੀ ਪੰਥ ਦੀ ਰਚਨਾ ਹੈ; ਜਿਸ ਵਿਚ ਗੁਰੂ ਨਾਨਕ ਜੀ ਦੇ ਸਰੂਪ ਨੂੰ ਵਿਗਾੜਿਆ ਗਿਆ ਹੈ ਤੇ ਨਿਰੰਜਨੀ ਮਤ ਦੇ ਮੌਢੀ ਬਾਬਾ ਹੰਦਾਲ ਨੂੰ ਗੁਰੂ ਨਾਨਕ ਜੀ ਦੇ ਮੁਕਾਬਲ ਵਿਚ ਵਡਿਆਇਆ ਗਿਆ ਹੈ।[33] ਦੂਜੀ ਰਚਨਾ, ਜਿਸ ਨਾਲ ਛਿਬਰ ਦੀ ਸੂਚਨਾ ਮੇਲ ਖਾਂਦੀ ਹੈ, ਗਿਆਨ ਰਤਨਾਵਲੀ ਹੈ ਜੋ ਉਦਾਸੀ ਰਚਨਾ ਹੈ। ਇਸ ਵਿਚ ਉਦਾਸੀ ਮਤ ਦੀ ਵਿਚਾਰ ਧਾਰਾ ਤੇ ਵੇਦਾਂਤ ਦੇ ਸਿਧਾਂਤ ਹਾਵੀ ਹਨ।[34] ਇਉਂ, ਛਿਬਰ ਦੇ ਇਹ ਸਰੋਤ ਉਸ ਦੀ ਸਾਮਗਰੀ ਨੂੰ ਗੁਰੂ ਨਾਨਕ ਦੇ ਜੀਵਨ ਤੇ ਸਰੋਤ ਦੇ ਅਧਿਅਨ ਜਾਂ ਤਤਕਾਲੀ ਨਜ਼ਰੀਏ ਤੋਂ ਗੁਰੂ ਨਾਨਕ ਨੂੰ ਵੇਖਣ ਦੇ ਪਖ ਤੋਂ ਪਰਮਾਣਿਕ ਨਹੀਂ ਰਹਿਣ ਦਿੰਦੇ।

ਬਾਕੀ ਗੁਰੂ ਸਾਹਿਬਾਨ ਦੇ ਸੰਬੰਧ ਵਿਚ ਛਿਬਰ ਰਾਹੀਂ ਵਰਤੇ ਗਏ ਸਰੋਤ—ਜਿਨਾਂ ਬਾਰੇ ਛਿਬਰ ਦਾ ਦਾਹਵਾ ਹੈ ਕਿ ਉਸ ਨੇ ਤਤਕਾਲੀ ਵਿਦਵਾਨ ਸਿਖਾਂ ਤੋਂ ਮੌਖਿਕ ਸਾਮਗਰੀ ਲਈ ਵੀ ਬਹੁਤੇ ਮਦਦਗਾਰ ਸਿਧ ਨਹੀਂ ਹੁੰਦੇ। ਇਸ ਉਲੇਖ ਵਿਚ ਆਈਆਂ ਗਲਤੀਆਂ ਉਸ ਦੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਜਾਣਕਾਰੀ ਨੂੰ ਕਮਜ਼ੋਰ ਕਰਦੀਆਂ ਹਨ। ਉਸ ਦਾ ਗੁਰੂ ਸਾਹਿਬਾਨ ਨਾਲ ਸੰਬੰਧਿਤ ਮਹਤਵਪੂਰਣ ਘਟਨਾਵਾਂ ਦੇ ਕਾਰਨਾਂ ਤੇ ਮਹਤਾ ਨੂੰ ਨਾ ਸਮਝ ਸਕਣਾ ਉਸ ਦੀ ਸਿਖ ਰਿਵਾਇਤ ਤੋਂ ਦੂਰੀ ਨੂੰ ਪਰਗਟ ਕਰਦਾ ਹੈ। ਕਰਮਕਾਂਡ ਰਹੁਰੀਤਾਂ ਅਤੇ ਆਪਣੇ ਪਰਿਵਾਰ ਤੇ ਵਡੇਰਿਆਂ ਨੂੰ ਗੁਰੂ ਸਾਹਿਬਾਨ ਨਾਲ ਸੰਬੰਧਿਤ ਕਰਨ ਬਾਰੇ ਸਾਮਗਰੀ ਉਸ

30. ਬੰਸਾਵਲੀਨਾਮਾ 179-180, ਰਾਇ ਚਰਤਮਨ, ਚਹਾਰ ਗੁਲਸ਼ਨ; ਮਾਖ਼ੁਜ਼ਿ ਤਵਾਰੀਖ-ਸਿਖਾਂ, 86-87.
31. ਬੰਸਾਵਲੀਨਾਮਾ 194, ਖੁਸ਼ਵਕਤ ਰਾਇ ਅਹਵਾਲ-ਫ਼ਿਰਕਾਇ ਸਿਖਾਂ, Ali-ud-din, Ibrat nama,
32. ਬੰਸਾਵਲੀਨਾਮਾ, 183-84, 191-92.
33. ਵੇਖੋ, ਕਰਮ ਸਿੰਘ ਹਿਸਟੌਰੀਅਨ, ਕਤਕ ਕਿ ਵਿਸਾਖ, ਲਾਹੌਰ ਬੁਕ ਸ਼ਾਪ, ਲੁਧਿਆਣਾ, 1979, 119-130.
34. S. S. Hans, Historical Analysis of Sikh Litrature, (1500-1850), Unpublished, Ph D, Thesis, GNDU, Uni, Amritsar, 352.

ਨੇ ਤਤਕਾਲੀ ਪਰਸਥਿਤੀ ਦੇ ਪਰਭਾਵ ਹੇਠ ਅਤੇ ਆਪਣੇ ਵਿਸ਼ੇਸ਼ ਮੰਤਵਾਂ ਦੀ ਪੂਰਤੀ ਲਈ ਪਾਈ ਹੈ। ਤਤਕਾਲੀ ਸਦੀ ਬਾਰੇ ਉਲੇਖ ਕਿਸੇ ਭਰੋਸੇ ਯੋਗ ਸਰੋਤ ਤੋਂ ਨਹੀਂ ਲਾਏ ਗਏ ਜਾਪਦੇ।

ਛਿਬਰ ਰਾਹੀਂ ਬੰਸਾਵਲੀਨਾਮਾ ਦੇ ਸਰੋਤਾਂ ਦੀ ਵਰਤੋਂ ਕਰਨ ਪਿਛੇ ਉਸ ਦੇ ਵਿਸ਼ੇਸ਼ ਮੰਤਵ ਤੇ ਤਤਕਾਲੀ ਪਰਸਥਿਤੀਆਂ ਦਾ ਹਥ ਹੈ। ਉਸ ਦੀ ਕੇਵਲ ਅਖੀਂ ਵੇਖੀ ਜਾਣਕਾਰੀ ਭਰੋਸੇਯੋਗ ਮੰਨੀ ਜਾ ਸਕਦੀ ਹੈ। ਉਸ ਦਾ ਸਿਖ ਰਵਾਇਤ ਨਾਲ ਦੂਰ ਦਾ ਸੰਬੰਧ ਜਾਪਦਾ ਹੈ। ਉਸ ਨੇ ਆਪਣੇ ਵਿਸ਼ੇਸ਼ ਮੰਤਵਾਂ ਦੀ ਪੂਰਤੀ ਲਈ ਇਹ ਰਚਨਾ ਕੀਤੀ ਹੈ ਤੇ ਇਸ ਨੂੰ ਪਰਮਾਣਿਕਤਾ ਤੇ ਮਾਨਤਾ ਦੁਆਉਣ ਲਈ ਸੜ ਚੁਕੀ ਵਹੀ ਤੇ ਤਤਕਾਲੀ ਵਿਦਵਾਨ ਸਿਖਾਂ ਦੀ ਸੰਗਤ ਨੂੰ ਗੁਆਹੀ-ਵਜੋਂ ਵਰਤਿਆ ਹੈ।

# ਭਟ ਵਹੀਆਂ : ਤਥ ਤੇ ਕਥ

ਬਲਵੰਤ ਸਿੰਘ ਢਿੱਲੋਂ*

ਸਾਰੰਸ਼ : ਲੇਖਕ ਨੇ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਭਟ ਵਹੀਆਂ ਨੂੰ ਗੁਰੂ ਸਾਹਿਬਾਨ ਦਾ ਸਮਕਾਲੀ ਸਰੋਤ ਮੰਨਣਾ ਸ਼ੰਕਿਆਂ ਤੋਂ ਰਹਿਤ ਨਹੀਂ ਹੈ ਕਿਉਂਕਿ ਇਨਾਂ ਵਿਚ ਇਕ ਤਾਂ ਗੁਰਮਤਿ ਵਿਰੋਧੀ ਵਿਚਾਰ ਹਨ ਅਤੇ ਦੂਜਾ ਇਸ ਕਿਸਮ ਦੀ ਲਿਖਤ ਦਾ ਭਟਾਂ ਵਿਚ ਰਿਵਾਜ ਨਹੀਂ ਸੀ ।

—ਸ. ਸ.

ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਾਰਤ ਵਿਚ ਧਾਰਮਿਕ ਵਿਸ਼ਵਾਸਾਂ ਕਾਰਣ ਲੋਕਾਂ ਨੇ ਸੰਸਾਰਕ ਜੀਵਨ ਪਰਤੀ ਨਾਕਾਰਾਤਮਿਕ ਰਵਈਆ ਧਾਰਨ ਕਰ ਲਿਆ ਸੀ, ਜਿਸ ਕਰਕੇ ਇਥੇ ਇਤਿਹਾਸਕਾਰੀ ਦੀ ਕਲਾ ਨੂੰ ਉਤਪੰਨ ਹੋਣ ਲਈ ਕੋਈ ਉਤਸ਼ਾਹ ਨਹੀਂ ਮਿਲਿਆ । ਪਰ ਭਾਰਤੀ ਪਰੰਪਰਾ ਵਿਚ ਪੰਡਾ ਤੇ ਭਟ ਵਹੀਆਂ ਅਜਿਹੇ ਇਤਿਹਾਸਕ ਸਰੋਤ ਹਨ ਜਿਨਾਂ ਵਿਚ ਇਥੋਂ ਦੇ ਲੋਕਾਂ ਦੀਆਂ ਵੰਸ਼ਾਵਲੀਆਂ, ਇਕ ਥਾਂ ਤੋਂ ਪਰਵਾਸ ਕਰ ਕੇ ਦੂਸਰੀ ਥਾਂ ਉਤੇ ਆਬਾਦ ਹੋ ਜਾਣ, ਜਨਮ-ਮਰਨ, ਵਿਆਹ-ਸ਼ਾਦੀ, ਬਹਾਦਰੀ ਤੇ ਪਰਉਪਕਾਰ ਬਾਰੇ ਤਿਥ-ਸੰਮਤ ਅਨੁਸਾਰ ਤਰਤੀਬਵਾਰ ਬੜੇ ਮਹਤਵਪੂਰਣ ਤਥ ਦਰਜ ਕੀਤੇ ਹੋਏ ਮਿਲਦੇ ਹਨ । ਇਹ ਵਹੀਆਂ ਸੰਬੰਧਿਤ ਜਾਤ, ਵੰਸ਼, ਗੋਤ ਆਦਿ ਦੇ ਇਤਿਹਾਸ ਲਈ ਬੜੇ ਮਹਤਵਪੂਰਣ ਸਰੋਤ ਸਾਬਤ ਹੋ ਸਕਦੀਆਂ ਹਨ । ਪੰਡੇ ਤੇ ਭਟ, ਬਾਹਮਣ ਜਾਤੀ ਵਿਚੋਂ ਪੁਰੋਹਿਤ ਸ਼ਰੈਣੀ ਦੇ ਹੀ ਦੋ ਵਖੋ-ਵਖਰੇ ਵਰਗ ਹਨ । ਪੰਡੇ ਆਮ ਤੌਰ ਉਤੇ ਪਰਮੁਖ ਤੀਰਥ ਸਥਾਨਾਂ ਉਪਰ ਰਹਿੰਦੇ ਹਨ ।[1] ਇਹ ਆਪਣੇ ਜਜਮਾਨਾਂ ਦੇ ਤੀਰਥ ਇਸ਼ਨਾਨ ਲਈ ਆਉਣ ਤੇ ਮੌਤ ਉਪਰੰਤ ਅਸਥੀਆਂ ਜਲ-ਪਰਵਾਹ ਕਰਨ ਦੀ ਰਸਮ ਬਾਰੇ ਹਵਾਲੇ ਅੰਕਿਤ ਕਰਦੇ ਰਹਿੰਦੇ ਹਨ । ਦੂਜੇ ਪਾਸੇ ਭਟ ਤੁਰ ਫਿਰ ਕੇ ਆਪਣੇ ਜਜਮਾਨਾਂ ਤੋਂ ਜਨਮ, ਵਿਆਹ ਤੇ ਹੋਰ ਖੁਸ਼ੀ ਦੇ ਮੌਕਿਆਂ ਉਤੇ ਵਧਾਈ ਦੇ ਕੇ ਦਖਣਾ ਪਰਾਪਤ ਕਰਦੇ ਹਨ ।[2] ਇਹ ਲੋਕ ਆਮ ਤੌਰ ਤੇ ਬੜੇ ਹਾਜ਼ਰ ਜਵਾਬ ਤੇ ਅਣੋਖੀ ਕਿਸਮ ਦੇ ਵਿਦਵਾਨ ਕਵੀ ਹੁੰਦੇ ਹਨ ਤੇ ਮੌਕੇ ਅਨੁਸਾਰ ਘਟਨਾ ਨੂੰ ਕਵਿਤਾ ਵਿਚ ਉਚਾਰ ਕੇ ਬਿਆਨ ਕਰਨਾ ਇਨਾਂ ਦਾ ਵਿਸ਼ੇਸ਼ ਗੁਣ ਹੁੰਦਾ ਹੈ । ਇਸ ਤੋਂ ਬਿਨਾਂ ਇਹ ਆਪਣੇ ਜਜਮਾਨਾਂ ਦੇ ਪਰਉਪਕਾਰ ਤੇ ਬਹਾਦਰੀ ਸੰਬੰਧੀ ਕਾਰਨਾਮੇ ਤੇ ਵੰਸ਼ਾਵਲੀਆਂ ਨੂੰ ਪੁਸ਼ਤ-ਦਰ-ਪੁਸ਼ਤ ਸੰਭਾਲਦੇ ਹੋਏ ਆਪਣੀਆਂ ਵਹੀਆਂ ਵਿਚ ਸਮੇਂ ਸਮੇਂ ਵਾਪਰੀਆਂ ਘਟਨਾਵਾਂ ਨੂੰ ਦਰਜ ਕਰਦੇ ਰਹਿੰਦੇ ਹਨ ।

ਸਿਖ ਇਤਿਹਾਸ ਲਈ ਭਟਾਂ ਦੀਆਂ ਵਹੀਆਂ ਦੀ ਇਤਿਹਾਸਕ ਮਹਤਾ ਬਾਰੇ ਇਤਿਹਾਸਕਾਰਾਂ ਦਾ ਧਿਆਨ ਖਿਚਣ ਦਾ ਸਿਹਰਾ ਗਿਆਨੀ ਗਰਜਾ ਸਿੰਘ ਸਿਰ ਹੈ । ਇਨਾਂ ਵਹੀਆਂ ਵਾਲੇ ਭਟਾਂ

---

*ਗੁਰੂ ਨਾਨਕ ਦੇਵ ਅਧਿਅਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਰਿਤਸਰ ।

1. H. A. Rose, *A Glossary of the Tribes and Castes of the Punjab and North West Frontier Province*, Languages Department, Punjab, Patiala, Vol. III, rep. 1970, p. 194.
2. Ibid, Vol. II, pp. 94-101; Ibbetson, *Punjab Castes*, Languages Department, Punjab, Patiala, (Rep.) 1970, p. 231-34.

ਨੂੰ ਹਰਿਆਣੇ ਦੇ ਜ਼ਿਲਾ ਜੀਂਦ, ਕਰਨਾਲ, ਕੁਰੁਕਸ਼ੇਤਰ ਤੇ ਹਿਸਾਰ ਵਿਚ ਮੌਜੂਦ ਹੋਣ ਤੋਂ ਇਲਾਵਾ ਇਨਾਂ ਨੂੰ ਉਨਾਂ ਭਟਾਂ ਦੇ ਹੀ ਉਤਰਾਧਿਕਾਰੀ ਸਿਧ ਕੀਤਾ ਗਿਆ ਹੈ ਜਿਨਾਂ ਦੀ ਰਚਨਾ ਗੁਰੂ ਗਰੰਥ ਸਾਹਿਬ ਵਿਚ ਭਟਾਂ ਦੇ ਸਵਈਏ ਕਰਕੇ ਪਰਸਿਧ ਹੈ।[3] ਇਸ ਤੋਂ ਨਿਰਸੰਦੇਹ ਇਨਾਂ ਭਟ ਵਹੀਆਂ ਨੂੰ ਸਿਖ ਇਤਿਹਾਸ ਦੇ ਸਮਕਾਲੀ ਤੇ ਪਰਮਾਣੀਕ ਸਰੋਤ ਹੋਣ ਦਾ ਗੌਰਵ ਪਰਾਪਤ ਹੁੰਦਾ ਹੈ। ਗਿਆਨੀ ਗਰਜਾ ਸਿੰਘ ਨੇ 'ਸ਼ਹੀਦ ਬਿਲਾਸ' (ਭਾਈ ਮਨੀ ਸਿੰਘ) ਦੀ ਸੰਪਾਦਨਾ ਤੇ "ਗੋਬਿੰਦ ਪ੍ਰਸੰਗਾਵਲੀ" ਤਿਆਰ ਕਰਨ ਲਈ ਇਨਾਂ ਵਹੀਆਂ ਨੂੰ ਇਕ ਪਰਮੁਖ ਤੇ ਪਰਮਾਣੀਕ ਇਤਿਹਾਸਿਕ ਸਰੋਤ ਦੇ ਵਜੋਂ ਪਰਯੋਗ ਕੀਤਾ ਹੈ।[4] ਉਨਾਂ ਤੋਂ ਪਰਾਪਤ ਕੀਤੀ ਗਈ ਸਾਮਗਰੀ ਦੇ ਆਧਾਰ ਉਤੇ ਗਿਆਨੀ ਗੁਰਦਿਤ ਸਿੰਘ ਨੇ "ਭਟ ਤੇ ਉਨਾਂ ਦੀ ਰਚਨਾ"[5] ਅਤੇ ਪ੍ਰੋ. ਫੌਜਾ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਯੁਧਾਂ ਦੀਆਂ ਤਾਰੀਖਾਂ ਨਿਸ਼ਚਿਤ ਕਰਨ ਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸਮਾਚਾਰ ਬਿਆਨ ਕਰਨ ਲਈ ਬੜੇ ਮਹਤਵਪੂਰਣ ਸਿਟੇ ਕਢੇ ਹਨ।[6] ਦੇਖਾ-ਦੇਖੀ ਹੋਰ ਵੀ ਬਹੁਤ ਸਾਰੇ ਇਤਿਹਾਸਕਾਰਾਂ ਨੇ ਇਨਾਂ ਵਹੀਆਂ ਨੂੰ ਆਪਣੇ ਖੋਜ-ਕਾਰਜ ਲਈ ਸਰੋਤ ਦੇ ਤੌਰ ਤੇ ਵਰਤਿਆ ਹੈ। ਪਰ ਅਫਸੋਸ ਕਿ ਕਿਸੇ ਵੀ ਵਿਦਵਾਨ ਨੇ ਗਿਆਨੀ ਗਰਜਾ ਸਿੰਘ ਦੁਆਰਾ ਪਰਗਟਾਈ ਸੂਚਨਾ ਦਾ ਪੁਨਰ-ਨਿਰੀਖਣ ਕਰਨ ਤੇ ਇਨਾਂ ਵਹੀਆਂ ਦੀ ਪਰਮਾਣੀਕਤਾ ਨੂੰ ਪਰਖਣ ਦਾ ਕੋਈ ਜਤਨ ਨਹੀਂ ਕੀਤਾ।

ਭਟ ਤੇ ਪੰਡਾ ਵਹੀਆਂ ਦੀ ਸਿਖ ਇਤਿਹਾਸ ਦੇ ਸਰੋਤ ਵਜੋਂ ਮਹਤਾ ਬਾਰੇ ਖੋਜ ਕਰਨ ਲਈ ਯੂ. ਜੀ. ਸੀ. ਨੇ 1978 ਈ. ਵਿਚ ਪ੍ਰੋ. ਮਦਨਜੀਤ ਕੌਰ, ਗੁਰੂ ਨਾਨਕ ਅਧਿਅਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਰਿਤਸਰ ਨੂੰ ਖੋਜ ਪਰਾਜੈਕਟ ਦੀ ਪਰਵਾਨਗੀ ਦਿਤੀ ਸੀ। ਇਸ ਖੋਜ-ਪਰਾਜੈਕਟ ਦਾ ਮੁਢਲਾ ਸਰਵੇਖਣ ਹਥਲੇ ਲੇਖ ਦੇ ਕਰਤਾ ਨੇ ਕੀਤਾ ਸੀ। ਭਟਾਂ ਦੀ ਢੂੰਡ-ਭਾਲ ਵਿਚ ਜਦ ਜੂਨ 1978 ਈ. ਵਿਚ ਹਰਿਆਣੇ ਦੇ ਜ਼ਿਲਾ ਜੀਂਦ, ਹਿਸਾਰ, ਕੁਰਕਸ਼ੇਤਰ ਤੇ ਕਰਨਾਲ ਦਾ ਦੌਰਾ ਕੀਤਾ ਗਿਆ ਤਾਂ ਉਥੇ ਕੁਝ ਕੁ ਪਿੰਡਾਂ ਵਿਚ ਭਟਾਂ ਦੇ ਕੁਝ ਪਰਿਵਾਰ ਮੌਜੂਦ ਸਨ। ਇਹ ਸੂਚਨਾ ਵੀ ਮਿਲੀ ਕਿ ਇਹ ਹਾਲੇ ਵੀ ਜਜਮਾਨੀ-ਪੁਰੋਹਿਤੀ ਦਾ ਪਰੰਪਰਾਗਤ ਪੇਸ਼ਾ ਕਰ ਰਹੇ ਹਨ। ਇਨਾਂ ਦੇ ਜਜਮਾਨ ਵਣਜਾਰੇ ਜਾਂ ਲੁਬਾਣੇ ਕਰਕੇ ਜਾਣੇ ਜਾਂਦੇ ਹਨ ਜੋ ਅਸਲ ਵਿਚ ਪੰਵਾਰ ਗੋਤਰੇ ਕਸ਼ਤਰੀ ਰਾਜਪੂਤ ਹਨ ਤੇ ਇਨਾਂ ਵਿਚੋਂ ਜ਼ਿਆਦਾਤਰ ਮਹਾਰਾਸ਼ਟਰ ਵਿਚ ਆਬਾਦ ਹਨ। ਪੁਛ-ਪੜਤਾਲ ਦੌਰਾਨ ਇਨਾਂ ਭਟਾਂ ਜਾਣਕਾਰੀ ਦਿਤੀ ਕਿ ਮਹਾਰਾਸ਼ਟਰ ਦੇ ਵਣਜਾਰਿਆਂ ਦੀ ਗੁਰੂ ਘਰ ਉਪਰ ਸ਼ਰਧਾ ਅਜ ਵੀ ਬਰਕਰਾਰ ਹੈ। ਪਰ ਇਨਾਂ ਭਟਾਂ ਨੂੰ ਵਰਤਮਾਨ ਸਥਿਤੀ ਵਿਚ ਸਿਖ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸਿਰਫ ਕਰਸਿੰਧੂ ਦੇ ਦੋ ਭਟਾਂ ਤੋਂ ਬਿਨਾਂ ਬਾਕੀ ਸਭ ਮੋਨੇ, ਤਮਾਕੂ ਪੀਣ ਵਾਲੇ ਤੇ ਹਿੰਦੂ ਰਸਮਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ। ਇਨਾਂ ਪਾਸ ਬਹੁਤ ਸਾਰੀਆਂ ਭਟ ਵਹੀਆਂ ਹਨ ਜਿਨਾਂ ਵਿਚ ਇਹ ਆਪਣੇ ਜਜਮਾਨਾਂ ਦੇ ਜਨਮ-ਮਰਨ, ਵਿਆਹ-ਸ਼ਾਦੀ, ਪਰਉਪਕਾਰੀ ਕਾਰਜ ਜਿਵੇਂ ਖੂਹਾਂ, ਤਲਾਬਾਂ ਤੇ ਧਰਮਸ਼ਾਲਾਵਾਂ ਦਾ

3. ਗਿਆਨੀ ਗੁਰਦਿਤ ਸਿੰਘ, 'ਭਟ ਅਤੇ ਉਨਾਂ ਦੀ ਰਚਨਾ', 'ਆਲੋਚਨਾ' (ਲੁਧਿਆਣਾ, ਅਗਸਤ 1961), ਪੰਨਾ 66-7; ਗਿਆਨੀ ਗਰਜਾ ਸਿੰਘ (ਸੰਪਾ.), 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' (ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1961), ਪੰਨਾ 93.
4. ਗਿਆਨੀ ਗਰਜਾ ਸਿੰਘ, ਉਹੀ ਰਚਨਾ; ਗੋਬਿੰਦ ਪ੍ਰਸੰਗਾਵਲੀ, 'ਸਿਰੀ ਗੁਰੂ ਗੋਬਿੰਦ ਸਿੰਘ ਜੀ', (ਸੰਪਾ. ਪਰੋ. ਪਰੀਤਮ ਸਿੰਘ), ਅਲੋਚਨਾ ਲੜੀ ਨੰ. 4, (ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ), ਪੰਨੇ 55-92
5. ਗਿਆਨੀ ਗੁਰਦਿਤ ਸਿੰਘ, ਉਹੀ ਰਚਨਾ।
6. Fauja Singh, 'Chronology of the Battles of Guru Hargobind', *Punjab History Conference Proceedings*, Punjabi University, Patiala, March, 1971, p. 135-37; *Guru Tegh Bahadur Martyr and Teacher*, Panjabi University, Patiala, 1975.

ਨਿਰਮਾਣ ਤੇ ਬਹਾਦਰੀ ਦੇ ਕਾਰਨਾਮੇ ਅੰਕਿਤ ਕਰਦੇ ਰਹਿੰਦੇ ਹਨ ।

ਸਰਵੇ ਦੌਰਾਨ ਧਿਆਨ ਭਾਵੇਂ ਉਲੇਖ ਹੋ ਚੁਕੇ ਭਟਾਂ ਦੀਆਂ ਵਹੀਆਂ ਉਪਰ ਹੀ ਕੇਂਦਰਿਤ ਰਿਹਾ ਪਰ ਪੰਜਾਬ, ਹਰਿਆਣਾ, ਯੂ. ਪੀ. ਤੇ ਰਾਜਸਥਾਨ ਵਿਚ ਭਟਾਂ ਦੀ ਢੂੰਡ-ਭਾਲ ਕਰ ਕੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਸਰਵੇ ਉਪਰੰਤ ਮਹਿਸੂਸ ਕੀਤਾ ਗਿਆ ਕਿ ਭਟ ਵਹੀਆਂ ਨੂੰ ਇਕ ਪਰਮਾਣੀਕ ਇਤਿਹਾਸਕ ਸਰੋਤ ਵਜੋਂ ਵਰਤੋਂ ਵਿਚ ਲਿਆਉਣ ਦੀਆਂ ਕਈ ਬੁਨਿਆਦੀ ਸਮਸਿਆਵਾਂ ਹਨ। ਦੂਜੇ, ਭਟ ਵਹੀਆਂ ਬਾਰੇ ਸਾਡੇ ਪਾਸ ਹੁਣ ਤਕ ਜੋ ਜਾਣਕਾਰੀ ਪਹੁੰਚੀ ਹੈ, ਉਸ ਨੂੰ ਦਰੁਸਤ ਕਰ ਕੇ ਸੁਧਾਰਨ ਦੀ ਲੋੜ ਹੈ ।

ਹੁਣ ਤਕ ਇਤਿਹਾਸਕਾਰ 12 ਦੇ ਕਰੀਬ ਭਟ ਵਹੀਆਂ ਵਿਚ ਦਰਜ ਅਨੇਕਾਂ ਟੂਕਾਂ ਨੂੰ ਸਬੂਤ ਵਜੋਂ ਵਰਤ ਚੁਕੇ ਹਨ। ਭਟ ਵਹੀਆਂ ਨੂੰ ਮੁਖ ਤੌਰ ਉਤੇ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਭਟ ਵਹੀ ਤਲਉਂਡਾ, ਭਟ ਵਹੀ ਬਨਭੌਰੀ, ਭਟ ਵਹੀ ਕਰਸਿੰਧੂ, ਭਟ ਵਹੀ ਬੂੜਾਨਾ, ਭਟ ਵਹੀ ਸਾਰਸਾ, ਭਟ ਵਹੀ ਭਾਦਸੋਂ ਤੇ ਭਟ ਵਹੀ ਸਿਰਸ਼ਿਮ, ਭਾਵ ਇਹ ਵਹੀਆਂ ਇਨਾਂ ਥਾਵਾਂ ਤੇ ਵਸੇ ਭਟ ਪਰਿਵਾਰਾਂ ਪਾਸ ਹਨ ।
2. ਦੂਜੇ ਵਰਗ ਵਿਚ ਭਟ ਵਹੀ ਪੂਰਬੀ ਦਖਣੀ, ਭਟ ਵਹੀ ਮੁਲਤਾਨੀ ਸਿੰਧੀ ਤੇ ਭਟ ਵਹੀ ਮਾਰਵਾੜੀ ਦਖਣੀ, ਆਉਂਦੀਆਂ ਹਨ। ਇਹ ਵਹੀਆਂ ਖਾਸ ਇਲਾਕੇ ਵਿਚ ਆਬਾਦ ਜਜਮਾਨਾਂ ਵਲ ਇਸ਼ਾਰਾ ਕਰਦੀਆਂ ਹਨ। ਪਰ ਇਹ ਕਿਥੇ ਤੇ ਕਿਸ ਪਾਸ ਹਨ ਕੋਈ ਜਾਣਕਾਰੀ ਨਹੀਂ ਮਿਲਦੀ ।
3. ਅਖੀਰ ਵਿਚ ਭਟ ਵਹੀ ਜਾਦੋ ਬੰਸੀ ਬੜਤੀਆਂ ਕੀ ਤੇ ਭਟ ਵਹੀ ਬਿਜਲਾਉਤ ਤੂਰਾਂ ਕੀ, ਜਜਮਾਨਾਂ ਦੇ ਖਾਸ ਗੋਤਰ ਤੇ ਵੰਸ਼ ਵਲ ਸੰਕੇਤ ਕਰਦੀਆਂ ਹਨ, ਪਰ ਕਿਥੇ ਤੇ ਕਿਸ ਭਟ ਪਾਸ ਮੌਜੂਦ ਹਨ, ਕੋਈ ਸੂਚਨਾ ਨਹੀਂ।

ਭਟਾਂ ਦੀ ਪੁਛ-ਪੜਤਾਲ ਉਪਰੰਤ ਜਾਣਕਾਰੀ ਮਿਲੀ ਕਿ ਹਰਿਆਣੇ ਦੇ ਲੋਕ ਇਨਾਂ ਨੂੰ ਜੋਗੀ ਵੀ ਕਹਿੰਦੇ ਹਨ ਕਿਉਂਕਿ ਇਨਾਂ ਵਿਚੋਂ ਬਹੁਤ ਸਾਰੇ ਜੰਗਮ ਦੇ ਭੇਖ ਵਿਚ ਟਲੀਆਂ ਵਜਾ ਕੇ ਭਿਖ ਵੀ ਮੰਗ ਲੈਂਦੇ ਹਨ। ਸਰਵੇ ਸਮੇਂ ਬੂੜਾਨਾ, ਭਾਦਸੋਂ, ਤਲਾਉਂਡਾ ਤੇ ਸਾਰਸਾ ਵਿਚ ਕੋਈ ਵੀ ਭਟ ਪਰਿਵਾਰ ਆਬਾਦ ਨਹੀਂ ਸੀ। ਸੰਭਵ ਹੈ ਕਿ ਉਹ ਇਨਾਂ ਥਾਵਾਂ ਤੋਂ ਤੁਰ ਗਏ ਹੋਣ ਕਿਉਂਕਿ ਇਹ ਇਕ ਥਾਂ ਟਿਕ ਕੇ ਨਹੀਂ ਰਹਿੰਦੇ। ਸਿਰਸ਼ਿਮ ਵਿਚ ਇਕ ਭਟ ਜੋਗੀ, ਜਿਸ ਨੂੰ ਗਿਆਨੀ ਵੀ ਕਹਿੰਦੇ ਸਨ, ਜੋ ਕਰਸਿੰਧੂ ਵਾਲੇ ਭਟਾਂ ਦਾ ਰਿਸ਼ਤੇਦਾਰ ਸੀ, ਮਿਲਿਆ ਪਰ ਉਸ ਨੇ ਆਪਣੇ ਪਾਸ ਕਿਸੇ ਭਟ ਵਹੀ ਦੀ ਹੋਂਦ ਬਾਰੇ ਅਗਿਆਨਤਾ ਪਰਗਟਾਈ। ਕਰਸਿੰਧੂ ਵਿਚ ਭਟ ਮਾਨ ਸਿੰਘ ਦੇ ਦੋ ਪੁਤਰਾਂ ਅਤਰ ਸਿੰਘ ਅਤੇ ਜੁਗਿੰਦਰ ਸਿੰਘ (ਨਗੀਨਾ ਸਿੰਘ) ਦੇ ਪਰਿਵਾਰ ਮੌਜੂਦ ਸਨ ਪਰ ਇਹ ਦੋਨੋਂ ਉਸ ਸਮੇਂ ਬਾਹਰ ਗਏ ਹੋਏ ਸਨ। ਅਤਰ ਸਿੰਘ ਦੇ ਪੁਤਰ ਆਜ਼ਾਦ ਸਿੰਘ ਨੇ, ਜੋ ਸਫੀਦੋਂ ਵਿਚ ਆਜ਼ਾਦ ਟੇਲਰਜ਼ ਦੇ ਨਾਮ ਹੇਠ ਸਿਲਾਈ ਦਾ ਕੰਮ ਕਰਦਾ ਸੀ, ਸਵੀਕਾਰ ਕੀਤਾ ਕਿ ਉਨਾਂ ਦੇ ਪਰਿਵਾਰ ਪਾਸ ਭਟ ਵਹੀਆਂ ਹਨ ਤੇ ਉਸ ਦਾ ਪਿਤਾ ਤੇ ਚਾਚਾ ਜਜਮਾਨੀ-ਪੁਰੋਹਿਤੀ ਦਾ ਧੰਦਾ ਕਰਦੇ ਹਨ। ਬਨਭੌਰੀ ਵਿਚ ਉਸ ਸਮੇਂ ਭਟਾਂ ਦੇ ਲਗਭਗ 15 ਪਰਿਵਾਰ ਸਨ ਤੇ ਇਨਾਂ ਦਾ ਮੋਹਰੀ ਭਟ ਛੈਲੂ ਰਾਮ (ਰਾਮ ਸਿੰਘ) ਸੀ। ਇਥੋਂ ਦੇ ਮਨਫੂਲ ਨਾਮੀ ਭਟ ਨੂੰ ਉਹ ਸਾਰੇ ਦੋਹੇ ਜ਼ਬਾਨੀ ਯਾਦ ਸਨ ਜਿਨਾਂ ਦੇ ਹਵਾਲੇ ਗਿਆਨੀ ਗਰਜਾ ਸਿੰਘ ਨੇ 'ਸ਼ਹੀਦ ਬਿਲਾਸ' ਵਿਚ ਦਿਤੇ ਹੋਏ ਹਨ। (ਅਭੈ ਸਿੰਘ) ਭਟ ਤੋਂ ਅਧਿਐਨ ਲਈ ਤਿੰਨ ਵਹੀਆਂ ਪਰਾਪਤ ਕਰਨ ਵਿਚ ਸਫਲਤਾ ਹੋਈ। ਇਹ ਵਹੀਆਂ 19ਵੀਂ ਸਦੀ ਈ. ਦੇ ਅੰਤਲੇ ਕਾਲ ਨਾਲ ਸੰਬੰਧਿਤ ਸਨ। ਭਟ ਵਹੀਆਂ ਲਿਖਣ ਦਾ ਢੰਗ ਤੇ ਇਨਾਂ ਦੀ ਅੰਦਰਲੀ ਤਰਤੀਬ ਦਾ ਅਧਿਐਨ ਕਰਨ ਉਪਰੰਤ,

ਉਪਰੋਕਤ ਵਹੀਆਂ ਚਾਰ ਕੁ ਮਹੀਨੇ ਬਾਅਦ ਵਾਪਿਸ ਕਰ ਦਿਤੀਆਂ ਸਨ ।

ਭਟਾਂ ਨੂੰ ਮਿਲਣਾ ਵੀ ਕਠਿਨ ਹੈ ਕਿਉਂਕਿ ਇਨਾਂ ਵਿਚੋਂ ਬਹੁਤ ਸਾਰੇ ਜਜਮਾਨਾਂ ਤੋਂ ਵਧਾਈ ਲੈਣ ਲਈ ਘਰੋਂ ਬਾਹਰ ਗਏ ਹੁੰਦੇ ਹਨ । ਇਹ ਬੜੇ ਹੁਸ਼ਿਆਰ ਤੇ ਲਾਲਚੀ ਹੁੰਦੇ ਹਨ । ਜਾਣਕਾਰੀ ਦੇਣ ਤੋਂ ਲਗਭਗ ਸੰਕੋਚ ਕਰਦੇ ਹਨ । ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲੇ ਇਹ ਲੋਕ ਆਪਣੇ ਬਿਆਨ ਨੂੰ ਵਧਾ ਚੜ੍ਹਾ ਕੇ ਕਹਿਣ ਦੇ ਵੀ ਆਦੀ ਹੁੰਦੇ ਹਨ ਜਿਸ ਤੋਂ ਅਣਜਾਣ ਖੋਜੀ ਗੁਮਰਾਹ ਹੋ ਸਕਦਾ ਹੈ । ਇਨਾਂ ਤੋਂ ਜਾਣਕਾਰੀ ਹਾਸਲ ਕਰਨੀ ਕੰਜੂਸ ਨੂੰ ਦਾਨ ਲਈ ਪਰੇਰਿਤ ਕਰਨ ਦੇ ਤੁਲ ਹੈ ।

ਜਜਮਾਨਾਂ ਸੰਬੰਧੀ ਘਟਨਾਵਾਂ ਨੂੰ ਵਹੀਆਂ ਵਿਚ ਦਰਜ ਕਰਨ ਲਈ ਇਹ ਆਪਣੀ ਹੀ ਲਿਪੀ, 'ਭਟਖਰੀ' ਵਰਤਦੇ ਹਨ । ਇਸ ਵਿਚ ਕੋਈ ਲਗ-ਮਾਤਰਾ ਪਰਯੋਗ ਨਹੀਂ ਹੁੰਦੀ ਜਿਸ ਕਰਕੇ ਭਟ-ਵਹੀਆਂ ਨੂੰ ਪੜ੍ਹਨਾ ਇਤਿਹਾਸਕਾਰਾਂ ਦੀ ਸਭ ਤੋਂ ਵਡੀ ਤੇ ਬੁਨਿਆਦੀ ਸਮਸਿਆ ਹੈ । ਭਟ ਵਹੀਆਂ ਨੂੰ ਪੜ੍ਹਨ ਲਈ ਸੰਬੰਧਿਤ ਜਜਮਾਨਾਂ ਦੇ ਨਾਵਾਂ ਤੇ ਥਾਵਾਂ ਦਾ ਪੂਰਵ ਗਿਆਨ ਹੋਣਾ ਲਾਜ਼ਮੀ ਹੈ ਨਹੀਂ ਤਾਂ ਗਲਤੀ ਦਾ ਅੰਦੇਸ਼ਾਂ ਬਣਿਆ ਰਹੇਗਾ । ਸਰਵੇ ਦੌਰਾਨ ਹਰਿਆਣਾ, ਯੂ. ਪੀ. ਤੇ ਰਾਜਸਥਾਨ ਦੇ ਭਟਾਂ ਤੋਂ 'ਭਟਖਰੀ' ਦੇ ਕੁਝ ਨਮੂਨੇ ਪਰਾਪਤ ਕੀਤੇ ਸਨ । ਇਨਾਂ ਦੇ ਆਧਾਰ ਉਤੇ ਵਿਚਾਰਾਧੀਨ ਭਟ ਵਹੀਆਂ ਨੂੰ ਪੜ੍ਹਨ ਲਈ ਇਕ ਕੁੰਜੀ (Key) ਤਿਆਰ ਕੀਤੀ ਗਈ ਹੈ । ਇਸ ਦੀ ਸਹਾਇਤਾ ਨਾਲ ਇਨਾਂ ਵਹੀਆਂ ਵਿਚ ਦਰਜ ਟੂਕਾਂ ਨੂੰ ਸਫਲਤਾ ਸਹਿਤ ਪੜ੍ਹਿਆ ਜਾ ਸਕਦਾ ਹੈ ।

ਜੇਕਰ ਗਿਆਨੀ ਗਰਜਾ ਸਿੰਘ ਦੁਆਰਾ ਭਟ ਵਹੀਆਂ ਵਿਚੋਂ ਉਧਰਤ ਟੂਕਾਂ ਨੂੰ ਭਟਾਂ ਦਾ ਪਰੰਪਰਾਗਤ ਪੇਸ਼ੇ ਤੇ ਲਿਖਣ ਢੰਗ ਨੂੰ ਧਿਆਨ ਵਿਚ ਰਖ ਕੇ ਵਿਚਾਰਿਆ ਜਾਵੇ ਤਾਂ ਕਈ ਸ਼ੰਕੇ ਤੇ ਸਵਾਲ ਉਤਪੰਨ ਹੁੰਦੇ ਹਨ :

1. ਭਟ ਕੇਵਲ ਆਪਣੇ ਜਜਮਾਨਾਂ ਸੰਬੰਧੀ ਭਟ ਵਹੀਆਂ ਵਿਚ ਇੰਦਰਾਜ ਕਰਦੇ ਹਨ । ਇਨਾਂ ਭਟਾਂ ਦਾ ਸਿਖ ਗੁਰੂ ਸਾਹਿਬਾਨ ਨਾਲ ਜਜਮਾਨੀ-ਪੁਰੋਹਿਤੀ ਦਾ ਕੋਈ ਸੰਬੰਧ ਨਹੀਂ ਸੀ, ਫਿਰ ਇਨਾਂ ਨੂੰ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਮਾਚਾਰਾਂ ਨੂੰ ਆਪਣੀਆਂ ਵਹੀਆਂ ਵਿਚ ਦਰਜ ਕਰਨ ਦੀ ਕੀ ਲੋੜ ਸੀ ਕਿਉਂਕਿ ਅਜਿਹਾ ਕਰਨਾ ਭਟਾਂ ਦੇ ਪਰੰਪਰਾਗਤ ਢੰਗ ਦੇ ਅਨੁਕੂਲ ਨਹੀਂ ।
2. ਗੁਰੂ ਗਰੰਥ ਸਾਹਿਬ ਵਿਚ ਭਟਾਂ ਦੇ ਰਚੇ ਪਹਿਲੇ ਪੰਜ ਗੁਰੂ ਸਾਹਿਬਾਨ ਬਾਰੇ ਸਵਈਏ ਪਰਾਪਤ ਹਨ ।[7] ਦਾਸ ਭਟ ਦੁਆਰਾ ਗੁਰੂ ਹਰਿਗੋਬਿੰਦ ਦੀ ਉਸਤਤ ਕਰਨ ਦੇ ਹਵਾਲੇ ਮਿਲਦੇ ਹਨ ।[8] ਭਟ ਵਹੀਆਂ ਦੀਆਂ ਟੂਕਾਂ ਇਹ ਸਿਧ ਕਰਦੀਆਂ ਹਨ ਕਿ ਭਟਾਂ ਦਾ ਸਿਖ ਗੁਰੂ ਸਾਹਿਬਾਨ ਨਾਲ ਨਿਕਟ ਸੰਪਰਕ ਲਗਾਤਾਰ ਕਾਇਮ ਰਿਹਾ । ਉਲੇਖਨੀਯ ਗਲ ਇਹ ਹੈ ਕਿ ਗੁਰੂ ਸਾਹਿਬਾਨ ਬਾਰੇ ਭਟ ਵਹੀਆਂ ਵਿਚ ਹਵਾਲੇ ਤਾਂ ਅੰਕਿਤ ਹਨ ਪਰ ਇਸ ਸਮੇਂ ਦਾ ਸਿਖ ਗੁਰੂਆਂ ਬਾਰੇ ਭਟਾਂ ਦਾ ਰਚਿਆ ਕੋਈ ਸਵਈਆ, ਕਬਿਤ ਜਾਂ ਦੋਹਾ ਪਰਾਪਤ ਨਹੀਂ ਜੋ ਕਿ ਨਾ-ਮੁਮਕਿਨ ਪਰਤੀਤ ਹੁੰਦਾ ਹੈ । ਕੀ ਭਟਾਂ ਨੇ ਇਸ ਸੰਬੰਧ ਵਿਚ ਕੋਈ ਰਚਨਾ ਨਹੀਂ ਕੀਤੀ ਜਾ ਰਚਨਾ ਹਵਾਲੇ ਉਪਲਬਧ ਨਹੀਂ ਹੋਈ ? ਇਹ ਵਿਸ਼ੇ ਖੋਜ ਦੇ ਮੁਥਾਜ ਹਨ ।

---

7. ਗੁਰੂ ਗ੍ਰੰਥ, ਪੰਨਾ 1389-1409.

8. ਸੋਹਨ ਕਵੀ 'ਗੁਰਬਿਲਾਸ ਛੇਵੀਂ ਪਾਤਸ਼ਾਹੀ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 142.

3. ਭਟ ਪੇਸ਼ੇ ਤੇ ਪਰੰਪਰਾ ਅਨੁਸਾਰ ਸਿਰਫ ਆਪਣੇ ਜਜਮਾਨ ਦੀ ਹੀ ਉਪਮਾ ਕਰਦਾ ਹੈ। ਉਦਾਹਰਣ ਵਜੋਂ 'ਸ਼ਹੀਦ ਬਿਲਾਸ' ਵਿਚ ਭਟਾਂ ਦੀ ਕਵਿਤਾ ਵਿਚ ਰਚੇ 13 ਦੋਹੇ ਉਪਲਬਧ ਹਨ ਤੇ ਇਨਾਂ ਵਿਚੋਂ ਕਿਸੇ ਵਿਚ ਵੀ ਸਿਖ ਗੁਰੂ ਸਾਹਿਬਾਨ ਦੀ ਸਿਧੇ ਤੌਰ 'ਤੇ ਵਡਿਆਈ ਨਹੀਂ ਕੀਤੀ ਗਈ।[9]

4. ਪਰਾਪਤ ਭਟ ਵਹੀਆਂ ਵਿਚ ਸੂਚਨਾਵਾਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਅਰੰਭ ਹੋ ਕੇ ਅਗੇ ਗੁਰੂ ਗੋਬਿੰਦ ਸਿੰਘ ਤਕ ਵਧਦੀਆਂ ਜਾਂਦੀਆਂ ਹਨ। ਜੇਕਰ ਇਨਾਂ ਭਟਾਂ ਨੂੰ ਸਚਮੁਚ ਗੁਰੂ ਸਾਹਿਬਾਨ ਤੇ ਉਨਾਂ ਦੇ ਪਰਿਵਾਰਾਂ ਵਿਚ ਰੁਚੀ ਸੀ ਤਾਂ ਭਟ ਵਹੀਆਂ ਵਿਚ ਪੰਜਵੇਂ ਗੁਰੂ ਦੀ ਸ਼ਹੀਦੀ ਤੋਂ ਪਹਿਲੇ, ਤੇ ਦਸਵੇਂ ਗੁਰੂ ਤੋਂ ਬਾਅਦ ਦੇ ਸਮੇਂ ਦੀ ਵੀ ਸੂਚਨਾਂ ਦਰਜ ਹੋਣੀ ਚਾਹੀਦੀ ਸੀ। ਹੈਰਾਨੀ ਹੈ ਕਿ 'ਸ਼ਹੀਦ ਬਿਲਾਸ' ਨੂੰ ਸੰਪਾਦਿਤ ਕਰਨ ਲਈ ਗਿਆਨੀ ਗਰਜਾ ਸਿੰਘ ਨੇ ਭਟ ਵਹੀਆਂ ਨੂੰ ਪਰਮੁਖ ਸਰੋਤ ਦੇ ਵਜੋਂ ਵਰਤਿਆ ਹੈ ਪਰ 1711 ਤੋਂ 1734 ਈ. ਦੇ ਦਰਮਿਆਨ ਉਸ ਨੇ ਭਾਈ ਮਨੀ ਸਿੰਘ ਦੇ ਜੀਵਨ ਬਾਰੇ ਕੋਈ ਵੀ ਭਟ ਵਹੀ ਹਵਾਲੇ ਵਜੋਂ ਨਹੀਂ ਵਰਤੀ। ਕਿਸੇ ਖਾਸ ਕਾਲ ਤੋਂ ਭਟ ਵਹੀਆਂ ਵਿਚ ਹਵਾਲਿਆਂ ਦਾ ਮਿਲਣਾ ਤੇ ਫਿਰ ਅਚਾਨਕ ਬੰਦ ਹੋ ਜਾਣਾ, ਅਜਿਹਾ ਕਿਉਂ ਹੈ ?

5. ਵਿਚਾਰਾਧੀਨ ਭਟ ਵਹੀਆਂ ਦੀਆਂ ਟੂਕਾਂ ਤੋਂ ਅਜਿਹਾ ਪਰਭਾਵ ਮਿਲਦਾ ਹੈ ਜਿਵੇਂ ਭਟ ਵਾਕਿਆਤ ਵਾਲੀ ਥਾਂ ਤੇ ਮੌਜੂਦ ਸਨ ਤੇ ਘਟਨਾਵਾਂ ਇਸ ਤਰਾਂ ਦਰਜ ਹਨ ਜਿਵੇਂ ਕੋਈ ਨਾਲੋਂ ਨਾਲ ਡਾਇਰੀ ਲਿਖ ਰਿਹਾ ਹੋਵੇ। ਪਰ ਭਟਾਂ ਦੀ ਪਰੰਪਰਾ ਵਰੇ ਜਾਂ ਛਿਮਾਹੀ ਬਾਅਦ ਆਪਣੇ ਜਜਮਾਨ ਪਾਸ ਪਧਾਰਨ ਤੇ ਲੋੜੀਂਦੇ ਇੰਦਰਾਜ ਕਰ ਕੇ ਵਧਾਈ ਲੈ ਕੇ ਤੁਰ ਜਾਣ ਦੀ ਹੈ। ਇਸ ਲਈ ਭਟ ਵਹੀਆਂ ਵਿਚ ਡਾਇਰੀ ਦੇ ਅੰਦਰਾਜ਼ ਦੀਆਂ ਟੂਕਾਂ ਨੂੰ ਵਧੇਰੇ ਧਿਆਨ ਨਾਲ ਘੋਖਣ ਦੀ ਲੋੜ ਹੈ।

6. ਇਨਾਂ ਭਟ ਵਹੀਆਂ ਵਿਚ ਬਹੁਤ ਸਾਰੀਆਂ ਅਹਿਮ ਘਟਨਾਵਾਂ ਦਾ ਕੋਈ ਜਿਕਰ ਨਹੀਂ ਮਿਲਦਾ। ਉਦਾਹਰਣ ਵਜੋਂ ਗਿਆਨੀ ਗਰਜਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਤਥਾ ਕਥਿਤ ਜਨਮ ਤਾਰੀਖ, ਉਨਾਂ ਦੀ ਪਹਿਲੀ ਸ਼ਾਦੀ, ਅਨੰਦਪੁਰ ਤੋਂ ਪਾਉਂਟੇ ਲਈ ਰਵਾਨਗੀ, ਪਾਉਂਟੇ ਤੋਂ ਵਾਪਸੀ, ਰਵਾਲਸਰ ਜਾਣਾ, ਮਾਤਾ ਜੀਤੋ ਜੀ ਦਾ ਅਕਾਲ ਚਲਾਣਾ, ਮਾਤਾ ਗੁਜਰੀ ਤੇ ਛੋਟੇ ਸਾਹਿਬਜਾਦਿਆਂ ਦੀ ਗਰਿਫਤਾਰੀ ਤੇ ਸ਼ਹੀਦੀ, ਜ਼ਫਰਨਾਮਾ ਲਿਖਣਾ ਤੇ ਭਾਈ ਦਯਾ ਸਿੰਘ ਨੂੰ ਭੇਜਣਾ, ਬਹਾਦਰ ਸ਼ਾਹ ਨਾਲ ਮੁਲਾਕਾਤ, ਜੋਤੀ ਜੋਤ ਸਮਾਉਣਾ, ਬਾਬਾ ਬੰਦਾ ਸਿੰਘ ਬਹਾਦਰ ਨਾਲ ਮੁਲਾਕਾਤ, ਆਦਿ ਘਟਨਾਵਾਂ ਬਾਰੇ ਭਟ ਵਹੀਆਂ ਵਿਚੋਂ ਕੋਈ ਹਵਾਲਾ ਨਹੀਂ ਦਿਤਾ।[10] ਪਰ ਇਕ ਭਟ ਤੋਂ ਇਨਾਂ ਘਟਨਾਵਾਂ ਨੂੰ ਅੰਕਿਤ ਕਰਨ ਲਈ ਲਾਪਰਵਾਹੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

7. ਜਿਵੇਂ ਕਿ ਪਹਿਲੇ ਉਲੇਖ ਕੀਤਾ ਗਿਆ ਹੈ ਕਿ ਇਨਾਂ ਭਟਾਂ ਦਾ ਸਿਖ ਗੁਰੂ ਸਾਹਿਬਾਨ ਨਾਲ ਜਜਮਾਨੀ-ਪੁਰੋਹਿਤੀ ਦਾ ਕੋਈ ਸੰਬੰਧ ਨਹੀਂ ਸੀ। ਦੂਜੇ ਸਿਖ ਗੁਰੂਆਂ ਦੀ ਵਿਚਾਰਧਾਰਾ ਅਨੁਸਾਰ ਪੁਰੋਹਿਤ ਸ਼ਰੇਣੀ ਨੂੰ ਸਿਖ ਸਮਾਜ ਵਿਚ ਕੋਈ ਸਥਾਨ ਨਹੀਂ। ਜੇਕਰ ਭਟ ਤੇ ਉਨਾਂ ਦੀਆਂ ਵਹੀਆਂ ਵਿਚਲੀਆਂ ਟੂਕਾਂ ਨੂੰ ਸਵੀਕਾਰ ਕਰ ਲਿਆ ਜਾਵੇ

---

9. ਵਿਸਥਾਰ ਲਈ ਦੇਖੋ ਪੰਨੇ 1.-20, 22-23, 25-26, 31-32, 41-42, '3.

10. ਵਿਸਥਾਰ ਲਈ ਦੇਖੋ ਗੋਬਿੰਦ ਪਰਸੰਗਾਵਲੀ, ਪੰਨੇ 55-92

ਤਾਂ ਨਾ ਕੇਵਲ ਪੁਰੋਹਿਤ ਸ਼ਰੇਣੀ ਨੂੰ ਸਿਖ ਪੰਥ ਵਿਚ ਦੁਬਾਰਾ ਸਥਾਨ ਹੀ ਮਿਲਦਾ ਹੈ ਬਲਕਿ ਸਿਖ ਸਿਧਾਂਤਾਂ ਦੀ ਉਲੰਘਣਾ ਵੀ ਹੁੰਦੀ ਹੈ। ਅਜਿਹੇ ਮਸਲਿਆਂ ਉਪਰ ਗੰਭੀਰਤਾ ਸਹਿਤ ਵਿਚਾਰ ਕਰਨ ਦੀ ਲੋੜ ਹੈ।

ਉਪਰੋਕਤ ਕੁਝ ਕਾਰਣਾਂ ਕਰਕੇ ਭਟ ਵਹੀਆਂ ਦੀਆਂ ਟੂਕਾਂ ਨੂੰ ਵਧੇਰੇ ਸਾਵਧਾਨੀ ਨਾਲ ਵਰਤਣ ਦੀ ਲੋੜ ਹੈ। ਇਨਾਂ ਵਹੀਆਂ ਬਾਰੇ ਪਹਿਲੇ ਇਹ ਨਿਰਧਾਰਿਤ ਕਰਨਾ ਚਾਹੀਦਾ ਹੈ ਕਿ ਇਹ ਨਿਸ਼ਚੈ ਹੀ ਸਮਕਾਲੀ ਸਰੋਤ ਹਨ। ਇਸ ਉਪਰੰਤ ਇਨਾਂ ਵਿਚਲੇ ਹਵਾਲਿਆਂ ਨੂੰ ਜਿਉਂ ਦਾ ਤਿਉਂ ਸਵੀਕਾਰ ਕਰਨ ਦੀ ਬਜਾਏ ਇਤਿਹਾਸ ਸੰਬੰਧੀ ਮਾਪ-ਦੰਡਾਂ ਰਾਹੀਂ ਛਾਣ-ਬੀਣ ਕਰ ਕੇ ਇਨਾਂ ਦੀ ਪਰਮਾਣੀਕਤਾ ਨੂੰ ਪਰਖਣ ਦੀ ਜ਼ਰੂਰਤ ਹੈ।

ਸਾਡਾ ਮੰਤਵ ਭਟ ਵਹੀਆਂ ਨੂੰ ਇਤਿਹਾਸਕ ਸਰੋਤ ਵਜੋਂ ਹਰਗਿਜ਼ ਨਕਾਰਨ ਦਾ ਨਹੀਂ ਬਲਕਿ ਇਨਾਂ ਦੀ ਪਰਮਾਣੀਕਤਾ ਨੂੰ ਪਰਖ ਕੇ ਇਨਾਂ ਦੇ ਸਹੀ ਇਤਿਹਾਸਕ ਮੁਲ ਨੂੰ ਸਾਹਮਣੇ ਲਿਆਉਣਾ ਹੈ। ਸਾਡੇ ਵਿਚਾਰ ਅਨੁਸਾਰ ਇਹ ਵਹੀਆਂ ਸਿਖ ਗੁਰੂਆਂ ਦੇ ਇਤਿਹਾਸ ਦੀ ਨਿਸਬਤ ਭਟਾਂ ਦੇ ਆਪਣੇ ਜਜਮਾਨਾਂ ਦੇ ਇਤਿਹਾਸ ਬਾਰੇ ਵਧੇਰੇ ਪਰਮਾਣਿਕ ਸਰੋਤ ਹਨ ਕਿਉਂਕਿ ਪੇਸ਼ੇ ਤੇ ਪਰੰਪਰਾ ਦੇ ਪਖੋਂ ਭਟ ਦੀ ਰੁਚੀ ਮੁਖ-ਤੌਰ 'ਤੇ ਆਪਣੇ ਜਜਮਾਨ ਵਿਚ ਹੁੰਦੀ ਹੈ। ਇਸ ਲਈ ਭਟ ਵਹੀ ਦੀ ਜਿਸ ਟੂਕ ਵਿਚ ਸਿਰਫ ਜਜਮਾਨਾਂ ਦਾ ਜ਼ਿਕਰ ਹੈ, ਉਹ ਵਧੇਰੇ ਭਰੋਸੇਯੋਗ ਸਮਝੀ ਜਾ ਸਕਦੀ ਹੈ। ਭਟ ਵਹੀਆਂ ਵਿਚ ਇੰਦਰਾਜ ਗੋਤ ਤੇ ਬੰਸ ਦੇ ਅਨੁਸਾਰ ਤਾਰੀਖਵਾਰ ਕੀਤੇ ਜਾਂਦੇ ਹਨ। ਜੇਕਰ ਇਨਾਂ ਨੁਕਤਿਆਂ ਨੂੰ ਧਿਆਨ ਵਿਚ ਰਖ ਕੇ ਭਟ ਵਹੀਆਂ ਦਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਜਾਣ ਬੁਝ ਕੇ ਜਾਂ ਕਿਸੇ ਖਾਸ ਉਦੇਸ਼ ਅਧੀਨ ਅੰਕਿਤ ਕੀਤੀਆਂ ਟੂਕਾਂ ਦੀ ਨਿਸ਼ਾਨਦੇਹੀ ਹੀ ਸੰਭਵ ਨਹੀਂ ਬਲਕਿ ਸਹੀ ਤੇ ਅਸਲੀ ਟੂਕਾਂ ਦੀ ਪਰਮਾਣੀਕਤਾ ਵੀ ਨਿਸ਼ਚਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਭਟਾਂ ਦੇ ਆਪਣੇ ਜਜਮਾਨਾਂ ਦੀ ਉਪਮਾ ਵਿਚ ਰਚੇ ਦੋਹੇ, ਜੋ ਉਹ ਸੀਨਾ-ਬ-ਸੀਨਾ ਯਾਦ ਕਰਕੇ ਆਪਣੇ ਜਜਮਾਨਾਂ ਦੀ ਸੂਰਮਗਤੀ ਤੇ ਸਖ਼ਾਵਤ ਨੂੰ ਬਿਆਨ ਕਰਦੇ ਆ ਰਹੇ ਹਨ, ਬੜੇ ਮਹਤਵਪੂਰਣ ਇਤਿਹਾਸਕ ਸਰੋਤ ਹਨ ਕਿਉਂਕਿ ਭਟ ਇਨਾਂ ਦੀ ਰਚਨਾ ਵਾਕਿਆਤ ਤੇ ਘਟਨਾਵਾਂ ਦੇ ਘਟਣ ਸਮੇਂ ਹੀ ਕਰਦੇ ਸਨ। ਭਾਵੇਂ ਇਨਾਂ ਵਿਚ ਅਤਿਕਥਨੀ ਦਾ ਅੰਸ਼ ਹੁੰਦਾ ਹੈ ਪਰ ਸਮਕਾਲੀ ਰਚਨਾ ਹੋਣ ਕਰਕੇ ਇਸ ਦਾ ਬੜਾ ਮਹਤਵ ਹੈ। ਇਸ ਲਈ ਇਨਾਂ ਦੋਹਿਆਂ ਨੂੰ ਭਟਾਂ ਤੋਂ ਸੁਣ ਕੇ ਲਿਖਤੀ ਰੂਪ ਦੇ ਕੇ ਸੰਭਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਅੰਤਿਕਾ
## ਭਟਅਖਰੀ ਦੀ ਕੁੰਜੀ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

# ਮਹਾਰਾਜਾ ਰਣਜੀਤ ਸਿੰਘ ਦਾ ਰਾਜਸੀ ਸੰਕਲਪ

ਸੁਖਦਿਆਲ ਸਿੰਘ*

ਸਾਰੰਸ਼ : ਇਸ ਲੇਖ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਉਨਾਂ ਰਾਜਨੀਤਕ ਸਿਧਾਂਤਾਂ ਬਾਰੇ ਬਹਿਸ ਕੀਤੀ ਗਈ ਹੈ ਜੋ ਉਸ ਨੇ ਆਪਣੀਆਂ ਰਾਜਨੀਤਕ ਨੀਤੀਆਂ ਦਾ ਆਧਾਰ ਬਣਾਏ ਸਨ ਜਾਂ ਜੋ ਉਸ ਦੇ ਸਿਕਿਆਂ, ਮੋਹਰਾਂ ਅਤੇ ਹੋਰ ਫ਼ੁਰਮਾਨਾਂ ਉਪਰ ਲਿਖਤੀ ਰੂਪ ਵਿਚ ਵਰਤੇ ਜਾਂਦੇ ਸਨ ।

—ਮ. ਕ.

ਮਹਾਰਾਜਾ ਰਣਜੀਤ ਸਿੰਘ ਨੇ, ਖਾਲਸੇ ਦੀ ਬੜੀ ਲੰਮੀ ਅਤੇ ਲਹੂ-ਬੀਟਵੀਂ ਜਦੋ-ਜਹਿਦ ਦੇ ਬਾਦ, ਦਖਣ-ਪੂਰਬੀ ਏਸ਼ੀਆ ਦੀ ਧਰਤੀ, ਪੰਜਾਬ ਉਪਰ, ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ ਸੀ । ਇਹ ਵੀ ਇਕ ਇਤਿਹਾਸਕ ਤਥ ਹੈ ਕਿ ਇਹ ਰਾਜ, ਖਾਲਸੇ ਦੇ ਲੰਮੇ ਸੰਘਰਸ਼ ਦਾ ਹੀ ਸਿਟਾ ਸੀ । ਪਰ ਅਜ ਰਣਜੀਤ ਸਿੰਘ ਬਾਰੇ ਇਕ ਖਾਸ ਕਿਸਮ ਦੀ ਚਰਚਾ ਚਲਾਈ ਜਾ ਰਹੀ ਹੈ । ਇਹ ਚਰਚਾ ਹੈ ਉਸ ਦੇ ਰਾਜਸੀ ਸੰਕਲਪਾਂ ਦੀ । ਇਨਾਂ ਸੰਕਲਪਾਂ ਦਾ ਅਧਿਅਨ ਕਰਦਿਆਂ ਕਈ ਇਤਿਹਾਸਕਾਰ ਤਾਂ ਰਣਜੀਤ ਸਿੰਘ ਦੇ ਰਾਜਸੀ ਸੰਕਲਪਾਂ ਨੂੰ ਖ਼ਾਲਸਈ ਸੰਕਲਪਾਂ ਦਾ ਵਿਰੋਧ ਰੂਪ ਸਮਝਦੇ ਹਨ ਅਤੇ ਕਈ ਉਸ ਨੂੰ ਖਾਲਸਈ ਰਵਾਇਤਾਂ ਦਾ ਧਾਰਨੀ ਹੀ ਮੰਨਦੇ ਹਨ । ਇਸ ਕਿਸਮ ਦੀ ਚਰਚਾ ਕੋਈ ਮਾੜੀ ਗਲ ਨਹੀਂ ਸਗੋਂ ਇਕ ਉਸਾਰੂ ਪਖ ਹੈ ਜੇਕਰ ਇਸ ਨੂੰ ਨਿਰਪਖਤਾ ਨਾਲ ਵਿਚਾਰਿਆ ਜਾਵੇ । ਸਾਡੀ ਬਦਕਿਸਮਤੀ ਇਹ ਹੈ ਕਿ ਅਜਿਹੀ ਚਰਚਾ ਕਰਨ ਵਾਲੇ ਨਿਰਪਖ ਨਹੀਂ ਹਨ ਸਗੋਂ ਇਕ ਨਿਸ਼ਚਤ ਆਸ਼ੇ ਦੀ ਪੂਰਤੀ ਲਈ ਜਾਂ ਆਪੋ ਆਪਣੀ ਪਰਤੀਬਧਤਾ ਨੂੰ ਠੀਕ ਦਰਸਾਉਣ ਲਈ, ਇਹ ਕੁਝ ਕਰ ਰਹੇ ਹਨ । ਇਨਾਂ ਵਿਚ ਇਕ ਮੁਖ ਧੜਾ ਕਮਿਊਨਿਸਟ ਸੋਚ ਦਾ ਧਾਰਨੀ ਹੈ । ਇਸ ਦੀ ਚਰਚਾ ਜਾਂ ਅਧਿਅਨ ਉਸਾਰੂ ਨਹੀਂ ਸਗੋਂ ਢਾਹੂ ਕਿਸਮ ਦਾ ਹੈ ।

ਸਭ ਤੋਂ ਵਡੀ ਗਲ ਇਹ ਹੈ ਕਿ ਅਜਿਹੀ ਚਰਚਾ ਕਰਨ ਵਾਲੇ ਨਾ ਹੀ ਤਾਂ ਸਿਖ ਧਰਮ ਦੇ ਰਾਜਸੀ ਸੰਕਲਪਾਂ ਤੋਂ ਜਾਣੂ ਹਨ ਅਤੇ ਨਾ ਹੀ ਆਪਣੇ ਅਧਿਅਨ ਦਾ ਆਧਾਰ ਰਣਜੀਤ ਸਿੰਘ ਦੀਆਂ ਉਨਾਂ ਗਲਾਂ ਨੂੰ ਬਣਾਉਂਦੇ ਹਨ ਜੋ ਉਸ ਦੇ, ਖਾਲਸਈ ਰਵਾਇਤਾਂ ਨਾਲ, ਗੂੜੇ ਸਬੰਧਾਂ ਨੂੰ ਦਰਸਾਉਣ ਵਿਚ ਮਦਦਗਾਰ ਬਣ ਸਕਦੀਆਂ ਹਨ । ਰਾਜਸੀ ਸੰਕਲਪ ਉਲੀਕਣ ਲਈ, ਰਣਜੀਤ ਸਿੰਘ ਦੇ ਜਾਗੀਰਦਾਰੀ ਪਰਬੰਧ ਨੂੰ ਜਾਂ ਉਸ ਦੀ ਡਿਪਲੋਮੈਟਿਕ ਸੂਝ ਨੂੰ ਨਿਖੇਧਾਤਮਕ ਦਰਸਾ ਕੇ, ਵਰਤਿਆ ਜਾਂਦਾ ਹੈ ਹਾਲਾਂ ਕਿ ਰਣਜੀਤ ਸਿੰਘ ਦੇ ਜਾਗੀਰਦਾਰੀ ਸਿਸਟਮ ਨੂੰ ਯੂਰਪੀਅਨ ਸਿਸਟਮ ਨਾਲ, ਜਿਥੋਂ ਕਿ ਜਾਗੀਰਦਾਰੀ ਸਿਸਟਮ ਦੀ ਪਰੀਭਾਸ਼ਾ ਨੂੰ ਨਿਰਧਾਰਤ ਕੀਤਾ ਜਾਂਦਾ ਹੈ, ਤੁਲਨਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਂਦੀ । ਰਣਜੀਤ ਸਿੰਘ ਦੀ ਡਿਪਲੋਮੈਟਿਕ ਸੂਝ ਨੂੰ ਹੀ ਜੇਕਰ ਯੂਰਪੀਅਨ ਰਵਾਇਤਾਂ ਮੁਤਾਬਕ ਦੇਖਿਆ ਜਾਵੇ ਤਾਂ ਇਹ ਕਿਸੇ ਹਾਕਮ ਦੀ ਬਹੁਤ ਵਡੀ ਰਾਜਸੀ ਯੋਗਤਾ ਸਮਝੀ ਜਾਂਦੀ ਹੈ ਪਰ ਸਾਡੇ ਆਲੋਚਕ ਹਨ ਕਿ ਇਨਾਂ ਨੂੰ ਸਮਝੇ ਬਿਨਾਂ ਜਾਂ ਖਾਸ

*ਪੰਜਾਬ ਇਤਿਹਾਸ ਅਧਿਅਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਆਸ਼ਿਆਂ ਦੀ ਪੂਰਤੀ ਲਈ ਇਨਾਂ ਹੀ ਗਲਾਂ ਨੂੰ ਨਿਸ਼ੇਧਾਤਮਕ ਰੂਪ ਵਿਚ ਵਰਤ ਰਹੇ ਹਨ। ਸਿਟਾ ਇਸ ਦਾ ਇਹੀ ਹੈ ਕਿ ਰਣਜੀਤ ਸਿੰਘ ਨੂੰ ਆਨੇ ਬਹਾਨੇ ਸਿਖ ਲਹਿਰ ਦੀ ਮੁਖ ਧਾਰਾ ਨਾਲੋਂ ਨਿਖੇੜਨ ਦੀ ਜਾਂ ਪਰੇ ਲਿਜਾਣ ਦੀ ਕੋਸ਼ਿਸ਼ ਹੋ ਰਹੀ ਹੈ। ਅਜਿਹੀ ਸੋਚ ਵਿਚ ਮਦਦ ਕਰ ਰਹੀਆਂ ਹਨ ਕੁਝ ਐਸੀਆਂ ਲਿਖਤਾਂ ਜੋ ਉਨਾਂ ਲੇਖਕਾਂ ਵਲੋਂ ਲਿਖੀਆਂ ਗਈਆਂ ਹਨ ਜੋ ਸਿਖ ਨਹੀਂ ਸਨ ਅਤੇ ਜੋ ਸਿਰਫ ਰਣਜੀਤ ਸਿੰਘ ਨੂੰ ਹੀ ਆਪਣੇ ਰੁਜ਼ਗਾਰ ਨੂੰ ਮੁਖ ਰਖਦਿਆਂ, ਰਬ ਦਾ ਰੂਪ ਸਮਝਦੇ ਸਨ। ਠੀਕ ਹੈ ਕਿ ਇਸ ਤਰੀਕੇ ਅਨੁਸਾਰ ਉਹ ਆਪਣੀ ਵਫ਼ਾਦਾਰੀ ਆਪਣੇ ਮਾਲਕ ਪਰਤੀ ਦਰਸਾਕੇ ਆਪਣੀ ਫਰਜ਼ ਪੂਰਤੀ ਕਰ ਰਹੇ ਹਨ ਪਰ ਇਸ ਅੰਨੀ ਵਫਾਦਾਰੀ ਨੂੰ ਦਰਸਾਉਣ ਲਈ ਵਰਤੇ ਗਏ ਸ਼ਬਦਾਂ ਨੇ ਰਣਜੀਤ ਸਿੰਘ ਦੇ ਰਾਜਸੀ ਸੰਕਲਪਾਂ ਨੂੰ ਉਲੀਕਣ ਵਿਚ ਬਿਗਾੜ ਪਾਇਆ ਹੈ। ਇਨਾਂ ਵਿਚ ਲਾਲਾ ਸੋਹਣ ਲਾਲ ਸੂਰੀ ਦੀ **ਉਮਦਾ ਉਤਵਾਰੀਖ਼**[1] ਅਤੇ ਅਮਰ ਨਾਥ ਦਾ **ਜ਼ਫਰਨਾਮਾ**[2] ਹੈ। ਇਨਾਂ ਲੋਕਾਂ ਨੇ ਆਪਣੀਆਂ ਲਿਖਤਾਂ ਲਿਖਣ ਲਗਿਆਂ ਨਾ ਰਣਜੀਤ ਸਿੰਘ ਦੇ ਪਿਛੋਕੜ ਨੂੰ ਚੇਤੇ ਰਖਿਆ ਹੈ ਅਤੇ ਨਾ ਹੀ ਉਨਾਂ ਸਿਖ ਰਵਾਇਤਾਂ ਨੂੰ ਸਾਹਮਣੇ ਰਖਿਆ ਹੈ ਜਿਨਾਂ ਦਾ ਰਣਜੀਤ ਸਿੰਘ ਉਮਰ ਭਰ ਸਤਿਕਾਰ ਕਰਦਾ ਰਿਹਾ ਸੀ। ਰਣਜੀਤ ਸਿੰਘ ਆਪਣੇ ਆਪ ਨੂੰ ਮਹਾਰਾਜਾ ਕਹੇ ਜਾਣ ਤੋਂ ਇਤਰਾਜ਼ ਕਰਦਾ ਹੁੰਦਾ ਸੀ ਅਤੇ ਇਹ ਮਹਾਰਾਜਾ ਦਾ ਵਿਸ਼ਲੇਸ਼ਣ ਵੀ 1801 ਈਸਵੀ ਤੋਂ ਪਿਛੋਂ ਸ਼ੁਰੂ ਹੋਇਆ ਹੈ ਪਰ ਸੋਹਣ ਲਾਲ ਸੂਰੀ ਉਸ ਦੇ ਦਾਦੇ ਚੜਤ ਸਿੰਘ ਤੋਂ ਹੀ ਬਾਦਸ਼ਾਹ ਦਾ ਵਿਸ਼ੇਸ਼ਣ ਵਰਤਦਾ ਆ ਰਿਹਾ ਹੈ। ਇਹੀ ਹਾਲ ਅਮਰ ਨਾਥ ਦਾ ਹੈ। ਇਹ ਲਿਖਤਾਂ ਕਿਉਂਕਿ ਰਣਜੀਤ ਸਿੰਘ ਦੇ ਆਪਣੇ ਦਰਬਾਰੀਆਂ ਦੀਆਂ ਹਨ ਇਸ ਸਮੇਂ ਬਾਰੇ ਹਰ ਖੋਜੀ ਸਭ ਤੋਂ ਵਧ ਇਨਾਂ ਲਿਖਤਾਂ ਨੂੰ ਹੀ ਆਧਾਰ ਬਣਾਉਂਦਾ ਹੈ। ਲੇਕਿਨ ਇਨਾਂ ਲਿਖਤਾਂ ਵਿਚ ਵਰਤੀ ਗਈ ਬਾਦਸ਼ਾਹਾਂ ਵਾਲੀ ਸ਼ਬਦਾਵਲੀ ਨੇ ਰਣਜੀਤ ਸਿੰਘ ਦੀ ਅਸਲੀ ਦਿਖ ਨੂੰ ਕਾਫੀ ਹਦ ਤਕ ਖ਼ਰਾਬ ਕੀਤਾ ਹੈ।

ਦੂਜੀ ਕਿਸਮ ਦੀਆਂ ਉਹ ਲਿਖਤਾਂ ਹਨ ਜੋ ਅੰਗਰੇਜ਼ਾਂ ਵਲੋਂ ਲਿਖੀਆਂ ਜਾਂ ਲਿਖਵਾਈਆਂ ਗਈਆਂ ਸਨ। ਪਰ ਇਨਾਂ ਲੇਖਕਾਂ ਨੂੰ ਵੀ ਇਕ ਤਾਂ ਸਿਖ ਰਵਾਇਤਾਂ ਦੀ ਪੂਰੀ ਸਮਝ ਨਹੀਂ ਸੀ ਅਤੇ ਦੂਸਰਾ ਇਨਾਂ ਨੇ ਹਰ ਗਲ ਨੂੰ ਆਪਣੀ ਸੋਚਣੀ ਅਨੁਸਾਰ ਅਤੇ ਯੂਰਪੀਅਨ ਮੁਹਾਵਰੇ ਵਿਚ ਹੀ ਲਿਖਿਆ ਹੈ। ਕੁਝ ਹਦ ਤਕ ਇਹ ਲਿਖਤਾਂ ਰਣਜੀਤ ਸਿੰਘ ਦੇ ਵਿਰੁਧ ਵੀ ਹਨ। ਵਿਰੁਧ ਲਿਖਣ ਦਾ ਮੰਤਵ ਸਿਰਫ ਇਹੀ ਸੀ ਕਿ ਸਿਖਾਂ ਦੀ ਜਜ਼ਬਾਤੀ ਸਾਂਝ ਰਣਜੀਤ ਸਿੰਘ ਨਾਲ ਨਾ ਹੋ ਸਕੇ। ਕਿਉਂਕਿ ਅੰਗਰੇਜ਼ ਰਣਜੀਤ ਸਿੰਘ ਦੇ ਸ਼ਕਤੀਸ਼ਾਲੀ ਰਾਜ ਨੂੰ ਹੜਪ ਕਰ ਚੁਕੇ ਸਨ ਅਤੇ ਉਹ ਸਿਖਾਂ ਦੇ ਵਿਚ ਰਣਜੀਤ ਸਿੰਘ ਦੇ ਅਕਸ ਨੂੰ ਬਿਗਾੜ ਕੇ ਪੇਸ਼ ਕਰਦੇ ਸਨ। ਸਰ ਲੈਪਲ ਗਰਿਫਨ ਦੀ ਪੁਸਤਕ 'ਦਾ ਪੰਜਾਬ ਚੀਫਸ' ਇਸ ਦੀ ਇਕ ਮਿਸਾਲ ਹੈ। ਇਸ ਲੇਖਕ ਨੇ ਰਣਜੀਤ ਸਿੰਘ ਦੀ, ਉਸ ਦੀ ਮਾਂ ਦੀ, ਅਤੇ ਦਾਦੇ ਦੀ ਪੂਰੀ ਆਚਰਣ-ਸ਼ਿਕਨੀ ਕੀਤੀ ਹੈ। ਲੇਕਿਨ ਅਜਿਹੀ ਆਚਰਣ-ਸ਼ਿਕਨੀ ਕਿਸੇ ਵੀ ਹੋਰ ਲਿਖਤ ਵਿਚ ਨਹੀਂ ਹੈ। ਸ਼ਾਹ ਮੁਹੰਮਦ ਦਾ 'ਜੰਗਨਾਮਾ' ਵੀ ਅਜਿਹੀ ਸੋਚਣੀ ਹੇਠ ਲਿਖਵਾਇਆ ਗਿਆ ਲਗਦਾ ਹੈ। ਇਸ ਵਿਚ ਰਣਜੀਤ ਸਿੰਘ ਦੇ ਉਤਰਾ-

---

1. ਇਸ ਦਾ ਪੰਜਾਬੀ ਤਰਜਮਾ ਦੇਖੋ :
   ਉਮਦਾ ਉਤਵਾਰੀਖ ਕਰਿਤ ਸੋਹਣ ਲਾਲਾ ਸੂਰੀ (ਸੰਪ.) ਜ.ਸ. ਗਰੇਵਾਲ—ਇੰਦੂ ਬਾਂਗਾ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿਰਤਸਰ, 1985.)
2. ਇਸ ਦਾ ਪੰਜਾਬੀ ਤਰਜਮਾ ਦੇਖੋ :
   ਜ਼ਫਰਨਾਮਾ-ਇ-ਰਣਜੀਤ ਸਿੰਘ ਕਰਿਤ ਅਮਰ ਨਾਥ (ਸੰਪ.) ਕਿਰਪਾਲ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.)

ਧਿਕਾਰੀਆਂ ਦੀ ਨਲਾਇਕੀ, ਮਹਾਰਾਣੀ ਜਿੰਦਾਂ ਦੀ ਗਦਾਰੀ ਅਤੇ ਡੋਗਰੇ ਵਜ਼ੀਰਾਂ ਤੇ ਜਰਨੈਲਾਂ ਦੀ ਵਫ਼ਾਦਾਰੀ ਦਰਸਾਈ ਗਈ ਹੈ। ਜਦੋਂ ਕਿ ਇਤਿਹਾਸ ਗਵਾਹ ਹੈ ਕਿ ਰਾਣੀ ਜਿੰਦਾਂ ਅੰਤਲੇ ਦਮ ਤਕ ਲੜਦੀ ਰਹੀ ਸੀ ਅਤੇ ਡੋਗਰੇ ਭਰਾਵਾਂ ਨੇ ਸਿਖ ਰਾਜ ਨੂੰ ਖ਼ਤਮ ਕਰਨ ਦੀ ਹਰ ਕੋਸ਼ਿਸ਼ ਕੀਤੀ ਸੀ।

ਉਪਰੋਕਤ ਮੰਦਭਾਵਨਾ ਦੇ ਨਾਲ ਹੀ ਇਕ ਹੋਰ ਵੀ ਐਸੀ ਧਿਰ ਸਾਹਮਣੇ ਆਈ ਹੈ ਜਿਸ ਨੇ ਜਾਣ ਬੁਝ ਕੇ ਰਣਜੀਤ ਸਿੰਘ ਦੇ ਖਿਲਾਫ ਲਿਖਵਾਇਆ ਹੈ। ਇਹ ਧਿਰ ਹੈ ਪਟਿਆਲਾ ਸਟੇਟ ਦੇ ਰਾਜਿਆਂ ਦੀ। ਇਸ ਧਿਰ ਦਾ ਮੁਖ ਲੇਖਕ ਗਿਆਨੀ ਗਿਆਨ ਸਿੰਘ ਸੀ।[3] ਇਸ ਨੇ ਆਪਣੇ ਪੰਥ ਪਰਕਾਸ਼ ਦੀ ਦੂਜੀ ਐਡੀਸ਼ਨ ਵਿਚ ਰਣਜੀਤ ਸਿੰਘ ਦੇ ਖਿਲਾਫ਼ ਪੂਰੀ ਮਨ ਮਰਜ਼ੀ ਨਾਲ ਲਿਖਿਆ ਹੈ ਅਤੇ ਇਹ ਗਲਾਂ ਰਣਜੀਤ ਸਿੰਘ ਦੇ ਬਾਰੇ ਸੌ ਫੀਸਦੀ ਗਲਤ ਹਨ। ਮਿਸਾਲ ਦੇ ਤੌਰ ਤੇ ਪਹਿਲੀ ਗਲ ਤਾਂ ਇਹ ਲਿਖੀ ਗਈ ਹੈ ਕਿ ਆਨੰਦਪੁਰ ਸਾਹਿਬ ਵਿਚੋਂ 1705 ਈਸਵੀ ਦੀ ਲੜਾਈ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਜਾਣ ਵਾਲੇ ਸਿੰਘਾਂ ਵਿਚ ਰਣਜੀਤ ਸਿੰਘ ਦਾ ਪੜਦਾਦਾ ਵੀ ਸ਼ਾਮਲ ਸੀ।[4] ਪਰ ਇਸ ਦਾ ਨਾਂ ਕੋਈ ਨਹੀਂ ਲਿਖਿਆ। ਹਾਲਾਂ ਕਿ ਇਹ ਬੇਦਾਵਾ ਦੇਣ ਵਾਲੀ ਘਟਨਾ ਵੀ ਇਤਿਹਾਸਕ ਤੌਰ ਤੇ ਠੀਕ ਨਹੀਂ ਹੈ ਕਿਉਂਕਿ ਗੁਰੂ ਜੀ ਦੀ ਇਕੋ ਇਕ ਸਮਕਾਲੀ ਲਿਖਤ 'ਸ੍ਰੀ ਗੁਰ ਸੋਭਾ' ਕਰਿਤ ਕਵੀ ਸੈਨਾਪਤਿ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ।

ਦੂਜੀ ਗਲ ਉਸ ਸਮੇਂ ਦੀ ਹੈ ਜਦੋਂ ਰਣਜੀਤ ਸਿੰਘ 1806-07 ਵਿਚ ਪਟਿਆਲੇ ਤੇ ਚੜ੍ਹਾਈ ਕਰਦਾ ਹੈ। ਉਸ ਸਮੇਂ ਸਾਹਿਬ ਸਿੰਘ ਪਟਿਆਲੇ ਦਾ ਰਾਜਾ ਸੀ ਜੋ ਕਿ ਪਟਿਆਲੇ ਦੇ ਸਭ ਰਾਜਿਆਂ ਵਿਚੋਂ ਸਭ ਤੋਂ ਵਧ ਨਲਾਇਕ, ਕਮਜ਼ੋਰ ਅਤੇ ਡਰਪੋਕ ਸੀ। ਲੇਕਿਨ ਗਿਆਨ ਸਿੰਘ ਲਿਖਦਾ ਹੈ ਕਿ ਸਾਹਿਬ ਸਿੰਘ ਨੇ ਐਸੀ ਬਹਾਦਰੀ ਨਾਲ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ ਕਿ ਰਣਜੀਤ ਸਿੰਘ ਦੇ ਛਕੇ ਛੁੜਾ ਦਿਤੇ। ਰਣਜੀਤ ਸਿੰਘ ਦੀ ਫੌਜ ਹਾਰ ਗਈ ਲੇਕਿਨ ਸਾਹਿਬ ਸਿੰਘ ਨੇ ਤਰਸ ਕਰ ਕੇ ਰਣਜੀਤ ਸਿੰਘ ਨੂੰ ਬਖਸ਼ ਦਿਤਾ ਅਤੇ ਪਿਆਰ ਨਾਲ ਆਪਣੇ ਮਹਿਲਾਂ ਵਿਚ ਲੈ ਆਇਆ। ਇਥੇ ਲਿਆ ਕੇ ਉਸ ਨੂੰ ਕਹਿਣ ਲਗਾ ਕਿ ਦਸ ਤੈਨੂੰ ਮਾਰ ਦਿਤਾ ਜਾਵੇ ਜਾਂ ਛਡ ਦਿਤਾ ਜਾਵੇ। ਰਣਜੀਤ ਸਿੰਘ ਵਲੋਂ ਤਰਸਭਰੀ ਬੇਨਤੀ ਕਰਨ ਤੇ ਸਾਹਿਬ ਸਿੰਘ ਨੇ ਉਸ ਨੂੰ ਸਿਖਿਆ ਦੇ ਕੇ ਛਡ ਦਿਤਾ ਅਤੇ ਜਾਂਦੇ ਹੋਏ ਨੂੰ ਨਾਲੇ ਤਾਂ ਜ਼ਮਜ਼ਮਾ ਤੋਪ ਦੇ ਦਿਤੀ ਅਤੇ ਨਾਲੇ ਉਸਦੇ ਖੇਡਣ ਲਈ ਇਕ ਸੋਨੇ ਦੀ ਚਿੜੀ ਦੇ ਦਿਤੀ।[5]

ਜਿਥੇ ਰਣਜੀਤ ਸਿੰਘ ਨੂੰ ਬੇਦਾਵਾ ਦੇ ਕੇ ਜਾਣ ਵਾਲੇ ਸਿੰਘਾਂ ਵਿਚੋਂ ਦਿਖਾਇਆ ਹੈ ਉਥੇ

---

3. ਗਿਆਨੀ ਗਿਆਨ ਸਿੰਘ ਦੀਆਂ ਦੋ ਇਤਿਹਾਸਕ ਕਿਰਤਾਂ ਹਨ :

ੳ. ਪੰਥ ਪਰਕਾਸ਼, ਪਥਰ ਛਾਪ, ਅੰਮਿਰਤਸਰ, 1946 ਬਿਕਰਮੀ।

ਅ. ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਪੰਥ ਪਰਕਾਸ਼ ਨੂੰ ਪਿਛੋਂ ਭਾਈ ਵੀਰ ਸਿੰਘ ਦੀ ਖਾਲਸਾ ਟਰੈਕਟ ਸੁਸਾਇਟੀ ਅਤੇ ਵਜ਼ੀਰ ਹਿੰਦ ਪਰੈਸ ਵਿਚੋਂ ਕਈ ਐਡੀਸ਼ਨਾਂ ਵਿਚ ਛਾਪਿਆ ਜਾ ਚੁਕਿਆ ਹੈ ਜਿਨਾਂ ਵਿਚ ਭਾਈ ਵੀਰ ਸਿੰਘ ਨੇ ਇਤਨੀਆਂ ਤਬਦੀਲੀਆਂ ਕਰ ਦਿਤੀਆਂ ਹਨ ਜਿਨਾਂ ਨਾਲ ਉਹ ਗਿਆਨ ਸਿੰਘ ਦੀ ਕਿਰਤ ਹੀ ਨਹੀਂ ਕਹਿਲਾ ਸਕਦੀ। ਇਸ ਤਰਾਂ ਤਵਾਰੀਖ਼ ਗੁਰੂ ਖਾਲਸਾ ਨੂੰ ਵੀ ਭਾਈ ਵੀਰ ਸਿਘ ਨੇ ਆਪਣੀ ਮਰਜ਼ੀ ਨਾਲ ਕਾਂਟ-ਛਾਂਟ ਕਰਕੇ ਅਤੇ ਹੋਰ ਮਸਾਲਾ ਜੋੜ ਕੇ ਛਾਪਿਆ ਹੈ।

4 ਪੰਥ ਪਰਕਾਸ਼, ਪਿਠਅੰਕਤ, ਪੰਨੇ 777-78.

5. ਉਕਤ, ਪੰਨੇ 16-17.

ਉਪਰੋਕਤ ਲੜਾਈ ਸਮੇਂ ਗਿਆਨ ਸਿੰਘ ਨੇ ਇਹ ਗਲ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਸਾਹਿਬ ਸਿੰਘ ਪਟਿਆਲੇ ਦੀ ਫੌਜ ਵਲੋਂ ਗੁਰੂ ਹਰਿ ਰਾਇ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਖੁਦ ਲੜਦੇ ਹੋਏ ਦਿਖਾਏ ਹਨ।[6] ਜਦੋਂ ਰਣਜੀਤ ਸਿੰਘ ਵਜ਼ੀਰਾਂ ਕੋਲੋਂ ਆਪਣੀ ਹਾਰ ਬਾਰੇ ਪੁਛਦਾ ਹੈ ਤਾਂ ਉਨਾਂ ਦੇ ਮੂੰਹੋਂ ਗਿਆਨ ਸਿੰਘ ਨੇ ਕਹਾਇਆ ਹੈ ਕਿ ਇਹ ਤਾਂ ਗੁਰੂਆਂ ਦੀ ਬਖਸ਼ਿਸ਼ ਹੈ। ਅਸੀਂ ਇਨਾਂ ਨੂੰ ਕਿਵੇਂ ਹਰਾ ਸਕਦੇ ਹਾਂ। ਹਾਲਾਂ ਕੇ ਹੋਰ ਹਰ ਥਾਂ ਤੇ ਅਤੇ ਹੋਰ ਹਾਕਮ ਦੀ ਇਹ ਈਨ ਮੰਨਦੇ ਰਹੇ ਸਨ। ਉਸ ਸਮੇਂ ਇਸ ਲੇਖਕ ਨੂੰ ਗੁਰੂ ਦਾ ਕੋਈ ਵਰ ਨਹੀਂ ਦਿਖਾਈ ਦਿਤਾ।

ਹੁਣ ਪਾਠਕ ਖੁਦ ਅੰਦਾਜ਼ਾ ਲਗਾ ਲੈਣ ਕਿ ਇਨਾਂ ਗਲਾਂ ਵਿਚ ਕਿਹੜੀ ਇਤਿਹਾਸਕ ਸਚਾਈ ਹੈ ? ਇਹ ਕੁਝ ਨਮੂਨੇ ਹਨ ਉਨਾਂ ਲਿਖਤਾਂ ਦੇ ਜਿਨਾਂ ਨੇ ਜਾਣ ਬੁਝ ਕੇ ਰਣਜੀਤ ਸਿੰਘ ਦੇ ਅਕਸ ਨੂੰ ਬਿਗਾੜਿਆ ਹੈ। ਇਸ ਬਿਗੜੇ ਹੋਏ ਅਕਸ ਅਨੁਸਾਰ ਰਣਜੀਤ ਸਿੰਘ ਨੂੰ ਨਿਜੀ ਆਚਰਣ ਅਤੇ ਸਿਖੀ ਆਚਰਣ ਤੋਂ ਗਿਰਿਆ ਹੋਇਆ ਸਮਝਿਆ ਜਾ ਰਿਹਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਰਣਜੀਤ ਸਿੰਘ ਦੇ ਵਿਚ ਕੁਝ ਮਨੁਖੀ ਕਮਜ਼ੋਰੀਆਂ ਵੀ ਜ਼ਰੂਰ ਸਨ ਅਤੇ ਉਸ ਦਾ ਰਾਜ ਖਾਲਸਈ ਰਵਾਇਤਾਂ ਉਪਰ ਪੂਰੀ ਤਰਾਂ ਆਧਾਰਤ ਨਹੀਂ ਸੀ ਪਰ ਇਨਾਂ ਕਮਜ਼ੋਰੀਆਂ ਨੂੰ ਅਤੀ ਵਧਾ ਚੜਾ ਕੇ ਅਤੇ ਰਣਜੀਤ ਸਿੰਘ ਨੂੰ ਇਕੋ ਇਕ ਕਸੂਰਵਾਰ ਦਸ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਦੋਂ ਅਸੀਂ ਇਨਾਂ ਗਲਾਂ ਵਲ ਸਾਰੀਆਂ ਪਰਸਥਿਤੀਆਂ ਨੂੰ ਸਾਹਮਣੇ ਰਖ ਕੇ ਦੇਖਾਂਗੇ ਤਾਂ ਸਾਨੂੰ ਇਨਾਂ ਗਲਾਂ ਵਿਚ ਰਣਜੀਤ ਸਿੰਘ ਨਾਲੋਂ ਉਸ ਦੇ ਸਮਕਾਲੀ ਸਰਦਾਰ ਅਤੇ ਧਾਰਮਿਕ ਨੇਤਾ ਜ਼ਿਆਦਾ ਕਸੂਰਵਾਰ ਜਾਪਣਗੇ। ਜਿਨਾਂ ਪਰਸਥਿਤੀਆਂ ਵਿਚੋਂ ਰਣਜੀਤ ਸਿੰਘ ਉਭਰਿਆ ਸੀ ਉਨਾਂ ਪਰਸਥਿਤੀਆਂ ਵਿਚੋਂ ਇਸ ਤੋਂ ਅਛਾ ਰਾਜ ਕਾਇਮ ਹੋ ਹੀ ਨਹੀਂ ਸੀ ਸਕਦਾ। ਜਿਹੜੀ ਗਲ ਇਹ ਕਹੀ ਜਾ ਰਹੀ ਹੈ ਕਿ ਰਣਜੀਤ ਸਿੰਘ ਦਾ ਰਾਜ ਖਾਲਸਈ ਸਿਧਾਂਤਾਂ ਉਪਰ ਆਧਾਰਤ ਨਹੀਂ ਸੀ ਇਸ ਨੂੰ ਉਦੋਂ ਹੀ ਲਾਗੂ ਕੀਤਾ ਜਾ ਸਕਦਾ ਸੀ ਜਦੋਂ ਕਿ ਰਾਜ ਚਾਰੇ ਪਾਸਿਆਂ ਤੋਂ ਸੁਰਖਿਅਤ ਹੋਵੇ। ਖਾਲਸਈ ਸਿਧਾਂਤਾਂ ਉਪਰ ਵੀ ਕੋਈ ਰਾਜ ਤਦ ਹੀ ਆਧਾਰਤ ਹੋਣਗੇ ਜੇਕਰ ਰਾਜ ਸਥਾਪਤ ਹੋ ਚੁਕਿਆ ਹੋਵੇਗਾ। ਰਣਜੀਤ ਸਿੰਘ ਨੇ ਇਹ ਰਾਜ ਸਥਾਪਤ ਕਰ ਦਿਤਾ ਸੀ ਅਤੇ ਭਾਵੇਂ ਉਸਨੇ ਕਿਸੇ ਤਰਾਂ ਵੀ ਕੀਤਾ ਅਤੇ ਕਿਹੋ ਜਿਹਾ ਵੀ ਕੀਤਾ। ਹੁਣ ਜ਼ਿੰਮੇਦਾਰੀ ਖੁਦ ਸਿਖਾਂ ਦੀ ਸੀ ਕਿ ਉਹ ਇਸ ਰਾਜ ਨੂੰ ਸੰਭਾਲਦੇ ਅਤੇ ਖਾਲਸਈ ਲੀਹਾਂ ਉਪਰ ਆਧਾਰਤ ਕਰਦੇ। ਇਥੇ ਰਣਜੀਤ ਸਿੰਘ ਕਸੂਰਵਾਰ ਨਹੀਂ ਸਗੋਂ ਸਿਖ ਕਸੂਰਵਾਰ ਹਨ ਜਿਹੜੇ ਨਾ ਹੀ ਇਸ ਨੂੰ ਸੰਭਾਲ ਸਕੇ ਅਤੇ ਨਾ ਹੀ ਇਸ ਨੂੰ ਖਾਲਸਈ ਸਿਧਾਂਤਾਂ ਉਪਰ ਆਧਾਰਤ ਕਰ ਸਕੇ। ਰਣਜੀਤ ਸਿੰਘ ਨੇ ਆਪਣੀ ਡਿਊਟੀ ਪੂਰੀ ਕਰ ਦਿਤੀ ਸੀ। ਉਹ ਇਸ ਮਾਣ ਦਾ ਅਧਿਕਾਰੀ ਹੈ।

ਉਪਰੋਕਤ ਗਲਾਂ ਨੂੰ ਧਿਆਨ ਵਿਚ ਰਖ ਕੇ ਹੀ ਰਣਜੀਤ ਸਿੰਘ ਦੇ ਰਾਜਸੀ ਸਿਧਾਂਤਾਂ ਨੂੰ ਸਟਡੀ ਕਰਨਾ ਚਾਹੀਦਾ ਹੈ ਨਹੀਂ ਤਾਂ ਉਸ ਦੀ ਅਸਲੀ ਤਸਵੀਰ ਸਾਹਮਣੇ ਨਹੀਂ ਆਵੇਗੀ। ਇਸ ਤਰਾਂ ਰਣਜੀਤ ਸਿੰਘ ਦੀ ਰਾਜਸੀ ਥਿਊਰੀ ਨੂੰ ਉਲੀਕਣ ਲਗਿਆਂ ਹੇਠ ਲਿਖੇ ਪਖਾਂ ਬਾਰੇ ਵਿਸਥਾਰ ਪੂਰਬਕ ਅਧਿਐਨ ਕਰਨਾ ਹੋਵੇਗਾ।

ਸਭ ਤੋਂ ਪਹਿਲਾਂ ਉਨਾਂ ਪਰਸਥਿਤੀਆਂ ਬਾਰੇ ਜਿਨਾਂ ਵਿਚੋਂ ਰਣਜੀਤ ਸਿੰਘ ਜੇਤੂ ਹੋ ਕੇ ਨਿਕਲਿਆ ਸੀ। ਦੂਜਾ, ਉਨਾਂ ਸਿਕਿਆਂ ਅਤੇ ਮੋਹਰਾਂ ਬਾਰੇ ਜਿਹੜੇ ਰਾਜ ਸਥਾਪਤ ਕਰਨ ਪਿਛੋਂ ਜਾਰੀ ਕੀਤੇ ਗਏ ਸਨ। ਤੀਜਾ, ਉਨਾਂ ਤਖਲਸਾਂ ਬਾਰੇ ਜਿਹੜੇ ਰਣਜੀਤ ਸਿੰਘ ਨੂੰ ਸੰਬੋਧਨ ਕਰਨ

6. ਉਕਤ, ਪੰਨਾ 17.

ਲਗਿਆਂ ਵਰਤੇ ਜਾਂਦੇ ਸਨ ਜਾਂ ਜਿਨਾਂ ਨੂੰ ਰਣਜੀਤ ਸਿੰਘ ਵਰਤ ਕੇ ਖੁਸ਼ ਹੁੰਦਾ ਸੀ। ਚੌਥਾ, ਉਨਾਂ ਨੀਤੀਆਂ ਬਾਰੇ ਜਿਹੜੀਆਂ ਉਸ ਨੇ ਲੋਕ-ਭਲਾਈ ਹਿਤ ਚਾਲੂ ਕੀਤੀਆਂ ਸਨ। ਪੰਜਵਾਂ, ਉਸ ਦੇ ਅਕਾਲੀਆਂ ਨਾਲ ਸਬੰਧਾਂ ਬਾਰੇ ਅਤੇ ਸਰਬਤ ਖਾਲਸੇ ਦੀ ਸਰਬ ਉਚ ਪੁਜ਼ੀਸ਼ਨ ਦੇ ਸਬੰਧ ਵਿਚ। ਛੇਵਾਂ, ਉਸ ਵਲੋਂ ਧਰਮ ਦੇ ਪਰਚਾਰ ਲਈ ਜਾਂ ਧਾਰਮਿਕ ਅਸਥਾਨਾਂ ਦੇ ਉਸਾਰਨ ਲਈ ਵਰਤੀ ਗਈ ਸਰਕਾਰੀ ਤਾਕਤ ਬਾਰੇ। ਸਤਵਾਂ, ਉਸ ਦੀ ਸਮਕਾਲੀ ਸਿਖ ਸਰਦਾਰਾਂ ਨਾਲ ਤੁਲਨਾ ਕਰ ਕੇ ਅਤੇ ਅਠਵਾਂ ਉਸ ਦੇ ਆਪਣੇ ਨਿਜੀ ਆਚਰਣ ਬਾਰੇ।

ਸਭ ਤੋਂ ਪਹਿਲਾਂ ਅਸੀਂ ਉਨਾਂ ਪਰਸਥਿਤੀਆਂ ਦਾ ਅਧਿਅਨ ਕਰਦੇ ਹਾਂ ਜਿਨਾਂ ਵਿਚੋਂ ਰਣਜੀਤ ਸਿੰਘ ਜੇਤੂ ਹੋ ਕੇ ਨਿਕਲਿਆ ਸੀ। ਰਣਜੀਤ ਸਿੰਘ ਉਸੇ ਸੰਘਰਸ਼ ਦੀ ਹੀ ਪੈਦਾਇਸ਼ ਸੀ ਜਿਹੜੀ ਖਾਲਸੇ ਦੀ ਸਾਜਨਾ ਪਿਛੋਂ ਸ਼ੁਰੂ ਹੋਈ ਸੀ ਅਤੇ ਜਿਸ ਨੂੰ ਬੰਦਾ ਸਿੰਘ ਬਹਾਦਰ ਇਕ ਵਾਰ ਰਾਜ-ਭਾਗ ਦੀ ਪਰਾਪਤੀ ਵਿਚ ਸਫਲ ਕਰ ਚੁਕਿਆ ਸੀ। ਇਹੀ ਸੰਘਰਸ਼ ਮੁੜ ਨਵਾਬ ਕਪੂਰ ਸਿੰਘ ਦੀ ਲੀਡਰਸ਼ਿਪ ਨਾਲ ਸ਼ੁਰੂ ਹੁੰਦਾ ਹੈ ਅਤੇ ਇਹ ਸੰਘਰਸ਼ ਅਹਿਮਦ ਸ਼ਾਹ ਅਬਦਾਲੀ ਦੇ ਅਖੀਰਲੇ ਹਮਲੇ ਤਕ ਜਾਰੀ ਰਿਹਾ। ਇਸ ਸਮੇਂ ਦੌਰਾਨ ਖਾਲਸਈ ਰਵਾਇਤਾਂ ਨੂੰ ਅਮਲੀ ਰੂਪ ਵਿਚ ਸਥਪਾਤ ਕੀਤਾ ਗਿਆ ਅਰਥਾਤ ਸਮੁਚੀ ਰਾਜਨੀਤੀ ਨੂੰ ਗੁਰਮਤਾ, ਸਰਬਤ ਖਾਲਸਾ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਸੰਸਥਾਵਾਂ ਉਪਰ ਆਧਾਰਤ ਕੀਤਾ ਗਿਆ। ਸਿਟੇ ਵਜੋਂ ਖਾਲਸੇ ਦੀ ਰਾਜਨੀਤਕ ਤਾਕਤ ਗਿਆਰਾਂ ਮਿਸਲਾਂ ਦੇ ਰੂਪ ਵਿਚ ਸਥਾਪਤ ਹੋਈ। ਫੂਲਕੀਆਂ ਸਰਦਾਰਾਂ ਨੇ ਕਦੇ ਵੀ ਆਪਣੇ ਆਪ ਨੂੰ ਨਾ ਹੀ ਸਿਖ ਮਿਸਲਾਂ ਵਿਚੋਂ ਮੰਨਿਆ ਹੈ ਅਤੇ ਨਾ ਹੀ ਇਸ ਦੀ ਸਥਾਪਨਾ ਅਕਾਲ ਤਖ਼ਤ ਸਾਹਿਬ ਵਲੋਂ ਕੀਤੀ ਗਈ ਸੀ। ਅਕਾਲ ਤਖ਼ਤ ਸਾਹਿਬ ਵਲੋਂ ਸਿਰਫ ਗਿਆਰਾਂ ਮਿਸਲਾਂ ਦੀ ਹੀ ਸਥਾਪਨਾ ਕੀਤੀ ਗਈ ਸੀ।

ਜਦੋਂ ਤਕ ਅਹਿਮਦ ਸ਼ਾਹ ਅਬਦਾਲੀ ਦਾ ਖ਼ਤਰਾ ਬਣਿਆ ਰਿਹਾ ਸੀ ਤਦ ਤਕ ਮਿਸਲਾਂ ਇਕ ਦੂਜੇ ਨਾਲ ਮਿਲਵਰਤਣ ਕਰਦੀਆਂ ਰਹੀਆਂ ਅਤੇ ਅਕਾਲ ਤਖ਼ਤ ਉਪਰ ਸਭ ਵੈਰ ਵਿਰੋਧ ਛਡ ਕੇ ਇਕਠੀਆਂ ਹੁੰਦੀਆਂ ਰਹੀਆਂ। ਪਰ ਜਿਉਂ ਹੀ ਅਬਦਾਲੀ ਦਾ ਖ਼ਤਰਾ ਖ਼ਤਮ ਹੋਇਆ ਤਾਂ ਇਹੀ ਮਿਸਲ ਸਰਦਾਰ ਆਪਸ ਵਿਚ ਹੀ ਉਲਝ ਪਏ। 1796 ਈਸਵੀ ਤਕ ਮਿਸਲਾਂ ਦੀ ਇਹ ਪੁਜ਼ੀਸ਼ਨ ਬਣ ਗਈ ਸੀ ਕਿ ਇਹ ਗੈਰ-ਸਿਖ ਹੁਕਮਰਾਨਾਂ ਨਾਲ ਗਠਜੋੜ ਕਰਕੇ ਦੂਜੇ ਮਿਸਲਦਾਰ ਉਪਰ ਹਮਲੇ ਕਰਨ ਲਗ ਪਏ ਸਨ। ਭੰਗੀ ਮਿਸਲ ਦੀ ਸ਼ੁਕਰਚਕੀਆਂ ਨਾਲ ਕਟੜ ਦੁਸ਼ਮਣੀ ਸੀ। ਸ਼ੁਕਰਚਕੀਆਂ ਦੀ ਕਨਈਆ ਅਤੇ ਰਾਮਗੜੀਆਂ ਨਾਲ। ਫੂਲਕੀਆਂ ਦੀ ਕਿਸੇ ਨਾਲ ਵੀ ਬਣਦੀ ਨਹੀਂ ਸੀ। ਕਈ ਮਿਸਲਾਂ ਦਾ ਕਿਸੇ ਪਾਸੇ ਵੀ ਕੋਈ ਰੋਲ ਨਹੀਂ ਸੀ ਜਿਵੇਂ ਕਿ ਨਕਈ ਅਤੇ ਸ਼ਹੀਦਾਂ ਦੀ। ਫੂਲਕੀਆਂ ਵਿਚੋਂ ਜੀਂਦ ਅਤੇ ਨਾਭੇ ਘਰਾਣੇ ਦੇ ਸਰਦਾਰ ਬਿਲਕੁਲ ਪਰਭਾਵਹੀਣ ਸਨ। ਸਭ ਮਿਸਲਾਂ ਇਕ ਦੂਜੇ ਤੋਂ ਬਚਣ ਲਈ ਮੁਸਲਮਾਨ ਹਾਕਮਾਂ ਜਾਂ ਰਾਜਪੂਤ ਰਾਜਿਆਂ ਤੋਂ ਸਹਾਇਤਾ ਲਭ ਰਹੀਆਂ ਸਨ। ਸੀਤਾ ਰਾਮ ਕੋਹਲੀ ਲਿਖਦਾ ਹੈ : "ਜਦੋਂ ਇਹ ਵੈਰੀਆਂ ਵਲੋਂ ਨਿਸ਼ਚਿੰਤ ਹੁੰਦੇ ਤਦ ਇਹੋ ਸਰਦਾਰ ਕਈ ਵੇਰਾਂ ਆਪਸ ਵਿਚ ਵੀ ਲੜਾਈ ਕਰਨ ਤੋਂ ਸੰਕੋਚ ਨਹੀਂ ਕਰਦੇ ਸਨ। ਇਨਾਂ ਮਿਸਲਾਂ ਦੀਆਂ ਹਦਾਂ ਪਕੀ ਤਰਾਂ ਨੀਅਤ ਨਹੀਂ ਸਨ ਸਗੋਂ ਇਕ ਦੂਜੇ ਦੇ ਇਲਾਕੇ ਨਾਲ ਮਿਲਦੀਆਂ ਸਨ ਤੇ ਆਪੋ ਵਿਚ ਜੰਗ ਹੋਣ ਦਾ ਇਹੋ ਵਡਾ ਕਾਰਣ ਸੀ।...ਇਸ ਲਈ ਇਸ ਪਰਕਾਰ ਦੀ ਗੌਰਮਿੰਟ ਦਾ ਬਹੁਤ ਚਿਰ ਕਾਇਮ ਰਹਿਣਾ ਅਸੰਭਵ ਸੀ।

"ਇਸ ਵੇਲੇ ਸਿੰਘਾਂ ਨੇ ਆਪਣੇ ਬਾਹੂਬਲ ਨੂੰ ਘਰੋਗੀ ਯੁਧਾਂ ਵਿਚ ਲਾਉਣਾ ਅਰੰਭ ਦਿਤਾ। ਅਠਾਰਵੀਂ ਸਦੀ ਦੇ ਅੰਤਲੇ ਪੰਝੀ ਵਰਿਆਂ ਦੇ ਪੰਜਾਬ ਦੀ ਤਾਰੀਖ ਇਨਾਂ ਘਰੇਲੂ ਯੁਧਾਂ ਦੇ ਬਖੇੜਿਆਂ ਦੀ ਹੀ ਵਾਰਤਾ ਹੈ। ਇਕ ਮਿਸਲ ਦਾ ਸਰਦਾਰ ਦੂਜੇ ਮਿਸਲ ਦੇ ਸਰਦਾਰ ਨਾਲ ਮਿਲ ਕੇ ਤੀਸਰੀ

ਮਿਸਲ ਉਪਰ ਧਾਵਾ ਬੋਲ ਦਿੰਦਾ ਸੀ । ਕਦੇ ਕਦੇ ਤਿੰਨ ਮਿਸਲਾਂ ਦੀ ਸਾਂਝੀ ਫੌਜ ਕਿਸੇ ਹੋਰ ਮਿਸਲ ਦੇ ਇਲਾਕੇ ਉਤੇ ਆਪਣਾ ਦਾਬਾ ਬਿਠਾਉਂਦੀ ਸੀ । ਭਾਵ ਕਿ ਇਸ ਵੇਲੇ ਸਾਰੇ ਪੰਜਾਬ ਵਿਚ ਮੰਦ-ਪਰਬੰਧ ਦਾ ਪੂਰਾ ਪੂਰਾ ਨਕਸ਼ਾ ਬਝਾ ਹੋਇਆ ਸੀ ।"[7]

ਵਹੀਦੂਦੀਨ ਲਿਖਦਾ ਹੈ : "ਜਦੋਂ ਤਕ ਅਹਿਮਦ ਸ਼ਾਹ ਦੇ ਹਮਲੇ ਰਹੇ ਇਹ ਸਭ ਇਕਠੇ ਹੋ ਕੇ ਗੁਰੀਲਾ ਢੰਗ ਰਾਹੀਂ ਉਸ ਦਾ ਮੁਕਾਬਲਾ ਕਰਦੇ ਰਹੇ । ਜਿਉਂ ਹੀ ਇਹ ਬਾਹਰੀ ਖ਼ਤਰਾ ਬੰਦ ਹੋਇਆ ਤਾਂ ਇਹ ਜਾਗੀਰਦਾਰਾਂ ਦੀ ਆਦਤ ਅਨੁਸਾਰ ਇਕ ਦੂਜੇ ਦੇ ਇਲਾਕਾਈ ਝਗੜਿਆਂ ਦੇ ਵਿਚ ਉਲਝ ਗਏ । ਇਸ ਖਿਚੋਤਾਣ ਵਿਚ ਵਡੀਆਂ ਪੰਜ ਮਿਸਲਾਂ ਫਸ ਚੁਕੀਆਂ ਸਨ ।"[8]

ਇਸ ਸਭ ਕੁਝ ਵਿਚੋਂ ਇਕ ਗਲ ਬਿਲਕੁਲ ਸਾਫ ਸੀ ਕਿ ਸਿਖਾਂ ਲਈ ਆਉਣ ਵਾਲਾ ਸਮਾਂ ਬੜਾ ਸਖ਼ਤ ਸੀ । ਮਿਸਲਾਂ ਦਾ ਸੰਗਠਨ, ਜਿਹੜਾ ਕਿ ਗੁਰੂ ਗੋਬਿੰਦ ਸਿੰਘ ਵਲੋਂ ਦਰਸਾਏ ਗਏ ਖਾਲਸੇ ਦੀ ਬਰਾਬਰੀ ਦੀਆਂ ਨੀਹਾਂ ਉਪਰ ਉਸਾਰਿਆ ਗਿਆ ਸੀ, ਉਹ ਇਕ ਦੂਜੇ ਵਿਰੁਧ ਵਖਰੀਆਂ ਵਖਰੀਆਂ ਸਰਦਾਰੀਆਂ ਦੇ ਸਮੂਹ ਵਿਚ ਬਿਖਰ ਰਿਹਾ ਸੀ ।[9]

1783 ਈਸਵੀ ਵਿਚ ਅੰਗਰੇਜ਼ ਯਾਤਰੀ ਜਾਰਜ ਫਾਸਟਰ ਪੰਜਾਬ ਆਇਆ ਸੀ ਤੇ ਉਸ ਨੇ ਮਿਸਲਾਂ ਦੀ ਆਪਸੀ ਫੁਟ ਨੂੰ ਦੇਖ ਕੇ ਇਹ ਭਵਿਖਬਾਣੀ ਕੀਤੀ ਸੀ ਕਿ ਮਿਸਲਾਂ ਤੇ ਸਰਦਾਰਾਂ ਦੀ ਹਕੂਮਤ ਇਸ ਢੰਗ ਨਾਲ ਬਹੁਤ ਚਿਰ ਰਹਿਣੀ ਅਸੰਭਵ ਹੈ । ਇਸ ਲਈ ਇਨਾਂ ਵਿਚੋਂ ਕੋਈ ਨਾ ਕਈ ਅਜਿਹਾ ਸਰਦਾਰ ਜ਼ਰੂਰ ਪਰਗਟ ਹੋਵੇਗਾ ਜਿਹੜਾ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੂੰ ਆਪਣੇ ਅਧੀਨ ਕਰ ਕੇ ਆਪਣੇ ਇਕ ਵਡੇ ਰਾਜ ਦੀ ਨੀਂਹ ਰਖੇਗਾ ।[10]

ਇਸ ਤੋਂ ਇਲਾਵਾ, ਕਈ ਮਿਸਲਦਾਰ ਤਾਂ ਲੋਕਾਂ ਵਿਚ ਬਹੁਤ ਬਦਨਾਮ ਹੋ ਚੁਕੇ ਸਨ । ਸਭ ਤੋਂ ਵਡੀ ਅਤੇ ਸ਼ਕਤੀਸ਼ਾਲੀ ਮਿਸਲ ਭੰਗੀਆਂ ਦੀ ਸੀ ਪਰ ਰਣਜੀਤ ਸਿੰਘ ਦੇ ਸਮਕਾਲੀ ਭੰਗੀ ਸਰਦਾਰ ਲੋਕਾਂ ਨਾਲੋਂ ਟੁਟ ਚੁਕੇ ਸਨ । ਇਨਾਂ ਦੇ ਮਨ ਵਿਚ ਕਦੇ ਵੀ ਸਮੁਚੇ ਪੰਥ ਦੀ ਰਖਿਆ ਦਾ ਵਿਚਾਰ ਨਹੀਂ ਆਇਆ । ਅੰਮਰਿਤਸਰ ਅਤੇ ਲਾਹੌਰ ਵਰਗੇ ਮਹਤਵਪੂਰਨ ਸ਼ਹਿਰ ਇਨਾਂ ਦੇ ਕਬਜ਼ੇ ਵਿਚ ਸਨ । ਇਸ ਖਿਆਲ ਨਾਲ ਇਹ ਸਭ ਤੋਂ ਸਿਰਮੌਰ ਸਨ । ਪਰ ਇਨਾਂ ਦੇ ਮਨ ਵਿਚ ਸਰਬਤ ਖਾਲਸਾ ਬੁਲਾਉਣ ਦਾ ਜਾਂ ਸਾਰੇ ਸਿਖਾ ਨੂੰ ਅਗਵਾਈ ਦੇਣ ਦਾ ਕਦੇ ਵੀ ਕੋਈ ਵੀਚਾਰ ਨਹੀਂ ਆਇਆ । ਜਿਸ ਤਰਾਂ ਰਣਜੀਤ ਸਿੰਘ ਨੇ ਬਾਕੀ ਮਿਸਲਾਂ ਨਾਲ ਵਿਆਹ-ਸ਼ਾਦੀਆਂ ਕਰ ਕੇ ਆਪਣੀ ਤਾਕਤ ਨੂੰ ਵਧਾ ਲਿਆ ਸੀ ਉਸੇ ਤਰਾਂ ਭੰਗੀਆਂ ਦੇ ਵੀ ਪਹਿਲਾਂ ਪਹਿਲਾਂ ਸ਼ੁਕਰਚਕੀਆਂ ਨਾਲ ਵਿਆਹ-ਸ਼ਾਦੀ ਦੇ ਸਬੰਧ ਹੋ ਚੁਕੇ ਸਨ । ਚੜਤ ਸਿੰਘ ਦੀ ਲੜਕੀ ਗੁਜਰ ਸਿੰਘ ਭੰਗੀ ਦੇ ਪੁਤਰ ਸਾਹਿਬ ਸਿੰਘ ਭੰਗੀ ਨਾਲ ਵਿਆਹੀ ਹੋਈ ਸੀ[11] ਪਰ ਭੰਗੀਆਂ ਨੇ ਇਤਨਾ ਕੁਝ ਹੋਣ ਤੇ ਵੀ ਸ਼ੁਕਰਚਕੀਆਂ ਨੂੰ ਆਪਣੇ ਦੋਸਤ ਨਹੀਂ ਬਣਾਇਆ ਅਤੇ ਨਾ ਹੀ ਦੋਹਾਂ ਮਿਸਲਾਂ ਦੀ ਜੁੜਵੀਂ ਤਾਕਤ ਨੂੰ ਪੰਥ ਦੀ ਭਲਾਈ ਵਾਸਤੇ ਵਰਤਿਆ, ਨਹੀਂ ਤਾਂ ਜੇਕਰ ਭੰਗੀ ਸਰਦਾਰ ਰਾਜਨੀਤਕ ਤੌਰ ਤੇ ਜਾਗਰਿਤ ਹੁੰਦੇ ਤਾਂ ਦੋਹਾਂ ਮਿਸਲਾਂ ਦੀ ਜੁੜਵੀਂ ਮਦਦ ਨਾਲ ਪੰਥ ਨੂੰ ਬਹੁਤ ਮਜ਼ਬੂਤ ਅਗਵਾਈ

---

7. ਸੀਤਾ ਰਾਮ ਕੋਹਲੀ, ਮਹਾਰਾਜਾ ਰਣਜੀਤ ਸਿੰਘ (ਦਿਲੀ 1953), ਪੰਨਾ 28.
8. Fakir Syed Waheeduddin, *The Real Ranjit Singh* (reprinted)(Punjabi University, Patiala, 1981), p.41.
9. *Ibid*., p. 48.
10. *Early European Accounts of the Sikhs* (ed.), Ganda Singh, 1962. pp. 81–82.
11. ਸੀਤਾ ਰਾਮ ਕੋਹਲੀ, ਪਿਠਅੰਕਤ, ਪੰਨਾ 34.

ਦੇ ਸਕਦੇ ਸਨ । ਲੇਕਿਨ ਰਣਜੀਤ ਸਿੰਘ ਨੇ ਦੂਜੀਆਂ ਮਿਸਲਾਂ ਨਾਲ ਵਿਆਹ-ਸ਼ਾਦੀਆਂ ਕਰ ਕੇ ਉਨਾਂ ਮਿਸਲਾਂ ਨੂੰ ਪੂਰੀ ਤਰਾਂ ਆਪਣੇ ਨਾਲ ਲਾ ਲਿਆ ਸੀ ਅਤੇ ਇਹ ਅਗੇ ਜਾ ਕੇ ਦੇਖਾਂਗੇ ਕਿ ਇਸ ਜੋੜਵੀਂ ਤਾਕਤ ਨੂੰ ਰਣਜੀਤ ਸਿੰਘ ਨੇ ਕਿਵੇਂ ਸ਼ਾਹ ਜ਼ਮਾਨ ਅਤੇ ਬਾਕੀ ਦੇ ਗੈਰ-ਸਿਖ ਹੁਕਮਰਾਨਾਂ ਦੇ ਖਿਲਾਫ਼ ਵਰਤਿਆ ਸੀ ।

ਭੰਗੀ ਸਰਦਾਰ ਆਪਸ ਵਿਚ ਵੀ ਇਕਠੇ ਨਹੀਂ ਸਨ । ਲਾਹੌਰ ਸ਼ਹਿਰ ਨੂੰ ਤਿੰਨ ਸਰਦਾਰਾਂ (ਸਾਰੇ ਭੰਗੀ) ਵਿਚ ਵੰਡਿਆ ਹੋਇਆ ਸੀ । ਸਿਟਾ ਇਹ ਸੀ ਕਿ ਤਿੰਨਾਂ ਦਾ ਹੀ ਇਕ ਦੂਜੇ ਨਾਲ ਕੋਈ ਮੇਲ ਜੋਲ ਨਹੀਂ ਸੀ ।[12] ਇਸ ਮੰਦ-ਪਰਬੰਧ ਤੋਂ ਤੰਗ ਹੋ ਕੇ 1799 ਈ. ਵਿਚ ਲਾਹੌਰ ਦੇ ਵਸਨੀਕਾਂ ਦਾ ਇਕ ਵਫਦ ਰਣਜੀਤ ਸਿੰਘ ਨੂੰ ਮਿਲਿਆ ਅਤੇ ਲਾਹੌਰ ਤੇ ਕਬਜ਼ਾ ਕਰਨ ਦੀ ਸਲਾਹ ਦਿਤੀ । ਇਸ ਤੇ ਰਣਜੀਤ ਸਿੰਘ ਨੇ ਬੜੀ ਆਸਾਨੀ ਨਾਲ ਲਾਹੌਰ ਤੇ ਜਾ ਕਬਜ਼ਾ ਕੀਤਾ । ਭੰਗੀ ਸਰਦਾਰ ਇਤਨੇ ਨਾਅਹਿਲ ਸਨ ਕਿ ਉਹ ਬਿਨਾ ਲੜੇ ਹੀ ਸ਼ਹਿਰ ਛਡ ਕੇ ਭਜ ਗਏ । ਇਕਲਾ ਚੇਤ ਸਿੰਘ ਹੀ ਫੜਿਆ ਗਿਆ ਸੀ ਪਰ ਉਸ ਨਾਲ ਵੀ ਰਣਜੀਤ ਸਿੰਘ ਬਹੁਤ ਸਤਿਕਾਰ ਨਾਲ ਪੇਸ਼ ਆਇਆ ਸੀ ।[13] ਬਿਲਕੁਲ ਇਸੇ ਤਰਾਂ ਅੰਮਰਿਤਸਰ ਦਾ ਸ਼ਹਿਰ ਦਸ ਸਰਦਾਰਾਂ (ਸਾਰੇ ਭੰਗੀ) ਵਿਚ ਵੰਡਿਆ ਹੋਇਆ ਸੀ । ਦਸਾਂ ਨੇ ਆਪਣੇ ਆਪਣੇ ਮੁਹਲੇ ਵਿਚ ਆਪਣਾ ਵਖਰਾ ਕਿਲਾ ਸਥਾਪਤ ਕਰ ਰਖਿਆ ਸੀ ਅਤੇ ਦਸਾਂ ਦਾ ਆਪਸ ਵਿਚ ਕੋਈ ਤਾਲ ਮੇਲ ਨਹੀਂ ਸੀ । ਸਿਟਾ ਇਥੇ ਵੀ ਲਾਹੌਰ ਸ਼ਹਿਰ ਜੈਸਾ ਹੀ ਸੀ । ਅੰਮਰਿਤਸਰ ਦੇ ਵਸਨੀਕਾਂ ਨੇ ਰਣਜੀਤ ਸਿੰਘ ਤਕ ਪਹੁੰਚ ਕੀਤੀ ਅਤੇ ਸ਼ਹਿਰ ਤੇ ਕਬਜ਼ਾ ਕਰਨ ਦੀ ਸਲਾਹ ਦਿਤੀ । ਸਿਟੇ ਵਜੋਂ ਜਦੋਂ ਰਣਜੀਤ ਸਿੰਘ ਨੇ ਹਮਲਾ ਕੀਤਾ ਤਾਂ ਇਹ ਦਸੇ ਸਰਦਾਰ ਵੀ ਕੋਈ ਮੁਕਾਬਲਾ ਨਾ ਕਰ ਸਕੇ ।[14] ਇਥੇ ਵੀ ਇਕ ਗਲ ਦੇਖਣ ਵਾਲੀ ਹੈ ਉਹ ਇਹ ਕਿ ਅਕਾਲੀ ਫੂਲਾ ਸਿੰਘ ਅੰਮਰਿਤਸਰ ਵਿਚ ਆਪਣੇ ਅਕਾਲੀ ਜਥੇ ਨਾਲ ਰਹਿੰਦਾ ਹੁੰਦਾ ਸੀ । ਉਸ ਨੇ ਵੀ ਰਣਜੀਤ ਸਿੰਘ ਦੇ ਅਉਣ ਦਾ ਵਿਰੋਧ ਨਹੀਂ ਕੀਤਾ ਸਗੋਂ ਉਸ ਨੇ ਭੰਗੀ ਸਰਦਾਰਾਂ ਨੂੰ ਆਤਮ ਸਮਰਪਣ ਕਰਨ ਲਈ ਹੀ ਮਨਾਇਆ ਸੀ ।[15]

ਸਿਰਫ ਸ਼ਹਿਰਾਂ ਦਾ ਪਰਬੰਧ ਹੀ ਬਿਗੜਿਆ ਹੋਇਆ ਨਹੀਂ ਸੀ ਸਗੋਂ ਸਾਰੀਆਂ ਮਿਸਲਾਂ ਦੇ ਆਪਸੀ ਸਬੰਧ ਵੀ ਬਿਗੜ ਚੁਕੇ ਸਨ । ਇਸ ਸਮੇਂ ਜਸਾ ਸਿੰਘ ਰਾਮਗੜੀਆ ਹੀ ਇਕੋ ਇਕ ਐਸੇ ਬਜ਼ੁਰਗ ਨੇਤਾ ਸਨ ਜਿਹੜੇ ਪੁਰਾਣੇ ਨੇਤਾਵਾਂ ਵਿਚੋਂ ਸਨ ਅਤੇ ਜਿਨਾਂ ਨੇ ਖਾਲਸੇ ਦੀ ਲੰਮੀ ਜਦੋ-ਜਹਿਦ ਵਿਚ ਭਾਗ ਲਿਆ ਸੀ ਪਰ ਇਹ ਬਜ਼ੁਰਗ ਆਗੂ ਵੀ ਸਿਖ ਮਿਸਲਾਂ ਨੂੰ ਅਗਵਾਈ ਨਹੀਂ ਦੇ ਸਕਿਆ ਸਗੋਂ ਇਸ ਦੇ ਉਲਟ ਉਹ ਭੰਗੀਆਂ ਨਾਲ ਮਿਲ ਕੇ ਰਣਜੀਤ ਸਿੰਘ ਨੂੰ ਖ਼ਤਮ ਕਰਨ ਲਈ ਲਾਹੌਰ ਤੇ ਆ ਚੜਿਆ ਸੀ ਪਰ ਇਸ ਹਮਲੇ ਵਿਚ ਇਹ ਹਾਰ ਗਏ ਸਨ । ਇਸ ਸਭ ਕੁਝ ਦਾ ਨਤੀਜਾ ਇਹ ਸੀ ਕਿ ਜਿੰਨੇ ਵੀ ਸਿਖ ਮਿਸਲਾਂ ਦੇ ਆਲੇ ਦੁਆਲੇ ਗੈਰ-ਸਿਖ ਹੁਕਮਰਾਨ ਸਨ ਉਹ ਇਕ ਦੂਜੇ ਦੀ ਮਦਦ ਨਾਲ ਮਿਸਲਾਂ ਦਾ ਇਲਾਕਾ ਖੋਹਣ ਲਈ ਤਿਆਰੀਆਂ ਕਰ ਰਹੇ ਸਨ ।

ਕਾਂਗੜੇ ਦਾ ਰਾਜਾ ਸੰਸਾਰ ਚੰਦ, ਸ਼ਾਹ ਜ਼ਮਾਨ ਅਤੇ ਕਸੂਰ ਦੇ ਨਵਾਬ ਦੀ ਮਦਦ ਨਾਲ ਮਿਸਲਾਂ ਹੇਠਲਾ ਹੁਸ਼ਿਆਰਪੁਰ ਦਾ ਇਲਾਕਾ ਖੋਹਣ ਦੀਆਂ ਸਕੀਮਾਂ ਬਣਾ ਰਿਹਾ ਸੀ । ਇਸੇ ਤਰਾਂ

---

12. ਪ੍ਰੇਮ ਸਿੰਘ ਹੋਤੀ, ਮਹਾਰਾਜਾ ਰਣਜੀਤ ਸਿੰਘ, ਲੁਧਿਆਣਾ, 1949, ਪੰਨਾ 46.
13. ਉਕਤ, ਪੰਨੇ 45-46; ਫਕੀਰ ਸਈਦ ਵਹੀਦੁਦੀਨ, ਪਿਠ ਅੰਕਤ, ਪੰਨੇ 53-54; ਗੰਡਾ ਸਿੰਘ, ਸਿਖ ਇਤਿਹਾਸ ਬਾਰੇ, ਲਾਹੌਰ, 1942, ਪੰਨੇ 104-05.
14. ਸੀਤਾ ਰਾਮ ਕੋਹਲੀ, ਪੰਨਾ 59; ਵਹੀਦੁਦੀਨ, ਪੰਨਾ 57.
15. ਸੀਤਾ ਰਾਮ ਕੋਹਲੀ, ਪੰਨਾ ਉਕਤ; ਅਤੇ ਪ੍ਰੇਮ ਸਿੰਘ ਹੋਤੀ, ਪੰਨੇ 79-80.

ਕਸੂਰ ਦਾ ਹਾਕਮ ਸੋਚ ਰਿਹਾ ਸੀ। ਹਿਸਾਰ ਦਾ ਨਵ-ਬਣਿਆ ਰਾਜਾ, ਜਾਰਜ ਥਾਮਸ, ਲਾਹੌਰ ਤੇ ਹਮਲੇ ਦੀ ਤਿਆਰੀ ਕਰ ਰਿਹਾ ਸੀ। ਉਸ ਨੇ ਤਾਂ ਦਰਾ ਖੈਬਰ ਤਕ ਆਪਣਾ ਰਾਜ ਸਥਾਪਤ ਕਰਨ ਦੀ ਸਕੀਮ ਬਣਾਈ ਹੋਈ ਸੀ। ਮਰਹਟੇ ਪੂਰੀ ਤਰਾਂ ਸਾਰੇ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨ ਤੇ ਤੁਲੇ ਹੋਏ ਸਨ। ਨੈਪਾਲ ਦਾ ਗੋਰਖਾ ਜਰਨੈਲ, ਅਮਰ ਸਿੰਘ ਥਾਪਾ ਵੀ ਸਾਰੇ ਪੰਜਾਬ ਅਤੇ ਪਹਾੜੀ ਇਲਾਕੇ ਨੂੰ ਜਿਤਣ ਦਾ ਨਿਸ਼ਚਾ ਕਰੀ ਬੈਠਾ ਸੀ। ਐਸੇ ਖ਼ਤਰੇ ਵਾਲੇ ਮਹੌਲ ਅੰਦਰ ਸਤਲੁਜ ਉਰਾਰ ਦੇ ਫੂਲਕੀਆਂ ਸਰਦਾਰਾਂ ਦਾ ਕੋਈ ਵੀ ਰੋਲ ਨਹੀਂ ਸੀ। ਇਹ ਹਰ ਹਮਲਾਵਰ ਦਾ ਸਾਥ ਦੇਣ ਨੂੰ ਤਿਆਰ ਹੋ ਜਾਂਦੇ ਸਨ। ਮਰਹਟਿਆਂ ਨੂੰ ਕਈ ਵਾਰ ਨਜ਼ਰਾਨਾ ਭਰ ਚੁਕੇ ਸਨ। ਜਾਰਜ ਥਾਮਸ ਦਾ ਸਾਥ ਦੇਣ ਨੂੰ ਤਿਆਰ ਸਨ। ਅਮਰ ਸਿੰਘ ਥਾਪਾ ਦੀ ਕੋਈ ਵਿਰੋਧਤਾ ਨਹੀਂ ਕੀਤੀ। 1805 ਈਸਵੀ ਹੋਲਕਰ ਦੀ ਵੀ ਮਦਦ ਕਰਦੇ ਸਨ ਅਤੇ ਅੰਗਰੇਜ਼ੀ ਜਰਨੈਲ ਅਕਤਰ ਲੋਨੀ ਦੀ ਵੀ।

ਉਪਰੋਕਤ ਖ਼ਤਰਿਆਂ ਵਿਚੋਂ ਸਭ ਤੋਂ ਛੇਤੀ ਅਤੇ ਭਿਆਨਕ ਖ਼ਤਰਾ 1796 ਈਸਵੀ ਵਿਚ ਆਇਆ ਜਦੋਂ ਕਿ ਅਹਿਮਦ ਸ਼ਾਹ ਅਬਦਲੀ ਦਾ ਪੋਤਰਾ ਸ਼ਾਹ ਜ਼ਮਾਨ ਆਪਣੀ 30,000 ਮਜ਼ਬੂਤ ਸੈਨਾ ਨਾਲ ਪੰਜਾਬ ਤੇ ਆ ਚੜਿਆ। ਇਤਨੀ ਸੈਨਾ, ਉਹ ਵੀ ਡਸਿਪਲਨਡ, ਸਾਰੀਆਂ ਮਿਸਲਾਂ ਕੋਲ ਵੀ ਨਹੀਂ ਸੀ। ਇਸ ਹਮਲੇ ਸਮੇਂ ਸਾਹਿਬ ਸਿੰਘ ਪਟਿਆਲਾ, ਕਾਂਗੜੇ ਦਾ ਸੰਸਾਰ ਚੰਦ ਅਤੇ ਕਸੂਰ ਦਾ ਨਿਜ਼ਾਮੁਦੀਨ, ਖੁਲੇ ਤੌਰ ਤੇ ਸ਼ਾਹ ਜ਼ਮਾਨ ਦੀ ਮਦਦ ਕਰ ਰਹੇ ਸਨ।[16] ਕਈ ਛੋਟੀਆਂ ਮਿਸਾਲਾਂ ਦੇ ਸਰਦਾਰ ਤਾਂ ਬਿਨਾਂ ਕਿਸੇ ਨਾਲ ਸੋਚ ਵਿਚਾਰ ਕੀਤੇ ਹੀ ਆਪਣੇ ਆਪਣੇ ਇਲਾਕੇ ਛਡ ਕੇ ਜੰਗਲਾਂ ਵਿਚ ਚਲੇ ਗਏ ਸਨ ਅਤੇ ਬਾਕੀ ਦੇ ਮਿਸਲਦਾਰ ਵੀ ਭਜ ਜਾਣ ਦੀ ਉਡੀਕ ਵਿਚ ਹੀ ਸਨ। ਸਿਰਫ ਪੰਜ ਮਿਸਲਾਂ ਸਨ ਜਿਨਾਂ ਬਾਰੇ ਉਮੀਦ ਕੀਤੀ ਜਾਂਦੀ ਸੀ ਕਿ ਉਹ ਇਕਠੀਆਂ ਹੋ ਕੇ ਸ਼ਾਹ ਜ਼ਮਾਨ ਦਾ ਮੁਕਾਬਲਾ ਕਰਨਗੀਆਂ।

ਇਕਲਾ ਰਣਜੀਤ ਸਿੰਘ ਸ਼ਾਹ ਜ਼ਮਾਨ ਦਾ ਮੁਕਾਬਲਾ ਕਰਨ ਲਈ ਦਰਿੜ ਸੀ। ਇਸ ਨੇ ਆਹਲੂਵਾਲੀਆ, ਘਣਈਆ, ਨਕਈ ਅਤੇ ਭੰਗੀਆਂ ਨੂੰ ਅੰਮਰਿਤਸਰ ਅਕਾਲ ਤਖ਼ਤ ਉਪਰ ਇਕਠਾ ਕੀਤਾ ਅਤੇ ਸ਼ਾਹ ਜ਼ਮਾਨ ਦਾ ਮੁਕਾਬਲਾ ਕਰਨ ਲਈ ਸਾਂਝਾ ਮੁਹਾਜ ਬਣਾਉਣ ਲਈ ਕਿਹਾ। ਭੰਗੀ ਮਿਸਲ ਵਾਲੇ ਸਾਫ ਇਨਕਾਰ ਕਰ ਗਏ। ਸਿਰਫ ਚਾਰ ਮਿਸਲਦਾਰਾਂ-ਆਹਲੂਵਾਲੀਆ ਘਣਈਆਂ, ਨਕਈ ਅਤੇ ਸ਼ੁਕਰਚਕੀਆਂ ਨੇ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਅਤੇ ਗੁਰਮਤੇ ਰਾਹੀਂ ਰਣਜੀਤ ਸਿੰਘ ਨੂੰ ਸਾਂਝਾ ਨੇਤਾ ਚੁਣ ਲਿਆ।[17] ਸਿਟੇ ਵਜੋਂ ਚਾਰ ਮਿਸਲਾਂ ਦੀ ਜੁੜਵੀਂ ਤਾਕਤ ਨੇ ਰਣਜੀਤ ਸਿੰਘ ਦੀ ਅਗਵਾਈ ਹੇਠ ਸ਼ਾਹ ਜ਼ਮਾਨ ਨੂੰ ਲਾਹੌਰ ਵਿਚ ਹੀ ਜਾ ਘੇਰਿਆ। ਫਤਿਹ ਇਨਾਂ ਦੀ ਹੋਈ ਅਤੇ ਸ਼ਾਹ ਜ਼ਮਾਨ ਵਾਪਸ ਚਲਾ ਗਿਆ। ਅਗਲੇ ਸਾਲ 1797 ਈਸਵੀਂ ਵਿਚ ਫਿਰ ਸ਼ਾਹ ਜ਼ਮਾਨ ਹਮਲਾਵਰ ਹੋ ਕੇ ਆਇਆ। ਇਸ ਵਾਰ ਵੀ ਉਪਰੋਕਤ ਮਿਸਲਾਂ ਨੇ ਅਕਾਲ ਤਖ਼ਤ ਉਪਰ ਇਕਠੇ ਹੋ ਕੇ ਰਣਜੀਤ ਸਿੰਘ ਨੂੰ ਆਪਣਾ ਸਾਂਝਾ ਨੇਤਾ ਚੁਣਿਆ।[18] ਅਤੇ ਸ਼ਾਹ ਜ਼ਮਾਨ ਦਾ ਮੁਕਾਬਲਾ ਕੀਤਾ ਗਿਆ। ਇਸ ਵਾਰ ਵੀ ਸ਼ਾਹ ਜ਼ਮਾਨ ਹਾਰ ਕੇ ਵਾਪਸ ਚਲਾ ਗਿਆ।

ਹੁਣ ਅੰਦਾਜ਼ਾ ਲਗਾ ਕੇ ਦੇਖਿਆ ਜਾਵੇ ਕਿ ਇਹ ਸਿਰਫ ਰਣਜੀਤ ਸਿੰਘ ਹੀ ਸੀ ਜਿਸ ਦੀ ਹਿੰਮਤ ਅਤੇ ਅਗਵਾਈ ਸਦਕਾ ਹੀ ਖਾਲਸੇ ਉਪਰੋਂ ਇਕ ਅਤੀ ਭਿਆਨਕ ਖ਼ਤਰਾ ਟਲਿਆ ਸੀ

16. ਵਹੀਦੁਦੀਨ, ਪਿਠਅੰਕਤ, ਪੰਨਾ 50.
17. ਉਕਤ, ਪੰਨਾ ਉਹੀ
18. ਉਕਤ, ਪੰਨਾ 51.

ਨਹੀਂ ਤਾਂ ਬਾਕੀ ਦੇ ਸਭ ਮਿਸਲਦਾਰ ਇਸ ਹਾਲਤ ਵਿਚ ਹਾਰ ਮੰਨ ਬੈਠੇ ਸਨ । ਕੀ ਜਸਾ ਸਿੰਘ ਰਾਮਗੜ੍ਹੀਏ ਨੇ ਇਸ ਸਮੇਂ ਅਗਵਾਈ ਦੇਣ ਦੀ ਕੋਸ਼ਿਸ਼ ਕੀਤੀ ? ਕੀ ਭੰਗੀ ਸਰਦਾਰਾਂ ਨੇ, ਜਿਹੜੇ ਕਿ ਅੰਮ੍ਰਿਤਸਰ ਉਪਰ ਕਾਬਜ਼ ਸਨ, ਇਸ ਤਰਾਂ ਦੀ ਅਗਵਾਈ ਦੇਣ ਦੀ ਕੋਸ਼ਿਸ਼ ਕੀਤੀ ? ਨਹੀਂ । ਇਹ ਸਿਰਫ ਰਣਜੀਤ ਸਿੰਘ ਹੀ ਸੀ ਜਿਸ ਨੇ ਸਾਂਝਾ ਮੁਹਾਜ਼ ਬਣਾ ਕੇ ਇਸ ਖ਼ਤਰੇ ਦਾ ਮੁਕਾਬਲਾ ਕੀਤਾ । ਕਿਉਂਕਿ ਰਣਜੀਤ ਸਿੰਘ ਨੂੰ ਦੋ ਬਾਰ, ਚਾਰ ਮਿਸਲਾਂ ਨੇ ਅਕਾਲ ਤਖ਼ਤ ਉਪਰੋਂ ਗੁਰਮਤਾ ਕਰਕੇ, ਆਪਣਾ ਸਾਂਝਾ ਆਗੂ ਚੁਣ ਲਿਆ ਸੀ ਇਸ ਲਈ ਇਸ ਸਮੇਂ ਰਣਜੀਤ ਸਿੰਘ ਇਕ ਪੰਥਕ ਨੇਤਾ ਦੇ ਤੌਰ ਤੇ ਉਭਰ ਕੇ ਸਾਹਮਣੇ ਆਇਆ ਅਤੇ ਉਸ ਨੇ ਇਸ ਤਾਕਤ ਨੂੰ ਸਿਰਫ ਸੰਭਾਲ ਕੇ ਹੀ ਨਹੀਂ ਰਖਿਆ ਸਗੋਂ ਹੋਰ ਵੀ ਵਧਾਇਆ ।

ਇਸ ਲਈ ਇਸ ਵਿਚ ਕੋਈ ਸ਼ਕ ਨਹੀਂ ਸੀ ਕਿ ਇਸ ਸਮੇਂ ਸਿਰਫ ਰਣਜੀਤ ਸਿੰਘ ਹੀ ਸੀ ਜੋ ਸਿਖ ਜਜ਼ਬਾਤਾਂ ਨਾਲ ਜੁੜਿਆ ਹੋਇਆ ਸੀ ਅਤੇ ਜਿਸ ਉਪਰ ਸਿਖਾਂ ਨੂੰ ਪੂਰੀਆਂ ਪੂਰੀਆਂ ਉਮੀਦਾਂ ਸਨ । "ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਨਿਰਭੈਤਾ ਦੀ ਪਰਸਿਧਤਾ ਦਿਨੋ ਦਿਨ ਸਾਰੇ ਦੇਸ਼ ਵਿਚ ਪਸਰ ਰਹੀ ਸੀ ਅਤੇ ਦੇਖਣ ਵਾਲੀਆਂ ਅਖਾਂ ਦੇਖ ਰਹੀਆਂ ਸਨ ਕਿ ਉਹ ਦਿਨ ਬਹੁਤ ਦੂਰ ਨਹੀਂ, ਜਦ ਇਹ ਬਹਾਦਰ ਜੋਧਾ ਪੰਜਾਬ ਦੀ ਹਕੂਮਤ ਨੂੰ ਸਾਂਭ ਬੈਠੇਗਾ ।"[19] ਇਸੇ ਗਲ ਨੂੰ ਵਹੀਦੂਦੀਨ ਨੇ ਵੀ ਇਸ ਤਰਾਂ ਵਰਨਣ ਕੀਤਾ ਹੈ । ਵਹੀਦੂਦੀਨ ਦੇ ਅਨੁਸਾਰ ਜਿਸ ਸਮੇਂ ਸ਼ਾਹ ਜ਼ਮਾਨ ਨੇ ਪਹਿਲੀ ਬਾਰ (1796 ਈਸਵੀ) ਹਮਲਾ ਕੀਤਾ ਸੀ ਤਾਂ ਇਸ ਦੀ ਸਭ ਤੋਂ ਵਡੀ ਚਿੰਤਾ ਅੰਗਰੇਜ਼ਾਂ ਨੂੰ ਸੀ । ਕਿਉਂਕਿ ਉਹ ਇਸ ਸਮੇਂ ਤਕ ਦਿਲੀ ਤੇ ਕਾਬਜ਼ ਹੋ ਚੁਕੇ ਸਨ । ਉਹ ਸਮਝਦੇ ਸਨ ਕਿ ਪੰਜਾਬ ਨੂੰ ਜਿਤ ਕੇ, ਪਹਿਲੇ ਹਮਲਾਵਰਾਂ ਵਾਂਗ ਸ਼ਾਹ ਜ਼ਮਾਨ ਨੇ ਵੀ ਦਿਲੀ ਨੂੰ ਫਤਿਹ ਕਰਨਾ ਹੈ ਅਤੇ ਫਤਿਹ ਦੀ ਸੂਰਤ ਵਿਚ ਇਸ ਦਾ ਸਿਧਾ ਮੁਕਾਬਲਾ ਅੰਗਰੇਜ਼ਾਂ ਨਾਲ ਹੀ ਹੋਣਾ ਹੈ । ਇਸ ਖ਼ਤਰੇ ਤੋਂ ਬਚਣ ਲਈ ਅਤੇ ਸ਼ਾਹ ਜ਼ਮਾਨ ਨੂੰ ਪੰਜਾਬ ਵਿਚ ਹੀ ਰੋਕ ਕੇ ਰਖਣ ਲਈ, ਅੰਗਰੇਜ਼ਾਂ ਨੇ ਪੰਜਾਬ ਦੇ ਸਿਖ ਸਰਦਾਰਾਂ ਨੂੰ ਇਕਠਾ ਕਰਨਾ ਚਾਹਿਆ ਸੀ । ਅੰਗਰੇਜ਼ਾਂ ਦੀ ਇਕੋ ਇਕ ਉਮੀਦ ਰਣਜੀਤ ਸਿੰਘ ਤੇ ਹੀ ਟਿਕਦੀ ਸੀ । ਇਸ ਲਈ ਅੰਗਰੇਜ਼ਾਂ ਨੇ ਸਾਰੇ ਸਿਖ ਸਰਦਾਰਾਂ ਨੂੰ, ਰਣਜੀਤ ਸਿੰਘ ਦੀ ਅਗਵਾਈ ਮੰਨਣ ਲਈ, ਪਰੇਰਨਾ ਸ਼ੁਰੂ ਕਰ ਦਿਤਾ ਸੀ ।[20] ਇਹ ਗਲ ਵੀ ਇਸ ਤਥ ਨੂੰ ਸਾਬਤ ਕਰਦੀ ਹੈ ਕਿ ਇਸ ਸਮੇਂ ਸਿਰਫ ਰਣਜੀਤ ਸਿੰਘ ਹੀ ਸੀ ਜਿਹੜਾ ਸਾਰੇ ਹਾਲਾਤ ਤੇ ਕੰਟਰੋਲ ਕਰ ਸਕਦਾ ਸੀ ।

## ਸਿਕੇ ਅਤੇ ਮੋਹਰਾਂ :

ਦੂਜੇ ਨੰਬਰ ਤੇ ਉਨਾਂ ਸਿਕੇ ਅਤੇ ਮੋਹਰਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ ਜੋ ਰਣਜੀਤ ਸਿੰਘ ਨੇ ਚਾਲੂ ਕੀਤੇ ਸਨ । ਅਸਲ ਵਿਚ ਸਿਕੇ ਅਤੇ ਮੋਹਰਾਂ ਉਪਰ ਉਕਰੀ ਗਈ ਇਬਾਰਤ ਹੀ ਕਿਸੇ ਹਾਕਮ ਦੀ ਅਸਲੀ ਸੋਚਣੀ ਦੀ ਪਰਤੀਕ ਹੁੰਦੀ ਹੈ । ਹਰ ਹਾਕਮ ਆਪਣੇ ਨਾਂ ਦਾ ਸਿਕਾ ਚਲਾਉਂਦਾ ਹੈ । ਸਿਕੇ ਉਪਰ ਉਸ ਦਾ ਉਕਰਿਆ ਨਾ ਹੀ ਉਸ ਦੀ ਪਰਭੂਸਤਾ ਦਾ ਪਰਤੀਕ ਹੁੰਦਾ ਹੈ । ਭਾਵ ਕਿ ਕਿਸੇ ਰਾਜ ਦੀ ਸੁਤੰਤਰਤਾ ਦੀ ਪਹਿਲੀ ਨਿਸ਼ਾਨੀ ਸਿਕੇ ਅਤੇ ਮੋਹਰਾਂ ਹੁੰਦੀਆਂ ਹਨ ।

ਸਿਖਾਂ ਦਾ ਸਭ ਤੋਂ ਪਹਿਲਾ ਸਿਕਾ ਅਤੇ ਮੋਹਰ, ਬੰਦਾ ਸਿੰਘ ਬਹਾਦਰ ਨੇ, ਚਾਲੂ ਕੀਤੀ ਸੀ । ਇਸ ਮੋਹਰ ਤੇ ਇਹ ਇਬਾਰਤ ਉਕਰੀ ਹੋਈ ਸੀ :

---

19. ਪ੍ਰੇਮ ਸਿੰਘ ਹੋਤੀ, ਪੰਨਾ 46.

20. ਦ ਰੀਅਲ ਰਣਜੀਤ ਸਿੰਘ, ਪਿਠਅੰਕਤ, ਪੰਨਾ 55.

ਦੇਗ਼ ਓ ਤੇਗ਼ ਓ ਫਤਿਹ ਓ ਨੁਸਰਤ ਬੇਦਰੰਗ ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।[21]

ਇਸ ਪਿਛੋਂ 1761 ਈਸਵੀ ਵਿਚ ਜਦੋਂ ਦਲ ਖਾਲਸੇ ਨੇ ਲਾਹੌਰ ਫਤਿਹ ਕੀਤਾ ਤਾਂ ਵੀ ਇਸੇ ਇਬਾਰਤ ਵਾਲੀ ਮੋਹਰ ਚਾਲੂ ਕੀਤੀ ।[22] ਫ਼ਿਰ 1765 ਵਿਚ ਵੀ ਲਾਹੌਰ ਨੂੰ ਦੁਬਾਰਾ ਫਤਿਹ ਕਰਨ ਸਮੇਂ ਪੰਥ ਨੇ ਇਸੇ ਇਬਾਰਤ ਨੂੰ ਹੀ ਮੋਹਰ ਉਪਰ ਉਕਰਿਆ ।[23] ਇਨ੍ਹਾਂ ਮੋਹਰਾਂ ਨੂੰ ਖਾਲਸਾ ਪੰਥ ਵਲੋਂ ਆਪ ਪਰਵਾਨਗੀ ਦੇ ਕੇ ਚਾਲੂ ਕੀਤਾ ਗਿਆ ਸੀ ਇਸ ਲਈ ਜਿੰਨੇ ਵੀ ਪੰਥਕ ਨੇਤਾ ਆਪਣੇ ਆਪਣੇ ਸਮੇਂ ਮੋਹਰਾਂ ਚਾਲੂ ਕਰਦੇ ਰਹੇ ਉਨਾਂ ਨੇ ਪੰਥ ਦੀ ਪਰਭੂਸਤਾ ਦਰਸਾਉਣ ਲਈ ਉਪਰੋਕਤ ਇਬਾਰਤ ਹੀ ਚਾਲੂ ਕੀਤੀ । ਜੋ ਮੋਹਰ ਰਣਜੀਤ ਸਿੰਘ ਨੇ ਚਾਲੂ ਕੀਤੀ ਸੀ ਉਸ ਉਪਰ ਵੀ ਇਹੀ ਇਬਾਰਤ ਸੀ ।

ਅਰਥਾਤ : ਦੇਗ ਓ ਤੇਗ਼ ਓ ਫਤਿਹ ਓ ਨੁਸਰਤ ਬੇਦਰੰਗ ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।[24]

ਇਸ ਤੋਂ ਇਲਾਵਾ ਜਿਹੜੇ ਹੋਰ ਛੋਟੇ ਮੋਟੇ ਸਿਕੇ ਚਲਾਏ ਗਏ ਸਨ ਉਨਾਂ ਉਪਰ ਆਮ ਤੌਰ ਤੇ ਇਹ ਸ਼ਬਦ ਉਕਰੇ ਹੋਏ ਹੁੰਦੇ ਸਨ : 'ਅਕਾਲ ਸਹਾਏ ਗੁਰੂ ਨਾਨਕ ਜੀ'; 'ਵਾਹਗੁਰੂ ਜੀ, ਵਾਹ ਗੁਰੂ ਜੀ, ਵਾਹ ਗੁਰੂ ਜੀ'—ਤਿੰਨ ਵਾਰ । 'ਖਾਲਸਾ ਜੀ ਜ਼ਰਬ ਸ੍ਰੀ ਅੰਮ੍ਰਿਤਸਰ='ਸਰਕਾਰ ਖਾਲਸਾ ਜੀ ਜ਼ਰਬ ਸ੍ਰੀ ਅੰਮ੍ਰਿਤਸਰ ਜੀ', ਆਦਿ । ਸਾਰੇ ਪੈਸਿਆਂ ਨੂੰ ਖਾਲਸਾਸ਼ਾਹੀ ਜਾਂ ਨਾਨਕਸ਼ਾਹੀ ਕਿਹਾ ਜਾਂਦਾ ਸੀ ।[25]

## ਤਖਲਸ ਅਤੇ ਵਿਸ਼ੇਸ਼ਣ :

ਰਣਜੀਤ ਸਿੰਘ ਨੇ ਹਮੇਸ਼ਾ ਆਪਣੇ ਆਪ ਨੂੰ 'ਸਰਕਾਰ ਖਾਲਸਾ ਜੀ' ਹੀ ਦਰਸਾਇਆ । ਜਿਸ ਦਾ ਭਾਵ ਹੈ ਕਿ ਰਣਜੀਤ ਸਿੰਘ ਖਾਲਸੇ ਦੀ ਸਰਕਾਰ ਹੈ । ਇਨਾਂ ਸ਼ਬਦਾਂ ਦੇ ਭਾਵ ਬੜੇ ਡੂੰਘੇ ਹਨ । ਜੇ ਕਿਸੇ ਦੇ ਇਹ ਅਰਥ ਸਮਝ ਨਹੀਂ ਪੈਂਦੇ ਤਾਂ ਇਸ ਵਿਚ ਕਸੂਰ ਰਣਜੀਤ ਸਿੰਘ ਦਾ ਨਹੀਂ । ਗਿਆਨ ਸਿੰਘ ਲਿਖਦਾ ਹੈ : "ਕਿਹਾ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਸਰਕਾਰ ਦੇ ਨਾਮ ਨਾਲ ਪੁਕਾਰਦਾ ਸੀ । ਜਦ ਕਿਸੇ ਨੂੰ ਕੋਈ ਹੁਕਮ ਦੇਂਦਾ ਤਦ ਕੈਂਹਦਾ ਕਿ ਸਰਕਾਰ ਦਾ ਇਹ ਹੁਕਮ ਹੈ । ਸਰਕਾਰ ਦੇ ਸ਼ਬਦ ਵਿਚ ਉਹਨੇ ਇਕ ਭੇਦ ਰਖਿ ਛਡਿਆ ਸੀ ਤੇ ਇਹ ਇਸ਼ਾਰਾ ਓਹਦਾ ਸਦਾ ਆਪਣੇ ਵਲ ਨਹੀਂ ਹੋਂਦਾ ਸੀ ਬਲਕਿ ਆਪਣੇ ਤੋਂ ਕਿਸੇ ਉਚੀ ਜ਼ਾਤ ਵਲ ਹੁੰਦਾ ਸੀ ।"[26]

ਇਸ ਤੋਂ ਇਲਾਵਾ, ਜਦ ਕਦੀ ਕੋਈ ਵਜ਼ੀਰ ਜਾਂ ਅਹਿਲਕਾਰ ਰਣਜੀਤ ਸਿੰਘ ਨੂੰ 'ਮਹਾਰਾਜਾ' ਕਹਿ ਕੇ ਸੰਬੋਧਨ ਕਰਦਾ ਸੀ ਤਾਂ ਅਗੋਂ ਰਣਜੀਤ ਸਿੰਘ ਟੋਕ ਕੇ ਕਹਿੰਦਾ ਸੀ ਕਿ ਮਹਾਰਾਜ ਤਾਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਹਨ । ਉਹ ਤਾਂ ਗੁਰੂ ਦਾ ਨਗਾਰਾ ਹੈ ।

---

21. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਅੰਮਰਿਤਸਰ, 1965.
22. ਤੇਜਾ ਸਿੰਘ ਤੇ ਗੰਡਾ ਸਿੰਘ, ਸਿਖ ਇਤਿਹਾਸ (ਪੰਜਾਬੀ ਯੂਨੀਵਰਸਿਟੀ ਪਟਿਆਲਾ, 1985), ਪੰਨਾ 101.
23. ਉਕਤ, ਪੰਨਾ 209.
24. ਜ਼ਫ਼ਰਨਾਮਾ-ਇ-ਰਣਜੀਤ ਸਿੰਘ, ਪਿਠਅੰਕਤ, ਪੰਨਾ 14.
25. See Dalbir Singh Dhillon's Article, '*Maharaja Ranjit Singh and Develoment of Sikh Art*' in *Maharaja Ranjit Singh Politics, Society and Economy* (ed.), Fauja Singh-A. C. Arora [Punjabi University, Patiala, 1984], pp. 332–37.
26. ਤਵਾਰੀਖ ਰਾਜ ਖਾਲਸਾ, ਪੰਨਾ 402.

ਨਗਾਰੇ ਦਾ ਨਾਂ ਰਣਜੀਤ ਸੀ ਰਣਜੀਤ ਸਿੰਘ ਇਸ ਕਰਕੇ ਕਿਹਾ ਕਰਦਾ ਸੀ ਕਿ ਉਸ ਦਾ ਨਾਂ ਲੈਣ ਨਾਲੋਂ ਸਿਰਫ ਗੁਰੂ ਦਾ ਨਗਾਰਾ ਹੀ ਕਹਿ ਦਿਤਾ ਜਾਇਆ ਕਰੇ । ਗੁਰੂ ਦਾ ਨਗਾਰਾ ਵੀ ਖਾਲਸੇ ਦੀ ਫਤਿਹ ਨੂੰ ਦਰਸਾਉਣ ਲਈ ਵਜਾਇਆ ਜਾਂਦਾ ਸੀ ਅਤੇ ਜਦੋਂ ਰਣਜੀਤ ਸਿੰਘ ਬੋਲਦਾ ਹੈ ਤਾਂ ਵੀ ਇਹ ਬੋਲ ਖਾਲਸੇ ਦੀ ਫਤਿਹ ਨੂੰ ਦਰਸਾਉਣ ਲਈ ਬੋਲੇ ਜਾਂਦੇ ਹਨ । ਪਰਧਾਨ ਮੰਤਰੀ ਧਿਆਨ ਸਿੰਘ ਡੋਗਰੇ ਨਾਲ ਕਈ ਵਾਰ ਗਲਾਂ ਬਾਤਾਂ ਵਿਚ ਰਣਜੀਤ ਸਿੰਘ ਕਿਹਾ ਕਰਦਾ ਸੀ ਕਿ ਉਹ ਤਾਂ ਗੁਰੂ ਦਾ ਨੌਕਰ ਹੈ ਜੋ ਕੁਝ ਗੁਰੂ ਕਰਵਾ ਰਿਹਾ ਹੈ ਉਹ ਉਹੀ ਕੁਝ ਕਰ ਰਿਹਾ ਹੈ ।[27] ਪਹਿਲਾਂ ਪਹਿਲਾਂ ਰਣਜੀਤ ਸਿੰਘ ਨੂੰ 'ਸਿੰਘ ਸਾਹਿਬ' ਵੀ ਕਿਹਾ ਜਾਂਦਾ ਸੀ । ਸਿਖ ਸਰਦਾਰ ਆਮ ਤੌਰ ਤੇ ਉਸ ਨੂੰ 'ਭਾਈ ਸਾਹਿਬ' ਕਹਿ ਕੇ ਸੰਬੋਧਨ ਕਰਦੇ ਸਨ । ਮਹਾਰਾਜਾ ਸ਼ਬਦ ਸਿਰਫ ਉਨਾਂ ਲੋਕਾਂ ਨੇ ਹੀ ਕਹਿਣਾ ਸ਼ੁਰੂ ਕੀਤਾ ਸੀ ਜਿਹੜੇ ਪਿਛੋਂ ਉਸ ਦੇ ਨੌਕਰ ਹੋਏ ਸਨ ਜਾਂ ਉਹ ਲੋਕ ਸਨ ਜਿਹੜੇ ਗੈਰ-ਸਿਖ ਸਨ । ਇਹ ਗਲਾਂ ਦਰਸਾਉਂਦੀਆਂ ਹਨ ਕਿ ਰਣਜੀਤ ਸਿੰਘ ਨੂੰ ਖਾਲਸਾ ਪੰਥ ਦੀ ਪਰਭੂਸਤਾ ਦਾ ਹਰ ਸਮੇਂ ਅਹਿਸਾਸ ਰਹਿੰਦਾ ਸੀ । ਸਾਰੇ ਸਿਕੇ ਅਤੇ ਮੋਹਰਾਂ ਦੀ ਇਬਾਰਤ ਵੀ ਇਹੀ ਦਰਸਾਉਂਦੀ ਹੈ ਕਿ ਰਣਜੀਤ ਸਿੰਘ ਇਕ ਹੋਰ ਸੁਪਰ-ਪਾਵਰ ਨੂੰ ਆਪਣੇ ਰਾਜ-ਭਾਗ ਦਾ ਮਾਲਕ ਸਮਝਦਾ ਸੀ । ਇਹ ਸੁਪਰ-ਪਾਵਰ ਸਰਬਤ ਖਾਲਸਾ ਸੀ ਕਿਸੇ ਵੀ ਸਿਕੇ ਤੇ ਉਸ ਦਾ ਨਾਂ ਨਹੀਂ । ਜੇ ਕਿਤੇ ਨਾ ਆਇਆ ਹੈ ਜਿਵੇਂ ਕਿ 'ਅਕਾਲ ਸਹਾਏ ਰਣਜੀਤ ਸਿੰਘ ਤਾਂ ਇਸ ਦਾ ਵੀ ਇਹੀ ਭਾਵ ਹੈ ਕਿ ਰਣਜੀਤ ਸਿੰਘ ਅਕਾਲ ਪੁਰਖ ਦੀ ਸਹਾਇਤਾ ਨਾਲ ਹੀ ਸਭ ਕੁਝ ਕਰ ਰਿਹਾ ਹੈ । ਅਕਾਲ ਪੁਰਖ ਆਪਣੀ ਸਹਾਇਤਾ ਸਰਬਤ ਖਾਲਸੇ ਰਾਹੀਂ ਕਰਦਾ ਹੈ ਕਿਉਂਕਿ ਖਾਲਸਾ ਅਕਾਲ ਪੁਰਖ ਦੀ ਫੌਜ ਹੈ ਅਤੇ ਅਕਾਲ ਪੁਰਖ ਦੀ ਇਸ ਫੌਜ ਨੇ ਹੀ ਉਸ ਦਾ ਰਾਜ-ਭਾਗ ਕਾਇਮ ਕੀਤਾ ਹੈ । ਇਸ ਤਰਾਂ ਰਣਜੀਤ ਸਿੰਘ ਨੇ ਕਦੀ ਵੀ ਆਪਣੇ ਨਾਂ ਨਾਲ ਪਰਭਾਵਸ਼ਾਲੀ ਵਿਸ਼ੇਸ਼ਣ ਜੋੜਨ ਦਾ ਹੰਕਾਰ ਨਹੀਂ ਕੀਤਾ ਅਤੇ ਨਾ ਹੀ ਗੈਬੀ ਸ਼ਕਤੀਆਂ ਦਾ ਮਾਲਕ ਹੋਣ ਦਾ ਝੂਠਾ ਦਾਅਵਾ ਹੀ ਕੀਤਾ ।[28]

ਇਸ ਦੇ ਨਾਲ ਹੀ ਇਕ ਹੋਰ ਗਲ ਨੋਟ ਕਰਨ ਵਾਲੀ ਹੈ ਉਹ ਇਹ ਕਿ ਰਣਜੀਤ ਸਿੰਘ ਜਦੋਂ ਵੀ ਕਿਸੇ ਦੂਜੀ ਤਾਕਤ (ਸਰਕਾਰ) ਨਾਲ ਲਿਖਾ ਪੜੀ ਕਰਦਾ ਸੀ ਤਾਂ ਲਿਖਾ ਪੜੀ ਸਮੇਂ ਹਰ ਗਲ 'ਖਾਲਸਾ ਜੀਓ' ਦੇ ਨਾਂ ਹੇਠ ਹੀ ਹੁੰਦੀ ਸੀ । ਜਿਵੇਂ ਕਿ ਜਦੋਂ ਕਾਬੁਲ ਦੇ ਲਹਿ ਚੁਕੇ ਬਾਦਸ਼ਾਹ ਸ਼ਾਹ ਸੁਜ਼ਾਹ ਨਾਲ ਕੋਹਿਨੂਰ ਹੀਰਾ ਲੈਣ ਦੀ ਗਲ ਚਲਦੀ ਸੀ ਤਾਂ ਰਣਜੀਤ ਸਿੰਘ ਦੇ ਗਲ ਕਰਨ ਵਾਲੇ ਅਧਿਕਾਰੀ ਇਹੀ ਕਹਿੰਦੇ ਸਨ ਕਿ ਜੇਕਰ ਇਹ ਕੋਹਿਨੂਰ ਹੀਰਾ ਮਿਲ ਜਾਵੇ ਤਾਂ ਇਸ ਨੂੰ "ਖਾਲਸਾ ਜੀ ਦੇ ਖਜ਼ਾਨੇ" ਵਿਚ ਭੇਜ ਦਿਤਾ ਜਾਵੇਗਾ ।[29] ਇਸੇ ਤਰਾਂ ਜਦੋਂ ਕਾਬਲ ਦੇ ਕਾਬਜ਼ ਬਾਦਸ਼ਾਹ ਮਹਿਮੂਦ ਸ਼ਾਹ ਦਾ ਵਕੀਲ ਉਸ ਦਾ ਪਤਰ ਲੈ ਕੇ ਆਇਆ ਤਾਂ ਵੀ ਇਹੀ ਕਿਹਾ ਗਿਆ ਸੀ ਕਿ "ਪਤਰ ਦੇ ਕੇ ਖਾਲਸਾ ਜੀ ਦੇ ਦਰਬਾਰ ਵਿਚ ਭੇਜਿਆ ਗਿਆ ਹੈ ।"[30] ਮਹਾਰਾਜਾ ਰਣਜੀਤ ਸਿੰਘ ਦੀ ਇਕ ਚਿਠੀ ਮਾਰਵਾੜ ਦੇ ਰਾਜਾ ਮਾਨ ਸਿੰਘ ਨੂੰ ਲਿਖੀ ਹੋਈ ਮਿਲਦੀ ਹੈ । ਇਹ 25 ਦਸੰਬਰ, 1822 ਈਸਵੀ ਦੀ ਹੈ । ਇਸ ਵਿਚ ਲਿਖਿਆ ਹੈ : "ਇਸ ਸਾਲ ਖਾਲਸਾ ਫੌਜ ਨੇ ਕਾਬਲ ਦੇ ਸੂਬੇ ਨੂੰ ਆਪਣੇ ਰਾਜ ਨਾਲ ਮਿਲਾ ਲੈਣ ਦਾ

---

A C. Banerji's Article, *Evolution of Sikh Kingship and Ranjit Singh*, op cit , p. 51.

ılshan Lal Chopra, *The Punjab as a Sovereign State*, Hoshiarpur, 1960, p.

ਾਨ ਅਮਰ ਨਾਥ, ਜ਼ਫ਼ਰਨਾਮਾ-ਇ-ਰਣਜੀਤ ਸਿੰਘ, ਪਿਠਅੰਕਤ, ਪੰਨਾ 66.

ਤ, ਪੰਨਾ 61.

ਇਰਾਦਾ ਕੀਤਾ ਸੀ ਉਸ ਅਨੁਸਾਰ ਉਹ ਪਿਸ਼ਾਵਰ ਲਾਗੇ ਪਹੁੰਚ ਵੀ ਗਈ ਸੀ । ਪਰ ਸਮਦ ਖਾਨ ਉਥੇ ਹੀ ਖਾਲਸਾ ਦਰਬਾਰ ਵਿਚ ਹਾਜ਼ਰ ਹੋ ਗਿਆ ਅਤੇ ਕੀਮਤੀ ਤੁਹਫੇ ਪੇਸ਼ ਕਰ ਕੇ, ਉਸ ਨੇ ਐਲਾਨੀਆ ਆਖਿਆ ਕਿ ਨਵਾਬ ਆਜ਼ਮ ਖਾਨ ਖਾਲਸਾ ਦਰਬਾਰ ਦੀ ਸੇਵਾ ਕਰਨ ਲਈ ਤਿਆਰ ਹੈ ਅਤੇ ਸਾਡੇ ਤੀਹ ਹਜ਼ਾਰ ਘੋੜ ਸਵਾਰਾਂ ਦੀ ਸੇਵਾ ਆਪ ਜਦੋਂ ਚਾਹੋ ਲੈ ਸਕਦੇ ਹੋ ।"[31]

ਰਣਜੀਤ ਸਿੰਘ ਦੇ ਦਰਬਾਰ ਨੂੰ ਖਾਲਸਾ ਦਰਬਾਰ ਕਿਹਾ ਜਾਂਦਾ ਸੀ । ਦੀਵਾਨ ਅਮਰ ਨਾਥ ਹੋਰ ਵੀ ਕਈ ਐਸੇ ਹਵਾਲੇ ਦਿੰਦਾ ਹੈ ਜਿਨਾਂ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਰਣਜੀਤ ਸਿੰਘ ਦੇ ਦਰਬਾਰ ਦਾ ਸਮੁਚ ਪਰਭਾਵ ਖਾਲਸੇ ਦੇ ਸਭਿਆਚਾਰ ਵਾਲਾ ਸੀ । ਜਿਵੇਂ ਕਿ ਦਰਬਾਰੀ ਭਾਵੇਂ ਹਿੰਦੂ ਸੀ ਤੇ ਭਾਵੇਂ ਮੁਸਲਮਾਨ ਤੇ ਭਾਵੇਂ ਯੂਰਪੀਅਨ ਪਰ ਸਭ ਦੇ ਪਗਾਂ ਬੰਨੀਆਂ ਹੁੰਦੀਆਂ ਸਨ, ਕੇਸ ਸਾਬਤ ਸੂਰਤ ਹੁੰਦੇ ਸਨ, ਗਾਤਰੇ ਕਿਰਪਾਨਾਂ ਲਮਕਦੀਆਂ ਸਨ ਅਤੇ ਕਿਸੇ ਨੂੰ ਵੀ ਤਮਾਕੂ ਪੀਣ ਦੀ ਇਜਾਜ਼ਤ ਨਹੀਂ ਸੀ । ਇਨਾਂ ਸਾਰੀਆਂ ਗਲਾਂ ਤੋਂ ਕਿਹੜੇ ਸਭਿਅਚਾਰ ਦੀ ਝਲਕ ਪੈਂਦੀ ਹੈ ? ਇਸ ਬਾਰੇ ਸੀਤਾ ਰਾਮ ਕੋਹਲੀ ਦੇ ਸ਼ਬਦ ਬੜੇ ਹੀ ਮਹਤਵਪੂਰਨ ਹਨ ਜੋ ਰਣਜੀਤ ਸਿੰਘ ਦੀ ਅਤੇ ਉਸ ਦੇ ਦਰਬਾਰੀ ਸਭਿਆਚਾਰ ਦੀ ਅਸਲੀਅਤ ਨੂੰ ਜ਼ਾਹਰ ਕਰਦੇ ਹਨ :

"ਭਾਵੇਂ ਮਹਾਰਾਜਾ ਆਪ ਸਰਕਾਰ ਸੀ ਤੇ ਹਰ ਕੰਮ ਉਸ ਦੀ ਆਗਿਆ ਨਾਲ ਕੀਤਾ ਜਾਂਦਾ ਸੀ; ਲਿਖਣ ਤੇ ਬੋਲਣ ਵਿਚ ਵੀ ਉਸ ਨੂੰ ਸਰਕਾਰ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ ਪਰ ਉਹ ਇਤਨਾ ਅਕਲਮੰਦ ਸੀ ਕਿ ਦਿਖਾਵੇ ਲਈ ਉਸ ਨੇ ਆਪਣੇ ਆਪ ਲਈ ਕਿਸੇ ਤਰਾਂ ਦੀ ਸ਼ਾਹੀ ਠਾਠ ਬਾਠ ਪਰਵਾਨ ਨਹੀਂ ਕੀਤੀ ਨਾ ਉਸ ਨੇ ਆਪਣੇ ਸਿਰ ਉਤੇ ਤਾਜ ਰਖਿਆ ਤੇ ਨਾ ਦੂਜੇ ਬਾਦਸ਼ਾਹਾਂ ਵਾਂਗ ਆਪਣੇ ਬੈਠਣ ਲਈ ਤਖ਼ਤ ਬਣਵਾਇਆ ਤੇ ਨਾ ਹੀ ਆਪਣੇ ਨਾਂ ਦਾ ਸਿਕਾ ਹੀ ਚਲਾਇਆ । ਇਥੋਂ ਤਕ ਕਿ ਉਸ ਦੀ ਆਪਣੀ ਮੋਹਰ ਜੋ ਸਰਕਾਰੀ ਮੁਹਰ ਦਾ ਕੰਮ ਦੇਂਦੀ ਸੀ, ਉਤੇ ਦੂਜੇ ਸਿਖ ਸਰਦਾਰਾਂ ਤੇ ਸਿਪਾਹੀਆਂ ਵਾਂਗ ਕੇਵਲ 'ਅਕਾਲ ਸਹਾਏ ਰਣਜੀਤ ਸਿੰਘ' ਦੇ ਅਖਰ ਉਕਰੇ ਹੋਏ ਸਨ । ਦੂਜੀਆਂ ਸਰਕਾਰਾਂ ਨਾਲ ਚਿਠੀ ਪਤਰ ਜਾਂ ਇਕਰਾਰਨਾਮੇ ਕਰਨ ਲਗਿਆਂ ਵੀ ਰਣਜੀਤ ਸਿੰਘ ਦਾ ਨਾਂ ਨਹੀਂ ਲਿਆ ਜਾਂਦਾ ਸੀ, ਸਗੋਂ 'ਸਤਕਾਰ ਖ਼ਾਲਸਾ' ਦਾ ਨਾਂ ਵਰਤਿਆ ਜਾਂਦਾ ਸੀ । ਓਹ ਚੰਗੀ ਤਰਾਂ ਜਾਣਦਾ ਸੀ ਕਿ ਖਾਲਸਾ ਪੰਥ ਦੀ ਨੀਂਹ ਬਰਾਬਰੀ ਦੇ ਅਸੂਲਾਂ ਤੇ ਨਿਰਭਰ ਹੈ । ਜਿਸ ਵਿਚ ਬਾਦਸ਼ਾਹ ਤੇ ਪਰਜਾ ਵਾਲਾ ਸਬੰਧ ਹਾਲਾਂ ਅਰੰਭ ਨਹੀਂ ਸੀ ਹੋਇਆ । ਇਸ ਅਮਲ ਤੋਂ ਰਣਜੀਤ ਸਿੰਘ ਦਾ ਭਾਵ ਇਹ ਸੀ ਕਿ ਉਸ ਦੀ ਹਸਤੀ ਖ਼ਾਲਸਾ ਪੰਥ ਤੋਂ ਨਵੇਕਲੀ ਵਸਤੂ ਨਾ ਭਾਸੇ, ਸਗੋਂ ਉਹ ਖਾਲਸਾ ਮਸ਼ੀਨ ਦਾ ਇਕ ਖ਼ਾਸ ਪੁਰਜ਼ਾ ਹੀ ਸਮਝਿਆ ਜਾਵੇ । ਇਹੋ ਹੀ ਉਸ ਦੀ ਸਫਲਤਾ ਦਾ ਭੇਦ ਸੀ ।"[32]

ਚੌਥਾ ਨੁਕਤਾ ਉਨਾਂ ਨੀਤੀਆਂ ਜਾਂ ਫੁਰਮਾਨਾਂ ਦਾ ਹੈ ਜੋ ਰਣਜੀਤ ਸਿੰਘ ਨੇ ਲੋਕ-ਭਲਾਈ ਹਿਤ, ਆਪਣੇ ਅਫ਼ਸਰਾਂ ਨੂੰ ਜਾਰੀ ਕੀਤੇ ਸਨ । ਅਜਿਹੇ ਦੋ ਫੁਰਮਾਨ ਫਕੀਰ ਵਹੀਦੂਦੀਨ ਦੀ ਪੁਸਤਕ[33] ਵਿਚ ਦਿਤੇ ਹੋਏ ਹਨ । ਇਨਾਂ ਵਿਚ ਲਿਖਿਆ ਹੈ ਕਿ ਉਹ ਮਹਾਰਾਜੇ, ਜਾਂ ਉਨਾਂ ਦੇ ਕਿਸੇ ਸ਼ਹਿਜ਼ਾਦੇ ਜਾਂ ਹੋਰ ਅਫਸਰ ਵਲੋਂ ਜਾਰੀ ਕੀਤੇ ਕਿਸੇ ਐਸੇ ਹੁਕਮ ਵਿਚ, ਜੇਕਰ ਕੋਈ ਗ… ਲੋਕ ਹਿਤਾਂ ਦੇ ਖਿਲਾਫ ਹੋ ਗਈ ਹੋਵੇ ਤਾਂ ਉਸ ਨੂੰ ਮਹਾਰਾਜੇ ਦੇ ਧਿਆਨ ਵਿਚ ਲਿਆਉਣ ਤਾਂ ਉਸ ਨੂੰ ਜਲਦੀ ਹੀ ਠੀਕ ਕੀਤਾ ਜਾ ਸਕੇ । ਇਹ ਦੋਵੇਂ ਫੁਰਮਾਨ ਰਣਜੀਤ ਸਿੰਘ ਦੀ ਸੋ…

31. ਦੇਖੋ : *Maharaja Ranjit Singh Centenary*, Volume, Cawnpur, 1940, pp

32. ਮਹਾਰਾਜਾ ਰਣਜੀਤ ਸਿੰਘ, ਪਿਠਅੰਕਤ, ਪੰਨੇ 53-54.

33. ਦ ਰੀਅਲ ਰਣਜੀਤ ਸਿੰਘ, ਪਿਠਅੰਕਤ, ਪੰਨੇ 18 ਅਤੇ 20.

ਬਿਲਕੁਲ ਸਹੀ ਰੂਪ ਵਿਚ ਦਰਸਾਉਣ ਲਈ ਕਾਫ਼ੀ ਹਨ । ਇਸ ਰਾਹੀਂ ਰਣਜੀਤ ਸਿੰਘ ਖੁਦ ਇਹ ਗਲ ਮੰਨ ਰਿਹਾ ਹੈ ਕਿ ਉਹ ਭੁਲਣਹਾਰ ਹੈ ਜਦੋਂ ਕਿ ਉਸ ਸਮੇਂ ਦੇ ਅਤੇ ਉਸ ਤੋਂ ਪਿਛੋਂ ਦੇ ਰਾਜਿਆਂ ਬਾਰੇ ਇਕ ਗਲ ਨਿਸ਼ਚਤ ਰੂਪ ਵਿਚ ਪਕੀ ਸੀ ਕਿ ਰਾਜਾ ਕਦੇ ਵੀ ਗਲਤੀ ਨਹੀਂ ਕਰਦਾ । ਇਸੇ ਇਕ ਗਲ ਨੇ ਰਣਜੀਤ ਸਿੰਘ ਨੂੰ ਬਾਕੀ ਨਿਰੰਕੁਸ਼ ਰਾਜਿਆਂ ਨਾਲੋਂ ਅਲਗ ਕਰ ਕੇ ਰਖ ਦਿਤਾ ਹੈ ।

ਜਿਸ ਤਰਾਂ ਰਣਜੀਤ ਸਿੰਘ ਆਪਣੇ ਰਾਜ ਵਿਚ ਇਕ ਸੁਤੰਤਰ ਅਤੇ ਸਰਬਸ਼ਕਤੀਮਾਨ ਬਾਦਸ਼ਾਹ ਸੀ ਅਜਿਹੀ ਕਿਸਮ ਦੇ ਕਿਸੇ ਵੀ ਰਾਜੇ ਨੇ ਆਪਣੇ ਆਪ ਨੂੰ ਰਬ ਤੋਂ ਘਟ ਨਹੀਂ ਦਰਸਾਇਆ । ਹੋਰ ਤਾਂ ਹੋਰ ਕਈ ਛੋਟੀਆਂ ਛੋਟੀਆਂ ਰਾਜਪੂਤ ਰਿਆਸਤਾਂ ਦੇ ਰਾਜਿਆਂ ਨੇ ਵੀ ਆਪਣੇ ਆਪ ਨੂੰ ਬਿਸ਼ਨੂੰ ਦਾ ਅਵਤਾਰ ਕਹਾਇਆ ਹੈ । ਮੁਸਲਮਾਨ ਬਾਦਸ਼ਾਹ ਤਾਂ ਆਪਣੇ ਆਪ ਨੂੰ ਧਰਤੀ ਉਪਰ 'ਰਬ ਦਾ ਛਾਇਆ' ਹੀ ਮੰਨਦੇ ਸਨ । ਇਨਾਂ ਦਾ ਹਰ ਹੁਕਮ ਰਬੀ ਹੁਕਮ ਹੁੰਦਾ ਸੀ ਅਤੇ ਇਸ ਹੁਕਮ ਦੀ ਉਲੰਘਣਾ ਕਰਨੀ ਰਬ ਦੇ ਹੁਕਮ ਦੀ ਉਲੰਘਣਾ ਕਰਨੀ ਸਮਝਿਆ ਜਾਂਦਾ ਸੀ । ਇਨਾਂ ਬਾਦਸ਼ਾਹਾਂ ਨੂੰ ਕੋਈ ਇਹ ਕਹਿਣ ਦਾ ਵੀ ਅਧਿਕਾਰੀ ਨਹੀਂ ਸੀ ਕਿ ਉਨਾਂ ਨੇ ਕੋਈ ਗਲਤੀ ਕੀਤੀ ਹੈ । ਭਾਵ ਕਿ ਬਾਦਸ਼ਾਹ ਕੋਈ ਗਲਤੀ ਹੀ ਨਹੀਂ ਕਰ ਸਕਦਾ । ਅਕਬਰ ਨੇ ਤਾਂ ਇਹ ਐਲਾਨ ਹੀ ਕਰ ਦਿਤਾ ਹੋਇਆ ਸੀ ਕਿ ਉਹ ਅਭੁਲ ਹੈ ਕਦੇ ਗਲਤੀ ਨਹੀਂ ਕਰ ਸਕਦਾ ਇਸ ਲਈ ਉਸ ਦਾ ਫੈਸਲਾ ਹੀ ਅੰਤਮ ਫੈਸਲਾ ਹੈ । ਅਜਿਹੇ ਬਾਦਸ਼ਾਹ ਸਿਰਫ ਇਥੇ ਹੀ ਬਸ ਨਹੀਂ ਸੀ ਕਰਦੇ ਸਗੋਂ ਉਹ ਆਪਣਾ ਨਵਾਂ ਧਰਮ ਵੀ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਸਨ ।

ਅਲਾਉਦੀਨ ਖਿਲਜੀ ਨੇ ਆਪਣਾ ਨਵਾਂ ਧਰਮ ਚਲਾਉਣ ਦੀ ਕੋਸ਼ਿਸ਼ ਕੀਤੀ । ਅਕਬਰ ਨੇ ਆਪਣਾ ਨਵਾਂ ਧਰਮ ਚਲਾਇਆ ਤੇ ਐਲਾਨ ਕੀਤਾ ਕਿ ਬਾਦਸ਼ਾਹ ਕਦੇ ਵੀ ਗਲਤੀ ਨਹੀਂ ਕਰਦਾ । ਹਿੰਦੂ ਮਿਥਿਹਾਸ ਅਨੁਸਾਰ ਰਾਮ ਚੰਦਰ ਅਤੇ ਕਰਿਸ਼ਨ ਆਪ ਆਪਣੀਆਂ ਰਿਆਸਤਾਂ ਦੇ ਰਾਜੇ ਵੀ ਸਨ ਪਰ ਉਹ ਆਪਣੇ ਆਪ ਨੂੰ ਰਬੀ ਅਵਤਾਰ ਵੀ ਕਹਾਉਂਦੇ ਸਨ । ਭਾਵ ਲਿਖਣ ਦਾ ਇਹੀ ਹੈ ਕਿ ਤਕਰੀਬਨ ਹਰ ਨਿਰੰਕੁਸ਼ ਬਾਦਸ਼ਾਹ ਨੇ ਆਪਣੇ ਆਪ ਨੂੰ ਰਬੀ ਰੂਪ ਦਰਸਾਉਣ ਦੀ ਹੀ ਕੋਸ਼ਿਸ਼ ਕੀਤੀ ਹੈ । ਲੇਕਿਨ ਇਨਾਂ ਦੇ ਮੁਕਾਬਲੇ ਤੇ ਰਣਜੀਤ ਸਿੰਘ ਨੂੰ ਖੜਾ ਕਰਕੇ ਦੇਖੋ, ਇਹ ਕਿਤੇ ਵੀ ਨਹੀਂ ਖੜੇਗਾ । 'ਬਾਦਸ਼ਾਹ ਕਦੇ ਗਲਤੀ ਨਹੀਂ ਕਰਦਾ', ਇਸ ਸਿਧਾਂਤ ਦੇ ਬਿਲਕੁਲ ਉਲਟ ਰਣਜੀਤ ਸਿੰਘ ਨੇ ਐਸੇ ਫੁਰਮਾਨ ਜਾਰੀ ਕੀਤੇ ਸਨ ਜਿਨਾਂ ਵਿਚ ਲਿਖਿਆ ਹੋਇਆ ਸੀ ਕਿ ਜੇਕਰ ਰਣਜੀਤ ਸਿੰਘ ਖੁਦ ਵੀ ਕੋਈ ਗਲਤ ਹੁਕਮ ਜਾਰੀ ਕਰਦਾ ਹੈ ਤਾਂ ਅਜਿਹੇ ਹੁਕਮ ਨੂੰ ਉਸ ਦੇ ਧਿਆਨ ਵਿਚ ਲਿਆਂਦਾ ਜਾਵੇ ਤਾਂ ਕਿ ਅਜਿਹੇ ਹੁਕਮ ਨੂੰ ਸੁਧਾਰਿਆ ਜਾਵੇ ।[34] ਭਾਵ ਕਿ ਰਣਜੀਤ ਸਿੰਘ ਨੇ ਇਹ ਗਲ ਪਰਵਾਣ ਕਰ ਲਈ ਹੋਈ ਸੀ ਕਿ ਉਹ ਵੀ ਇਕ ਮਨੁਖ ਮਾਤਰ ਹੈ ਅਤੇ ਮਨੁਖ ...ਤਰ ਦੀ ਤਰਾਂ ਹੀ ਉਹ ਵੀ ਭੁਲਣਹਾਰ ਹੈ ।

ਇਸ ਤੋਂ ਇਲਾਵਾ ਰਣਜੀਤ ਸਿੰਘ ਨਾਲ ਕਈ ਐਸੀਆਂ ਗਲਾਂ ਸੰਬੰਧਤ ਹਨ ਜਿਨਾਂ ਤੋਂ
...ਹੁੰਦਾ ਹੈ ਕਿ ਉਸ ਨੂੰ ਆਪਣੀ ਕੋਝੀ ਸ਼ਕਲ ਦਾ ਵੀ ਹਰ ਸਮੇਂ ਅਹਿਸਾਸ ਰਹਿੰਦਾ ਸੀ ।
...ਕਰਦਾ ਸੀ ਕਿ ਉਸ ਦੇ ਕੋਝੇਪਣ ਕਰਕੇ ਹੀ, ਅਕਾਲ ਪੁਰਖ ਨੇ ਉਸ ਦੇ ਆਲੇ ਦੁਆਲੇ
...ਦਾਰ ਭੇਜੇ ਹਨ । ਇਸ ਦਾ ਭਾਵ ਹੈ ਕਿ ਰਣਜੀਤ ਸਿੰਘ ਦੇ ਦਰਬਾਰੀ ਬਹੁਤ ਸੁੰਦਰ
...ਸਾਂ ਵਾਲੇ ਵਿਅਕਤੀ ਸਨ । ਰਾਣੀ ਮੋਰਾਂ ਵਲੋਂ ਕਾਣੀ ਅਖ ਦਾ ਅਹਿਸਾਸ
...ਤ ਸਿੰਘ ਕਿਹਾ ਕਰਦਾ ਸੀ ਕਿ ਜਿਸ ਸਮੇਂ ਰਬ ਸ਼ਕਲ-ਸੂਰਤ ਨੂੰ ਬਣਾ ਰਿਹਾ

...ਅੰਕਤ, ਪੰਨੇ 17-24.

ਸੀ ਤਾਂ ਉਹ ਉਸ ਵੇਲੇ ਬਾਹਰ ਆਪਣਾ ਰਾਜ-ਭਾਗ ਪਰਾਪਤ ਕਰਨ ਲਈ ਗਿਆ ਹੋਇਆ ਸੀ। ਆਦਿ, ਆਦਿ। ਇਨਾਂ ਸਭ ਗਲਾਂ ਤੋਂ ਸਪਸ਼ਟ ਹੈ ਕਿ ਰਣਜੀਤ ਸਿੰਘ ਦੇ ਵਿਚ ਕਿਧਰੇ ਵੀ ਨਿਰੰਕੁਸ਼ ਬਾਦਸ਼ਾਹਾਂ ਜੈਸਾ ਹੰਕਾਰ, ਮਾਣ ਅਤੇ ਗਲਤ ਧਾਰਨਾ ਨਹੀਂ ਸੀ। ਨਿਰੰਕੁਸ਼ ਬਾਦਸ਼ਾਹ ਲਈ ਐਸਾ ਅਹਿਸਾਸ ਕਰਨਾ ਤਾਂ ਇਕ ਪਾਸੇ ਰਿਹਾ ਉਹ ਤਾਂ ਐਸੀ ਕੋਈ ਗਲ ਸੁਣਨ ਤਕ ਵੀ ਤਿਆਰ ਨਹੀਂ ਹੁੰਦੇ ਸਨ। ਅਜਿਹਾ ਕਹਿਣ ਵਾਲੇ ਨੂੰ ਜ਼ਿੰਦਗੀ ਤੋਂ ਹੀ ਹਥ ਧੋਣੇ ਪੈਂਦੇ ਸਨ।

ਪੰਜਵਾਂ ਨੁਕਤਾ ਹੈ ਰਣਜੀਤ ਸਿੰਘ ਦੇ ਅਕਾਲੀਆਂ ਨਾਲ ਅਤੇ ਸਰਬਤ ਖਾਲਸੇ ਦੀ ਸੰਸਥਾ ਨਾਲ ਸੰਬਧਾਂ ਬਾਰੇ। ਇਸ ਬਾਰੇ ਗਲ ਕਰਨ ਤੋਂ ਪਹਿਲਾਂ ਇਕ ਗਲ ਸਮਝ ਲੈਣੀ ਚਾਹੀਦੀ ਹੈ ਕਿ ਉਸ ਸਮੇਂ ਅਕਾਲੀ ਜਾ ਸ਼ਹੀਦੀ ਮਿਸਲ ਹੀ ਖਾਲਸੇ ਦੀ ਪਰਤੀਨਿਧ ਜਮਾਤ ਸਮਝੀ ਜਾਂਦੀ ਸੀ। ਸ਼ਹੀਦੀ ਮਿਸਲ ਨੂੰ ਪਿਛੋਂ ਅਕਾਲੀ ਨਾਂ ਦੇ ਨਾਲ ਹੀ ਜਾਣਿਆ ਜਾਂਦਾ ਸੀ। ਅਕਾਲੀਆਂ ਨਾਲ ਰਣਜੀਤ ਸਿੰਘ ਦੇ ਸਬੰਧ ਭਾਵੇਂ ਕਈ ਥਾਈਂ ਆਪਾ-ਵਿਰੋਧੀ ਹੁੰਦੇ ਰਹੇ ਹਨ ਪਰ ਸਮੁਚੇ ਤੌਰ ਤੇ ਰਣਜੀਤ ਸਿੰਘ ਅਕਾਲੀਆਂ ਦਾ ਸਤਿਕਾਰ ਕਰਦਾ ਰਿਹਾ ਸੀ। ਇਹ ਸਤਿਕਾਰ ਇਸ ਕਰਕੇ ਨਹੀਂ ਸੀ ਹੁੰਦਾ ਕਿ ਅਕਾਲੀ ਤਾਕਤਵਰ ਸਨ। ਤਾਕਤ ਦੇ ਪਖੋਂ ਤਾਂ ਅਕਾਲੀਆਂ ਕੋਲ ਮਸਾਂ ਮਸਾਂ ਦੋ-ਢਾਈ ਹਜ਼ਾਰ ਸਿਪਾਹੀ ਹੀ ਸਨ। ਇਤਨੀ ਗਿਣਤੀ ਦੀ ਰਣਜੀਤ ਸਿੰਘ ਦੀਆਂ ਲਖਾਂ ਫੌਜਾਂ ਸਾਹਮਣੇ ਕੋਈ ਵੁਕਤ ਨਹੀਂ ਸੀ। ਪਰ ਇਹ ਸਤਿਕਾਰ ਇਸ ਕਰਕੇ ਕੀਤਾ ਜਾਂਦਾ ਸੀ ਕਿਉਂਕਿ ਅਕਾਲੀ ਖਾਲਸੇ ਦੇ ਨੁਮਾਇੰਦੇ ਸਮਝੇ ਜਾਂਦੇ ਸਨ ਅਤੇ ਅਕਾਲੀ ਵੀ ਮਹਾਰਾਜੇ ਨੂੰ ਉਤਨਾ ਹੀ ਚਾਹੁੰਦੇ ਸਨ ਜਿਤਨਾ ਕਿ ਆਮ ਸਿਖ। ਉਸ ਸਮੇਂ ਅਕਾਲ ਤਖਤ ਦਾ ਸਾਰਾ ਪਰਬੰਧ ਅਕਾਲੀਆਂ ਕੋਲ ਹੀ ਸੀ ਅਤੇ ਅਕਾਲੀਆਂ ਦਾ ਜਥੇਦਾਰ, ਫੂਲਾ ਸਿੰਘ ਸੀ। ਇਸ ਲਈ ਅਕਾਲੀ ਫੂਲਾ ਸਿੰਘ ਨੂੰ ਹੀ ਅਕਾਲ ਤਖ਼ਤ ਦਾ ਜਥੇਦਾਰ ਸਮਝਿਆ ਜਾਂਦਾ ਸੀ। ਅਕਾਲੀ ਫੂਲਾ ਸਿੰਘ ਅਤੇ ਰਣਜੀਤ ਸਿੰਘ ਦੇ ਸਬੰਧ ਭਾਵੇਂ ਕਿਹੋ ਜਿਹੇ ਵੀ ਰਹੇ ਹੋਣ ਲੇਕਿਨ ਇਕ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਣਜੀਤ ਸਿੰਘ ਦੇ ਰਾਜ ਵਿਚ ਅਕਾਲੀ ਫੂਲਾ ਸਿੰਘ ਲਗਭਗ ਇਕ ਸੁਤੰਤਰ ਵਿਅਕਤੀ ਦੇ ਤੌਰ ਤੇ ਵਿਚਰਦਾ ਰਿਹਾ ਸੀ। ਇਸ ਤੋਂ ਇਲਾਵਾ ਅਕਾਲੀ ਫੂਲਾ ਸਿੰਘ ਸਮੇਂ ਸਮੇਂ ਤੇ ਰਣਜੀਤ ਸਿੰਘ ਨੂੰ ਐਸੇ ਤਰੀਕੇ ਅਨੁਸਾਰ ਟੋਕਦਾ ਵੀ ਰਹਿੰਦਾ ਸੀ ਜਿਹੜਾ ਆਮ ਤੌਰ ਤੇ ਇਕ ਹਾਕਮ ਦੀ ਬੇਅਦਬੀ ਵਾਲਾ ਮੰਨਿਆ ਜਾਂਦਾ ਹੈ। ਰਣਜੀਤ ਸਿੰਘ ਦੇ ਹਾਥੀ ਨੂੰ ਘੇਰ ਲੈਣਾ, ਰਣਜੀਤ ਸਿੰਘ ਨੂੰ ਕਾਣਾ ਕਹਿਣਾ ਅਤੇ ਰਣਜੀਤ ਸਿੰਘ ਨੂੰ ਮੋਰਾਂ ਨਾਲ ਫਿਰਨ ਤੋਂ ਟੋਕਣਾ ਆਦਿ ਗਲਾਂ ਇਹ ਦਰਸਾਉਂਦੀਆਂ ਹਨ ਕਿ ਅਕਾਲੀ ਫੂਲਾ ਸਿੰਘ ਇਕ ਸੁਤੰਤਰ ਵਿਅਕਤੀ ਸੀ ਅਤੇ ਰਣਜੀਤ ਸਿੰਘ ਨੇ ਇਸ ਸੁਤੰਤਰਤਾ ਨੂੰ ਕਦੇ ਵੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਕੀ ਕਿਸੇ ਹੋਰ ਵਿਅਕਤੀ ਨੂੰ ਵੀ ਇਸ ਤਰਾ ਦੀ ਖੁਲ ਸੀ ? ਕੀ ਦੂਜੀਆਂ ਸਿਖ ਰਿਆਸਤਾਂ ਵਿਚ ਵੀ ਅਕਾਲੀ ਫੂਲਾ ਸਿੰਘ ਨੂੰ ਇਹ ਖੁਲ ਪਰਾਪਤ ਸੀ ? ਅਕਾਲੀਆਂ ਦੀਆਂ ਕਿਸੇ ਵੀ ਬੇਅਦਬੀ ਵਾਲੀਆਂ ਹਰਕਤਾਂ ਦਾ ਰਣਜੀਤ ਸਿੰਘ ਨੇ ਕਦੇ ਬੁਰਾ ਨਹੀਂ ਮਨਾਇਆ। ਅਕਾਲੀ ਫੂਲਾ ਸਿੰਘ ਵਲੋਂ ਕੋਰੜਿਆਂ ਦੀ ਸਜ਼ਾ ਲਾਏ ਜਾਣ ਤੇ ਰਣਜੀਤ ਸਿੰ ਦਾ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਤੇ ਹਾਜ਼ਰ ਕਰਨਾ ਇਸ ਗਲ ਦਾ ਪਕਾ ਸਬੂਤ ਹੈ ਰਣਜੀਤ ਸਿੰਘ ਨੂੰ ਇਸ ਗਲ ਦਾ ਅਹਿਸਾਸ ਸੀ ਕਿ ਅੰਤਮ ਸ਼ਕਤੀ ਸਰਬਤ ਖਾਲਸੇ ਵਿਚ ਇਹ ਠੀਕ ਹੈ ਕਿ ਅਕਾਲੀ ਫੂਲਾ ਸਿੰਘ ਨਾਲ ਰਣਜੀਤ ਸਿੰਘ ਦੇ ਕਈ ਮਤਭੇਦ ਸਨ ਅ ਜੀ ਕਈ ਵਾਰ ਪੰਜਾਬ ਵਿਚੋਂ ਨਿਕਲ ਜਾਣ ਲਈ ਵੀ ਤਿਆਰ ਹੋਏ ਸਨ। ਪਰ ਧਾਰਮਿਕ ਪਖ ਦੇ ਨਾਂ ਹੋ ਕੇ ਰਾਜਨੀਤਕ ਮਾਮਲਿਆਂ ਨਾਲ ਸਬੰਧਤ ਸਨ। ਇਥੇ ਇ. ਪਏਗੀ ਕਿ ਰਣਜੀਤ ਸਿੰਘ ਸਿਰਫ ਰਾਜਨੀਤਕ ਆਗੂ ਹੀ ਸੀ। ਸਿਖ ਰਾਜੇ ਦੇ ਕਦੇ ਵੀ ਨਹੀਂ ਹੁੰਦਾ ਕਿ ਉਹ ਰਾਜਸੀ ਸ਼ਕਤੀਆਂ ਦੇ ਨਾਲ ਨਾਲ ਧਾਰਮਿਕ ਮਾਲਕ ਹੋਵੇ। ਧਰਮ ਅਤੇ ਰਾਜਨੀਤੀ ਦੀਆਂ ਸ਼ਕਤੀਆਂ ਦਾ ਮਾਲਕ ਸਿਰਫ ਸ

ਜਿਸ ਤਰਾਂ ਬੰਦਾ ਸਿੰਘ ਬਹਾਦਰ ਨਿਰੋਲ ਰਾਜਨੀਤਕ ਨੇਤਾ ਸੀ ਉਸੇ ਤਰਾਂ ਰਣਜੀਤ ਸਿੰਘ ਵੀ ਨਿਰੋਲ ਰਾਜਨੀਤਕ ਨੇਤਾ ਸੀ । ਰਣਜੀਤ ਸਿੰਘ ਨੇ ਕਦੀ ਵੀ ਆਪਣੀ ਰਾਜ-ਸ਼ਕਤੀ ਨੂੰ ਧਾਰਮਿਕ ਨੀਤੀਆਂ ਉਪਰ ਭਾਰੂ ਨਹੀਂ ਹੋਣ ਦਿਤਾ ।

ਇਥੇ ਇਕ ਗਲ ਇਹ ਵੀ ਮੰਨਣੀ ਪਏਗੀ ਕਿ ਸਰਬਤ ਖਾਲਸੇ ਨੇ ਰਣਜੀਤ ਸਿੰਘ ਦੇ ਰਾਜ ਦੌਰਾਨ ਕਦੇ ਵੀ ਆਪਣੇ ਅਧਿਕਾਰਾਂ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਰਣਜੀਤ ਸਿੰਘ ਨੇ ਆਪਣੀ ਰਾਜਨੀਤਕ ਸ਼ਕਤੀ ਕਾਇਮ ਕੀਤੀ ਅਤੇ ਉਹ ਇਸ ਤਾਕਤ ਨੂੰ ਮਜ਼ਬੂਤ ਵੀ ਕਰਦਾ ਰਿਹਾ । ਪਰ ਗਲ ਦੇਖਣ ਵਾਲੀ ਇਥੇ ਇਹ ਹੈ ਕਿ ਕੀ ਕਦੇ ਸਰਬਤ ਖਾਲਸੇ ਨੇ ਵੀ ਆਪਣੀ ਸ਼ਕਤੀ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ? ਜੇ ਸਰਬਤ ਖਾਲਸੇ ਵਲੋਂ ਅਜਿਹੀ ਕੀਤੀ ਕਿਸੇ ਕੋਸ਼ਿਸ਼ ਨੂੰ ਰਣਜੀਤ ਸਿੰਘ ਨੇ ਰੋਕਣ ਦੀ ਕੋਸ਼ਿਸ਼ ਕੀਤੀ ਹੈ ਫਿਰ ਤਾਂ ਉਹ ਸਿਖ ਰਵਾਇਤਾਂ ਨੂੰ ਤੋੜਨ ਦਾ ਵਡੇ ਤੋਂ ਵਡਾ ਦੋਸ਼ੀ ਹੋ ਸਕਦਾ ਹੈ ਪਰ ਉਸ ਨੇ ਤਾਂ ਅਜਿਹੀ ਕੋਸ਼ਿਸ਼ ਕਰਨ ਦੇ ਬਿਲਕੁਲ ਉਲਟ ਜਿਥੋਂ ਤਕ ਉਹ ਕਰ ਸਕਿਆ ਅਕਾਲੀ ਫੂਲਾ ਸਿੰਘ ਨੂੰ ਵਧ ਤੋਂ ਵਧ ਸੁਤੰਤਰਤਾ ਪਰਦਾਨ ਕੀਤੀ । ਜਿਸ ਤਰਾਂ ਮੁਗਲ ਹਕੂਮਤ ਵੇਲੇ ਸਰਬਤ ਖਾਲਸੇ ਦੇ ਇਕਠ ਰੋਕੇ ਜਾਂਦੇ ਸਨ, ਜਿਸ ਤਰਾਂ ਅਜ ਲੋਕਤੰਤਰੀ ਯੁਗ ਵਿਚ ਵੀ ਭਾਰਤ ਸਰਕਾਰ ਵਲੋਂ ਸਰਬਤ ਖਾਲਸੇ ਦੇ ਇਕਠ ਰੋਕੇ ਜਾ ਰਹੇ ਹਨ । ਕੀ ਐਸੀ ਕੋਈ ਘਟਨਾ ਰਣਜੀਤ ਸਿੰਘ ਦੇ ਸਮੇਂ ਦੀ ਵੀ ਹੈ ? ਜੇਕਰ ਨਹੀਂ ਤਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਰਣਜੀਤ ਸਿੰਘ ਨੇ ਗੁਰਮਤੇ ਦੀ ਸੰਸਥਾ ਨੂੰ ਬੰਦ ਕੀਤਾ ਸੀ ? ਬੰਦ ਕਰਨ ਦਾ ਮਤਲਬ ਹੈ ਕੋਈ ਹੁਕਮ ਜਾਰੀ ਕਰਕੇ ਬੰਦ ਕਰਨਾ ਜਾਂ ਫੌਜਾਂ ਭੇਜਕੇ ਗੁਰਮਤਾ ਨਾ ਕਰਨ ਦੇਣਾ । ਕੀ ਕੋਈ ਅਜਿਹੀ ਗਲ ਹੋਈ ? ਲਗਦੀ ਵਾਹ ਰਣਜੀਤ ਸਿੰਘ ਇਸ ਸੰਸਥਾ ਨਾਲ ਜੁੜਿਆ ਰਿਹਾ । ਉਹ ਗੁਰਮਤੇ ਰਾਹੀਂ ਹੀ ਖਾਲਸੇ ਦਾ ਰਾਜਨੀਤਕ ਆਗੂ ਚੁਣਿਆ ਗਿਆ ਸੀ ਅਤੇ ਗੁਰਮਤਾ ਕਰ ਕੇ ਹੀ ਉਸ ਨੇ ਹੋਲਕਰ ਦੀ ਮਦਦ ਨਾ ਕਰਨ ਦਾ ਫੈਸਲਾ ਲਿਆ ਸੀ ।

ਸਭ ਤੋਂ ਵਡੀ ਗਲ ਇਹ ਹੈ ਕਿ ਕੀ ਸਾਰਾ ਸਿਖ ਜਗਤ ਰਣਜੀਤ ਸਿੰਘ ਦੇ ਰਾਜ ਦੇ ਵਿਚ ਸੀ ? ਪਹਿਲੀ ਗਲ ਤਾਂ ਇਹ ਕਿ ਇਹ ਰਣਜੀਤ ਸਿੰਘ ਦੀ ਜ਼ਿੰਮੇਦਾਰੀ ਨਹੀਂ ਸੀ ਕਿ ਉਹ ਸਰਬਤ ਖਾਲਸੇ ਦੇ ਇਕਠ ਬੁਲਾਉਂਦਾ । ਇਹ ਜ਼ਿੰਮੇਦਾਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਸੀ ਜਾ ਸਰਬਤ ਖਾਲਸੇ ਦੇ ਹੋਰ ਧਾਰਮਿਕ ਮੁਖੀਆਂ ਦੀ । ਪਰ ਫਿਰ ਵੀ ਇਥੇ ਇਕ ਸਵਾਲ ਹੈ ਕਿ ਜੇਕਰ ਰਣਜੀਤ ਸਿੰਘ ਸਰਬਤ ਖਾਲਸਾ ਬੁਲਾਉਣ ਦੀ ਕੋਸ਼ਿਸ਼ ਕਰਦਾ ਤਾਂ ਕੀ ਸਤਲੁਜ ਉਰਾਰ ਦੀਆਂ ਫੂਲਕੀਆਂ ਮਿਸਲਾਂ ਦੇ ਰਾਜੇ ਅਜਿਹੇ ਇਕਠ ਵਿਚ ਸ਼ਾਮਲ ਹੁੰਦੇ ? ਇਹ ਲੋਕ ਤਾਂ ਉਸ ਸਮੇਂ ਵੀ ਸਰਬਤ ਖਾਲਸੇ ਦੇ ਸਮਾਗਮਾਂ ਵਿਚ ਸ਼ਾਮਲ ਨਹੀਂ ਸੀ ਹੁੰਦੇ ਜਦੋਂ ਕਿ ਦਲ ਖਾਲਸਾ ਸਾਲ ਵਿਚ ਦੋ ਵਾਰੀ ਦਿਵਾਲੀ ਅਤੇ ਵਿਸਾਖੀ ਦੇ ਮੌਕਿਆ ਤੇ ਪੂਰੀ ਬਾਕਾਇਦਗੀ ਨਾਲ ਸਮਾਗਮ ਕਰਦਾ ਹੁੰਦਾ ਸੀ । ਹੁਣ ਤਾਂ ਇਹ ਫੂਲਕੀਏ ਰਾਜੇ. ਰਣਜੀਤ ਸਿੰਘ ਨੂੰ ਖ਼ਤਮ ਕਰਨ ਲਈ ਅੰਗਰੇਜ਼ ਸਰਕਾਰ ਦੀ ਈਨ ਮੰਨ ਚੁਕੇ ਸਨ । ਇਥੇ ਇਕ ਹੋਰ ਪਰਸ਼ਨ ਹੈ ਕਿ ਰਣਜੀਤ ਸਿੰਘ ਨੇ ਤਾਂ ਮਿਸਲਾਂ ਨੂੰ ਖ਼ਤਮ ਕਰ ਕੇ ਇਕ ਮਹਾਨ, ਵਿਸ਼ਾਲ ਅਤੇ ਮਾਣਯੋਗ ਸੁਤੰਤਰ ਖਾਲਸਾ ਰਾਜ ਕਾਇਮ ਕੀਤਾ ਜਿਸ ਦੀਆਂ ਧੁੰਮਾਂ ਕਾਬਲ-ਕੰਧਾਰ, ਨੇਪਾਲ, ਤਿਬਤ ਅਤੇ ਦਖਣੀ ਭਾਰਤ ਦੀਆਂ ਰਿਆਸਤਾਂ ਤਕ ਪੈਂਦੀਆਂ ਸਨ । ਪਰ ਕੀ ਇਸ ਦੇ ਮੁਕਾਬਲੇ ਤੇ ਫੂਲਕੀਆਂ ਰਾਜਿਆਂ ਨੇ ਅੰਗਰੇਜ਼ ਦੀ ਈਨ ਮੰਨ ਕੇ ਸਿਖਾਂ ਦਾ ਮਾਣ ਵਧਾਇਆ ਸੀ ? ਜਾਂ ਸਿਖ ਕੌਮ ਦੇ ਭਲੇ ਲਈ ਕੰਮ ਕੀਤਾ ਸੀ ? ਇਨਾਂ ਦਾ ਇਹ ਕਦਮ ਸਿਖਾਂ ਲਈ ਇਕ ਕਲੰਕ ਦੇ ਬਰਾਬਰ ਸੀ ਅਤੇ ਸੁਆਰਥਮਈ ਸੀ ਜਦੋਂ ਕਿ ਰਣਜੀਤ ਸਿੰਘ ਦਾ ਕਦਮ ਸਿਖਾਂ ਦੇ ਸੁਤੰਤਰ ਰਾਜ ਦੀ ਸਥਾਪਨਾ ਲਈ ਸੀ । ਦੂਸਰੀ ਗਲ ਇਹ ਹੈ ਕਿ ਰਣਜੀਤ ਸਿੰਘ ਜੇ ਮਿਸਲਾਂ ਨੂੰ ਖ਼ਤਮ ਨਾ ਕਰਦਾ ਤਾਂ ਇਹ ਗਲ ਪਕੀ ਸੀ ਕਿ ਕਿਸੇ ਵੀ ਮਿਸਲ ਨੇ ਸੁਤੰਤਰ ਰਾਜ ਸਥਾਪਤ ਨਹੀਂ ਸੀ ਕਰਨਾ ਬਲਕਿ ਉਨਾਂ ਸਭ ਨੇ ਫੂਲਕੀਆਂ ਰਾਜਿਆਂ

ਵਾਂਗ ਹੀ ਅੰਗਰੇਜ਼ ਦੀ ਅਧੀਨਤਾ ਮੰਨ ਕੇ ਆਪੋ ਆਪਣੇ ਘਰਾਣਿਆਂ ਦੀਆਂ ਪੈਨਸ਼ਨਾਂ ਪਕੀਆਂ ਕਰ ਲੈਣੀਆਂ ਸਨ। ਸੀਤਾ ਰਾਮ ਕੋਹਲੀ ਲਿਖਦਾ ਹੈ : "ਰਣਜੀਤ ਸਿੰਘ ਦੇ ਪੰਜਾਬ-ਪਤੀ ਬਣਨ ਤੋਂ ਪਹਿਲਾਂ ਸਿਖਾਂ ਦੀਆਂ ਬਾਰਾਂ ਮਿਸਲਾਂ ਆਪੋ ਵਿਚ ਲੜਦੀਆਂ ਝਗੜਦੀਆਂ ਰਹਿੰਦੀਆਂ ਸਨ। ਇਨ੍ਹਾਂ ਮਿਸਲਾਂ ਦੇ ਇਲਾਕਿਆਂ ਦੇ ਆਲੇ ਦੁਆਲੇ ਮੁਸਲਮਾਨ ਨਵਾਬਾਂ ਦੇ ਇਲਾਕੇ ਸਨ। ਸਿਖ ਮਿਸਲਾਂ ਦੇ ਪਰਸਪਰ ਝਗੜਿਆਂ ਦਾ ਸਿਟਾ ਇਹ ਨਿਕਲਣਾ ਸੀ ਕਿ ਪਠਾਣ ਇਨ੍ਹਾਂ ਨੂੰ ਨਿਰਬਲ ਹੋਇਆ ਵੇਖ ਕੇ ਆ ਦਬਾਂਦੇ। ਇਹ ਗਲ ਰਣਜੀਤ ਸਿੰਘ ਜੇਹੇ ਸੂਝਵਾਨ ਅਤੇ ਨੀਤੀਵੇਤਾ ਤੋਂ ਗੁਝੀ ਨਹੀਂ ਰਹਿ ਸਕਦੀ ਸੀ। ਇਸੇ ਲਈ ਉਸ ਨੇ ਖਾਲਸਈ ਤਾਕਤ ਨੂੰ ਸਮੁਚੇ ਤੌਰ ਤੇ ਇਕ ਥਾਂ ਕਰ ਲਿਆ।"[35] ਅਜ ਮਾਲਵੇ ਅਤੇ ਮਾਝੇ ਦੇ ਲੋਕਾਂ ਦੇ ਰਹਿਣ-ਸਹਿਣ, ਬੋਲ-ਚਾਲ ਅਤੇ ਸੋਚਣੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਸ ਦਾ ਸਭ ਤੋਂ ਵਡਾ ਇਕ ਕਾਰਨ ਇਹ ਹੈ ਕਿ ਮਾਲਵੇ ਦੇ ਲੋਕ 1947 ਤਕ ਰਜਵਾੜਿਆਂ ਦੇ ਅਧੀਨ ਮੁਜ਼ਾਰਿਆਂ ਵਾਂਗ ਰਹੇ ਸਨ ਜਦੋਂ ਕਿ ਮਾਝੇ ਦੇ ਲੋਕ ਮੁਢ ਤੋਂ ਹੀ ਸੁਤੰਤਰ ਜੀਵਨ ਜਿਉਂਦੇ ਰਹੇ ਹਨ।

ਇਸ ਲਈ ਇਹ ਗਲ ਮੰਨਣੀ ਪਏਗੀ ਕਿ ਰਣਜੀਤ ਸਿੰਘ ਖਾਲਸਈ ਰਵਾਇਤਾਂ ਨੂੰ ਤੋੜਨ ਦਾ ਦੋਸ਼ੀ ਨਹੀਂ। ਜੇ ਕੋਈ ਦੋਸ਼ੀ ਧਿਰ ਹੈ ਤਾਂ ਉਹ ਸਰਬਤ ਖਾਲਸੇ ਦੇ ਧਾਰਮਿਕ ਮੁਖੀਆਂ ਦੀ ਹੈ ਜਿਨ੍ਹਾਂ ਨੇ ਆਪਣੀ ਤਾਕਤ ਨੂੰ ਸਥਾਪਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸਗੋਂ ਰਣਜੀਤ ਦੇ ਪਿਛੇ ਲਗੇ ਰਹੇ। ਰਣਜੀਤ ਸਿੰਘ ਦੇ ਸਮੇਂ ਅਕਾਲੀ ਫੂਲਾ ਸਿੰਘ ਤੋਂ ਇਲਾਵਾ ਬਾਬਾ ਸਾਹਿਬ ਸਿੰਘ ਬੇਦੀ ਅਤੇ ਬਾਬਾ ਵੀਰ ਸਿੰਘ ਨੌਰੰਗਾਬਾਦੀਆ ਆਦਿ ਸਿਖ ਧਾਰਮਿਕ ਮੁਖੀ ਵੀ ਸਨ। ਪਰ ਕੀ ਇਨ੍ਹਾਂ ਨੇ ਕਦੇ ਰਣਜੀਤ ਸਿੰਘ ਨੂੰ ਸਿਖ ਰਵਾਇਤਾਂ ਤੇ ਤੁਰਨ ਲਈ ਕਿਹਾ ? ਕੀ ਅਕਾਲੀ ਫੂਲਾ ਸਿੰਘ ਤੋਂ ਪਿਛੋਂ ਉਨ੍ਹਾਂ ਦੇ ਉਤਰਾਧਿਕਾਰੀ ਅਕਾਲੀ ਸਾਧੂ ਸਿੰਘ ਨੇ ਖਾਲਸੇ ਦੀ ਸੁਤੰਤਰ ਤਾਕਤ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ? ਅਕਾਲੀ ਫੂਲਾ ਸਿੰਘ, ਰਣਜੀਤ ਸਿੰਘ ਨਾਲ ਮਤਭੇਦ ਹੋਣ ਤੇ ਵੀ ਰਣਜੀਤ ਸਿੰਘ ਦੀ ਮੁਹਿੰਮਾਂ ਵਿਚ ਸਭ ਤੋਂ ਅਗੇ ਹੋ ਕੇ ਲੜਦਾ ਰਿਹਾ ਸੀ। ਅਖੀਰ ਫੂਲਾ ਸਿੰਘ ਦੀ ਸ਼ਹਾਦਤ ਵੀ ਇਕ ਲੜਾਈ ਵਿਚ ਹੀ ਹੋਈ ਸੀ। ਵੈਸੇ ਤਾਂ ਇਹ ਗਲ ਹੋਣੀ ਨਹੀਂ ਸੀ ਚਾਹੀਦੀ ਕਿ ਅਕਾਲ ਤਖ਼ਤ ਦਾ ਜਥੇਦਾਰ ਇਉਂ ਖੁਦ ਅਗੇ ਹੋ ਕੇ ਲੜਦਾ ਕਿਉਂਕਿ ਉਹ ਪੰਥ ਦਾ ਆਗੂ ਸੀ ਨਾ ਕਿ ਰਣਜੀਤ ਸਿੰਘ ਦੀਆਂ ਫੌਜਾਂ ਦਾ ਕਮਾਂਡਰ। ਫਿਰ ਵੀ ਇਹ ਘਟਨਾਵਾਂ ਇਨ੍ਹਾਂ ਗਲਾਂ ਦੀਆਂ ਪਰਤੀਕ ਹਨ ਕਿ ਅਕਾਲੀਆਂ ਨੇ, ਜਿਹੜੇ ਕਿ ਪੰਥ ਨੂੰ ਅਗਵਾਈ ਦੇਣ ਵਾਲੇ ਮੰਨੇ ਜਾਂਦੇ ਸਨ, ਰਣਜੀਤ ਸਿੰਘ ਦੀ ਮਦਦ ਕਰ ਕੇ ਇਹ ਸਾਬਤ ਕਰ ਦਿਤਾ ਕਿ ਰਣਜੀਤ ਸਿੰਘ ਸਾਰੇ ਪੰਥ ਨੂੰ ਮਨਜ਼ੂਰ ਸੀ। ਕਿਸੇ ਵੀ ਸਿਖ ਨੇ ਰਣਜੀਤ ਸਿੰਘ ਦੇ ਖਿਲਾਫ਼ ਬਗਾਵਤ ਨਹੀਂ ਕੀਤੀ ਸਗੋਂ ਇਸ ਰਾਜ ਦੇ ਖਾਤਮੇ ਤੇ 1849 ਵਿਚ ਹਥਿਆਰ ਸਮਰਪਣ ਕਰਨ ਲਗਿਆਂ ਹਰ ਸਿੰਘ ਸਿਪਾਹੀ ਰੋਇਆ ਸੀ; ਹਰ ਹਿੰਦੂ ਅਤੇ ਮੁਸਲਮਾਨ ਇਸ ਰਾਜ ਦੇ ਖਾਤਮੇ ਤੇ ਝੂਰਿਆ ਸੀ।

ਇਸ ਲਈ ਕਸੂਰ ਇਸ ਵਿਚ ਰਣਜੀਤ ਸਿੰਘ ਦਾ ਨਹੀਂ, ਸਗੋਂ ਕਸੂਰ ਉਨ੍ਹਾਂ ਦਾ ਹੈ ਜੋ ਪੰਥ ਦੇ ਧਾਰਮਿਕ ਮੁਖੀ ਮੰਨੇ ਜਾਂਦੇ ਸਨ। ਧਾਰਮਿਕ ਮੁਖੀ ਜਾਂ ਅਕਾਲੀ ਸਨ ਤੇ ਜਾਂ ਸਿਖ ਸੰਤ। ਪਰ ਇਨ੍ਹਾਂ ਨੇ ਕਦੇ ਵੀ ਸਰਬਤ ਖਾਲਸਾ ਸਮਾਗਮ ਬੁਲਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਗਲ ਨੂੰ ਕਹਾਂਗੇ ਤਾਂ ਅਸੀਂ ਇਹੀ ਕਿ ਇਸ ਸਮੇਂ ਖਾਲਸਾ ਸਿਧਾਂਤਕ ਤੌਰ ਤੇ ਪਿਛੇ ਜਾ ਪਿਆ ਸੀ ਪਰ ਇਸ ਦਾ ਜ਼ਿੰਮੇਦਾਰ ਰਣਜੀਤ ਸਿੰਘ ਨਹੀਂ ਸੀ ਸਗੋਂ ਖਾਲਸੇ ਦੇ ਧਾਰਮਿਕ ਮੁਖੀ ਸਨ।

---

35. ਫਤਿਹਨਾਮਾ ਗੁਰੂ ਖ਼ਾਲਸਾ ਜੀ ਕਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 74.

ਅਗਲਾ ਨੁਕਤਾ ਹੈ ਰਣਜੀਤ ਸਿੰਘ ਵਲੋਂ ਸਿਖ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਕਰਵਾਉਣ ਦਾ। ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ ਵੀ ਰਾਜਨੀਤਕ ਸ਼ਕਤੀ ਤੋਂ ਬਿਨਾਂ ਨਹੀਂ ਹੋ ਸਕਦੀ। ਰਣਜੀਤ ਸਿੰਘ ਨੇ ਆਪਣੀ ਰਾਜਨੀਤਕ ਸ਼ਕਤੀ ਨੂੰ ਪੂਰੀ ਤਰਾਂ ਇਸ ਕੰਮ ਲਈ ਵਰਤਿਆ। ਪੰਜਾਬ ਦੇ ਸਤਲੁਜੋਂ ਪਾਰ ਦੇ ਇਲਾਕੇ ਵਿਚ ਜਿਤਨੇ ਵੀ ਵਡੇ ਵਡੇ ਗੁਰਦੁਆਰੇ ਹਨ ਇਨਾਂ ਸਭ ਦੀ ਉਸਾਰੀ ਰਣਜੀਤ ਸਿੰਘ ਦੇ ਸਮੇਂ ਹੀ ਹੋਈ ਹੈ ਅਤੇ ਪਹਿਲੇ ਉਸਰ ਚੁਕੇ ਗੁਰਦੁਆਰਿਆਂ ਨੂੰ ਹੋਰ ਸ਼ਿੰਗਾਰਿਆ ਗਿਆ। ਸਿਰੀ ਦਰਬਾਰ ਸਾਹਿਬ ਅੰਮਿਰਤਸਰ, ਤਰਨ ਤਾਰਨ, ਨਨਕਾਣਾ ਸਾਹਿਬ ਆਦਿ ਗੁਰਦੁਆਰਿਆਂ ਤੇ ਸੋਨੇ ਦੇ ਪਤਰੇ ਸਭ ਰਣਜੀਤ ਸਿੰਘ ਨੇ ਹੀ ਚੜ੍ਹਵਾਏ ਸਨ। ਇਨਾਂ ਉਪਰ ਅਜ ਹਰ ਸਿਖ ਮਾਣ ਕਰ ਰਿਹਾ ਹੈ। ਤਖ਼ਤ ਸਿਰੀ ਹਜ਼ੂਰ ਸਾਹਿਬ ਕਦੇ ਵੀ ਵਰਤਮਾਨ ਰੂਪ ਨਹੀਂ ਸੀ ਲੈ ਸਕਦਾ ਜੇਕਰ ਰਣਜੀਤ ਸਿੰਘ ਦੀ ਰਾਜਨੀਤਕ ਸ਼ਕਤੀ ਸਥਾਪਤ ਨਾ ਹੁੰਦੀ। ਇਸ ਅਸਥਾਨ ਬਾਰੇ ਇਕ ਬੜੀ ਗਲਤ ਰਵਾਇਤ ਪਰਚਲਤ ਸੀ ਕਿ ਇਸ ਅਸਥਾਨ ਨੂੰ ਪਕਾ ਕਰਾਉਣ ਵਾਲੇ ਦੀ ਸੰਤਾਨ ਨਹੀਂ ਰਹੇਗੀ। ਉਨੀਵੀਂ ਸਦੀ ਦੇ ਪਹਿਲੇ ਅਧ ਵਾਲੇ ਗੈਰ–ਵਿਗਿਆਨਕ ਯੁਗ ਵਿਚ ਵੀ ਜੇ ਰਣਜੀਤ ਸਿੰਘ ਨੇ ਇਸ ਰਵਾਇਤ ਦੀ ਪਰਵਾਹ ਨਾ ਕਰਦਿਆਂ ਇਸ ਅਸਥਾਨ ਨੂੰ ਪਕਾ ਕਰਵਾਇਆ ਤਾਂ ਇਸ ਦਾ ਭਾਵ ਇਹੀ ਹੈ ਕਿ ਰਣਜੀਤ ਸਿੰਘ ਦਿਮਾਗੀ ਤੌਰ ਤੇ ਕਿਤਨਾ ਜਾਗਰਿਤ ਸੀ ਅਤੇ ਧਾਰਮਿਕ ਤੌਰ ਤੇ ਸਿਖ ਧਰਮ ਨਾਲ ਕਿਤਨਾ ਸਬੰਧਤ ਸੀ। ਕਾਬਲ ਤੋਂ ਸੋਮਨਾਥ ਦੇ ਮੰਦਰ ਦੇ ਦਰਵਾਜ਼ੇ ਲਿਆ ਕੇ ਦਰਬਾਰ ਸਾਹਿਬ ਦੀ ਡਿਊਢੀ ਨੂੰ ਲਗਾਉਣਾ ਸਾਰੇ ਦੇਸ਼ ਵਿਚ ਸਰਕਾਰੀ ਤੌਰ ਤੇ ਤਮਾਕੂ ਤੇ ਪਾਬੰਦੀ ਲਗਾਉਣਾ,[36] ਹਰ ਕੰਮ ਸ਼ੁਰੂ ਕਰਨ ਵੇਲੇ ਗੁਰੂ ਗਰੰਥ ਸਾਹਿਬ ਦਾ ਵਾਕ ਲੈਣਾ, ਸਾਰੇ ਦਰਬਾਰੀਆਂ ਦਾ ਲਿਬਾਸ ਖਾਲਸੇ ਦੇ ਸਭਿਆਚਾਰ ਵਾਲਾ ਰਖਵਾਉਣਾ ਆਦਿ ਗਲਾਂ ਰਣਜੀਤ ਸਿੰਘ ਦੀ ਕਿਹੜੀ ਰੁਚੀ ਨੂੰ ਦਰਸਾਉਂਦੀਆਂ ਹਨ? ਇਥੇ ਇਕ ਗਲ ਹੋਰ ਮੈਂ ਲਿਖਣੀ ਚਾਹਵਾਂਗਾ ਜਿਹੜੀ ਰਣਜੀਤ ਸਿੰਘ ਨੂੰ ਬਾਕੀ ਦੇ ਸਮਕਾਲੀ ਸਿਖ ਰਾਜਿਆਂ ਨਾਲੋਂ ਨਿਖੇੜਦੀ ਹੈ। ਉਹ ਹੈ ਰਿਆਸਤ ਪਟਿਆਲਾ ਵਿਚਲੇ ਤਖ਼ਤ ਸਿਰੀ ਦਮਦਮਾ ਸਾਹਿਬ ਦੀ। ਰਣਜੀਤ ਸਿੰਘ ਦੇ ਆਪਣੇ ਰਾਜ ਵਿਚ ਦੋ ਤਖ਼ਤ ਸਨ। ਸਿਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸਿਰੀ ਕੇਸਗੜ੍ਹ ਸਾਹਿਬ ਆਨੰਦਪੁਰ। ਇਨਾਂ ਦੋਹਾਂ ਤਖ਼ਤਾਂ ਦੀ ਉਸ ਨੇ ਪੂਰੇ ਤੌਰ ਤੇ ਸ਼ਾਨੋ-ਸ਼ੌਕਤ ਵਧਾਈ। ਦੋ ਤਖ਼ਤਾਂ, ਤਖ਼ਤ ਸਿਰੀ ਪਟਣਾ ਸਾਹਿਬ ਅਤੇ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਸਿਖ ਰਾਜ ਤੋਂ ਬਾਹਰ ਹੋਣ ਦੇ ਬਾਵਜੂਦ ਵੀ ਉਨਾਂ ਦੀ ਸੇਵਾ ਕਰਵਾਈ। ਪਰ ਪਟਿਆਲਾ ਰਿਆਸਤ ਵਿਚ ਸਿਰਫ ਇਕੋ ਹੀ ਤਖ਼ਤ ਸੀ ਅਤੇ ਇਸ ਰਿਆਸਤ ਦੇ ਰਾਜਿਆਂ ਨੇ ਇਸ ਤਖ਼ਤ ਦੀ ਇਤਨੀ ਮਿਟੀ ਪਲੀਤ ਕੀਤੀ ਸੀ ਕਿ ਇਹ ਆਪਣੇ ਤਖ਼ਤ ਹੋਣ ਦਾ ਹੀ ਮਾਣ ਖੋ ਚੁਕਿਆ ਸੀ ਅਤੇ ਪਟਿਆਲੇ ਦੇ ਇਕ ਜਾਗੀਰਦਾਰ[37] ਦੀ ਨਿਜੀ ਜਾਗੀਰ ਬਣਕੇ ਹੀ ਰਹਿ ਗਿਆ ਸੀ। ਇਸ ਦੀ ਸੇਵਾ ਕਰਵਾਉਣ ਲਈ ਰਣਜੀਤ ਸਿੰਘ ਨੇ ਇਕ ਤੋਂ ਵਧ ਵਾਰ ਪਟਿਆਲਾ ਰਿਆਸਤ ਦੇ ਰਾਜਿਆਂ ਤੋਂ ਇਜਾਜ਼ਤ ਲੈਣੀ ਚਾਹੀ ਪਰ ਇਨਾਂ ਰਾਜਿਆਂ ਨੇ ਨਾ ਹੀ

36. ਪ੍ਰੇਮ ਸਿੰਘ ਹੋਤੀ, ਮਹਾਰਾਜਾ ਰਣਜੀਤ ਸਿੰਘ, ਪਿਠਅੰਕਤ, ਪੰਨਾ 184.

37. ਇਹ ਜੀਵਨ ਸਿੰਘ ਸ਼ਹਿਜ਼ਾਦਪੁਰੀਆ ਸੀ। ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੀ ਭੈਣ ਦਾ ਵਿਆਹ ਇਸ ਨਾਲ ਕੀਤਾ ਸੀ ਅਤੇ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਵਿਆਹ ਵਿਚ ਦਹੇਜ ਦੇ ਰੂਪ ਵਿਚ ਜੀਵਨ ਸਿੰਘ ਨੂੰ ਦੇ ਦਿਤਾ ਸੀ। 1965 ਈਸਵੀ ਤਕ ਇਹ ਅਸਥਾਨ ਜੀਵਨ ਸਿੰਘ ਦੇ ਖਾਨਦਾਨ ਪਾਸ ਹੀ ਰਿਹਾ ਸੀ। ਇਸ ਜਾਗੀਰਦਾਰ ਨੇ ਇਸ ਨਾਲੋਂ ਤਖ਼ਤ ਦਾ ਸੰਕਲਪ ਜਾਣ ਬੁਝ ਕੇ ਤੁੜਵਾਇਆ ਸੀ ਤਾਂ ਕਿ ਕਦੇ ਸਿਖ ਇਕਠੇ ਹੋ ਕੇ ਇਥੋਂ ਕੋਈ ਹੁਕਮਨਾਮਾ ਜਾਰੀ ਨਾ ਕਰਵਾ ਸਕਣ। ਇਹੀ ਗਲ ਮਹਾਰਾਜਾ ਪਟਿਆਲਾ ਚਾਹੁੰਦਾ ਸੀ ਕਿ ਉਸ ਦੇ ਰਾਜ ਵਿਚ ਐਸਾ ਕੋਈ ਵੀ ਅਸਥਾਨ ਨਹੀਂ ਹੋਣਾ ਚਾਹੀਦਾ ਜਿਥੇ ਕੋਈ ਹੁਕਮਨਾਮਾ ਜਾਰੀ ਹੋ ਸਕੇ।

ਇਜਾਜ਼ਤ ਦਿਤੀ ਅਤੇ ਨਾ ਹੀ ਆਪ ਸੇਵਾ ਕਰਵਾਈ।[38] ਇਹ ਤਖ਼ਤ ਸਿਰਫ 1965 ਈਸਵੀ ਵਿਚ ਹੀ ਤਖ਼ਤ ਹੋਣ ਦਾ ਮਾਣ ਦੁਬਾਰਾ ਪਰਾਪਤ ਕਰ ਸਕਿਆ ਹੈ। ਇਥੋਂ ਵੇਖਿਆ ਜਾ ਸਕਦਾ ਹੈ ਕਿ ਸਮਕਾਲੀ ਸਿਖ ਰਾਜਿਆਂ ਨਾਲੋਂ ਰਣਜੀਤ ਸਿੰਘ ਦੀ ਸੋਚਣੀ ਅਤੇ ਵਿਚਾਰਧਾਰਾ ਕਿਤਨੀ ਵਖਰੀ ਸੀ। ਕਿਉਂਕਿ ਸਾਰਾ ਕੰਮ ਕਾਰ ਖਾਲਸਾ ਜੀ ਦੇ ਨਾਂ ਤੇ ਹੀ ਹੁੰਦਾ ਸੀ ਅਤੇ ਖਾਲਸੇ ਦੇ ਲਿਬਾਸ ਨੂੰ ਹੀ ਕੌਮੀ ਲਿਬਾਸ ਦੇ ਤੌਰ ਤੇ ਅਪਣਾਇਆ ਗਿਆ ਸੀ ਇਸ ਲਈ ਸਿਖ ਸਭਿਆਚਾਰ ਅਤੇ ਧਰਮ ਦਾ ਪਰਚਾਰ ਆਪਣੇ ਆਪ ਹੀ ਹੋ ਰਿਹਾ ਸੀ।

## ਸਮਕਾਲੀ ਸਰਦਾਰਾਂ ਨਾਲ ਤੁਲਨਾ :

ਇਕ ਵਿਸ਼ੇਸ਼ ਨੁਕਤਾ, ਰਣਜੀਤ ਸਿੰਘ ਨੂੰ ਉਸ ਦੇ ਸਮਕਾਲੀ ਜਾਂ ਕੁਝ ਸਮਾਂ ਪਹਿਲਾਂ ਹੋਏ ਉਨਾਂ ਸਿਖ ਸਰਦਾਰਾਂ ਨਾਲ ਤੁਲਨਾਉਣ ਦਾ ਹੈ। ਇਸ ਮਕਸਦ ਲਈ ਅਸੀਂ ਉਸ ਨੂੰ ਬਾਬਾ ਆਲਾ ਸਿੰਘ ਨਾਲ ਤੁਲਨਾ ਸਕਦੇ ਹਾਂ ਕਿਉਂਕਿ ਇਸ ਦੇ ਘਰਾਣੇ ਨੇ ਹੀ ਪਕੇ ਤੌਰ ਤੇ ਰਿਆਸਤ ਦੀ ਸਥਾਪਨਾ ਕੀਤੀ ਸੀ। ਬਾਬਾ ਆਲਾ ਸਿੰਘ ਕਦੇ ਵੀ ਕਿਸੇ ਸਰਬਤ ਖਾਲਸੇ ਦੇ ਸਮਾਗਮ ਵਿਚ ਸ਼ਾਮਲ ਨਹੀਂ ਹੋਇਆ ਸਗੋਂ ਇਸ ਦੇ ਉਲਟ ਉਸ ਨੂੰ ਦੋ ਬਾਰ ਸਰਬਤ ਖਾਲਸੇ ਵਲੋਂ ਜੁਰਮਾਨਾ ਕੀਤਾ ਗਿਆ ਸੀ।[39] ਦੂਜਾ, ਉਸ ਦੀ ਮਿਸਲ ਦੀ ਸਥਾਪਨਾ ਅਕਾਲ ਤਖ਼ਤ ਸਾਹਿਬ ਵਲੋਂ ਨਹੀਂ ਕੀਤੀ ਗਈ।[40] ਤੀਜਾ, ਉਸ ਨੇ ਆਪਣੀ ਰਾਜਸੀ ਤਾਕਤ, ਸਰਬਤ ਖਾਲਸੇ ਵਲੋਂ ਨਹੀਂ ਸੀ ਪਰਾਪਤ ਕੀਤੀ ਸਗੋਂ ਅਹਿਮਦ ਸ਼ਾਹ ਅਬਦਾਲੀ ਅਤੇ ਉਸ ਦੇ ਪੁਤਰ ਤੈਮੂਰ ਸ਼ਾਹ ਵਲੋਂ ਖੈਰਾਤ ਦੇ ਰੂਪ ਵਿਚ ਲਈ ਸੀ। ਜਦੋਂ ਦੂਜਾ ਵਡਾ ਘਲੂਘਾਰਾ ਵਾਪਰਿਆ ਸੀ ਉਸ ਸਮੇਂ ਬਾਬਾ ਆਲਾ ਸਿੰਘ ਅਹਿਮਦਸ਼ਾਹ ਦਾ ਇਕ ਏਜੰਟ ਸੀ ਅਤੇ ਇਸ ਸਮੇਂ ਸਿਖ ਸਹਾਇਤਾ ਲਈ ਬਾਬਾ ਆਲਾ ਸਿੰਘ ਦਾ ਕੋਈ ਰੋਲ ਨਹੀਂ ਸੀ। ਸਿਰਫ ਇਕ ਗਲ ਮੰਨੀ ਜਾ ਸਕਦੀ ਹੈ ਕਿ ਇਸ ਦੇ ਇਲਾਕੇ ਵਿਚ ਜ਼ਖਮੀ ਸਿੰਘਾਂ ਨੂੰ ਕੁਝ ਦਿਨ ਰਹਿਣ ਦਾ ਮੌਕਾ ਮਿਲ ਗਿਆ ਸੀ। ਇਸ ਦਾ ਰੋਲ ਹਮੇਸ਼ਾ ਅਧੀਨਗੀ ਵਾਲਾ ਹੀ ਰਿਹਾ ਹੈ। ਜੇ ਮਰਹਟੇ ਆਏ ਤਾਂ ਇਸ ਨੇ ਮਰਹਟਿਆਂ ਦੀ ਈਨ ਮੰਨ ਲੈਣੀ, ਜੇ ਅਬਦਾਲੀ ਆਇਆ ਤਾਂ ਉਸ ਦੀ ਈਨ ਮੰਨ ਲਈ। ਸਭ ਤੋਂ ਹੈਰਾਨੀ ਦੀ ਗਲ ਇਹ ਸੀ ਕਿ ਜਦੋਂ ਸਰਬਤ ਖਾਲਸਾ (ਦਲ ਖਾਲਸਾ) ਇਸ ਤੇ ਚੜ੍ਹਾਈ ਕਰਦਾ ਸੀ ਤਾਂ ਉਸ ਅਗੇ ਵੀ ਹਥ ਬੰਨ ਕੇ ਅਤੇ ਗਲ 'ਚ ਪਲਾ ਪਾ ਕੇ ਖੜੋ ਜਾਂਦਾ ਸੀ। ਕੀ ਐਸਾ ਕੋਈ ਗੀਦੀਪਣ ਰਣਜੀਤ ਸਿੰਘ ਨੇ ਵੀ ਦਰਸਾਇਆ ਸੀ ? ਇਹ ਠੀਕ ਹੈ ਕਿ ਰਣਜੀਤ ਸਿੰਘ ਦਾ ਰਾਜ ਪੂਰੀ ਤਰ੍ਹਾਂ ਖਾਲਸਈ ਰਵਾਇਤਾਂ ਉਪਰ ਆਧਾਰਤ ਨਹੀਂ ਸੀ ਪਰ ਇਸ ਤਰਾਂ ਦੇ ਰਾਜ ਦੀ ਸੰਭਾਵਨਾ ਉਸ ਸਮੇਂ ਹੋ ਹੀ ਨਹੀਂ ਸਕਦੀ ਸੀ।

ਆਲਾ ਸਿੰਘ ਤੋਂ ਪਿਛੋਂ ਕਰਮ ਸਿੰਘ ਆਇਆ ਇਸ ਨੇ ਵੀ ਉਸੇ ਅਧੀਨਤਾ ਦੀ ਨੀਤੀ ਰਖੀ। ਫਿਰ ਸਾਹਿਬ ਸਿੰਘ ਆਇਆ। ਇਹ ਤਾਂ ਇਸ ਹਦ ਤਕ ਨਾ-ਅਹਿਲ ਅਤੇ ਕਮਜ਼ੋਰ ਸੀ ਕਿ ਇਸ ਤੋਂ ਆਪਣੀ ਪਤਨੀ ਆਸ ਕੌਰ ਵੀ ਠੀਕ ਨਹੀਂ ਹੋ ਸਕੀ ਸੀ। ਸਿਰਫ ਆਪਣੀ ਪਤਨੀ ਦੇ ਝਗੜੇ ਨੂੰ ਨਿਪਟਾਉਣ ਲਈ ਰਣਜੀਤ ਸਿੰਘ ਨੂੰ ਬੁਲਾਇਆ ਗਿਆ ਸੀ। ਇਸ ਸਮੇਂ ਇਸ ਨੇ ਬਾਕੀ ਰਾਜਿਆਂ ਨੂੰ ਨਾਲ ਲੈ ਕੇ ਆਪ ਅੰਗਰੇਜ਼ ਨੂੰ ਬੁਲਾਇਆ ਅਤੇ ਉਸ ਦੀ ਗੁਲਾਮੀ

38. ਦੇਖੋ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਤਖ਼ਤ ਸਿਰੀ ਦਮਦਮਾ ਸਾਹਿਬ ਦੀ ਖੋਜ ਪੜਤਾਲ ਕਰਨ ਲਈ ਨੀਯਤ ਕਮੇਟੀ ਦੀ ਰਿਪੋਰਟ : ਗੁਰਦੁਆਰਾ ਗਜ਼ਟ, ਨਵੰਬਰ 1965, ਪੰਨਾ 95.

39. ਕਰਮ ਸਿੰਘ ਹਿਸਟੋਰੀਅਨ, ਬਾਬਾ ਆਲਾ ਸਿੰਘ (ਪਟਿਆਲਾ, ਸੰਮਤ 1975 ਬਿ. ਮੁ. 1918 ਈ.), ਪੰਨੇ 196-226.

40. ਵਿਸਾਖੀ 1748 ਈਸਵੀ ਨੂੰ ਦਲ ਖਾਲਸੇ ਦੀਆਂ ਗਿਆਰਾਂ ਇਕਾਈਆਂ ਸਥਾਪਤ ਕੀਤੀਆਂ ਗਈਆਂ ਸਨ। ਇਹ ਗਿਆਰਾਂ ਇਕਾਈਆਂ ਹੀ ਬਾਦ ਵਿਚ ਗਿਆਰਾਂ ਮਿਸਲਾਂ ਦਾ ਰੂਪ ਧਾਰਨ ਕਰ ਗਈਆਂ ਸਨ। ਫੂਲਕੀਆਂ ਮਿਸਲ ਇਨਾਂ ਗਿਆਰਾਂ ਵਿਚ ਨਹੀਂ ਸੀ।

ਕਬੂਲ ਕੇ ਖੁਸ਼ੀ ਹਾਸਲ ਕੀਤੀ ।

ਰਣਜੀਤ ਸਿੰਘ ਦੇ ਮੁਕਾਬਲੇ ਤੇ ਸਿਰਫ ਇਹੀ ਇਕ ਸਿਖ ਘਰਾਣਾ ਸੀ ਜਿਸ ਨੇ ਆਪਣਾ ਰਾਜ ਕਾਇਮ ਕੀਤਾ ਸੀ ਪਰ ਇਸ ਰਾਜ-ਭਾਗ ਦੀ ਸਥਾਪਨਾ ਵਿਚ ਰਣਜੀਤ ਸਿੰਘ ਦੀ ਸਥਾਪਨਾ ਨਾਲੋਂ ਜ਼ਮੀਨ ਅਸਮਾਨ ਦਾ ਫਰਕ ਸੀ । ਇਸ ਘਰਾਣੇ ਨੇ ਰਾਜ-ਸ਼ਕਤੀ ਅਹਿਮਦ ਸ਼ਾਹ ਅਬਦਾਲੀ ਕੋਲੋਂ ਇਕ ਖ਼ੈਰਾਤ ਦੇ ਰੂਪ ਵਿਚ ਪਰਾਪਤ ਕੀਤੀ ਸੀ[41] ਜਦੋਂ ਕਿ ਰਣਜੀਤ ਸਿੰਘ ਨੇ ਸਰਬਤ ਖਾਲਸੇ ਦੇ ਬਲ ਨਾਲ ਪਰਾਪਤ ਕੀਤੀ ਸੀ ।

ਅਖੀਰ ਤੇ ਇਕ ਬਹੁਤ ਅਹਿਮ ਨੁਕਤਾ ਰਣਜੀਤ ਸਿੰਘ ਦੇ ਨਿਜੀ ਆਚਰਣ ਨੂੰ ਸਮਝਣ ਦਾ ਹੈ । ਅਸਲ ਵਿਚ ਉਸ ਦੇ ਨਿਜੀ ਆਚਰਣ ਬਾਰੇ ਹੀ ਆਮ ਤੌਰ ਤੇ ਦੋਸ਼ ਲਾਏ ਜਾਂਦੇ ਹਨ । ਪਹਿਲੀ ਗਲ ਹੈ ਉਸ ਦੀਆਂ ਇਕ ਤੋਂ ਵਧ ਸ਼ਾਦੀਆਂ ਦੀ । ਇਕ ਤੋਂ ਵਧ ਸ਼ਾਦੀ ਸਿਖ ਰਵਾਇਤਾਂ ਦੇ ਅਨੁਸਾਰ ਹੈ ਵਿਰੁਧ ਨਹੀਂ । ਦੂਜੀ ਗਲ ਰਾਣੀਆਂ ਦੇ ਸਤੀ ਹੋਣ ਦੀ ਹੈ । ਇਹ ਸਿਖ ਰਵਾਇਤਾਂ ਦੇ ਵਿਰੁਧ ਹੈ । ਪਰ ਦੇਖਣ ਵਾਲੀ ਗਲ ਇਹ ਹੈ ਕਿ ਸਤੀ ਹੋਣ ਵਾਲੀਆਂ ਰਾਣੀਆਂ ਵਿਚੋਂ ਕੋਈ ਵੀ ਸਿਖ ਰਾਣੀ ਨਹੀਂ ਸੀ ਸਭ ਹਿੰਦੂ ਸਨ ਅਤੇ ਇਹ ਵੀ ਆਪਣੀ ਮਰਜ਼ੀ ਅਨੁਸਾਰ ਸਤੀ ਹੋਈਆਂ ਸਨ, ਕਿਸੇ ਮਜਬੂਰੀ ਬਸ ਨਹੀਂ ।[42] ਭਾਵੇਂ ਕਿ ਇਉਂ ਹੋਣਾ ਵੀ ਠੀਕ ਨਹੀਂ ਸੀ । ਸ਼ਰਾਬੀ ਹੋਣ ਦੀ ਗਲ ਵੀ ਰਣਜੀਤ ਸਿੰਘ ਬਾਰੇ ਕਹੀ ਜਾਂਦੀ ਹੈ ਪਰ ਜਿਸ ਤਰਾਂ ਰਣਜੀਤ ਸਿੰਘ ਕਈ ਖ਼ਤਰਨਾਕ ਮੁਹਿੰਮਾਂ ਦੀ ਖੁਦ ਅਗੇ ਹੋ ਕੇ ਅਗਵਾਈ ਕਰਦਾ ਸੀ ਅਤੇ ਜਿਸ ਤਰਾਂ ਉਸ ਨੇ ਆਪਣੀ ਕਿਸੇ ਵੀ ਰਾਣੀ ਨੂੰ ਰਾਜ-ਕਾਜ ਦੇ ਕੰਮਾਂ ਉਪਰ ਭਾਰੂ ਨਹੀਂ ਹੋਣ ਦਿਤਾ, ਆਦਿ ਗਲਾਂ ਇਕ ਸ਼ਰਾਬੀ ਹਾਕਮ ਕੋਲੋਂ ਉਮੀਦੀਆਂ ਨਹੀਂ ਜਾ ਸਕਦੀਆਂ । ਜਹਾਂਗੀਰ ਸ਼ਰਾਬੀ ਸੀ ਉਸ ਨੇ ਨੂਰ ਜਹਾਂ ਦੇ ਹਥੋਂ ਸਿਰਫ ਇਕ ਪਿਆਲੇ ਬਦਲੇ ਸਾਰਾ ਰਾਜ-ਕਾਜ ਉਸ ਦੇ ਹੀ ਹਵਾਲੇ ਕਰ ਰਖਿਆ ਸੀ । ਜਹਾਂਗੀਰ ਕੋਈ ਵੀ ਮੁਹਿੰਮ ਨੂੰ ਸਖ਼ਸੀ ਰੂਪ ਵਿਚ ਅਗਵਾਈ ਦੇਣ ਦੇ ਕਾਬਲ ਨਹੀਂ ਸੀ । ਕੀ ਇਸ ਤਰਾਂ ਦੀ ਕੋਈ ਗਲ ਰਣਜੀਤ ਸਿੰਘ ਨਾਲ ਵੀ ਸਬੰਧਤ ਹੈ ? ਰਣਜੀਤ ਸਿੰਘ ਤੇ ਸਭ ਤੋਂ ਵਧ ਪਰਭਾਵ ਮੋਰਾਂ ਦਾ ਸੀ ਪਰ ਰਣਜੀਤ ਸਿੰਘ ਨੇ ਮੋਰਾਂ ਨੂੰ ਵੀ ਰਾਜ ਦੇ ਕੰਮਾਂ ਵਿਚ ਦਖਲ ਨਹੀਂ ਦੇਣ ਦਿਤਾ । ਉਸ ਦੇ ਵਿਰੋਧੀ ਮਸਾਂ ਖਿਚ-ਧੂਹ ਕਰ ਕੇ ਇਹ ਦੋਸ਼ ਲਾਉਂਦੇ ਹਨ ਕਿ ਰਣਜੀਤ ਸਿੰਘ ਨੇ ਮੋਰਾਂ ਦੇ ਨਾਂ ਦਾ ਸਿਕਾ ਚਲਾਇਆ ਸੀ । ਇਸ ਨੂੰ ਸਾਬਤ ਕਰਨ ਲਈ ਉਹ ਇਕ ਮੋਰ ਦੇ ਖੰਭ ਵਾਲਾ ਸਿਕਾ ਦਿਖਾਉਂਦੇ ਹਨ । ਕੀ ਮੋਰਾਂ ਦਾ ਪਰਤੀਕ ਮੋਰ ਦਾ ਖੰਭ ਹੀ ਸੀ ? ਮੋਰ ਪੰਜਾਬ ਦਾ ਮੁਢ ਕਦੀਮੋਂ ਰਾਸ਼ਟਰੀ ਜਾਨਵਰ ਰਿਹਾ ਹੈ ਅਤੇ ਇਹ ਖੰਭ ਇਸ ਪੰਛੀ ਦਾ ਪਰਤੀਕ ਹੈ ।[43] ਇਹ ਗਲ ਰਣਜੀਤ ਸਿੰਘ ਦੇ ਮਨ ਦੀ ਦਿਰੜਤਾ, ਪਕੀ ਲਗਨ ਅਤੇ ਰਾਜ ਪਰਤੀ ਆਪਣੀ ਜ਼ਿੰਮੇਦਾਰੀ ਨੂੰ ਦਰਸਾਉਂਦੀ ਹੈ ਕਿ ਉਸ ਨੇ ਆਪਣੀਆਂ ਅਤੀ ਪਿਆਰੀਆਂ ਰਾਣੀਆਂ ਨੂੰ ਵੀ ਆਪਣੇ ਉਪਰ ਭਾਰੂ ਨਹੀਂ ਹੋਣ ਦਿਤਾ । ਇਕ ਸ਼ਰਾਬੀ ਆਦਮੀ ਤੋਂ ਅਜਿਹੇ ਸਟੈਂਡ ਦੀ ਆਸ ਨਹੀਂ ਕੀਤੀ ਜਾ ਸਕਦੀ ।

ਇਕ ਹੋਰ ਦੋਸ਼ ਰਾਜਾ ਹੀਰਾ ਸਿੰਘ ਦੇ ਵਲ ਹਦੋਂ-ਵਧ ਉਲਾਰੂ ਹੋਣ ਦਾ ਲਾਇਆ ਜਾ ਰਿਹਾ ਹੈ । ਅਜੇਹੇ ਲੇਖਕਾਂ ਨੇ ਰਾਜਾ ਹੀਰਾ ਸਿੰਘ ਦੇ ਇਕੋ ਪਖ ਨੂੰ ਹੀ ਲਿਆ ਹੈ ਦੂਸਰੇ ਪਖਾਂ ਵਲ ਧਿਆਨ ਦੇਣ ਦੀ ਕਿਸੇ ਨੇ ਵੀ ਕੋਸ਼ਿਸ਼ ਨਹੀਂ ਕੀਤੀ । ਰਾਜਾ ਹੀਰਾ ਸਿੰਘ ਬਹੁਤ ਸੁੰਦਰ ਲੜਕਾ ਸੀ । ਸੁੰਦਰਤਾ ਦੇ ਨਾਲ ਨਾਲ ਉਸ ਵਿਚ ਸਿਆਣਪ ਅਤੇ ਸਮਝ ਵੀ ਬਹੁਤ ਜ਼ਿਆਦਾ ਸੀ । ਰਣਜੀਤ ਸਿੰਘ ਨੇ ਉਸ ਨੂੰ ਆਪਣੇ ਪੁਤਰਾਂ ਦੇ ਬਰਾਬਰ ਹਕ ਦੇ ਰਖੇ ਸਨ । ਜਦੋਂ ਐਸੇ ਲੇਖਕ ਇਹ ਕਹਿੰਦੇ ਹਨ ਕਿ ਰਣਜੀਤ ਸਿੰਘ ਨੇ ਹੀਰਾ ਸਿੰਘ ਨੂੰ ਆਪਣੇ ਵਡੇ ਪੁਤਰ ਖੜਕ ਸਿੰਘ ਨਾਲੋਂ

41. J S. Grewal, *Essays in Sikh History*, Amritsar, 1972, p. 94
42. ਵਹੀਦੁਦੀਨ, ਪਿਠਅੰਕਤ, ਪੰਨਾ 205.
43. ਦੇਖੋ ਡਾ. ਦਿਲਗੀਰ ਸਿੰਘ ਢਿਲੋਂ ਦਾ ਲੇਖ, ਪਿਠਅੰਕਤ, ਪੰਨਾ 330.

ਵੀ ਵਧ ਅਧਿਕਾਰ ਦੇ ਰਖੇ ਸਨ ਤਾਂ ਉਹ ਇਸ ਗਲ ਨੂੰ ਆਚਰਣ ਦੀ ਕਮਜ਼ੋਰੀ ਵਲ ਲੈ ਜਾਂਦੇ ਹਨ ਪਰ ਇਹ ਸ਼ਕ ਉਨਾਂ ਦੀ ਸਮਝ ਦੀ ਕਮਜ਼ੋਰਤਾ ਕਰਕੇ ਲਗਦਾ ਹੈ। ਅਸਲ ਵਿਚ ਕਿਸੇ ਨੇ ਸੋਚਿਆ ਹੀ ਨਹੀਂ ਕਿ ਜੇ ਰਣਜੀਤ ਸਿੰਘ ਆਪਣੇ ਪੁਤਰਾਂ ਨਾਲੋਂ ਜ਼ਿਆਦਾ ਧਿਆਨ, ਹੀਰਾ ਸਿੰਘ ਦਾ ਰਖਦਾ ਹੈ ਤਾਂ ਇਸ ਵਿਚ ਰਣਜੀਤ ਸਿੰਘ ਦੀ ਅਤੀ ਸਿਆਣਪ ਭਰੀ ਰਾਜਨੀਤਕ ਚਲਾਕੀ ਸੀ। ਹੀਰਾ ਸਿੰਘ, ਧਿਆਨ ਸਿੰਘ ਦਾ ਵਡਾ ਪੁਤਰ ਸੀ। ਧਿਆਨ ਸਿੰਘ, ਰਣਜੀਤ ਸਿੰਘ ਦਾ ਪਰਧਾਨ ਮੰਤਰੀ ਸੀ। ਸਿਰਫ ਪਰਧਾਨ ਮੰਤਰੀ ਨੂੰ ਆਪਣੇ ਕੰਟਰੋਲ ਵਿਚ ਰਖਣ ਲਈ ਉਸ ਦੇ ਪੁਤਰ ਨੂੰ ਰਣਜੀਤ ਸਿੰਘ ਨੇ ਉਸੇ ਤਰਾਂ ਹਰ ਸਮੇਂ ਆਪਣੇ ਪਾਸ ਜਾਂ ਆਪਣੀ ਨਿਗਰਾਨੀ ਹੇਠ ਰਖਿਆ ਸੀ ਜਿਵੇਂ ਕਿ ਸੁਲਤਾਨ ਅਤੇ ਮੁਗਲ ਬਾਦਸ਼ਾਹ ਆਪਣੇ ਅਧੀਨ ਰਾਜਿਆਂ ਮਹਾਰਾਜਿਆਂ ਦੇ ਵਡੇ ਪੁਤਰਾਂ ਨੂੰ ਇਕ ਜਰਗਮਾਲ (hostage) ਦੇ ਤੌਰ ਤੇ ਰਖਦੇ ਸਨ। ਹੀਰਾ ਸਿੰਘ ਸਿਰਫ ਇਕ ਜਰਗਮਾਲ ਦੇ ਤੌਰ ਤੇ ਹੀ ਰਖਿਆ ਹੋਇਆ ਸੀ ਤਾਂ ਕਿ ਧਿਆਨ ਸਿੰਘ ਦੀ ਤਾਕਤ ਨੂੰ ਕੰਟਰੋਲ ਹੇਠ ਰਖਿਆ ਜਾਵੇ। ਇਹ ਸਗੋਂ ਰਣਜੀਤ ਸਿੰਘ ਦੀ ਸਿਆਣਪ ਸੀ ਕਿ ਉਸ ਨੇ ਬਿਨਾ ਧਿਆਨ ਸਿੰਘ ਨੂੰ ਮਹਿਸੂਸ ਕਰਾਏ ਉਸ ਦੇ ਪੁਤਰ ਨੂੰ ਆਪਣੇ ਕਬਜ਼ੇ ਵਿਚ ਕਰ ਕੇ ਰਖਿਆ ਸੀ। ਹੋ ਸਕਦਾ ਹੈ ਕਿ ਧਿਆਨ ਸਿੰਘ ਵੀ ਇਸ ਗਲ ਨੂੰ ਸਮਝਦਾ ਹੋਵੇ ਪਰ ਉਸ ਨੇ ਚੁੱਪ ਵਿਚ ਹੀ ਭਲਾ ਸਮਝਿਆ ਹੋਵੇ। ਵਹੀਦੁਦੀਨ ਦੇ ਅਨੁਸਾਰ ਰਣਜੀਤ ਸਿੰਘ ਦੇ ਦਰਬਾਰ ਵਿਚ ਕਈ ਮੌਕੇ ਐਸੇ ਵੀ ਆਏ ਸਨ ਜਦੋਂ ਕਿ ਉਸ ਦਾ ਕੋਈ ਵੀ ਪੁਤਰ ਦਰਬਾਰ ਵਿਚ ਹਾਜ਼ਰ ਨਹੀਂ ਹੁੰਦਾ ਸੀ ਪਰ ਹੀਰਾ ਸਿੰਘ ਹਰ ਸਮੇਂ ਹਾਜ਼ਰ ਰਹਿੰਦਾ ਸੀ। ਇਥੋਂ ਤਕ ਕਿ ਰਾਤ ਨੂੰ ਸੌਣ ਅਤੇ ਸਵੇਰੇ ਉਠਣ ਸਮੇਂ ਰਣਜੀਤ ਸਿੰਘ ਖੁਦ ਉਸ ਦੀ ਨਿਗਰਾਨੀ ਕਰਦਾ ਹੁੰਦਾ ਸੀ। ਇਸ ਗਲ ਤੋਂ ਸਪਸ਼ਟ ਹੈ ਕਿ ਰਣਜੀਤ ਸਿੰਘ ਨੇ ਕਿਸ ਤਰਾਂ ਹੀਰਾ ਸਿੰਘ ਨੂੰ ਆਪਣਾ ਬੰਦੀ ਬਣਾਇਆ ਹੋਇਆ ਸੀ ਭਾਵੇਂ ਕਿ ਇਸ ਬੰਦੀ ਤੇ ਮੁਤਬੰਨੇ ਪੁਤਰ ਦੇ ਨਾਂ ਦਾ ਪਰਦਾ ਪਾਇਆ ਹੋਇਆ ਸੀ। ਅਸਲ ਵਿਚ ਇਹ ਰਣਜੀਤ ਸਿੰਘ ਦੀ ਅਤੀ ਸਿਆਣਪ ਭਰੀ ਰਾਜਨੀਤਕ ਚਲਾਕੀ ਸੀ। ਰਾਜਾ ਹੀਰਾ ਸਿੰਘ ਤੋਂ ਇਲਾਵਾ ਹੋਰ ਵੀ ਕਈ ਵਜ਼ੀਰਾਂ ਅਤੇ ਸਰਦਾਰਾਂ ਦੇ ਪੁਤਰ ਰਣਜੀਤ ਸਿੰਘ ਨੇ ਆਪਣੇ ਪਾਸ ਰਖੇ ਹੋਏ ਸਨ।[44]

ਜਿਥੋਂ ਤਕ ਰਣਜੀਤ ਸਿੰਘ ਦੇ ਧਾਰਮਿਕ ਜੀਵਨ ਦਾ ਸਬੰਧ ਹੈ ਇਸ ਸਬੰਧ ਵਿਚ ਜ਼ਫਰਨਾਮਾ-ਇ-ਰਣਜੀਤ ਸਿੰਘ[45] ਅਤੇ ਉਮਦਾ ਉੱਤਵਾਰੀਖ਼[46] ਵਿਚ ਬਾਰ ਬਾਰ ਅਜਿਹੇ ਹਵਾਲੇ ਮਿਲਦੇ ਹਨ ਜਦੋਂ ਕਿ ਰਣਜੀਤ ਸਿੰਘ ਹਰ ਕਿਸਮ ਦੇ ਕਿਸੇ ਵਡੇ ਕੰਮ ਦੀ ਪੂਰਤੀ ਪਿਛੋਂ ਗੁਰੂ ਗਰੰਥ ਸਾਹਿਬ ਦਾ ਪਾਠ ਸੁਣਿਆ ਕਰਦਾ ਸੀ। ਹਰ ਕੰਮ ਦੀ ਸ਼ੁਰੂਆਤ ਸਮੇਂ ਵੀ ਗੁਰੂ ਗਰੰਥ ਸਾਹਿਬ ਦਾ ਵਾਕ ਲਿਆ ਜਾਂਦਾ ਸੀ। ਇਸ ਤੋਂ ਇਲਾਵਾ ਜਿਹੜੀ ਵੀ ਕੋਈ ਅਤੀ ਸੁੰਦਰ ਵਸਤੂ ਹੁੰਦੀ ਸੀ ਉਸ ਨੂੰ ਰਣਜੀਤ ਸਿੰਘ ਆਪਣੇ ਪਾਸ ਰਖਣ ਦੀ ਬਜਾਏ ਸਿਰੀ ਦਰਬਾਰ ਸਾਹਿਬ ਵਿਚ ਰਖਣ ਲਈ ਭੇਜ ਦਿੰਦਾ ਸੀ। ਨਿਜ਼ਾਮ ਹੈਦਰਾਬਾਦ ਵਲੋਂ ਭੇਜੀ ਗਈ ਅਤੀ ਕੀਮਤੀ ਚਾਨਣੀ ਜਦੋਂ ਰਣਜੀਤ ਸਿੰਘ ਦੇ ਦਰਬਾਰ ਵਿਚ ਲਗਾਈ ਗਈ ਤਾਂ ਇਸ ਦੀ ਸੁੰਦਰਤਾ ਦੇਖ ਕੇ ਉਸ ਨੇ ਇਸ ਚਾਨਣੀ ਨੂੰ ਝਟ ਸਿਰੀ ਦਰਬਾਰ ਸਾਹਿਬ ਵਿਖੇ ਸਿਰੀ ਗੁਰੂ ਗਰੰਥ ਸਾਹਿਬ ਉਪਰ ਲਾਉਣ ਲਈ ਭੇਜ ਦਿਤਾ। ਇਹ ਤਾਂ ਇਕ ਮਿਸਾਲ ਹੈ, ਐਸੀਆਂ ਮਿਸਾਲਾਂ ਹੋਰ ਵੀ ਬਹੁਤ ਹਨ ਜਿਨਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਰਣਜੀਤ ਸਿੰਘ ਨੇ ਆਪਣੇ ਦਰਬਾਰ ਤੋਂ ਉਪਰ ਇਕ ਹੋਰ ਸੁਪਰ ਦਰਬਾਰ

---

44. ਦ ਰੀਅਲ ਰਣਜੀਤ ਸਿੰਘ, ਪਿਠਅੰਕਤ, ਪੰਨੇ 157-59.
45. ਜ਼ਫਰਨਾਮਾ-ਇ-ਰਣਜੀਤ ਸਿੰਘ, ਪਿਠਅੰਕਤ, ਪੰਨੇ
46. ਉਮਦਾ ਉੱਤਵਾਰੀਖ਼, ਪਿਠਅੰਕਤ, ਪੰਨੇ 74, 106, 194.

ਮੰਨਿਆ ਹੋਇਆ ਸੀ ਜਿਹੜਾ ਗੁਰੂ (ਜਾਂ ਸਰਬਤ ਖਾਲਸੇ) ਦਾ ਦਰਬਾਰ ਸੀ ।

ਰਣਜੀਤ ਸਿੰਘ ਦੇ ਧਾਰਮਿਕ ਪਖ ਬਾਰੇ ਕੁਝ ਲੇਖਕਾਂ ਦੇ ਹਵਾਲੇ ਬੜੇ ਹੀ ਮਹਤਵਪੂਰਨ ਹਨ । ਗਿਆਨ ਸਿੰਘ ਲਿਖਦਾ ਹੈ : "ਮਹਾਰਾਜੇ ਦੇ ਚੇਹਰੇ ਤੇ ਕੁਦਰਤੀ ਨੂਰ ਵਸਦਾ ਸੀ, ਜਿਸ ਤੋਂ ਉਸ ਦੀ ਸ਼ਕਲ ਬੜੀ ਰੋਬਦਾਬ ਤੇ ਦਬਦਬੇ ਵਾਲੀ ਸੀ; ਮਥਾ ਬਹੁਤ ਖੁਲਾ ਸੀ । ਉਸ ਦੀ ਚਿਟੀ ਤੇ ਲੰਮੀ ਦਾੜੀ ਚੇਹਰੇ ਤੇ ਬੜੀ ਹੀ ਹਛੀ ਮਾਲੂਮ ਹੁੰਦੀ ਸੀ । ਮਹਾਰਾਜੇ ਨੂੰ ਦਾੜੀ ਇਨੀ ਹਛੀ ਮਾਲੂਮ ਹੁੰਦੀ ਸੀ ਕਿ ਜਿਸ ਸਿਪਾਹੀ ਜਾਂ ਸਰਦਾਰ ਦੀ ਲੰਮੀ ਦਾੜੀ ਵੇਖਦਾ, ਉਸ ਤੇ ਬੜਾ ਖੁਸ਼ ਹੁੰਦਾ ਬਲਕੇ ਅਠ ਅਠ ਆਨੇ ਰੁਪਯਾ ਰੁਪਯਾ ਨਿਤਾਪਰਤੀ ਦਾ ਕੇਵਲ ਦਾੜੀ ਦੇ ਵਾਸਤੇ ਉਹਨਾਂ ਦੀ ਤਨਖ਼ਾਹ ਵਿਚ ਵਧਾ ਦੇਂਦਾ ਜਿਸ ਤੇ ਕਈ ਆਦਮੀਆਂ ਨੇ ਇਸੇ ਲਾਲਚ ਵਿਚ ਆ ਕੇ ਦਾੜੀ ਰਖਣੀ ਸ਼ੁਰੂ ਕਰ ਦਿਤੀ । ...ਸਵੇਰੇ ਤਿੰਨ ਵਜੇ ਉਠਦਾ...ਫਿਰ ਅਸ਼ਨਾਨ ਕਰ ਕੇ ਦਸਤਾਰ ਬੰਨਦਾ ਤੇ ਕਪੜੇ ਪਾਂਦਾ, ਹਰ ਰੋਜ਼ ਅਧਾ ਘੰਟਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਸੁਣਦਾ, 11) ਦਾ ਪ੍ਰਸ਼ਾਦ ਤੇ 25) ਭੇਟਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਰ ਕੇ ਫਿਰ ਘੋੜੇ ਤੇ ਸਵਾਰ ਹੋ ਸੈਰ ਕਰਨ ਚਲਾ ਜਾਂਦਾ ।"[47]

ਕੈਪਟਨ ਵਿਲੀਅਮ ਮਰੇ ਲਿਖਦਾ ਹੈ : "ਰਣਜੀਤ ਸਿੰਘ ਦੀ ਇਹ ਇਕ ਆਮ ਗਲ ਸੀ ਕਿ ਜਦ ਭੀ ਉਸ ਨੇ ਕੋਈ ਅਹਿਮ ਗਲ ਕਰਨੀ ਹੁੰਦੀ ਸੀ ਤਾਂ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਦੋ ਪਰਚੀਆਂ ਪਾਈਆਂ ਜਾਂਦੀਆਂ ਸਨ । ਇਕ ਪਰਚੀ ਉਤੇ ਉਸ ਦੀ ਮਨੋਭਾਵਨਾ ਅਤੇ ਦੂਸਰੀ ਉਤੇ ਉਸ ਦੇ ਉਲਟ ਲਿਖਿਆ ਜਾਂਦਾ । ਫੇਰ ਕਿਸੇ ਨਿਕੇ ਬਚੇ ਨੂੰ ਬੁਲਾ ਕੇ ਇਕ ਪਰਚੀ ਕਢਣ ਲਈ ਕਿਹਾ ਜਾਂਦਾ । ਜੋ ਕੁਝ ਵੀ ਨਿਕਲ ਆਉਂਦਾ ਹਜ਼ੂਰ ਉਸੇ ਨੂੰ ਰਬੀ ਹੁਕਮ ਮੰਨ ਕੇ ਪਰਸੰਨ ਚਿਤ ਹੋ ਜਾਂਦੇ ।"[48] ਕਰਨਲ ਜੀ. ਬੀ. ਮੈਲਸਿਨ ਲਿਖਦਾ ਹੈ : "ਅਠਾਂ ਵਰਿਆਂ ਵਿਚ ਹੀ ਰਣਜੀਤ ਸਿੰਘ ਦਾ ਕਰੈਕਟਰ ਬਣ ਚੁਕਿਆ ਸੀ । ਗੁਰੂ ਗੋਬਿੰਦ ਸਿੰਘ ਦਾ ਇਕ ਸਚਾ ਸਿਖ ਹੋਣ ਦੀ ਹੈਸੀਅਤ ਵਿਚ ਉਹ ਅਫਗਾਨ ਹਮਲਾਵਰਾਂ ਨੂੰ ਇਸ ਲਈ ਬੜੀ ਨਫ਼ਰਤ ਨਾਲ ਵੇਖਦਾ ਸੀ ਕਿਉਂਕਿ ਉਸ ਨੂੰ ਯਕੀਨ ਹੋ ਚੁਕਿਆ ਸੀ ਕਿ ਉਹ ਆਜ਼ਾਦੀ ਅਤੇ ਸਹਿਣਸ਼ੀਲਤਾ ਦੇ ਪਕੇ ਵੈਰੀ ਹਨ ਜੋ ਕਿ ਉਸ ਦੀ ਆਪਣੀ ਕੌਮ ਦੇ ਮੁਖ ਆਦਰਸ਼ ਸਨ ।"[49] ਸਰ ਗਫ਼ ਅਤੇ ਇਨਿਸ ਲਿਖਦੇ ਹਨ : "ਰਣਜੀਤ ਸਿੰਘ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਇਕ ਖਾਦਮ ਬਣਾ ਕੇ ਸਦਾ ਗੁਰੂ ਦੇ ਨਾਮ ਤੇ ਅਤੇ ਖਾਲਸੇ ਦੀਆਂ ਚੜਦੀਆਂ ਕਲਾਂ ਲਈ ਸਭ ਕੰਮ ਕਰ ਕੇ, ਉਸ ਨੇ ਸਿਖ ਦਿਲਾਂ ਵਿਚ ਇਕ ਤੜਪ ਪੈਦਾ ਕਰ ਦਿਤੀ ਸੀ ।"[50]

ਫਕੀਰ ਵਹੀਦੁਦੀਨ, ਜੋ ਰਣਜੀਤ ਸਿੰਘ ਉਪਰ ਇਕ ਵਿਸ਼ੇਸ਼ ਅਥਾਰਟੀ ਰਖਦਾ ਹੈ, ਲਿਖਦਾ ਹੈ : "ਰਣਜੀਤ ਸਿੰਘ ਇਕ ਸ਼ਰਧਾਲੂ ਸਿਖ ਸੀ । ਉਸ ਦਾ ਰੋਜ਼ਾਨਾ ਦਾ ਕੰਮ-ਕਾਜ ਸਵੇਰ ਦੀ ਅਰਦਾਸ ਨਾਲ ਸ਼ੁਰੂ ਹੁੰਦਾ । ਉਹ ਇਸ਼ਨਾਨ ਕਰਦਾ, ਕਪੜੇ ਪਹਿਨਦਾ, ਹਥਿਆਰਬੰਦ ਹੁੰਦਾ ਅਤੇ ਉਸ ਕਮਰੇ ਵਿਚ ਜਾਂਦਾ ਜਿਥੇ ਗੁਰੂ ਗਰੰਥ ਸਾਹਿਬ ਜੀ ਵਿਚੋਂ ਕੋਈ ਸ਼ਬਦ ਸੁਣਾਇਆ ਜਾਂਦਾ ਸੀ । ਇਸ ਪਿਛੋਂ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਅਤੀ ਸੁੰਦਰ ਕਲਗੀ ਨੂੰ ਨਮਸਕਾਰ ਕਰਦਾ, ਆਪਣੀਆਂ ਅਖਾਂ ਅਤੇ ਮਸਤਕ ਨਾਲ ਲਾਉਂਦਾ ।...ਗੁਰੂ ਗਰੰਥ ਸਾਹਿਬ ਵਿਚ ਉਸ ਦਾ ਇਤਨਾ ਪਕਾ ਵਿਸ਼ਵਾਸ ਸੀ । ਉਸ ਨੇ ਕੋਈ ਵੀ ਵਡਾ ਫੈਸਲਾ ਜਾਂ ਮੁਹਿੰਮ ਗੁਰੂ ਦੇ ਵਾਕ ਲੈਣ ਤੋਂ ਬਿਨਾਂ

47. ਤਵਾਰੀਖ਼ ਰਾਜ ਖਾਲਸਾ, ਪੰਨੇ 401-03.
48. ਹਿਸਟਰੀ ਆਫ਼ ਦਾ ਪੰਜਾਬ, (ਲੰਡਨ, 1846).
49. ਡਿਸਾਈਵ ਬੈਟਲਜ਼ ਆਫ਼ ਇੰਡੀਆ ਫਰਾਮ 1746 ਟੂ 1849, (ਲੰਡਨ, 1888).
50. Charles Gough & Innes Arthur, *The Sikhs and the Sikh wars, the rise, conquest and annexation of the Punjab State*, (London, 1897), p. 29.

ਸ਼ੁਰੂ ਨਹੀਂ ਕੀਤਾ। ਕਦੀ ਕਦੀ ਤਾਂ ਉਹ ਛੋਟੇ ਮੋਟੇ ਕੰਮਾਂ ਲਈ ਵੀ ਇਨਾਂ ਤੋਂ ਭਵਿਖਬਾਣੀ ਪਰਾਪਤ ਕਰਦਾ ਸੀ। ਪਰੰਤੂ ਉਹ ਅੰਨੀ ਲਗਨ ਵਾਲਾ ਤੇ ਕਟੜ ਵਿਅਕਤੀ ਨਹੀਂ ਸੀ ਅਤੇ ਸਚੇ ਧਾਰਮਿਕ ਪੁਰਸ਼ਾਂ ਵਾਂਗ ਦਿਖਾਵੇ ਤੇ ਪਾਖੰਡ ਲਈ ਉਸ ਨੂੰ ਬੜੀ ਘਿਰਣਾ ਸੀ।...ਅਸਲ ਗਲ ਤਾਂ ਇਹ ਹੈ ਕਿ ਰਣਜੀਤ ਸਿੰਘ ਕੋਈ ਦੰਭੀ ਵਹਿਮੀ ਜਾਂ ਮੌਕਾਪਰਸਤ ਨਹੀਂ ਸੀ ਸਗੋਂ ਦਿਲ ਦੀਆਂ ਡੂੰਘਾਣਾਂ ਤੋਂ ਧਾਰਮਿਕ ਤੇ ਸਿਦਕੀ ਬੰਦਾ ਸੀ। ਉਹ ਬਿਨਾਂ ਕਿਸੇ ਧਾਰਮਿਕ ਭਿੰਨ ਭੇਦ ਦੇ ਸਭ ਪਵਿਤਰ ਤੇ ਆਤਮਿਕ ਗਲਾਂ ਦਾ ਸਤਿਕਾਰ ਕਰਦਾ ਸੀ।

ਸੀਤਾ ਰਾਮ ਕੋਹਲੀ ਲਿਖਦਾ ਹੈ: "ਮਹਾਰਾਜਾ ਰਣਜੀਤ ਸਿੰਘ ਸਿਖ ਮਤ ਦਾ ਸ਼ਰਧਾਲੂ ਸੀ। ਗੁਰੂ ਗਰੰਥ ਸਾਹਿਬ ਦਾ ਪਾਠ ਨਿਤਾਪਰਤੀ ਸੁਣਿਆ ਕਰਦਾ ਸੀ। ਦਰਬਾਰ ਸਾਹਿਬ, ਅੰਮਿਰਤਸਰ ਵਿਚ ਰੋਜ਼ਾਨਾ ਪਰਸ਼ਾਦ ਵਾਸਤੇ ਚੁੰਗੀ ਦੇ ਮਸੂਲ ਵਿਚੋਂ ਇਕ ਸੋਹਣੀ ਰਕਮ ਵਖ ਕੀਤੀ ਹੁੰਦੀ ਸੀ। ਮਹਾਰਾਜਾ ਅਰਦਾਸ ਕਰਵਾਉਣ ਦਾ ਬੜਾ ਪਾਬੰਦ ਸੀ ਅਤੇ ਇਸ ਉਤੇ ਹਜ਼ਾਰਾਂ ਰੁਪਏ ਹਰ ਵਰੇ ਖਰਚਦਾ ਹੁੰਦਾ ਸੀ। ਦਰਬਾਰ ਸਾਹਿਬ ਅੰਮਿਰਤਸਰ ਤੋਂ ਵਖ ਹੋਰਨਾਂ ਵਡੇ ਵਡੇ ਗੁਰਦੁਆਰਿਆਂ ਵਿਚ ਵੀ ਹਰ ਰੋਜ਼ ਦੇ ਪਰਸ਼ਾਦ ਲਈ ਏਹੋ ਜੇਹਾ ਪਰਬੰਧ ਕੀਤਾ ਹੋਇਆ ਸੀ। ਦਰਬਾਰ ਸਾਹਿਬ ਅੰਮਿਰਤਸਰ ਦੇ ਗੁੰਬਦ ਨੂੰ ਸੁਨਹਿਰੀ ਕਰਨ ਲਈ ਭਾਰੀ ਰਕਮ ਖਰਚ ਕੀਤੀ। ਸਿਖ ਗੁਰਦੁਆਰਿਆਂ ਤੋਂ ਵਖ ਜਵਾਲਾ ਮੁਖੀ ਦੇ ਮੰਦਰ ਦੀ ਸਜਾਵਟ ਉਤੇ ਵੀ ਹਜ਼ਾਰਾਂ ਰੁਪਏ ਖਰਚ ਕੀਤੇ ਗਏ। ਸ੍ਰੀ ਤਰਨ ਤਾਰਨ ਅਤੇ ਕਟਾਸ ਰਾਜ ਦੇ ਇਸ਼ਨਾਨ ਲਈ ਮਹਾਰਾਜਾ ਅਕਸਰ ਜਾਂਦਾ ਹੁੰਦਾ ਸੀ ਅਤੇ ਉਥੇ ਸੈਂਕੜੇ ਰੁਪਏ ਦਾ ਪੁੰਨ ਦਾਨ ਕਰਦਾ ਸੀ।"[51]

ਠੀਕ ਹੈ ਰਣਜੀਤ ਸਿੰਘ ਵਿਚ ਉਹ ਮਨੁਖੀ ਕਮਜ਼ੋਰੀਆਂ ਵੀ ਸਨ ਜੋ ਕਿ ਆਮ ਹਾਕਮਾਂ ਵਿਚ ਹੁੰਦੀਆਂ ਹਨ। ਉਹ ਸ਼ਰਾਬ ਵੀ ਪੀਂਦਾ ਸੀ। ਉਸ ਦੇ ਜ਼ਿਆਦਾ ਵਿਆਹ ਵੀ ਇਕ ਕਮਜ਼ੋਰੀ ਦਾ ਹੁੰਗਾਰਾ ਭਰਦੇ ਹਨ। ਪਰ ਇਨਾਂ ਕਮਜ਼ੋਰੀਆਂ ਨੂੰ ਇਤਨੀਆਂ ਵਧਾ ਚੜਾ ਕੇ ਦਸਣਾ ਗਲਤ ਗਲ ਹੈ। ਇਕ ਸ਼ਰਾਬੀ ਅਤੇ ਕਾਮੀ ਆਦਮੀ ਕਦੇ ਵੀ ਧਰਮ ਵਿਚ ਪਕਾ ਵਿਸ਼ਵਾਸੀ ਅਤੇ ਰਣ ਦੇ ਮੈਦਾਨ ਦਾ ਬੀਰ ਬਹਾਦਰ ਨਹੀਂ ਹੋ ਸਕਦਾ। ਜਿਸ ਤਰੀਕੇ ਨਾਲ ਰਣਜੀਤ ਸਿੰਘ ਨੇ ਆਪਣੇ ਰਾਜ ਦੇ ਹਰ ਫਿਰਕੇ ਨੂੰ ਸੰਤੁਸ਼ਟ ਰਖਿਆ; ਹਰ ਸਰਦਾਰ ਨੂੰ ਆਪਣੇ ਦੋਸਤ ਬਣਾਈ ਰਖਿਆ, ਅਕਾਲੀਆਂ ਵਰਗੇ ਕਟੜ ਧਰਮੀ ਯੋਧਿਆਂ ਨੂੰ ਜੰਗ ਦੇ ਮੈਦਾਨ ਵਿਚ ਜੂਝਦੇ ਰਖਿਆ; ਅੰਗਰੇਜ਼ਾਂ ਵਰਗੀ ਮਹਾਨ ਸਲਤਨਤ ਨੂੰ ਡਿਪਲੋਮੈਟਿਕ ਢੰਗਾਂ ਰਾਹੀਂ ਆਪਣੀ ਦੋਸਤ ਬਣਾ ਕੇ ਰਖਿਆ; ਫਰਾਂਸੀਸੀ ਜਰਨੈਲਾਂ, ਜਿਨਾਂ ਨੇ ਨਿਪੋਲੀਅਨ ਜੈਸੇ ਮਹਾਨ ਬਾਦਸ਼ਾਹਾਂ ਦੇ ਕਾਰਨਾਮੇਂ ਵੇਖੇ ਸਨ ਆਪਣੇ ਵਫਾਦਾਰ ਬਣਾਈ ਰਖਿਆ; ਸਮੁਚੀ ਖਾਲਸਾ ਫੌਜ ਦੇ ਦਿਲ ਵਿਚ ਆਪਣੇ ਆਪ ਨੂੰ ਇਕ ਪਰੇਰਨਾ ਸਰੋਤ ਬਣਾ ਕੇ ਰਖਿਆ ਆਦਿ ਇਹ ਸਭ ਪਰਾਪਤੀਆਂ ਨਾ ਹੀ ਕਿਸੇ ਸ਼ਰਾਬੀ ਆਦਮੀ ਦੀਆਂ ਹੋ ਸਕਦੀਆਂ ਹਨ, ਨਾ ਹੀ ਕਿਸੇ ਕਾਮੀ ਆਦਮੀ ਦੀਆਂ ਅਤੇ ਨਾ ਹੀ ਕਿਸੇ ਐਸੇ ਆਦਮੀ ਦੀਆਂ ਹੋ ਸਕਦੀਆਂ ਹਨ ਜਿਹੜਾ ਆਪਣੇ ਧਰਮ ਤੋਂ ਬਾਗੀ ਹੋਵੇ। ਸਤਲੁਜ ਉਰਾਰ ਦੇ ਇਲਾਕੇ ਵਿਚ ਕਿਨੀਆਂ ਸਿਖ ਰਿਆਸਤਾਂ 1947 ਤਕ ਨੀਮ-ਸੁਤੰਤਰ ਰਹਿੰਦੀਆਂ ਆਈਆਂ ਹਨ ਪਰ ਇਨਾਂ ਵਿਚੋਂ ਕਿਸੇ ਵੀ ਰਿਆਸਤ ਨਾਲ ਆਮ ਸਿਖਾਂ ਦੀ ਜਜ਼ਬਾਤੀ ਸਾਂਝ ਨਹੀਂ ਪੈ ਸਕੀ। ਜੇ ਸਿਰਫ ਨਾਭੇ ਦੇ ਰਾਜੇ ਰਿਪੁਦਮਨ ਸਿੰਘ ਦੇ ਤਖਤੋਂ ਲਾਹੇ ਜਾਣ ਤੇ 1921-22 ਵਿਚ ਅਕਾਲੀ ਲਹਿਰ ਚਲੀ ਸੀ ਉਹ ਸਿਰਫ ਇਸ ਕਰਕੇ ਹੀ ਚਲੀ ਸੀ ਕਿ ਰਿਪੁਦਮਨ ਸਿੰਘ ਵੀ ਆਪਣੇ ਆਪ ਨੂੰ ਸਿਖ ਹਿਤਾਂ ਦਾ ਪਹਿਰੇਦਾਰ ਦਰਸਾ ਰਿਹਾ ਸੀ। ਹੋਰ ਕਿਸੇ ਵੀ ਰਿਆਸਤ ਨਾਲ ਸਿਖਾਂ ਦੀ ਉਹ ਜਜ਼ਬਾਤੀ ਸਾਂਝ ਨਹੀਂ ਬਣ ਸਕੀ ਜੋ ਆਮ ਸਿਖਾਂ ਦੀ ਰਣਜੀਤ ਸਿੰਘ ਦੇ ਰਾਜ

51. ਭਤਿਹਨਾਮਾ ਗੁਰੂ ਖਾਲਸਾ ਜੀ ਕਾ, ਪਿਠਅੰਕਤ, ਪੰਨਾ 53.

ਨਾਲ ਸੀ । ਰਣਜੀਤ ਸਿੰਘ ਬਾਰੇ ਜੋ ਰਵਾਇਤਾਂ ਦਾਨੀ ਹੋਣ ਦੀਆਂ, ਗਰੀਬਾਂ ਦਾ ਹਮਦਰਦ ਹੋਣ ਦੀਆਂ, ਗੁਰੂ ਘਰ ਦਾ ਕੂਕਰ ਹੋਣ ਦੀਆਂ ਪਰਚਲਤ ਹਨ ਇਹ ਐਵੇਂ ਬਿਨਾਂ ਕਿਸੇ ਆਧਾਰ ਤੋਂ ਹੀ ਪਰਚਲਤ ਨਹੀਂ ਹੋ ਗਈਆਂ । ਇਨਾਂ ਪਿਛੇ ਕੁਝ ਨਾ ਕੁਝ ਆਧਾਰ ਜ਼ਰੂਰ ਹਨ । ਇਹ ਠੀਕ ਹੈ ਕਿ ਰਵਾਇਤਾਂ ਜਾਂ ਸਾਖੀਆਂ ਦੀ ਕੋਈ ਇਤਿਹਾਸਕ ਮਹਤਤਾ ਨਹੀਂ ਹੁੰਦੀ ਪਰ ਇਨਾਂ ਨੂੰ ਕਿਸੇ ਵਿਅਕਤੀ ਦੀ ਸਖਸ਼ੀਅਤ ਨੂੰ ਚਿਤਰਣ ਲਗਿਆਂ ਅਖੋਂ ਓਹਲੇ ਵੀ ਨਹੀਂ ਕੀਤਾ ਜਾ ਸਕਦਾ ।

ਵਹੀਦੁਦੀਨ ਲਿਖਦਾ ਹੈ : "ਇਸ ਸਲਤਨਤ ਦਾ ਹਾਕਮ ਭਾਵੇਂ ਇਕ ਸਿਖ ਸੀ ਪਰ ਇਸ ਦੀ ਸਰਕਾਰ ਦਾ ਪਰਬੰਧ ਸਭ ਕੌਮਾਂ ਦੇ ਸਿਆਣਿਆਂ ਨਾਲ ਸਮਿਲਤ ਇਕ ਸਰੇਸ਼ਟ ਵਰਗ ਚਲਾ ਰਿਹਾ ਸੀ । ਇਸ ਤਰਾਂ ਦੇ ਰਾਜ-ਪਰਬੰਧ ਨੇ, ਰਣਜੀਤ ਸਿੰਘ ਦੇ ਰਾਜ ਨੂੰ ਸੈਕੂਲਰ ਰੀਤੀ ਵਾਲੀ ਸਰਕਾਰ ਹੋਣ ਦੀ ਹੈਸੀਅਤ ਅਤੇ ਖਾਸੀਅਤ ਦੇ ਦਿਤੀ ਸੀ; ਉਂਜ ਭਾਵੇਂ ਉਹ ਦੀਨੀ ਹਕੂਮਤ ਵਾਲੀਆਂ ਨੀਹਾਂ ਉਤੇ ਉਸਾਰੀ ਗਈ ਸੀ ।"[52] ਇਹੀ ਲੇਖਕ ਅਗੇ ਚਲ ਕੇ ਲਿਖਦਾ ਹੈ ਕਿ ਉਹ (ਰਣਜੀਤ ਸਿੰਘ) ਬਿਲਕੁਲ ਹੀ ਇਕ ਐਸੀ ਬਾਦਸ਼ਾਹਤ ਦਾ ਸਿਰਜਣਹਾਰ ਸੀ ਜਿਹੜੀ ਆਪਣੀ ਕਾਨੂੰਨ ਸ਼ਕਤੀ ਪੰਥ ਖਾਲਸਾ ਜੀ ਤੋਂ ਪਰਾਪਤ ਕਰਦੀ ਸੀ ਜਿਸ ਵਿਚ ਧਰਮ ਅਤੇ ਰਾਜਨੀਤੀ ਦੀਆਂ ਸਭ ਸ਼ਕਤੀਆਂ ਸਮਿਲਤ ਹੁੰਦੀਆਂ ਹਨ । ਇਸ ਬਾਦਸ਼ਾਹਤ ਨੇ ਆਪਣੀ ਮਾਣਤਾ ਨਾ ਹੀ ਤਾਂ ਬਾਹੂਬਲ ਦੇ ਸਿਰ ਤੇ ਖੋਹੀ ਸੀ ਅਤੇ ਨਾ ਹੀ ਇਹ ਮੁਗਲ ਬਾਦਸ਼ਾਹ ਕੋਲੋਂ ਪਰਾਪਤ ਕੀਤੀ ਸੀ ।[53] ਗਫ਼ ਅਤੇ ਇਨਸ ਲਿਖਦੇ ਹਨ ਕਿ ਰਣਜੀਤ ਸਿੰਘ ਨੇ ਖਾਲਸੇ ਦੀ ਸ਼ਾਨ ਨੂੰ ਵਧਾਉਣ ਲਈ, ਹਮੇਸ਼ਾਂ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਹੀ ਦਰਸਾਇਆ ਸੀ ।[54]

ਇਸ ਲਈ ਸਿਟੇ ਦੇ ਤੌਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਰਣਜੀਤ ਸਿਘ ਓਪਰੇ ਅਤੇ ਬਾਹਰੀ ਤੌਰ ਤੇ ਦੇਖਿਆਂ ਇਕ ਨਿਰੰਕੁਸ਼ ਬਾਦਸ਼ਾਹ ਸੀ ਜਿਸ ਦੀ ਕਿ ਖਾਲਸਾ ਰਵਾਇਤਾਂ ਪਰਵਾਨਗੀ ਨਹੀਂ ਦਿੰਦੀਆਂ । ਪਰ ਕਿਉਂਕਿ ਰਣਜੀਤ ਸਿੰਘ ਸਿਰਫ ਇਕ ਰਾਜਨੀਤਕ ਲੀਡਰ ਸੀ ਅਤੇ ਉਸ ਦੀ ਲੀਡਰਸ਼ਿਪ ਦੇ ਬਰਾਬਰ ਜਾਂ ਉਸ ਉਪਰ ਕੰਟਰੋਲ ਰਖਣ ਲਈ ਨਾ ਹੀ ਸਰਬਤ ਖਾਲਸੇ ਕੋਲ ਕੋਈ ਲੀਡਰਸ਼ਿਪ ਸੀ ਅਤੇ ਨਾ ਹੀ ਸਰਬਤ ਖਾਲਸੇ ਨੇ ਐਸੀ ਲੀਡਰਸ਼ਿਪ ਨੂੰ ਉਭਾਰਣ ਦੀ ਹੀ ਕੋਈ ਕੋਸ਼ਿਸ਼ ਕੀਤੀ ਸੀ । ਇਸ ਵਿਚ ਕਸੂਰ ਰਣਜੀਤ ਸਿੰਘ ਦਾ ਨਹੀਂ । ਖਾਲਸਾ ਪੰਥ ਦੀ ਇਸ ਤਰਾਂ ਦੀ ਚੁਪ, ਰਣਜੀਤ ਸਿੰਘ ਨੂੰ ਪਰਵਾਣਤ ਆਗੂ ਮੰਨਣ ਦੀ ਇਕ ਖਾਮੋਸ਼ ਮਾਣਤਾ ਸੀ ਅਤੇ ਇਸ ਖਾਮੋਸ਼ ਮਾਣਤਾ ਨੂੰ ਰਣਜੀਤ ਸਿੰਘ ਨੇ ਨਜ਼ਰੋਂ ਓਹਲੇ ਨਹੀਂ ਕੀਤਾ ਸਗੋਂ ਉਹ ਲਗਦੀ ਵਾਹ ਇਸ ਦੀ ਸ਼ਾਨ, ਇਸ ਦੇ ਮਾਣ ਅਤੇ ਇਸ ਦੀ ਮਰਯਾਦਾ ਨੂੰ ਵਧਾਉਣ ਲਈ ਇਸ ਨਾਲ ਜੁੜਿਆ ਰਿਹਾ । ਰਣਜੀਤ ਸਿੰਘ ਦੇ ਰਾਜ ਵਿਚ ਸਿਖਾਂ ਨੂੰ ਉਹ ਸਭ ਕੁਝ ਪਰਾਪਤ ਸੀ ਜਿਸ ਲਈ ਉਹ ਪਿਛਲੀ ਸਦੀ ਤੋਂ ਸੰਘਰਸ਼ ਕਰਦੇ ਆ ਰਹੇ ਸੀ । ਸਿਧਾਂਤਾਂ ਨੂੰ ਅਮਲੀ ਰੂਪ ਇਕ ਪਕੇਰੇ ਰਾਜ ਵਿਚ ਹੀ ਦਿਤਾ ਜਾ ਸਕਦਾ ਹੈ ਕਚੇਰੇ ਰਾਜ ਵਿਚ ਨਹੀਂ । ਸਿਧਾਤਾਂ ਨੂੰ ਅਮਲੀ ਰੂਪ ਦੇਣ ਲਈ ਰਾਜ ਦੀ ਲੋੜ ਅਤੀ ਜ਼ਰੂਰੀ ਹੈ ਅਤੇ ਰਣਜੀਤ ਸਿੰਘ ਨੇ ਇਸ ਤਰਾਂ ਦਾ ਰਾਜ ਸਿਖਾਂ ਲਈ ਸਥਾਪਤ ਕਰ ਦਿਤਾ ਸੀ । ਇਹ ਵੀ ਯਾਦ ਰਹੇ ਕਿ ਇਹ ਰਾਜ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਖ਼ਤਮ ਨਹੀਂ ਹੋਇਆ ਸਗੋਂ ਇਸ ਤੋਂ ਪਿਛੋਂ ਖ਼ਤਮ ਹੋਇਆ ਹੈ । ਇਸ ਦਾ

52. ਦ ਰੀਅਲ ਰਣਜੀਤ ਸਿੰਘ, ਪੰਨਾ
53. ਉਕਤ, ਪੰਨਾ 16.
54. Gough and Innes, *op. cit.* p. 29.

ਮਤਲਬ ਹੈ ਕਿ ਸਿਖ ਉਸ ਦੇ ਰਾਜ ਨੂੰ ਸੰਭਾਲ ਹੀ ਨਹੀਂ ਸਕੇ । ਅਸੀਂ ਆਪਣੀ ਇਸ ਕਮਜ਼ੋਰੀ ਨੂੰ ਛੁਪਾਉਣ ਲਈ ਸਾਰੇ ਦੋਸ਼ ਰਣਜੀਤ ਸਿੰਘ ਤੇ ਹੀ ਥੋਪ ਰਹੇ ਹਾਂ । ਰਾਜ ਦੀ ਸਥਾਪਨਾ ਕਰਨੀ ਔਖੀ ਹੁੰਦੀ ਹੈ ਜਦੋਂ ਕਿ ਸਥਾਪਤ ਹੋਏ ਰਾਜ ਵਿਚ ਸੁਧਾਰ ਕਰਨੇ ਬਹੁਤ ਸੌਖੇ ਹੁੰਦੇ ਹਨ । ਜੇਕਰ ਇਹ ਰਾਜ ਚਿਰ ਸਥਾਈ ਹੁੰਦਾ ਜਾਂ ਸਿਖ ਇਸ ਨੂੰ ਸੰਭਾਲ ਕੇ ਰਖਦੇ ਤਾਂ ਜਿਹੜੀਆਂ ਇਸ ਵਿਚ ਖਾਮੀਆਂ ਸਨ ਉਨਾਂ ਦਾ ਸੁਧਾਰ ਵੀ ਜ਼ਰੂਰ ਹੀ ਹੋ ਜਾਣਾ ਸੀ ।

# 1907 ਦੀ ਬੇਚੈਨੀ ਦਾ ਪੰਜਾਬ ਉਪਰ ਪਰਭਾਵ

ਭਰਪੂਰ ਕੌਰ*

ਇਸ ਲੇਖ ਵਿਚ ਸੁਯੋਗ ਲੇਖਕਾ ਨੇ ਦਸਿਆ ਹੈ ਕਿ 1907 ਦੀ ਬੇਚੈਨੀ ਨੇ ਭਾਰਤੀ ਸੁਤੰਤਰਤਾ ਦੀ ਜਦੋ ਜਹਿਦ ਦੇ ਬੀਜ ਬੀਜ ਦਿਤੇ ਸਨ ਅਤੇ ਇਸ ਨਾਲ ਪੰਜਾਬ ਦਾ ਕਿਸਾਨੀ ਤਬਕਾ ਬਰਿਟਿਸ਼ ਸਰਕਾਰ ਦੇ ਖਿਲਾਫ਼ ਹੋ ਗਿਆ ਸੀ।

—ਸ. ਸ.

19ਵੀਂ ਸਦੀ ਦੇ ਅੰਤ ਵਿਚ ਭੂਮੀ ਸੰਬੰਧੀ ਨਵੇਂ ਬਣੇ ਕਾਨੂੰਨਾਂ ਨੇ ਪੰਜਾਬ ਦੀ ਸਿਆਸੀ ਹਾਲਤ ਵਿਚ ਬਹੁਤ ਤਬਦੀਲੀ ਲਿਆਂਦੀ। ਲੈਫਟੀਨੈਂਟ ਗਵਰਨਰ ਲਾਰਡ ਡੈਂਜ਼ਲ ਇਬਟਸਨ ਨੇ ਨਹਿਰੀ ਵਸੋਂ ਦਾ ਕਾਨੂੰਨ ਬਣਾਇਆ। ਰਾਵਲਪਿੰਡੀ ਤੇ ਲਾਹੌਰ ਖੇਤਰ ਵਿਚ ਭੂਮੀ ਕਰ ਵਧਾਇਆ ਗਿਆ। ਕਿਸਾਨਾਂ ਦੇ ਕਰਜ਼ੇ ਵਧਣ ਲਗੇ। ਬਾਰੀ ਦੁਆਬ ਕਨਾਲ ਦੇ ਇਲਾਕੇ ਵਿਚ ਨਹਿਰੀ ਕਰ ਵੀ ਵਧਾ ਦਿਤਾ ਗਿਆ। ਪੰਜਾਬ ਦੇ ਕਿਸਾਨ ਪਲੇਗ ਦੇ ਵੀ ਸ਼ਿਕਾਰ ਹੋਏ। 1897 ਵਿਚ ਪਲੇਗ ਨਾਲ ਬਹੁਤ ਸਾਰੀਆਂ ਮੌਤਾਂ ਹੋਈਆਂ। 1907 ਤਕ ਮੌਤ ਦੀ ਦਰ 62% ਹੋ ਗਈ ਸੀ। **ਸਿਵਲ ਤੇ ਮਿਲਟਰੀ ਗਜ਼ਟ** ਜੋ ਕਿ ਇਕ ਸਰਕਾਰੀ ਬੁਲਾਰਾ ਸੀ, ਨੇ ਭੜਕੀਲੀ ਸਥਿਤੀ ਦੀ ਸੁਲਗਦੀ ਅਗ ਤੇ ਤੇਲ ਪਾਉਣ ਵਾਲਾ ਕੰਮ ਕੀਤਾ। ਸਥਿਤੀ ਬੜੀ ਗੰਭੀਰ ਸੀ, ਚੌਹੁਆਂ ਪਾਸਿਆਂ ਵਲ ਬੇਚੈਨੀ ਹੀ ਬੇਚੈਨੀ। ਅਸੰਤੁਸ਼ਟਤਾ ਦੇ ਕੇਂਦਰ, ਮੁਖ ਤੌਰ ਤੇ ਲਾਇਲਪੁਰ, ਰਾਵਲ-ਪਿੰਡੀ, ਮੁਲਤਾਨ, ਲਾਹੌਰ, ਗੋਜਰਾਂ, ਫਿਰੋਜ਼ਪੁਰ ਸਨ। ਇਨਾਂ ਥਾਵਾਂ ਤੇ ਬਹੁਤ ਸਾਰੀਆਂ ਮੀਟਿੰਗਾਂ ਤੇ ਮੁਜ਼ਾਹਰੇ ਕੀਤੇ ਗਏ, ਜਿਸ ਵਿਚ ਹਜ਼ਾਰਾਂ ਪੇਂਡੂਆਂ ਅਤੇ ਸ਼ਹਿਰੀਆਂ ਨੇ ਭਾਗ ਲਿਆ, ਜਿਵੇਂ 3 ਫ਼ਰਵਰੀ, 1907 ਨੂੰ ਲਾਇਲਪੁਰ ਵਿਖੇ 10,000 ਅਤੇ ਗੋਜਰਾਂ ਵਿਖੇ 12,000 ਪੰਜਾਬੀਆਂ ਨੂੰ ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਵਰਗੇ ਮੁਖ ਨੇਤਾਵਾਂ ਨੇ ਸੰਬੋਧਤ ਕੀਤਾ। ਇਨਾਂ ਮੀਟਿੰਗਾਂ ਵਿਚ ਸਰਕਾਰ ਨੂੰ ਪੇਸ਼ ਕੀਤੇ ਜਾਣ ਵਾਲੇ ਮੰਗ ਪਤਰਾਂ ਦੇ ਖਰੜੇ ਪਾਸ ਕੀਤੇ। ਲਾਰਡ ਇਬਟਸਨ ਆਪ ਇਸ ਸਥਿਤੀ ਸੰਬਧੀ ਲਿਖਦੇ ਹਨ "ਕਿ ਸਾਰੇ ਪਰਾਂਤ ਵਿਚ ਸਥਿਤੀ ਬੜੀ ਗੰਭੀਰ ਸੀ।"

ਇਸ ਤਰਾਂ 1907 ਦੀ ਇਸ ਬੇਚੈਨੀ ਦਾ ਬਾਦ ਵਿਚ ਪੰਜਾਬ ਉਪਰ ਅਸਰ ਪੈਣਾ ਜ਼ਰੂਰੀ ਸੀ ਕਿਉਂਕਿ ਪੰਜਾਬ ਹੀ ਪੂਰੀ ਤਰਾਂ ਇਸ ਅਸੰਤੁਸ਼ਟਤਾ ਦਾ ਸ਼ਿਕਾਰ ਸੀ।

ਪੰਜਾਬ ਦੀ ਗੜਬੜ ਨੇ ਇਸ ਦੀ ਆਰਥਿਕ, ਸਮਾਜਿਕ, ਰਾਜਨੈਤਕ ਤੇ ਧਾਰਮਿਕ ਹਾਲਤ ਤੇ ਬਹੁਤ ਡੂੰਘਾ ਪਰਭਾਵ ਪਾਇਆ। ਇਸ ਬੇਚੈਨੀ ਦੌਰਾਨ ਫਸਲਾਂ ਦੀ ਕੀਮਤ ਬਹੁਤ ਘਟ ਜਾਣ ਕਾਰਨ ਕਿਸਾਨਾਂ ਦਾ ਕਰਜ਼ਾ ਵਧਣ ਕਰਕੇ ਖੇਤੀਬਾੜੀ ਭਾਗ ਉਪਰ ਜ਼ਿਆਦਾ ਅਸਰ ਛਡਿਆ ਹੈ। ਇਸ ਕਰਕੇ ਜ਼ਿਮੀਦਾਰਾਂ ਨੂੰ ਆਪਣੀਆਂ ਜ਼ਮੀਨਾਂ ਤੇ ਹੋਰ ਲੋੜੀਂਦੀਆਂ ਵਸਤਾਂ ਤੋਂ ਹਥ ਧੋਣੇ ਪਏ। ਇਸ ਦਾ ਬਹੁਤ ਵਡਾ ਕਾਰਨ ਵਧ ਰਹੇ ਕਿਰਾਏ ਤੇ ਮਾਲੀਏ ਤੋਂ ਬਿਨਾਂ, ਜ਼ਿਮੀਦਾਰਾਂ ਦੇ ਕਰਜ਼ੇ ਦਾ

*ਐਮ. ਫਿਲ. ਵਿਦਿਆਰਥਣ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਿਆਜ ਤੇ ਹੋਰ ਸਮਾਜਿਕ ਤੇ ਆਰਥਿਕ ਜ਼ਿੰਮੇਵਾਰੀਆਂ ਵੀ ਸਨ ।[1]

ਸਰਕਾਰ ਵਲੋਂ ਕੀਤੇ ਜਾ ਰਹੇ ਤਸ਼ਦਦ ਕਾਰਨ ਇਥੋਂ ਦੇ ਪੰਜਾਬੀ ਸਿਆਸਤਦਾਨਾਂ ਵਿਚ ਸਹਿਮ ਫੈਲਿਆ ਹੋਇਆ ਸੀ । ਸਰਕਾਰ ਦੁਆਰਾ ਕੀਤੀਆਂ ਜਾ ਰਹੀਆਂ ਗਰਿਫਤਾਰੀਆਂ ਦੇ ਭੈ ਤੋਂ ਡਰਦੇ ਹੋਏ ਬਹੁਤ ਸਾਰੇ ਸਿਆਸੀ ਨੇਤਾ, ਜਿਵੇਂ ਕਿ ਲਾਲਾ ਲਾਜਪਤ ਰਾਏ, ਲਾਲਾ ਹਰਦਿਆਲ, ਲਾਲਾ ਰਾਮ ਭਜ ਦਤ, ਹਰੀ ਕਰਿਸ਼ਨ ਲਾਲ, ਭਾਈ ਪਰਮਾਨੰਦ ਵਰਗੇ ਦੇਸ਼ ਤੋਂ ਬਾਹਰ ਚਲੇ ਗਏ । ਅਜੀਤ ਸਿੰਘ ਤੇ ਉਸ ਦੇ ਸਾਥੀਆਂ ਸਮੇਤ ਬਹੁਤ ਸਾਰੇ ਸਿਆਸੀ ਨੇਤਾ ਸਿਆਸਤ ਤੋਂ ਪਿਛੇ ਹਟ ਕੇ ਕੁਝ ਸਮੇਂ ਲਈ ਅਲੋਪ ਹੋ ਗਏ । ਜ਼ਿਲਾ ਐਸੋਸੀਏਸ਼ਨ ਨੇ ਆਪਣੇ ਦਫ਼ਤਰ ਬੰਦ ਕਰ ਦਿਤੇ । ਸੰਸਥਾਵਾਂ ਕਿਸੇ ਤਰਾਂ ਦੀ ਮੀਟਿੰਗ ਤੇ ਮੁਜ਼ਾਹਰੇ ਕਰਨ ਤੋਂ ਝਿਜਕਦੀਆਂ ਸਨ । ਇਥੋਂ ਤਕ ਕਿ ਜਦੋਂ ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਨੂੰ ਦੇਸ਼ ਨਿਕਾਲਾ ਦਿਤਾ ਗਿਆ ਤਾਂ ਉਸ ਸਮੇਂ ਕਿਸੇ ਵੀ ਸੰਸਥਾ ਨੇ ਇਨਾਂ ਦੀ ਜਲਾਵਤਨੀ ਬਾਰੇ ਖੁਲ ਕੇ ਆਵਾਜ਼ ਬੁਲੰਦ ਨਹੀਂ ਕੀਤੀ ।[2] 1907 ਦੀ ਇਸ ਬੇਚੈਨੀ ਤੇ ਸਰਕਾਰੀ ਕਾਰਨ ਵਖ ਵਖ ਧਾਰਮਿਕ ਜਾਤੀਆਂ ਨੇ ਅੰਗਰੇਜ਼ਾਂ ਪਰਤੀ ਵਫ਼ਾਦਰੀ ਦਰਸਾਉਣ ਲਈ ਇਕ ਦੂਸਰੇ ਦੇ ਖਿਲਾਫ ਦੋਸ਼ ਲਾਉਣੇ ਸ਼ੁਰੂ ਕਰ ਦਿਤੇ । ਮੁਸਲਮਾਨ ਨੇਤਾਵਾਂ ਨੇ ਕਿਹਾ ਕਿ ਮੁਸਲਮਾਨ ਕਦੇ ਵੀ ਸਰਕਾਰ ਦੇ ਖਿਲਾਫ ਨਹੀਂ ਸਨ, ਮੁਸਲਮਾਨ ਕਿਸਾਨ ਤੇ ਜ਼ਿਮੀਦਾਰ, ਹਿੰਦੂ ਲੀਡਰਾਂ ਦੁਆਰਾ ਗੁਮਰਾਹ ਕੀਤੇ ਗਏ ਸਨ ।[3] ਮੁਸਲਮਾਨਾਂ ਨੇ ਪੜੇ ਲਿਖੇ ਤੇ ਵਪਾਰੀ ਹਿੰਦੂਆਂ ਨੂੰ ਬਗ਼ਾਵਤ ਦੇ ਮੋਹਰੀ ਦਸਦੇ ਹੋਏ ਹਿੰਦੂਆਂ ਨੂੰ ਨੌਕਰੀਆਂ ਤੋਂ ਬਰਖ਼ਾਸਤ ਕਰਨ ਉਪਰੰਤ, ਉਨਾਂ ਦੀ ਥਾਂ ਤੇ ਮੁਸਲਮਾਨਾਂ ਨੂੰ ਨਿਯੁਕਤ ਕਰਨ ਲਈ ਅੰਗਰੇਜ਼ਾਂ ਨੂੰ ਪਰੇਰਣਾ ਕੀਤੀ ।[4]

ਸਿਖਾਂ ਨੇ ਮੁਜਾਹਰੇ ਤੇ ਹੜਤਾਲਾਂ ਨੂੰ ਛਡਦੇ ਹੋਏ ਸਿਖ ਨੇਤਾਵਾਂ ਨੇ ਹਿੰਦੂਆਂ ਤੇ ਆਰੀਆ ਸਮਾਜੀਆਂ ਉਪਰ ਬਗਾਵਤ ਦੇ ਗਹਿਰੇ ਦੋਸ਼ ਲਾਉਂਦੇ ਹੋਏ, ਹਿੰਦੂਆਂ ਤੇ ਵਿਸ਼ਵਾਸ ਨਾ ਕਰਨ ਲਈ ਕਿਹਾ ।[5] ਸਿਖਾਂ ਨੇ ਇਸ ਗਲ ਉਪਰ ਜ਼ੋਰ ਦਿਤਾ ਕਿ ਹਿੰਦੂ ਤੇ ਆਰੀਆ ਸਮਾਜੀ ਹੀ ਜ਼ਿਆਦਾਤਰ ਬਗਾਵਤ ਫੈਲਾਉਣ ਲਈ ਜ਼ਿੰਮੇਵਾਰ ਹਨ । ਦੂਸਰੇ ਪਾਸੇ ਰੂੜੀਵਾਦੀ ਹਿੰਦੂਆਂ ਜਿਵੇਂ ਕਿ ਹੀਰਾ ਲਾਲ ਕਪੂਰ, ਨੇ ਸ਼ਰੇਆਮ ਆਰੀਆ ਸਮਾਜ ਨੂੰ ਬਗਾਵਤ ਦਾ ਘਰ ਦਸਿਆ ।[6] ਹਿੰਦੂ ਅਖਬਾਰਾਂ ਨੇ ਮੁਸਲਮਾਨਾਂ ਨੂੰ ਨੌਕਰੀਆਂ ਦੇ ਭੁਖੇ ਤੇ ਅੰਗਰੇਜ਼ਾਂ ਦੇ ਵਫਾਦਾਰ ਕਿਹਾ ।

ਹਿੰਦੂ ਨੇਤਾਵਾਂ ਨੇ ਚੀਫ ਕੋਰਟ ਦੇ ਜਜ ਰਾਬਰਟਸਨ ਨੂੰ ਅੰਗਰੇਜ਼ਾਂ ਨਾਲ ਸਮਝੌਤਾ ਕਰਾਉਣ ਲਈ ਬੇਨਤੀ ਕੀਤੀ, ਜਿਸ ਨੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਨੂੰ ਪੇਸ਼ ਕੀਤੇ ਜਾਣ ਵਾਲਾ ਮੈਮੋਰੈਂਡਮ ਦਾ ਖਰੜਾ ਤਿਆਰ ਕਰਵਾਇਆ । ਜਿਸ ਵਿਚ ਹਿੰਦੂ ਵਫ਼ਾਦਾਰੀ ਦਾ ਪਰਗਟਾਵਾ ਕਰਦੇ ਹੋਏ ਅੰਗਰੇਜ਼ਾਂ ਨੂੰ ਹਿੰਦੂਆਂ ਵਿਰੁਧ ਸੈਕਸ਼ਨ ਪਾਸ ਨਾ ਕਰਨ ਬਾਰੇ ਕਿਹਾ ਗਿਆ ਸੀ ।[7] ਇਸ ਅਸੰਤੁਸ਼ਟਤਾ ਦੀ ਆਰੀਆ ਸਮਾਜ ਉਪਰ ਗਹਿਰਾ ਅਸਰ ਪਿਆ । ਬਹੁਤ ਸਾਰੇ ਆਰੀਆ ਸਮਾਜੀਆਂ ਨੇ ਇਸ ਦੀ ਮੈਂਬਰਸ਼ਿਪ ਛਡ ਦਿਤੀ । ਸਰਕਾਰ ਨੇ ਆਰੀਆ ਸਮਾਜੀਆਂ ਵਿਚੋਂ ਫੌਜ

---

1. ਹਰੀ ਸਿੰਘ, ਪੰਜਾਬ ਪੀਜ਼ੈਂਟ ਇਨ ਫਰੀਡਮ ਸਟਰਗਲ ਭਾਗ-2 (ਨਵੀਂ ਦਿਲੀ, 1984), ਪੰਨਾ 181.
2. ਦੀ ਟ੍ਰਿਬਿਊਨ, ਮਈ 5,1907, ਪੰਨਾ 2.
3. ਉਹੀ, 10 ਮਈ 1907.
4. ਗਜ਼ਟ, ਜੂਨ 1907, ਐਨ. ਜੀ. ਬੈਰੀਅਰ, ਪੰਜਾਬ ਪੌਲੇਟਿਕਸ ਐਂਡ ਡਿਸਟਰਬੈਂਸ ਆਫ 1907 (ਦਿਲੀ, 1966. ਪੀ ਐਂਚ ਡੀ, ਥੀਸਿਸ) ਪੰਨਾ, 280.
5. ਉਹੀ, ਪੰਨਾ 282.
6. ਉਹੀ ।
7. ਉਹੀ, ਪੰਨਾ 283.

ਵਿਚ ਹੋਰ ਨੌਕਰੀਆਂ ਵਿਚ ਭਰਤੀ ਕਰਨ ਤੇ ਪਾਬੰਦੀ ਲਾ ਦਿਤੀ।[8] ਇਸ ਭੈ ਕਾਰਨ ਆਰੀਆ ਪਰਦੇਸ਼ਕ ਪਰਤੀਨਿਧੀ ਸਭਾ ਨੇ ਇਕ ਮੀਟਿੰਗ ਵਿਚ ਇਸ ਸੰਸਥਾ ਤੋਂ ਇਲਾਵਾ ਇਸ ਨਾਲ ਸੰਬਧਤ 95 ਹੋਰ ਆਰੀਆ ਸਮਾਜ ਸੰਸਥਾਵਾਂ ਵਲੋਂ ਘੋਸ਼ਣਾ ਕੀਤੀ ਕਿ ਆਰੀਆ ਸਮਾਜ ਇਕ ਗ਼ੈਰ ਸਿਆਸੀ ਸੰਸਥਾ ਹੈ। ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਜਾਂ ਐਜੀਟੇਸ਼ਨ ਨਾਲ ਕੋਈ ਸੰਬਧ ਨਹੀਂ। ਸਰਕਾਰ ਦੇ ਸਖਤੀ ਭਰੇ ਵਤੀਰੇ ਕਾਰਨ 1908 ਤੋਂ 1910 ਦੌਰਾਨ ਵਛੋਵਾਲੀ ਤੋਂ ਲਾਹੌਰ ਆਰੀਆ ਸਮਾਜ ਦੇ ਮੈਂਬਰਾਂ ਦੀ ਗਿਣਤੀ 150 ਤੋਂ ਘਟ ਕੇ ਕੇਵਲ 30 ਹੀ ਰਹਿ ਗਈ ਤੇ ਲੋਕ ਆਰੀਆ ਸਮਾਜ ਦੀਆਂ ਮੀਟਿੰਗਾਂ ਤੋਂ ਦੂਰ ਰਹਿਣ ਲਗੇ।[9] ਇਸੇ ਤਰਾਂ ਸਾਰੇ ਹਿੰਦੂ ਨੇਤਾਵਾਂ ਨੇ ਅਹਿੰਸਾ ਦੀ ਨੀਤੀ ਦੀ ਨਿਖੇਧੀ ਕਰਦੇ ਹੋਏ ਲੋਕਾਂ ਨੂੰ ਸਰਕਾਰ ਦਾ ਸਾਥ ਦੇਣ ਲਈ ਪਰੇਰਣਾ ਕੀਤੀ।[10]

ਅੰਗਰੇਜ਼ਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਤਹਿਤ ਮੁਸਲਮਾਨਾਂ ਵਿਰੁਧ ਕੋਈ ਕਾਰਵਾਈ ਨਾ ਕਰਦੇ ਹੋਏ ਹਿੰਦੂਆਂ ਵਿਰੁਧ ਸਖਤੀ ਦੀ ਨੀਤੀ ਅਪਣਾਈ, ਤਾਂ ਕਿ ਮੁਸਲਮਾਨ ਸਰਕਾਰ ਦਾ ਸਾਥ ਦੇਣ। ਇਸ ਦਾ ਸਬੂਤ ਸ਼ਹਾਬੁਦੀਨ ਅਤੇ ਸਰਾਜੁਦੀਨ ਜੋ ਉਪਰੋਕਤ ਗੜਬੜ ਲਈ ਕਾਫੀ ਹਦ ਤਕ ਜ਼ਿੰਮੇਵਾਰ ਸਨ, ਵਿਰੁਧ ਕੋਈ ਵੀ ਐਕਸ਼ਨ ਨਾ ਲੈਣਾ ਸੀ ਇਸ ਤਰਾਂ ਅੰਗਰੇਜ਼ਾਂ ਨੇ ਵਤਨ ਅਖਬਾਰ ਦੇ ਐਡੀਟਰ ਅਬਦੁਲ ਰਸ਼ੀਦ ਵਿਰੁਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ। ਜਦ ਕਿ ਹਿੰਦੂ ਐਡੀਟਰਾਂ ਨੂੰ ਉਨਾਂ ਉਪਰ ਭੜਕੀਲੀਆਂ ਲਿਖਤਾਂ ਛਾਪਣ ਦੇ ਦੋਸ਼ ਸੰਬਧੀ ਗਰਿਫਤਾਰ ਕਰ ਲਿਆ ਗਿਆ ਸੀ। ਬਰਿਟਿਸ਼ ਸਰਕਾਰ ਦੀ ਉਪਰੋਕਤ ਨੀਤੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਆਪਸੀ ਸੰਬੰਧਾਂ ਵਿਚ ਦਰਾੜ ਨੂੰ ਵਧਾਇਆ।[11] ਅੰਤ ਵਿਚ ਜੋ ਕਿ ਦੇਸ਼ ਦੀ ਵੰਡ ਦਾ ਇਕ ਵਡਾ ਕਾਰਨ ਬਣੀ।

1907 ਦੀ ਇਸ ਬੇਚੈਨੀ ਤੋਂ ਸਿਖ ਕੌਮ ਜੋ ਕਿ ਆਮ ਤੌਰ ਤੇ ਕਿਸਾਨ ਹੀ ਸਨ ਵੀ ਬਚ ਨਹੀਂ ਸਕੇ। ਅਜੀਤ ਸਿੰਘ ਜੋ ਕਿ ਇਕ ਜਟ ਸਿਖ ਸੀ ਨੇ (ਸਿਖਾਂ) ਕਿਸਾਨਾਂ ਦੀ ਬਹੁਤ ਸਾਰੀਆਂ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਉਨਾਂ ਵਿਚ ਦੇਸ਼ ਪਿਆਰ ਦੀ ਭਾਵਨਾ ਨੂੰ ਉਤੇਜਤ ਕੀਤਾ।[12] ਖਾਲਸਾ ਕਾਲਜ ਅੰਮਰਿਤਸਰ ਦੇ ਵਿਦਿਆਰਥੀਆਂ ਨੇ ਸਿਰੀ ਗੋਖਲੇ ਨੂੰ ਬੁਲਾਇਆ। ਉਨਾਂ ਦੇ ਉਥੇ ਪਹੁੰਚਣ ਤੇ ਬਹੁਤ ਨਿਘਾ ਤੇ ਸ਼ਾਨਦਾਰ ਸਵਾਗਤ ਕੀਤਾ। ਇਸੇ ਤਰਾਂ 1909 ਵਿਚ ਪੇਮ ਅੰਖਬਾਰ ਤੇ ਸੱਚਾ ਢੰਡੋਰਾ ਅਖਬਾਰ ਸ਼ੁਰੂ ਕੀਤੇ ਗਏ।[13] ਸਿਖ ਉਪਦੇਸ਼ਕਾਂ ਨੇ ਸਰਕਾਰ ਦੀ ਬੇਇਨ-ਸਾਫੀ ਤੇ ਤਸ਼ੱਦਦ ਬਾਰੇ ਲਾਇਲਪੁਰ ਦੇ ਕਿਸਾਨਾਂ ਨੂੰ ਜਾਣੂ ਕਰਾਇਆ। ਸਰਕਾਰ ਨੇ ਸਿਖਾਂ ਤੋਂ ਤੰਗ ਆ ਕੇ 1908 ਵਿਚ ਖਾਲਸਾ ਕਾਲਜ ਉਪਰ ਸਰਕਾਰੀ ਕੰਟਰੋਲ ਕਰ ਲਿਆ ਤੇ ਭਾਈ ਜੋਧ ਸਿੰਘ ਜੋ ਕਿ ਖਾਲਸਾ ਕਾਲਜ ਵਿਚ ਲੈਕਚਰਾਰ ਸਨ, ਨੂੰ ਨੌਕਰੀ ਤੋਂ ਕਢ ਦਿਤਾ।[14] ਸਰਕਾਰੀ ਬੇਚੈਨੀ ਜਲਾਵਤਨੀ, ਗਰਿਫਤਾਰੀਆਂ ਤੇ ਮੀਟਿੰਗਾਂ ਤੇ ਮੁਜ਼ਾਹਰਿਆਂ ਉਪਰ ਲਗੀ ਪਾਬੰਦੀ ਦੇ ਡਰ ਕਰਕੇ ਬਹੁਤ ਸਾਰੇ ਅਤਵਾਦੀ ਨੇਤਾ, ਉਦਾਰਵਾਦੀ ਸਿਆਸਤਦਾਨ ਬਣ ਗਏ। ਜਿਸਦਾ ਨਜਾਇਜ਼

---

8. ਸ਼ਾਮਲਾ ਭਾਟੀਆ, ਸੋਸ਼ਲ ਚੇਂਜ ਐਂਡ ਪੋਲੀਟਿਕਸ ਇਨ ਪੰਜਾਬ 1898-1910 (ਨਵੀਂ ਦਿਲੀ, 1987). ਪੰਨਾ. 320.
9. ਉਹੀ, ਪੰਨਾ 324.
10. ਨੀਨਾ ਪੁਰੀ, ਪੋਲੀਟੀਕਲ ਇਲੀਟ ਐਂਡ ਸੋਸਾਇਟੀ ਇਨ ਪੰਜਾਬ, (ਨਵੀਂ ਦਿਲੀ, 1985), ਪੰਨਾ 104.
11. ਸ਼ਮਲਾ ਭਾਟੀਆ, ਉਹੀ, ਪੰਨਾ 325.
12. ਪਤਦੁਮਨ ਸਿੰਘ, ਜੇ. ਐਸ. ਧਨਕੀ, ਬਰੀਡ ਅਲਾਈਵ (ਨਵੀਂ ਦਿਲੀ, 1984), ਪੰਨੇ 182 186.
13. ਸ਼ਾਮਲਾ ਭਾਟੀਆ, ਉਹੀ, ਪੰਨਾ 325.
14. ਐਸ. ਆਰ. ਸ਼ਰਮਾ, ਪੰਜਾਬ ਵਿੰਨ ਫਰਮੈਂਟ (ਪਟਿਆਲਾ, 1966), ਪੰਨੇ 98.

ਲਾਭ ਹਰ ਕਰਿਸ਼ਨ ਲਾਲ, ਐਲਫਰਡ ਨੰਦੀ (ਜੋ ਕਿ ਟ੍ਰਿਬਿਊਨ ਅਖਬਾਰ ਦਾ ਐਡੀਟਰ ਸੀ) ਵਰਗੇ ਉਦਾਰਵਾਦੀ ਨੇਤਾਵਾਂ ਨੇ ਵੀ ਉਠਾਉਣਾ ਚਾਹਿਆ। 1907 ਦੀ ਬੇਚੈਨੀ ਨੇ ਇੰਡੀਅਨ ਨੈਸ਼ਨਲ ਕਾਂਗਰਸ ਤੇ ਵੀ ਗਹਿਰਾ ਅਸਰ ਛਡਿਆ। ਸਰਕਾਰੀ ਦਬਾਅ ਕਾਰਨ ਲਾਲਾ ਲਾਜਪਤ ਰਾਏ ਨੂੰ ਜਲਾਵਤਨੀ ਕੀਤੀ ਗਈ ਸੀ। ਸਿਰੀ ਗੋਖਲੇ ਨੇ ਲੋਕਾਂ ਦੇ ਦਬਾਅ ਹੇਠ ਇਸ ਜਲਾਵਤਨੀ ਨੂੰ ਗੈਰਕਾਨੂੰਨੀ ਦਸਦੇ ਹੋਏ ਲਾਜਪਤ ਰਾਏ ਦੀ ਬਹਾਲੀ ਕਰਾਉਣ ਲਈ ਇੰਡੀਅਨ ਨੈਸ਼ਨਲ ਕਮੇਟੀ ਦੀ ਬੈਠਕ ਕਰਨ ਬਾਰੇ ਆਵਾਜ਼ ਉਠਾਈ। ਹਰਕਰਿਸ਼ਨ ਲਾਲ ਨੇ ਕਾਂਗਰਸ ਦਾ ਸ਼ੈਸ਼ਨ ਲਾਹੌਰ ਵਿਚ ਕਰਨ ਦੀ ਪੇਸ਼ਕਸ਼ ਕੀਤੀ, ਜਦੋਂ ਕਿ ਵਾਚਾ ਅਤੇ ਸਿਰੀ ਗੋਖਲੇ, ਇਸ ਬੈਠਕ ਨੂੰ ਬੰਬਈ ਵਿਚ ਕਰਨ ਦੇ ਹਕ ਵਿਚ ਸਨ। ਕਿਉਂਕਿ ਇਨਾਂ ਨੇਤਾਵਾਂ ਨੂੰ ਕਾਂਗਰਸ ਦੀ ਬੈਠਕ ਵਿਚ ਪੰਜਾਬੀਆਂ ਵਲੋਂ ਦਖਲ ਅੰਦਾਜ਼ੀ ਤੇ ਵਿਰੋਧਤਾ ਕਰਨ ਦਾ ਡਰ ਸੀ। 1907 ਦੇ ਬੰਬਈ ਕਾਂਗਰਸ ਸੈਸ਼ਨ ਵਿਚ ਪੰਜਾਬੀ ਡੈਲੀਗੇਟ ਸ਼ਾਮਲ ਨਹੀਂ ਸਨ, ਜਦ ਕਿ ਉਥੇ ਵਿਚਾਰ ਵਟਾਂਦਰਾ ਪੰਜਾਬ ਦੀ ਬੇਚੈਨੀ ਨਾਲ ਹੀ ਸੰਬਧਤ ਸੀ।[15]

ਬਾਅਦ ਵਿਚ ਕਾਂਗਰਸ ਦੇ ਅਤਵਾਦੀ ਤੇ ਉਦਾਰਵਾਦੀ ਨੇਤਾਵਾਂ ਵਿਚ ਮਤਭੇਦ ਹੋਣ ਕਾਰਨ 27 ਦਸੰਬਰ, 1907 ਨੂੰ ਕਾਂਗਰਸ ਦੋਫਾੜ ਹੋ ਗਈ' ਜਦ ਕਿ ਨਰਮ ਪਖੀ ਨੇਤਾਵਾਂ ਨੇ ਆਪਣੀ ਆਧੁਨਿਕ ਕਾਂਗਰਸ ਪਾਰਟੀ ਬਣਾ ਲਈ। ਲਾਲਾ ਲਾਜਪਤ ਰਾਏ ਨੇ ਇਨਾਂ ਦਾ ਸਾਥ ਦਿਤਾ। ਇਸ ਤਰਾਂ ਪੰਜਾਬ ਪਰਾਂਤਕ ਕਾਂਗਰਸ ਜਿਹੜੀ ਕਿ 1906 ਤਕ ਕਾਫੀ ਸਰਗਰਮ ਸੰਸਥਾ ਬਣ ਚੁਕੀ ਸੀ, 1907 ਤੋਂ ਪਿਛੋਂ ਲੰਬੀ ਨੀਦਰ ਸੌਂ ਗਈ। ਕਿਉਂਕਿ ਪੰਜਾਬ ਵਿਚ ਇਸ ਨੂੰ ਅਗਵਾਈ ਦੇਣ ਲਈ ਲਾਲਾ ਲਾਜਪਤ ਰਾਏ ਤੋਂ ਬਾਅਦ ਕੋਈ ਹਰਮਨ ਪਿਆਰਾ ਨੇਤਾ ਨਾ ਰਿਹਾ।[16] ਇਸ ਤਰਾਂ ਕਾਂਗਰਸ ਦੇ ਵਕਾਰ ਨੂੰ ਬਹੁਤ ਧਕਾ ਲਗਾ ਤੇ 1908 ਦੇ ਮਦਰਾਸ ਕਾਂਗਰਸ ਸੈਸ਼ਨ ਵਿਚ ਕੇਵਲ 7 ਡੈਲੀਗੇਟ ਸ਼ਾਮਲ ਹੋਏ, ਇਨਾਂ ਵਿਚੋਂ ਹਰੀ ਕਰਿਸ਼ਨ ਲਾਲ, ਧਰਮ ਦਾਸ, ਸੂਰੀ, ਪੰਜਾਬ ਵਿਚ ਥੋੜੇ ਬਹੁਤੇ ਜਾਣੇ ਜਾਂਦੇ ਸਨ।[17] ਤੇ ਪੰਜਾਬ ਪਰਾਂਤਕ ਕਾਂਗਰਸ ਨੂੰ ਖਾਲੀ ਲਿਫਾਫਾ ਹੀ ਦਸਿਆ ਗਿਆ। ਪੰਜਾਬ ਵਿਚ ਕਾਂਗਰਸ ਦੇ ਪਤਨ ਦਾ ਮੁਖ ਕਾਰਨ ਲਾਲਾ ਲਾਜਪਤ ਰਾਏ ਤੇ ਹਰੀ ਕਰਿਸ਼ਨ ਲਾਲ ਦੇ ਆਪਸੀ ਮਤਭੇਦ ਸਨ। ਇਸ ਕਰਕੇ ਲਾਲਾ ਲਾਜਪਤ ਰਾਏ 1908 ਵਿਚ ਇੰਗਲੈਂਡ ਚਲੇ ਗਏ। ਉਸ ਤੋਂ ਬਾਦ ਬਹੁਤ ਸਾਰੇ ਹਿੰਦੂਆਂ ਤੇ ਆਰੀਆ ਸਮਾਜੀਆਂ ਦੀ ਕਾਂਗਰਸ ਵਿਚ ਦਿਲਚਸਪੀ ਨਾ ਰਹੀ। ਇਥੋਂ ਤਕ ਕਿ 1909 ਦੇ ਲਾਹੌਰ ਸੈਸ਼ਨ ਵਿਚ ਹਰੀ ਕਰਿਸ਼ਨ ਲਾਲ ਨੂੰ ਸਵਾਗਤੀ ਕਮੇਟੀ ਬਣਾਉਣ ਲਈ ਮੈਂਬਰ ਵੀ ਨਹੀਂ ਮਿਲ ਰਹੇ ਸਨ।[18] ਅਤੇ 1909 ਦੇ ਕਾਂਗਰਸ ਸੈਸ਼ਨ ਵਿਚ ਕਾਂਗਰਸ ਵਲੋਂ ਕੀਤਾ ਗਿਆ ਪਰਦਰਸ਼ਨ ਇਸ ਦੇ ਇਤਿਹਾਸ ਵਿਚ ਸਭ ਤੋਂ ਮਾੜਾ ਸੀ। ਮੁਸਲਿਮ ਲੀਗ ਵਿਚ ਆਉਣ ਕਾਰਨ ਮੁਸਲਮਾਨ ਲੀਡਰਾਂ ਨੇ ਵੀ ਕਾਂਗਰਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ।[19]

ਭਾਵੇਂ 1907 ਦੀ ਬਗਾਵਤ ਨੂੰ ਪੰਜਾਬ ਦੇ ਸਿਆਸੀ ਤੇ ਰਾਜਨੀਤਕ ਹਰ ਪਖ ਤੇ ਬਹੁਤ ਪਰਭਾਵ ਪਾਇਆ, ਪਰ ਇਸ ਦਾ ਅੰਤਮ ਅਸਰ ਉਲਟ ਹੋਇਆ। ਕਿਉਂਕਿ ਲੋਕ ਸਰਕਾਰ ਵਿਰੁਧ ਇਕਠੇ ਹੋਣੇ ਸ਼ੁਰੂ ਹੋ ਗਏ। ਆਮ ਜਨਤਾ ਤੇ ਲੀਡਰਾਂ ਨੇ ਆਪਣੀਆਂ ਮੰਗਾਂ ਤੇ ਹਕਾਂ ਲਈ

---

15. ਦੀ ਪੰਜਾਬੀ, ਅਗਸਤ 3, 1907, ਪੰਨਾ 6.
16. ਉਹੀ, ਦਸੰਬਰ 28,1907.
17. ਉਹੀ, ਜੁਲਾਈ 8, 1907.
18. ਐਨ.ਜੀ ਬੈਰੀਅਰ, ਉਹੀ. ਪੰਨੇ 362-63.
19. ਦੀ ਪੰਜਾਬੀ, ਜੁਲਾਈ 15, 1909.

ਸਰਕਾਰ ਵਿਰੁਧ ਆਵਾਜ਼ ਉਠਾਉਣੀ ਸ਼ੁਰੂ ਕੀਤੀ। ਇਸ ਸਰਕਾਰੀ ਤਸ਼ਦਦ ਦਾ ਪੰਜਾਬੀ ਅਤਵਾ-ਦੀਆਂ ਤੇ ਵੀ ਉਲਟਾ ਅਸਰ ਪਿਆ। 1907 ਦੇ ਅਤਵਾਦੀ ਇਕ ਦਮ ਬਗਾਵਤੀ ਬਣ ਗਏ। ਸੂਫੀ ਅੰਬਾ ਪਰਸ਼ਾਦ ਤੇ ਅਜੀਤ ਸਿੰਘ ਨੇ ਅੰਗਰੇਜ਼ਾਂ ਅਤੇ ਉਨਾਂ ਦੀ ਹਕੂਮਤ ਵਿਰੁਧ ਵਿਚਾਰਧਾਰਾ ਰਖਣ ਵਾਲੀਆਂ ਕਿਤਾਬਾਂ ਲਿਖਣੀਆ ਸ਼ੁਰੂ ਕਰ ਦਿਤੀਆਂ ਇਨਾਂ ਵਿਚੋਂ "ਇਨਕਲਾਬ" "ਸਲਤਨਤ" "ਬਾਗੀ ਮਸੀਹਾ" "ਦੇਸੀ ਫੌਜ," "ਉਂਗਲੀ ਪਕੜਕੇ ਪਹੁੰਚਾ ਪਕੜਾ", ਵਗੈਰਾ ਵਰਨਣ ਯੋਗ ਹਨ।[20] ਅੰਗਰੇਜ਼ੀ ਸਖਤ ਸਜ਼ਾਵਾਂ ਲਾਲਾ ਲਾਜਪਤ ਰਾਏ ਵਰਗੇ ਨੇਤਾਵਾਂ ਨੂੰ ਚੁਪ ਕਰਾਉਣ ਵਿਚ ਅਸਮਰਥ ਰਹੀਆਂ। ਜਲਾਵਤਨੀ ਤੋਂ ਸਵਦੇਸ਼ ਪਰਤ ਕੇ ਉਨਾਂ ਨੇ ਫਿਰ ਆਪਣਾ ਪੁਰਾਣਾ ਡੰਡਾ ਬਰਕਰਾਰ ਕਰਦੇ ਹੋਏ ਸੂਰਤ ਵਿਖੇ ਕਾਂਗਰਸ ਦੇ ਸਮਾਗਮ ਵਿਚ ਹਿਸਾ ਲਿਆ। ਲੋਕਾਂ ਨੂੰ ਕਾਇ-ਰਤਾ ਤੇ ਡਰ ਦੀ ਜ਼ਿੰਦਗੀ ਬਿਤਾਉਣ ਦੀ ਬਜਾਏ ਬਹਾਦਰ ਲੋਕਾਂ ਵਾਂਗ ਜਿਉਣ ਅਤੇ ਦੇਸ਼ ਲਈ ਮਰਨ ਲਈ ਵੰਗਾਰਿਆ।[21]

ਆਮ ਮੁਜ਼ਾਹਰਿਆਂ ਤੇ ਮੀਟਿੰਗਾਂ ਤੇ ਪਾਬੰਧੀ ਲਗਣ ਕਰਕੇ ਅਤਵਾਦੀਆਂ ਨੇ ਆਪਣਾ ਕੰਮ ਚਾਲੂ ਰਖਣ ਲਈ ਨਵੇਂ ਰਾਹ ਅਖਤਿਆਰ ਕੀਤੇ। ਉਨਾਂ ਨੇ ਅੰਗਰੇਜ਼ਾਂ ਵਿਰੁਧ ਆਪਣੀ ਵਫਾਦਾਰੀ ਨਾ ਹੋਣ ਦਾ ਸਬੂਤ ਪੇਸ਼ ਕੀਤਾ। 1907 ਵਿਚ ਆਈ ਜਿਆਸੀ ਜਾਗਰਤੀ ਦੀ ਚਿਣਗ ਭਾਵੇਂ ਥੋੜੇ ਸਮੇਂ ਲਈ ਮਧਮ ਪਈ ਪਰ ਇਹ ਕਦੇ ਵੀ ਹਮੇਸ਼ਾ ਲਈ ਬੁਝੀ ਨਹੀਂ ਸੀ। ਵਿਖਾਵਾ ਕਾਰੀਆਂ ਨੂੰ ਕੇਵਲ ਨਵੇਂ ਢੰਗ ਹੀ ਅਪਨਾਉਣੇ ਪਏ ਸਨ।[22] ਪੰਜਾਬੀ ਨੇਤਾਵਾਂ ਨੇ 1907 ਦੇ ਸੋਕੇ ਲਈ ਸਰਕਾਰ ਨੂੰ ਜ਼ਿਮੇਵਾਰ ਠਹਿਰਾਉਂਦੇ ਹੋਏ ਮੌਕੇ ਦਾ ਪੂਰਾ ਲਾਭ ਉਠਾਇਆ। ਲਾਲਾ ਲਾਜਪਤ ਰਾਏ ਨੇ 'ਸੋਕਾ ਰਾਹਤ ਫੰਡ' ਇਕਠਾ ਕਰਨ ਲਈ ਨੌਜਵਾਨਾਂ ਨੂੰ ਭਰਤੀ ਕੀਤਾ ਜੋ ਬਾਦ ਵਿਚ ਬਾਗੀ ਬਣੇ, ਜਿਵੇਂ ਕਿ ਲਾਲ ਹਰਦਿਆਲ, ਮੁਕੰਦੀ ਲਾਲ ਅਤੇ ਲਾਹੌਰ ਦਾ ਗਵਰਧਨ ਦਾਸ ਵਗੈਰਾ।[23] ਪੰਜਾਬੀ ਬਾਗੀਆਂ ਨੇ ਬੰਗਾਲੀ ਅਤਵਾਦੀਆਂ ਨਾਲ ਵੀ ਰਾਫਤਾ ਕਾਇਮ ਕੀਤਾ। ਉਨਾਂ ਨੂੰ ਉਤੇਜਿਤ ਕਰਨ ਲਈ ਪੰਜਾਬ ਚਨਾਬ ਕਲੋਨੀ ਵਿਚ ਜ਼ਮੀਨਾਂ ਵੀ ਦਿਤੀਆਂ।

ਆਰੀਆ ਸਮਾਜੀਆਂ ਨੇ ਸਵ-ਦੇਸ਼ੀ ਦੀ ਪਰੋੜਤਾ ਕਰਦੇ ਹੋਏ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਕਰਨ ਲਈ ਪਰਚਾਰ ਕੀਤਾ ਅਤੇ ਰਾਮ ਭਜ ਦਤ ਨੇ 1908 ਵਿਚ ਆਰੀਆ ਸਮਾਜ ਦਾ ਵਿਸ਼ਵਾਸ ਫੈਲਾਉਣ ਲਈ 'ਸ਼ੁਧੀ ਲਹਿਰ' ਵੀ ਫੈਲਾਈ। ਆਰੀਆ ਸਮਾਜ ਲਹਿਰ ਲੋਕਾਂ ਵਿਚ ਦੁਬਾਰਾ ਹਰਮਨ ਪਿਆਰੀ ਹੋਣ ਲਗੀ।[24] ਆਰੀਆ ਸਮਾਜੀਆਂ ਅਤੇ ਹਿੰਦੂਆਂ ਨੇ ਏਕੇ ਲਈ ਮੁਸਲਮਾਨਾਂ ਨੂੰ ਜਿਤਣ ਲਈ ਕਈ ਉਪਰਾਲੇ ਕੀਤੇ।

ਅਜੀਤ ਸਿੰਘ ਫਿਰ ਤੋਂ ਸਰਗਰਮ ਹੋ ਗਏ। ਉਸ ਨੇ ਆਪਣੇ ਸਾਥੀਆਂ ਸੂਫੀ ਅੰਬਾ ਪਰਸ਼ਾਦ, ਸਵਰਨ ਸਿੰਘ, ਕਰਿਸ਼ਨ ਸਿੰਘ, ਆਦਿ ਨਾਲ ਮਿਲ ਕੇ 'ਭਾਰਤ ਮਾਤਾ,' ਅਤੇ 'ਬੰਦੇ ਮਾਤਰਮ' ਇਦਾਰਿਆਂ ਰਾਹੀਂ ਲੋਕਾਂ ਨੂੰ ਅੰਗਰੇਜ਼ਾਂ ਵਿਰੁਧ ਜਦੋ-ਜਹਿਦ ਕਰਨ ਲਈ ਉਤੇਜਿਤ ਕੀਤਾ।[25]

ਸਿਖਾਂ ਨੇ ਅੰਗਰੇਜ਼ਾਂ ਵਲੋਂ ਖਾਲਸਾ ਕਾਲਜ ਦੀ ਪਰਬੰਧਕੀ ਕਮੇਟੀ ਤੇ ਕਬਜ਼ਾ ਕਰਨ ਅਤੇ

---

20. ਸ਼ਾਮਲਾ ਭਾਟੀਆ, ਉਹੀ, ਪੰਨਾ 333.
21. ਲਾਲਾ ਲਜਪਤ ਰਾਏ, ਸਟੋਰੀ ਆਫ ਮਾਈ ਡੀਪੋਰਟੇਸ਼ਨ (ਨਵੀਂ ਦਿਲੀ, 1965) ਪੰਨਾ 136.
22. ਸ਼ਾਮਲਾ ਭਾਟੀਆ, ਉਹੀ, ਪੰਨਾ 233.
23. ਉਹੀ।
24. ਉਹੀ, ਪੰਨਾ 336.
25. ਗੰਡਾ ਸਿੰਘ, ਹਿਸਟਰੀ ਆਫ ਫਰੀਡਮ ਮੂਵਮੈਂਟ ਇਨ ਦੀ ਪੰਜਾਬ (ਪਟਿਆਲਾ, 1978) ਪੰਨਾ 323.

ਭਾਈ ਜੋਧ ਸਿੰਘ ਨੂੰ ਨੌਕਰੀ ਤੋਂ ਖਾਰਜ਼ ਕਰਨ ਦਾ ਵਿਰੋਧ ਕੀਤਾ। ਪਿੰਡਾਂ ਵਿਚ ਸਕੂਲ ਖੋਲਣ ਲਈ 'ਸਿਖ ਐਜੂਕੇਸ਼ਨਲ ਫੰਡ ਇਕਠਾ ਕੀਤਾ'।

1907 ਦੀ ਗੜਬੜ ਬਾਦ ਇਸਤਰੀਆਂ ਵਿਚ ਵੀ ਦੇਸ਼ ਪਿਆਰ ਜਾਗਿਆ। ਸ਼ਰਵਾ ਦੇਵੀ ਗੋਸਲ ਤੋਂ ਇਲਾਵਾ, ਹਰੀ ਕਰਿਸ਼ਨ ਲਾਲ ਅਤੇ ਰੋਸ਼ਨ ਲਾਲ ਦੀਆਂ ਪਤਨੀਆਂ ਨੇ ਐਜੀਟੇਸ਼ਨ ਵਿਚ ਵਧ ਚੜ ਕੇ ਹਿਸਾ ਲੈਣਾ ਸ਼ੁਰੂ ਕੀਤਾ। ਲੈਕਚਰਾਰ ਸੁਸ਼ੀਲਾ ਦੇਵੀ ਨੇ ਵੀ ਅੰਗਰੇਜ਼ਾਂ ਵਿਰੁਧ ਭਾਸ਼ਣ ਦੇਣਾ ਸ਼ੁਰੂ ਕੀਤਾ।[26]

ਇਸ ਬੇਚੈਨੀ ਦਾ ਪਰੈਸ ਤੇ ਵੀ ਡੂੰਘਾ ਪਰਭਾਵ ਪਿਆ। ਸਰਕਾਰ ਨੇ ਨਵੇਂ ਐਡੀਟਰਾਂ ਨੂੰ ਧਮਕਾਉਣ ਤੇ ਡਰਾਉਣ ਦੀ ਨੀਤੀ ਅਪਨਾਈ। ਪਿੰਡੀ ਦਾਸ ਜੋ ਕਿ ਇੰਡੀਆ ਅਖਬਾਰ ਦਾ ਐਡੀਟਰ ਸੀ, ਨੂੰ ਸਰਕਾਰ ਨੇ ਗਰਿਫਤਾਰ ਕਰ ਲਿਆ।[27] ਪਿੰਡੀ ਦਾਸ ਤੇ ਉਸ ਦੇ ਸਾਥੀਆਂ ਨੂੰ 5 ਸਾਲ ਦੀ ਸਜ਼ਾ ਦਿਤੀ,[28] ਸੂਫੀ ਅੰਬਾ ਪਰਸ਼ਾਦ, ਇੰਡੀਆ ਅਖਬਾਰ ਦਾ ਜੋਆਇੰਟ ਐਡੀਟਰ ਸੀ, ਇਸ ਉਪਰ ਵੀ ਕਈ ਪਰਕਾਰ ਦੇ ਇਲਜ਼ਾਮ ਲਗਾਏ ਗਏ।[29] ਲਾਹੌਰ ਦੇ ਲਾਲ ਚੰਦ ਨੂੰ ਵੀ ਉਸ ਦੀਆਂ ਭੜਕੀਲੀਆਂ ਲਿਖਤਾਂ ਦੇ ਦੋਸ਼ ਕਾਰਨ ਗਰਿਫਤਾਰ ਕਰ ਲਿਆ ਗਿਆ ਸੀ। ਹੈਦਰ ਰਾਜ਼ਾ ਵਿਰੁਧ ਵਾਰੰਟ ਜਾਰੀ ਕਰ ਦਿਤੇ ਗਏ ਸਨ। ਇਸ ਤੋਂ ਇਲਾਵਾ 'ਇਨਕਲਾਬ' 'ਆਰੀਆ ਗਜ਼ਟ' ਤੇ 'ਤਿਲਕ' ਜਿਹੜੇ ਹੁਸ਼ਿਆਰਪੁਰ, ਪਿਸ਼ਾਵਰ ਤੇ ਲਾਹੌਰ ਵਿਚ ਪਰਕਾਸ਼ਤ ਹੋਏ, ਉਨਾਂ ਉਪਰ ਵੀ ਪਾਬੰਦੀ ਲਗਾਈ ਗਈ।[30] ਸਰਕਾਰ ਨੇ ਸਾਰਿਆਂ ਐਡੀਟਰਾਂ ਨੂੰ ਚਿਤਾਵਨੀ ਦਿਤੀ ਕਿ ਜੇਕਰ ਕੋਈ ਭੜਕੀਲੀਆਂ ਲਿਖਤਾਂ ਪਰਕਾਸ਼ਤ ਕਰਨਗੇ ਤਾਂ ਉਹਨਾਂ ਨੂੰ ਇਹੀ ਸਜ਼ਾ ਮਿਲੇਗੀ। 1907 ਵਿਚ ਪਰੈਸ ਐਕਟ ਬਣਾ ਕੇ ਪਰੈਸ ਉਪਰ ਹੋਰ ਵੀ ਪਾਬੰਧੀਆਂ ਲਗਾ ਦਿਤੀਆਂ ਗਈਆਂ।[31] ਇਸ ਤੋਂ ਬਾਅਦ 1910 ਵਿਚ ਭਾਰਤੀ ਪਰੈਸ ਐਕਟ ਪਾਸ ਹੋਣ ਨਾਲ ਪਰੈਸ ਨੂੰ ਹੋਰ ਵੀ ਸਦਮਾ ਪੁਜਾ।[32] ਪਰ ਛੇਤੀ ਹੀ ਐਡੀਟਰਾਂ ਨੇ ਸਰਕਾਰ ਵਿਰੁਧ ਵਿਦਰੋਹ ਕਰ ਦਿਤਾ। ਇਸ ਕਰ ਕੇ ਸਾਰੇ ਐਡੀਟਰ ਇਕਠੇ ਹੋ ਗਏ। ਥੋੜੇ ਹੀ ਦਿਨਾਂ ਵਿਚ ਪੰਜਾਬ ਸਮਾਚਾਰ ਰਾਜਪੂਤ ਗਜ਼ਟ, ਦੀ ਟ੍ਰਿਬਿਊਨ, ਅਰਜਨ ਹਿੰਦੁਸਤਾਨ, ਆਰੀਆ ਗਜ਼ਟ, ਜੀਵਨਤਾਰ, ਸੇਵਕ, ਆਦਿ ਅਖਬਾਰ ਅਤੇ ਉਨਾਂ ਨੇ ਕਰਾਂਤੀਕਾਰੀ ਸਾਹਿਤ ਦੇਣਾ ਸ਼ੁਰੂ ਕਰ ਦਿਤਾ। ਜਿਵੇਂ ਕਿ 'ਹਿੰਦੋਸਤਾਨ ਦੀ ਕਹਾਣੀ' ਹਿਰਦੇ ਕੀ ਜ਼ਬਾਨੀ (ਲਾਲ ਚੰਦ ਦੀ ਲਿਖਤ), ਚਾਦਰ, ਬਾਗੀ ਮਸੀਹਾ, ਹਿੰਦੋਸਤਾਨ ਅੰਗਰੇਜ਼ੀ ਹਕੂਮਤ, ਜਲਾਵਤਨੀ, ਪਾੜੋ ਤੇ ਰਾਜ ਕਰੋ, ਇਨਕਲਾਬ, ਮੁਲਕੀ ਵਤਨ, ਤੇ ਕੁਰਬਾਨੀ ਆਦਿ ਲਿਖਤਾਂ ਉਸ ਟਾਈਮ ਛਪੀਆਂ।[33] ਇਨਾਂ ਲਿਖਤਾਂ ਨੇ ਲੋਕਾਂ ਨੂੰ ਜਾਗਰਤ ਕੀਤਾ ਤੇ ਸਰਕਾਰ ਵਲੋਂ ਪਰੈਸ ਉਪਰ ਲਾਈਆਂ ਪਾਬੰਧੀਆਂ ਤੋਂ ਜਾਣੂ ਕਰਵਾਇਆ, ਤੇ ਸੰਘਰਸ਼ ਕਰਨ ਲਈ ਤਿਆਰ ਕੀਤਾ। ਇਸ ਬੇਚੈਨੀ ਨੇ ਲੋਕਾਂ ਨੂੰ ਅੰਗਰੇਜ਼ਾਂ ਵਲੋਂ ਹੋ ਰਹੀਆਂ ਵਧੀਕੀਆਂ ਤੋਂ ਵਾਕਫ ਕਰਾਇਆ। 1907 ਦੀ ਅਸੰਤੁਸ਼ਟਤਾ, ਜਲਿਆਂ ਵਾਲੇ ਬਾਗ ਦੇ ਸਾਕੇ ਤੇ ਕਾਮਾਗਾਟ ਮਾਰੂ ਦੇ ਸਿਟਿਆਂ ਤੋਂ ਬਾਦ ਬਗਾਵਤ ਦਾ ਬੀਜ ਬੀਜਿਆ ਗਿਆ। ਪਰ ਲੋਕਾਂ ਵਿਚ ਰਾਜਨੀਤਿਕ ਜਾਗਰੂਪਤਾ ਦੀ ਘਾਟ

26. ਸ਼ਾਮਲਾ ਭਾਟੀਆ, ਉਹੀ, ਪੰਨਾ 229.
27. ਨੀਨਾ ਪੁਰੀ, ਉਹੀ, ਪੰਨਾ 103.
28. ਦੀ ਪੰਜਾਬੀ, ਜੂਨ 31, 1907.
29. ਉਹੀ, ਅਕਤੂਬਰ 5, 1907.
30. ਨੀਨਾ ਪੁਰੀ, ਉਹੀ, ਪੰਨਾ 104.
31. ਸ਼ਾਮਲਾ ਭਾਟੀਆ, ਉਹੀ, ਪੰਨਾ 316.
32. ਐਸ. ਸੀ. ਮਿਤਲ, ਫਰੀਡਮ ਮੂਵਮੈਂਟ ਇਨ ਪੰਜਾਬ 1905-1921 (ਦਿਲੀ 1977) ਪੰਨਾ 66.
33. ਸ਼ਮਲਾ ਭਾਟੀਆ, ਉਹੀ, ਪੰਨਾ 319.

ਸੀ, ਜੋ ਕਿ ਪਰੈਸ ਨੇ ਪੂਰੀ ਕੀਤੀ ।[34]

ਇਸ ਬੇਚੈਨੀ ਨੇ ਆਮ ਜਨਤਾ ਨੂੰ ਦੇਸ਼ੀ ਤੇ ਬਿਦੇਸ਼ੀ ਰਾਜ ਦੇ ਫਰਕ ਤੋਂ ਜਾਣੂ ਕਰਾਇਆ । ਇਸ ਨਾਲ ਕਿਸਾਨਾਂ ਤੇ ਪੜ੍ਹੇ ਲਿਖੇ ਵਰਗ ਦੇ ਨਾਲ ਨਾਲ ਅਨਪੜ੍ਹ ਵਰਗ ਵਿਚ ਜਾਗਰਤੀ ਆਈ । ਕਿਸਾਨ ਵਰਗ ਨੇ ਮਹਿਸੂਸ ਕੀਤਾ ਕਿ ਉਨਾਂ ਦੇ ਸਾਰੇ ਦੁਖਾਂ ਲਈ ਜ਼ਿੰਮੇਵਾਰ ਬਿਦੇਸ਼ੀ ਰਾਜ ਹੀ ਹੈ । ਇਸ ਤਰਾਂ ਕਿਸਾਨ ਵਰਗ, ਸਮਾਜ ਦੇ ਦੂਜੇ ਵਰਗਾਂ ਦੇ ਨਾਲ ਹੀ ਵਿਦੇਸ਼ੀ ਰਾਜ ਵਿਰੁਧ ਹੋ ਗਿਆ ਅਤੇ ਅਗਾਂਹ ਹੋਣ ਵਾਲੀਆਂ ਬਾਗਵਤਾਂ ਵਿਚ ਹਿਸਾ ਲੈਣ ਲਗੇ ।

34. ਐਸ.ਸੀ. ਮਿਤਲ, ਉਹੀ, ਪੰਨੇ 60-110.

# ਵਾਰ ਸ਼ਾਹ ਮੁਹੰਮਦ ਦੀ ਇਤਿਹਾਸਕ ਮਹੱਤਤਾ

ਰੁਪਿੰਦਰ ਕੌਰ ਸਿਧੂ*

ਸੁਯੋਗ ਲੇਖਕਾ ਨੇ ਸ਼ਾਹ ਮੁਹੰਮਦ ਦੀ ਵਾਰ ਨੂੰ ਇਤਿਹਾਸਕ ਤਥਾਂ ਨਾਲ ਤੁਲਨਾ ਕੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸ਼ਾਹ ਮੁਹੰਮਦ ਵਲੋਂ ਲਿਖੀਆਂ ਗਈਆਂ ਬਹੁਤੀਆਂ ਗਲਾਂ ਇਤਿਹਾਸਕ ਤਥਾਂ ਨਾਲ ਮੇਲ ਨਹੀਂ ਖਾਂਦੀਆਂ ।

ਸੰ. ਸ.

ਸ਼ਾਹ ਮੁਹੰਮਦ[1] ਨਾ ਕੇਵਲ ਕਾਵਿ ਖੇਤਰ ਦਾ ਇਕ ਕਲਾਕਾਰ ਹੀ ਹੈ ਸਗੋਂ ਚੋਖੀ ਵਾਕਫੀ ਰੱਖਣ ਵਾਲਾ ਨਿਰਪਖ ਇਤਿਹਾਸਕਾਰ ਵੀ ਹੈ । ਰਬ ਦੀ ਉਸਤਤ ਕਰਕੇ, ਸੰਸਾਰ ਦੀ ਨਾਸ਼ਵਾਨਤਾ ਅਤੇ ਵਾਰ ਲਿਖਣ ਦਾ ਕਾਰਨ ਦਸਣ ਮਗਰੋਂ, ਇਕ ਅਜਿਹੇ ਸਾਕੇ ਵਲ ਸੰਬੋਧਨ ਕਰਦਾ ਹੈ, ਜਿਸ ਦੇ ਫਲਸਰੂਪ ਪੰਜਾਬ ਦੀ ਸੁਤੰਤਰਤਾ ਖੁਸਦੀ ਹੈ, ਵਿਦੇਸ਼ੀ ਹੁਕਮਰਾਨ ਬੜੀ ਘਾਲਣਾ ਤੇ ਕੁਰਬਾਨੀ ਨਾਲ ਕਾਇਮ ਕੀਤੀ ਪੰਜਾਬ ਦੀ ਬਾਦਸ਼ਾਹੀ ਨੂੰ ਲਤਾੜਦੇ ਹੋਏ, ਇਥੋਂ ਦੀ ਅਣਖ ਅਤੇ ਗੌਰਵ ਨੂੰ ਖਤਮ ਕਰਦੇ ਹਨ ਅਤੇ ਇਸ ਤਰਾਂ ਸ਼ਾਹ ਮੁਹੰਮਦ ਵੀ ਪੰਜਾਬੀਆਂ ਤੇ ਆ ਜਾਣ ਵਾਲੀ ਆਫਤ ਦੇ ਬਾਰੇ ਇੰਜ ਕਹਿੰਦਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫ਼ਾਤ ਆਈ ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ ।[2]

ਇਸ ਤਰਾਂ ਦਸਣ ਤੋਂ ਬਾਦ ਸ਼ਾਹ ਮੁਹੰਮਦ ਇਕ ਦਮ ਇਤਿਹਾਸ ਵੱਲ ਮੁੜ ਜਾਂਦਾ ਹੈ । ਸੋਹਨ ਲਾਲ ਸੂਰੀ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ 1847 ਬਿਕਰਮੀ ਨੂੰ ਹਾੜ ਦੇ ਮਹੀਨੇ ਗਦੀ ਉਤੇ ਬੈਠੇ ਅਤੇ 1896 ਬਿਕਰਮੀ ਦੇ ਹਾੜ ਮਹੀਨੇ ਵਿਚ ਹੀ ਅਕਾਲ ਚਲਾਣਾ ਕਰ ਗਏ ।[3] ਇਸ ਪਰਕਾਰ ਉਨਾਂ ਨੇ ਪੰਜਾਬ ਉਤੇ ਅਧੀ ਸਦੀ ਤਕ ਰਾਜ ਕੀਤਾ । ਇਹੋ ਗਲ ਸ਼ਾਹ ਮੁਹੰਮਦ ਆਪਣੀ ਵਾਰ ਵਿਚ ਲਿਖਦਾ ਹੈ :

---

*ਐਮ. ਫਿਲ. (ਹਿਸਟਰੀ) ਵਿਦਿਆਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

1. ਸ਼ਾਹ ਮੁਹੰਮਦ ਦਾ ਜਨਮ ਵਡਾਲਾ ਵੀਰਮ (ਤਹਿਸੀਲ ਅੰਮ੍ਰਿਤਸਰ) ਵਿਖੇ ਸੰਨ 1780-82 ਵਿਚ ਹੋਇਆ ਅਤੇ ਉਥੇ ਹੀ ਸੰਨ 1862 ਈ: ਵਿਚ ਦੇਹਾਂਤ ਹੋਇਆ । ਉਹ ਜਾਤ ਦਾ ਕੁਰੈਸ਼ੀ ਸੀ ਅਤੇ ਖਾਲਸਾ ਫੌਜ ਦੇ ਤੋਪਖਾਨੇ ਦੇ ਜਰਨੈਲ ਸੁਲਤਾਨ ਮਹਿਮੂਦ ਨਾਲ ਉਸਦੀ ਰਿਸ਼ਤੇਦਾਰੀ ਸੀ । ਸ਼ਾਹ ਮੁਹੰਮਦ ਦੀ ਵਾਰ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਉਹ ਚੰਗਾਂ ਪੜਿਆ ਲਿਖਿਆ ਆਦਮੀ ਸੀ ਅਤੇ ਖਾਸ ਕਰਕੇ ਉਸਨੂੰ ਲਾਹੌਰ ਦਰਬਾਰ ਤੇ ਖਾਲਸਾ ਫੌਜ ਦੀਆਂ ਗਤੀਵਿਧੀਆਂ ਬਾਬਤ ਚੋਖੀ ਜਾਣਕਾਰੀ ਹਾਸਿਲ ਸੀ ।
2. ਸੀਤਾ ਰਾਮ ਕੋਹਲੀ, ਵਾਰ ਸ਼ਾਹ ਮੁਹੰਮਦ-ਹਿੰਦ ਪੰਜਾਬ ਦਾ ਜੰਗ (ਲੁਧਿਆਣਾ : ਪੰਜਾਬੀ ਸਾਹਿਤ ਅਕਾਡਮੀ, 1966), ਪੰਨਾ 134.
3. ਸੋਹਨ ਲਾਲ ਸੂਰੀ, ਉਮਦਾ ਉੱਤ ਤਵਾਰੀਖ, ਦਫਤਰ ਦੂਜਾ (ਅੰਮ੍ਰਿਤਸਰ : ਹਿਸਟਰੀ ਡਿਪਾਰਟਮੈਂਟ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1985), ਪੰਨਾ 28-29.

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
... ... ... ...
ਸ਼ਾਹ ਮੁਹੰਮਦਾ ਜਾਣ ਪਸਾਰ ਬਰਸਾਂ,
ਚੰਗਾ ਰਜ ਕੇ ਰਾਜ ਕਮਾਇ ਗਿਆ ।[4]

ਸ਼ਾਹ ਮੁਹੰਮਦ ਨੇ ਬੜੇ ਸੰਜਮ ਨਾਲ ਲਗਭਗ ਸਤ ਵਰਿਆਂ ਦੇ ਵਿਚ ਬੜੀਆਂ ਦਰਦਨਾਕ ਇਤਿਹਾਸਕ ਘਟਨਾਵਾਂ ਦਾ ਵਰਣਨ ਕੀਤਾ ਹੈ ਜੋ ਕਿ ਸੰਨ 1845-46 ਦੀ ਭਿਆਨਕ ਪਹਿਲੀ ਅੰਗਰੇਜ਼ਾਂ-ਸਿਖਾਂ ਦੀ ਲੜਾਈ ਦਾ ਕਾਰਣ ਬਣੀਆਂ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸ਼ਾਹ ਮੁਹੰਮਦ ਥੋੜੇ ਜਿਹੇ ਸ਼ਬਦਾਂ ਵਿਚ ਹੀ ਕਿੰਨੀਆਂ ਇਤਿਹਾਸਕ ਘਟਨਾਵਾਂ ਦਾ ਵਰਣਨ ਕਰਦਾ ਹੈ, ਜਿਵੇਂ :

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ ।
ਚੇਤ ਸਿੰਘ ਨੂੰ ਮਾਰਿਆਂ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ ।
ਖੜਕ ਸਿੰਘ ਮਹਾਰਾਜਾ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ ।
ਸਾਡਾ ਜਿਹੋ ਸੀ ਕੌਲ ਕਰਾਰ ਮੀਆਂ ।[5]

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਚੇਤ ਸਿੰਘ ਬਾਜਵਾ ਦੇ ਕਤਲ ਨਾਲ ਹੀ ਲਾਹੌਰ ਦਰਬਾਰ ਵਿਚ ਤਲਵਾਰ ਦਾ ਦੌਰ ਆਰੰਭ ਹੋਇਆ ਸੀ । ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਹੀ ਮੁਖ ਮੰਤਰੀ ਧਿਆਨ ਸਿੰਘ ਅਤੇ ਕੰਵਰ ਖੜਕ ਸਿੰਘ ਦੇ ਸੰਬੰਧ ਵਿਗੜ ਚੁਕੇ ਸਨ । ਧਿਆਨ ਸਿੰਘ ਖੜਕ ਸਿੰਘ ਨਾਲ ਚੇਤ ਸਿੰਘ ਦੇ ਡੂੰਘੇ ਸਬੰਧ ਬਣ ਜਾਣ ਤੇ ਨੋਰਾਜ਼ ਰਹਿੰਦਾ ਸੀ ਕਿਉਂਕਿ ਚੇਤ ਸਿੰਘ ਧਿਆਨ ਸਿੰਘ ਦੀ ਥਾਂ ਆਪ ਵਜ਼ੀਰੀ ਲੈਣ ਦਾ ਚਾਹਵਾਨ ਸੀ । ਇਸ ਲਈ ਧਿਆਨ ਸਿੰਘ ਨੇ ਆਪਣੀ ਵਜ਼ੀਰੀ ਖਤਰੇ ਵਿਚ ਦੇਖ ਕੇ ਕੰਵਰ ਨੌ-ਨਿਹਾਲ ਨਾਲ ਮਿਲ ਕੇ ਬਾਜਵੇ ਨੂੰ ਕਤਲ ਕਰਨ ਦੀ ਸਾਜਸ਼ ਕੀਤੀ ।[6] ਭਾਵੇਂ ਚੇਤ ਸਿੰਘ ਬਾਜਵਾ ਨੂੰ ਕੰਵਰ ਨੌਂ-ਨਿਹਾਲ ਸਿੰਘ ਨੇ ਨਹੀਂ ਮਾਰਿਆ ਸੀ । ਫੇਰ ਵੀ ਕਾਤਲਾਂ ਦੀ ਜੁੰਡੀ ਵਿਚ ਉਹ ਵੀ ਸ਼ਾਮਲ ਸੀ । ਮਹਾਰਾਜਾ ਖੜਕ ਸਿੰਘ ਤੇ ਚੇਤ ਸਿੰਘ ਬਾਜਵਾ ਪਕੇ ਮਿਤਰ ਸਨ ਅਤੇ ਉਹਨਾਂ ਦੇ ਇਕਠੇ ਮਰਨ ਜੀਣ ਦਾ ਪਰਣ ਕੀਤਾ ਹੋਇਆ ਸੀ । ਇਸ ਲਈ ਚੇਤ ਸਿੰਘ ਦੀ ਮਿਰਤੂ ਤੋਂ ਬਾਦ ਖੜਕ ਸਿੰਘ ਬਹੁਤ ਦੇਰ ਤਕ ਨਾ ਜੀ ਸਕਿਆ ਅਤੇ ਇਕ ਸਾਲ ਇਕ ਮਹੀਨਾ ਮਗਰੋਂ ਉਹ ਵੀ ਮਰ ਗਿਆ । ਤਾਂ ਹੀ ਸ਼ਾਹ ਮੁਹੰਮਦ ਨੇ ਲਿਖਿਆ ਹੈ :

ਖੜਕ ਸਿੰਘ ਮਹਾਰਾਜ ਹੋਇਆ ਮਾਂਦਾ,
ਬਰਸ ਇਕ ਪਿਛੋਂ ਵਸ ਕਾਲ ਹੋਇਆ ।

ਸੋਹਨ ਲਾਲ ਸੂਰੀ ਲਿਖਦਾ ਹੈ ਕਿ ਕੰਵਰ ਨੌ-ਨਿਹਾਲ ਸਿੰਘ ਨੂੰ ਆਪਣੇ ਪਿਤਾ ਦੀ ਮੌਤ ਦਾ ਕੋਈ ਦੁਖ ਨਹੀਂ ਸੀ ਅਤੇ ਥੋੜੀ ਦੇਰ ਅਥਰੂ ਵਹਾ ਕੇ ਕੰਵਰ ਹਵੇਲੀ ਦੀ ਛਤ ਉਤੇ ਹਵਾ-

4. ਸੀਤਾ ਰਾਮ ਕੋਹਲੀ, ਓਹੀ, ਪੈਰਾ ਨੰ: 5, ਪੰਨਾ 135.
5. ਉਕਤ, ਪੰਨਾ 136.
6. ਜੀ.ਸੀ. ਸਾਹਿਬ ਸਮਿਥ, ਏ ਹਿਸਟਰੀ ਆਫ਼ ਰੇਨਿੰਗ ਫੈਮਲੀ ਆਫ਼ ਲਾਹੌਰ (ਪੰਜਾਬ ਭਾਸ਼ਾ ਵਿਭਾਗ, 1970), ਪੰਨੇ 29-30 ਅਤੇ ਹਿਊ ਪੀਅਰਸ, ਮੈਮਰੀਜ਼ ਆਫ਼ ਅਲੈਗਜ਼ੈਂਡਰ ਗਾਰਡਰਨਰ (ਲੰਡਨ, 1898), ਪੰਨੇ 220-21.

ਖ਼ੋਰੀ ਲਈ ਚੜ੍ਹ ਗਿਆ।[7] ਇਧਰ ਸ਼ਾਹ ਮੁਹੰਮਦ ਵੀ ਲਿਖਦਾ ਹੈ :

ਕੌਰ ਸਾਹਿਬ ਸ਼ਾਹਜ਼ਾਦੇ ਦੀ ਗਲ ਸੁਣ ਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ।

ਕੁਝ ਇਤਿਹਾਸਕਾਰ ਕੰਵਰ ਨੌ ਨਿਹਾਲ ਸਿੰਘ ਦੀ ਮੌਤ ਦਾ ਜ਼ਿੰਮੇਵਾਰ ਧਿਆਨ ਸਿੰਘ ਨੂੰ ਠਹਿਰਾਂਦੇ ਹਨ। ਪਰ ਕਈ ਇਤਿਹਾਸਕਾਰ ਇਸ ਨੂੰ ਰਬੀ ਭਾਣਾ ਜਾਂ ਕੁਦਰਤੀ ਆਖਦੇ ਹਨ ਜਿਵੇਂ ਮੁਨਸ਼ੀ ਸੋਹਨ ਲਾਲ ਇਸ ਘਟਨਾ ਨੂੰ ਰਬੀ ਭਾਣਾ ਦਸਦਾ ਹੈ।[8] ਲੈਪਿਲ ਗਰਿਫਨ ਵੀ ਇਸ ਘਟਨਾ ਨੂੰ ਰਬੀ ਭਾਣਾ ਦਸਦਾ ਹੈ।[9] ਅੰਗਰੇਜ਼ਾਂ ਦੀ ਉਸ ਸਮੇਂ ਦੀ ਖੁਫੀਆ ਰਿਪੋਰਟ[10] ਤੋਂ ਵੀ ਇਹ ਸੰਕੇਤ ਮਿਲਦਾ ਹੈ ਕਿ ਇਹ ਘਟਨਾ ਅਚਾਨਕ ਵਾਪਰੀ ਸੀ। ਜਰਮਨ ਡਾਕਟਰ ਹਾਨਿੰਗਬਰਗਰ[11] ਵੀ ਘਟਨਾ ਨੂੰ ਇਤਫਾਕੀਆ ਹਾਦਸਾ ਹੀ ਕਹਿੰਦਾ ਹੈ। ਸਯਦ ਮੁਹੰਮਦ ਲਤੀਫ[12] ਵੀ ਕੰਵਰ ਦੀ ਮੌਤ ਨੂੰ ਰਬੀ ਭਾਣਾ ਹੀ ਮੰਨਦਾ ਹੈ। ਅਜੋਕੇ ਇਤਿਹਾਸਕਾਰਾਂ ਵਿਚੋਂ ਸੀਤਾ ਰਾਮ ਕੋਹਲੀ[13] ਅਤੇ ਖੁਸ਼ਵੰਤ ਸਿੰਘ[14] ਵੀ ਇਸ ਘਟਨਾ ਨੂੰ ਅਚਾਨਕ ਵਾਪਰੀ ਦਸਦੇ ਹਨ। ਸ਼ਾਹ ਮੁਹੰਮਦ ਨੇ ਵੀ ਕੰਵਰ ਦੀ ਮੌਤ ਨੂੰ ਰਬੀ ਭਾਣੇ ਨਾਲ ਵਾਪਰੀ ਘਟਨਾ ਕਿਹਾ ਹੈ। ਉਹ ਕਹਿੰਦਾ ਹੈ ਕਿ ਕਵਰ ਉਤੇ ਹਵੇਲੀ ਦਾ ਛਜਾ "ਧਰਮ ਰਾਜ ਦੇ ਇਨਸਾਫ" ਵਜੋਂ ਰਬ ਦੀ 'ਰਜ਼ਾ' ਨਾਲ, 'ਧੁਰ' ਦਰਗਾਹ ਦੇ ਹੁਕਮ ਨਾਲ ਡਿਗਿਆ ਸੀ। ਜਿਵੇਂ :

ਖੜਕ ਸਿੰਘ ਮਹਾਰਾਜ ਨੂੰ ਚੁਕ ਲਿਆ,
ਦੇਖੋ ਸਾੜਨੇ ਨੂੰ ਹੁਣ ਲੈ ਚਲੇ।
ਧਰਮ ਰਾਜ ਨੂੰ ਜਦੋਂ ਇਹ ਖਬਰ ਹੋਈ,
ਕੌਰ ਮਾਰਨੇ ਨੂੰ ਉਸ ਦੂਤ ਘਲੇ।
ਸ਼ਾਹ ਮੁਹੰਮਦਾ ਦੇਖੋ ਰਜ਼ਾਇ ਉਸਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚਲੇ
ਇਕ ਦੂਤ ਨੇ ਦੇਖ ਕੇ ਫਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸ ਨੂੰ ਖੂਬ ਬਜਾਇਆ ਈ।
... ... ...ਕੌਰ ਸਹਿਬ ਵੀ ਸਹਿਕਦਾ ਆਇਆ ਸੀ

ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਲੁਕਾਉਣਾ ਅਤੇ ਰਾਣੀ ਚੰਦ ਕੌਰ ਦੇ ਫਤਿਹਗੜ੍ਹੋਂ ਵਾਪਸ ਆਉਣ ਵਾਲੀ ਗਲ ਵੀ ਇਤਿਹਾਸਕ ਸਚ ਹੈ। ਰਾਜਾ ਧਿਆਨ ਸਿੰਘ ਨੇ ਉਪਰਲੀ ਦੁਰਘਟਨਾ

7. ਸੋਹਨ ਲਾਲ ਸੂਰੀ, ਪਿਠ ਅੰਕਤ, ਪੰਨਾ 67.
8. ਉਕਤ, ਪੰਨਾ 70-71.
੯. ਐਲ. ਐਚ. ਗਰਿਫਨ, ਦੀ ਪੰਜਾਬ ਚੀਫਸ (ਲਾਹੌਰ, 1865), ਪੰਨਾ 28.
10. ਬਿਕਰਮਜੀਤ ਹਸਰਤ ਦੀ ਪੰਜਾਬ ਪੇਪਰਜ਼ (ਹੁਸ਼ਿਆਰਪੁਰ, 1970), ਪੰਨਾ 39.
11. ਜੇ ਐਮ. ਹਾਨਿਗਬਰਗਰ, ਥਰਟੀ ਫਾਈਵ ਈਅਰਜ਼ ਇਨ ਦੀ ਈਸਟ (ਲੰਡਨ, 1859) ਭਾਗ 1, ਪੰਨਾ 104.
12. ਸਯਦ ਮੁਹੰਮਦ ਲਤੀਫ, ਹਿਸਟਰੀ ਆਫ਼ ਦੀ ਪੰਜਾਬ (ਲਾਹੌਰ, 1889), ਪੰਨਾ 501.
13. ਸੀਤਾ ਰਾਮ ਕੋਹਲੀ, ਉਹੀ, ਪੰਨਾ 24.
14. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਸਿਖਜ਼ 1839-1964 (ਲੰਡਨ, 1966), ਭਾਗ ਦੂਜਾ, ਪੰਨਾ 12.

ਦੀ ਖਬਰ ਆਪਣੇ ਨੌਕਰ ਭਾਈ ਮਾਹੌਂ ਸਿੰਘ ਰਾਹੀਂ ਮਹਾਰਾਜ ਸ਼ੇਰ ਸਿੰਘ ਨੂੰ ਘਲੀ ਸੀ ਕਿ ਉਸਦਾ ਵੀਰ (ਖੜਕ ਸਿੰਘ) ਅਤੇ ਭਤੀਜਾ (ਨੌ-ਨਿਹਾਲ ਸਿੰਘ) ਮਰ ਗਏ ਹਨ।

ਇਸ ਤੋਂ ਅਗੇ ਮਹਾਰਾਣੀ ਚੰਦ ਕੌਰ ਤੇ ਕੰਵਰ ਸ਼ੇਰ ਸਿੰਘ ਦਾ ਸੰਘਰਸ਼ ਤੁਰਦਾ ਹੈ। ਸ਼ਾਹ ਮੁਹੰਮਦ ਨੇ ਇਸ ਸੰਘਰਸ਼ ਨੂੰ ਸਹੀ ਸੰਖਿਪਤ ਢੰਗ ਨਾਲ ਬਿਆਨਿਆ ਹੈ। ਰਾਜਾ ਧਿਆਨ ਸਿੰਘ ਦੁਆਰਾ ਕੰਵਰ ਸ਼ੇਰ ਸਿੰਘ ਨੂੰ ਚਿਠੀ ਲਿਖ ਕੇ ਬੁਲਾਉਣਾ ਅਤੇ ਆਪ ਛੁਟੀ ਲੈ ਕੇ ਜੰਮੂ ਚਲੇ ਜਾਣਾ ਦੋਵੇਂ ਘਟਨਾਵਾਂ ਇਤਿਹਾਸਕ ਹਨ।[15] ਇਵੇਂ ਹੀ ਮਹਾਰਾਜਾ ਸ਼ੇਰ ਸਿੰਘ ਅਤੇ ਰਾਜਾ ਧਿਆਨ ਸਿੰਘ ਖੜਯੰਤਰ ਨਾਲ ਰਾਣੀ ਚੰਦ ਕੌਰ ਦਾ ਆਪਣੀਆਂ ਦਾਸੀਆਂ ਦੁਆਰਾ ਮਾਰੇ ਜਾਣ ਦੀ ਘਟਨਾ ਵੀ ਇਤਿਹਾਸਕ ਸਚ ਹੈ।[16]

ਇਸ ਤੋਂ ਮਗਰੋਂ ਕੁਝ ਵਿਸਥਾਰ ਦੇ ਕੇ ਲਿਖਦਾ ਹੈ ਕਿ ਕਿਵੇਂ ਸੰਧਾਵਾਲੀਆਂ ਸਰਦਾਰਾਂ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੇ ਵਿਸਾਹ ਦੇ ਕੇ ਮਹਾਰਾਜਾ ਸ਼ੇਰ ਸਿੰਘ, ਉਸ ਦੇ ਲੜਕੇ ਕੰਵਰ ਪਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਨੂੰ ਕਤਲ ਕੀਤਾ। ਇਸ ਖ਼ੂਨੀ ਸਾਕੇ ਦਾ ਕਾਰਨ ਉਸ ਨੇ ਇਸ ਤੋਂ ਸਵਾਇ ਕੁਝ ਨਹੀਂ ਦਸਿਆ ਕਿ ਸੰਧਾਵਾਲੀਏ ਨਾਬਾਲਗ ਦਲੀਪ ਸਿੰਘ ਨੂੰ ਗਦੀ ਤੇ ਬਿਠਾ ਕੇ ਆਪ ਉਸ ਦੇ ਵਜ਼ੀਰ ਬਣ ਕੇ ਰਾਜ ਕਰਨਾ ਚਾਹੁੰਦੇ ਸਨ। ਪਰ ਉਨਾਂ ਦੀ ਇਹ ਸਾਜਿਸ਼ ਨੇਪਰੇ ਨਾ ਚੜੀ ਅਤੇ ਰਾਜਾ ਧਿਆਨ ਸਿੰਘ ਦੇ ਪੁਤਰ ਰਾਜਾ ਹੀਰਾ ਸਿੰਘ ਨੇ ਤਰੁੰਤ ਹੀ ਫੌਜ ਨੂੰ ਆਪਣੇ ਨਾਲ ਗੰਢ ਕੇ ਸੰਧਾਵਾਲੀਆਂ ਨੂੰ ਮਾਰ ਮੁਕਾਇਆ। ਵਜ਼ੀਰੀ ਹਾਸਿਲ ਕਰ ਕੇ ਰਾਜਾ ਹੀਰਾ ਸਿੰਘ ਨੇ ਇਕ ਬਦਦਿਮਾਗ ਪੰਡਿਤ ਜਲ੍ਹੇ ਨੂੰ ਆਪਣਾ ਸਲਾਹਕਾਰ ਚੁਣਿਆ। ਜਿਸ ਕਾਰਨ ਰਾਜਾ ਖੁਦ ਥੋੜੇ ਸਮੇਂ ਵਿਚ ਹੀ ਬਦਨਾਮ ਹੋ ਗਿਆ ਅਤੇ ਖਾਲਸਾ ਫੌਜ ਨੇ ਉਸ ਦੇ ਚਾਚੇ ਸੁਚੇਤ ਸਿੰਘ ਨੂੰ ਜੰਮੂ ਤੋਂ ਵਜ਼ੀਰੀ ਦੀ ਜ਼ਿਮੇਵਾਰੀ ਲਈ ਮੰਗਵਾਇਆ।

ਪਰ ਸੁਚੇਤ ਸਿੰਘ ਨੂੰ ਸਫਲਤਾ ਨਾ ਮਿਲ ਸਕੀ ਅਤੇ ਉਹ ਆਪਣੇ ਕਈ ਸਾਥੀਆਂ ਸਮੇਤ ਲੜਾਈ ਵਿਚ ਮਾਰਿਆ ਗਿਆ। ਕੁਝ ਸਮਾਂ ਬਾਦ ਹੀਰਾ ਸਿੰਘ ਨੇ ਖਾਲਸਾ ਫੌਜ ਨੂੰ ਵਰਗਲਾ ਕੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਉਤੇ ਹਮਲਾ ਕਰਵਾ ਕੇ ਉਸ ਨੂੰ ਮਰਵਾ ਦਿਤਾ। ਇਸ ਘਟਨਾ ਦਾ ਕਵੀ ਨੇ ਕੋਈ ਵੇਰਵਾ ਨਹੀਂ ਦਿਤਾ ਅਤੇ ਕੇਵਲ ਇਕ ਮਾੜਾ ਜਿਹਾ ਸੰਕੇਤ ਹੀ ਦਿਤਾ ਹੈ। ਹੀਰਾ ਸਿੰਘ ਤੇ ਜਲਾ ਵੀ ਇਸ ਤੋਂ ਬਾਦ ਬਹੁਤੀ ਦੇਰ ਤਕ ਰਾਜ ਨਾ ਕਰ ਸਕੇ। ਖਾਲਸਾ ਫੌਜ ਨੇ ਉਨਾਂ ਨੂੰ ਭੈਭੀਤ ਕਰ ਕੇ ਲਾਹੌਰ ਤੋਂ ਭਜਾ ਦਿਤਾ ਅਤੇ ਫਿਰ ਪਿਛਾ ਕਰ ਕੇ ਜੰਮੂ ਤੋਂ ਜਾਂਦਿਆਂ ਰਾਹ ਵਿਚ ਹੀ ਦੋਹਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ।

ਫਿਰ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵਜ਼ੀਰ ਬਣਿਆ। ਉਸ ਦੇ ਹੁਕਮ ਤੇ ਫੌਜ ਨੇ ਜੰਮੂ ਤੇ ਧਾਵਾ ਬੋਲਿਆ ਅਤੇ ਉਥੋਂ ਰਾਜਾ ਗੁਲਾਬ ਸਿੰਘ ਨੂੰ ਕੈਦ ਕਰ ਕੇ ਲੈ ਆਂਦਾ ਅਤੇ ਜਵਾਹਰ ਸਿੰਘ ਕੋਲੋਂ ਕੈਂਠਿਆਂ ਦੇ ਇਨਾਮ ਪਾਏ। ਅਜੇ ਬਹੁਤਾ ਚਿਰ ਨਹੀ ਸੀ ਗੁਜ਼ਰਿਆ ਕਿ ਫੌਜ ਦੀ ਕਰੋਪੀ ਜਵਾਹਰ ਸਿੰਘ ਉਤੇ ਵੀ ਆ ਪਈ। ਜਿਸ ਬੇਦਰਦੀ ਨਾਲ ਉਸਨੂੰ ਖੁਲੇ ਪਰੇਡ ਦੇ ਮੈਦਾਨ ਵਿਚ ਕੋਹ ਕੇ ਮਾਰਿਆ ਗਿਆ ਉਸ ਦਾ ਚੋਖਾ ਵੇਰਵਾ ਕਵੀ ਨੇ ਦਿਤਾ ਹੈ। ਉਸ ਦੀ ਮੌਤ ਤੇ ਰਾਣੀ ਜ਼ਿੰਦਾਂ ਨੇ ਜੋ ਕੀਰਨੇ ਪਾਏ, ਉਨਾਂ ਨੂੰ ਚੰਗੀ ਤਰਾਂ ਬਿਆਨਿਆ ਹੈ। ਪਰ ਕਵੀ ਨੇ ਇਹ ਦਸਣ ਦੀ ਬਿਲਕੁਲ ਖੇਚਲ ਨਹੀਂ ਕੀਤੀ ਕਿ ਫੌਜ ਨੇ ਕਿਸ ਕਾਰਨ ਜਵਾਹਰ ਸਿੰਘ ਨੂੰ ਇਨੀ ਕਰੜੀ ਸਜ਼ਾ ਦੇਣ ਦਾ ਫੈਸਲਾ ਕੀਤਾ ਸੀ।

---

15. ਸੋਹਨ ਲਾਲ ਸੂਰੀ, ਪਿਠ ਅੰਕਤ, ਪੰਨਾ 8.

16. ਸਯਦ ਮੁਹੰਮਦ ਲਤੀਫ, ਉਹੀ, ਪੰਨਾ 509 ਅਤੇ ਸੋਹਨ ਲਾਲ ਸੂਰੀ, ਪਿਠ ਅੰਕਤ, ਪੰਨਾ 35-36.

ਜਵਾਹਰ ਸਿੰਘ ਦਾ ਕਤਲ 21 ਸਤੰਬਰ, 1845 ਨੂੰ ਹੋਇਆ। ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਇਹ ਕਤਲ ਅੰਗਰੇਜ਼ਾਂ ਤੇ ਸਿਖਾਂ ਦੀ ਲੜਾਈ ਦਾ ਮੁਖ ਕਾਰਨ ਸੀ। ਆਪਣੇ ਭਰਾ ਦੇ ਫੌਜ ਹਥੋਂ ਮਾਰੇ ਜਾਣ ਬਾਅਦ ਰਾਣੀ ਜ਼ਿੰਦਾਂ ਨੇ ਇਸ ਦਾ ਬਦਲਾ ਲੈਣ ਲਈ ਪਕੀ ਨਿਯਤ ਧਾਰ ਲਈ।

ਸ਼ਾਹ ਮੁਹੰਮਦ ਦੇ ਰਾਣੀ ਜਿੰਦਾਂ ਬਾਰੇ ਉਪਰੋਕਤ ਬਿਆਨ ਨੂੰ ਇੰਨ-ਬਿੰਨ ਪਰਵਾਨ ਕਰਨਾ ਕਠਿਨ ਹੈ ਕਿਉਂਕਿ ਸ਼ਾਹ ਮਹੁੰਮਦ ਅੰਗਰੇਜ਼ਾਂ ਨਾਲ ਜੰਗ ਛਿੜਨ ਦੀ ਸਾਰੀ ਜ਼ਿਮੇਵਾਰੀ ਰਾਣੀ ਜਿੰਦਾਂ ਦੇ ਸਿਰ ਪਾਂਦਾ ਹੈ। ਪਰ ਇਕ ਤਾਂ ਜਿਸ ਚਿਠੀ ਦਾ ਜ਼ਿਕਰ ਸ਼ਾਹ ਮੁਹੰਮਦ ਨੇ ਕੀਤਾ ਹੈ, ਉਹ ਨਾ ਤਾਂ ਹੁਣ ਉਪਲਬਧ ਹੈ ਤੇ ਨਾ ਹੀ ਉਸ ਦੇ ਲਿਖੇ ਜਾਣ ਦੀ ਪੁਸ਼ਟੀ ਕਿਸੇ ਹੋਰ ਸਰੋਤ ਤੋਂ ਮਿਲਦੀ ਹੈ। ਇਹ ਵਖਰੀ ਗਲ ਹੈ ਕਿ ਗੁਪਤ ਰੂਪ ਵਿਚ ਰਾਣੀ ਜਿੰਦਾਂ ਨੇ ਆਪਣੀ ਫੌਜ ਦੀ ਸ਼ਕਤੀ ਘਟਾਉਣ ਲਈ ਅੰਗਰੇਜ਼ਾਂ ਨਾਲ ਗਲਬਾਤ ਕੀਤੀ ਹੋਵੇ ਅਤੇ ਅਜਿਹਾ ਕਰਨ ਵਿਚ ਲਾਲ ਸਿੰਘ ਤੇ ਤੇਜਾ ਸਿੰਘ ਦਾ ਕੋਈ ਰੋਲ ਰਿਹਾ ਹੋਵੇ। ਇਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਸਾਰੇ ਹੀ ਮੁਸਲਮਾਨ ਕਵੀਆਂ ਦੀ ਇਹ ਕਮਜ਼ੋਰੀ ਰਹੀ ਹੈ ਕਿ ਉਨਾਂ ਨੇ ਹਮੇਸ਼ਾ ਹੀ ਔਰਤ ਨੂੰ ਨਿੰਦਿਆ ਹੈ, ਦਰਅਸਲ ਕਟੜ ਮੁਸਲਿਮ ਸਮਾਜ ਔਰਤ ਨੂੰ ਉਚਾ ਦਰਜਾ ਦੇਣ ਦੇ ਹਕ ਵਿਚ ਨਹੀਂ। ਇਸ ਲਈ ਸ਼ਾਹ ਮੁਹੰਮਦ ਵੀ ਇਸ ਕਮਜ਼ੋਰੀ ਤੋਂ ਬਚ ਨਹੀਂ ਸਕਿਆ ਤੇ ਉਸ ਨੇ ਸਾਰੀ ਦੀ ਸਾਰੀ ਜ਼ਿਮੇਵਾਰੀ ਰਾਣੀ ਜਿੰਦਾਂ ਦੇ ਸਿਰ ਹੀ ਮੜ ਦਿਤੀ। ਇਸੇ ਤਰਾਂ ਸ਼ਾਹ ਮੁਹੰਮਦ ਪੂਰਵ ਇਤਿਹਾਸਕ ਕਾਲ ਵਿਚੋਂ ਉਦਾਹਰਨਾਂ ਲੈ ਕੇ ਉਹ ਨਾਰੀ ਦੇ ਕਿਰਦਾਰ ਦੀ ਰਜ ਕੇ ਭੰਡੀ ਕਰਦਾ ਹੈ। ਸੋ ਆਪਣੀ ਵਾਰ ਵਿਚ ਸ਼ਾਹ ਮੁਹੰਮਦ ਰਾਣੀ ਜਿੰਦਾਂ ਨੂੰ ਬਹਾਨਾ ਬਣਾ ਕੇ ਸਮੁਚੀ ਇਸਤਰੀ ਜਾਤੀ ਨੂੰ ਨਿੰਦਣ ਯੋਗ ਦਰਸਾਉਂਦਾ ਹੈ। ਜਿਵੇਂ :

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਰਾਵਣ ਲੰਕਾ ਦੇ ਵਿਚ ਮਰਵਾਇ ਦਿਤਾ।
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿਤਾ।
ਰਾਜਾ ਭੋਜ ਦੇ ਉਤੇ ਅਸਵਾਰ ਹੋਈਆਂ,
ਮਾਰ ਅੱਡੀਆਂ ਹੋਸ਼ ਭੁਲਾਇ ਦਿਤਾ।
ਸ਼ਾਹ ਮੁਹੰਮਦਾ ਇਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿਤਾ।

ਵਾਰ ਦੇ 58 ਤੋਂ 97 ਤਕ ਦੇ ਬੰਦਾਂ ਵਿਚ ਲੜਾਈ ਦਾ ਵਰਣਨ ਕੀਤਾ ਗਿਆ ਹੈ। ਇਸ ਵਰਣਨ ਵਿਚ ਕਵੀ ਦੀ ਜਾਣਕਾਰੀ ਇੰਨੀ ਪਕੀ ਨਹੀਂ ਦਿਸਦੀ, ਜਿੰਨੀ ਕਿ ਉਸ ਦੀ ਜਾਣਕਾਰੀ ਲੜਾਈ ਦੇ ਪਿਛੋਕੜ ਵਿਚ ਦਿਸਦੀ ਹੈ। ਭਾਵੇਂ ਉਸ ਨੇ ਚਾਰੇ ਲੜਾਈਆਂ ਠੀਕ ਤਰਤੀਬ ਵਿਚ ਦੇ ਦਿਤੀਆਂ ਹਨ। ਪਰ ਤੀਜੀ ਤੇ ਚੌਥੀ ਲੜਾਈ ਕਿਥੇ ਕਿਥੇ ਹੋਈ, ਇਸ ਬਾਰੇ ਕੁਝ ਨਹੀਂ ਦਸਿਆ। ਪਹਿਲੀ ਲੜਾਈ ਦਾ ਨਾਮ ਜ਼ਰੂਰ ਦਿਤਾ ਹੈ, ਪਰ ਉਸ ਦਾ ਵੇਰਵਾ ਬਹੁਤ ਹੀ ਘਟ ਹੈ। ਫੇਰੂ ਸ਼ਹਿਰ ਦੀ ਲੜਾਈ ਦਾ ਜ਼ਿਕਰ ਕਰਦਿਆਂ ਤੇਜਾ ਸਿੰਘ ਨੂੰ ਲੜਾਈ ਦੇ ਪਹਿਲੇ ਦਿਨ ਹੀ ਰਣ ਵਿਚ ਆਂ ਕੇ ਕਮਾਂਡ ਕਰਦਾ ਦਰਸਾਇਆ ਹੈ, ਹਾਲਾਂ ਕਿ ਉਹ ਅਗਲੇ ਦਿਨ ਸਵੇਰੇ ਆਇਆ ਸੀ ਤੇ ਬਿਨਾਂ ਕੁਝ ਕੀਤੇ ਵਾਪਸ ਭਜ ਗਿਆ ਸੀ। ਲਾਲ ਸਿੰਘ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਦੋਹਾਂ ਲੜਾਈਆਂ ਵਿਚ ਮੁਖੀ ਕਮਾਂਡਰ ਸੀ। ਅਤੇ ਇਨਾਂ ਦੋਨਾਂ ਵਿਚ ਹੀ ਉਹ ਗਦਾਰ ਸਾਬਤ ਹੋਇਆ ਸੀ। ਪਰ ਇਸ ਬਾਰੇ ਇਕ ਸ਼ਬਦ ਵੀ ਨਹੀਂ ਦਿਤਾ। ਵੇਖਣ ਵਿਚ ਆਇਆ ਹੈ ਕਿ ਤੇਜਾ ਸਿੰਘ ਤੇ ਲਾਲ ਸਿੰਘ ਦੇ ਗਦਾਰ ਹੋਣ ਤੇ ਕਵੀ ਇਨਾਂ ਨੂੰ ਬੁਰੀ ਤਰਾਂ ਨਹੀਂ ਭੰਡਦਾ ਜਿਵੇਂ ਕਿ

ਰਾਣੀ ਜਿੰਦਾਂ ਦੀ ਨਿੰਦਾ ਕਰਦਾ ਸੀ । ਸ਼ਾਮ ਸਿੰਘ ਅਟਾਰੀ ਵਾਲਾ ਕੇਵਲ ਸਭਰਾਉਂ ਦੀ ਲੜਾਈ ਵਿਚ ਸ਼ਾਮਿਲ ਹੋਇਆ ਸੀ, ਪਰ ਕਵੀ ਦੇ ਅਨੁਸਾਰ ਉਸਨੇ ਲੜਾਈ ਛਿੜਨ ਤੋਂ ਪਹਿਲਾਂ ਬਾਕੀ ਫੌਜ ਦੇ ਨਾਲ ਲਾਹੌਰ ਤੋਂ ਕੂਚ ਕੀਤਾ ਸੀ । ਅੰਗਰੇਜ਼ਾਂ ਨੇ ਆਪ ਹੀ ਜੰਗ ਛੇੜਣ ਦੀ ਸੋਚੀ ਸੀ, ਪਰ ਸ਼ਾਹ ਮੁਹੰਮਦ ਆਖਦਾ ਹੈ ਕਿ ਫਰੰਗੀਆਂ ਨੇ ਖਾਲਸੇ ਨੂੰ ਚਿਠੀ ਲਿਖੀ ਕਿ ਤੁਸੀਂ ਕਿਉਂ ਲੜਾਈ ਕਰ ਕੇ ਸਾਡੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਚਲੀ ਆਉਂਦੀ ਮਿਤਰਤਾ ਨੂੰ ਭੰਗ ਕਰਦੇ ਹੋ, ਅਸੀਂ ਮੂਲੋਂ ਲੜਾਈ ਨਹੀਂ ਕਰਨਾ ਚਾਹੁੰਦੇ, ਜੇ ਤੁਹਾਨੂੰ ਰੁਪਏ ਦੀ ਜ਼ਰੂਰਤ ਹੈ ਤਾਂ ਸਾਡੇ ਕੋਲੋਂ ਜਿੰਨਾ ਚਾਹੋ ਲੈ ਲਵੋ, ਜਿਵੇਂ :

ਅਰਜ਼ੀ ਲਿਖੀ ਫਰੰਗੀਆਂ ਖਾਲਸੇ ਨੂੰ
    ਮਹਾਰਾਜਾ ਦੇ ਨਾਲ ਸੀ ਨੇਮੁ ਸਾਡਾ
ਕਈ ਲਖ ਰੁਪਈਆ ਲੈ ਜਾਓ ਸਾਥੋਂ,
    ਦਿਆਂ ਹੋਰ ਜੋ ਤੁਸੀਂ ਫਰਮਾਂਵਦੇ ਹੋ ।
ਸ਼ਾਹ ਮਹੁੰਮਦਾ ਅਸਾਂ ਨਾ ਮੂਲ ਲੜਨਾ,
    ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ ।

ਫੇਰੂ ਸ਼ਹਿਰ ਦੀ ਲੜਾਈ ਵਿਚ 73 ਤੋਪਾਂ ਖੁਸੀਆਂ ਸਨ । ਪਰ ਸ਼ਾਹ ਮੁਹੰਮਦ ਉਨਾਂ ਦੀ ਗਿਣਤੀ 123 ਦਸਦਾ ਹੈ। ਪਰ ਹੋ ਸਕਦਾ ਹੈ ਕਿ ਉਸ ਵਿਚ ਮੁਦਕੀ ਵਾਲੀਆਂ 17 ਤੇ ਅਲੀਵਾਲ ਵਾਲੀਆਂ 22 ਤੋਪਾਂ ਵੀ ਸ਼ਾਮਿਲ ਹੋਣ । ਇਸ ਤਰਾਂ 123 ਬਣ ਜਾਂਦੀਆਂ ਹਨ ।[17] ਇਸ ਲੜਾਈ ਵਿਚ ਅੰਗਰੇਜ਼ਾਂ ਦੇ ਮਰਿਆਂ ਅਤੇ ਜ਼ਖਮੀ ਹੋਇਆਂ ਦੀ ਗਿਣਤੀ ਕਵੀ ਅਨੁਸਾਰ 4,000 ਸੀ, ਹਾਲਾਂ ਕਿ ਜੇਕਰ ਮੁਦਕੀ ਦੀ ਲੜਾਈ ਦਾ ਨੁਕਸਾਨ ਵੀ ਵਿਚ ਮਿਲਾ ਲਿਆ ਜਾਵੇ ਤਾਂ ਵੀ ਗਿਣਤੀ ਪੂਰੀ ਨਹੀਂ ਹੁੰਦੀ ।

ਪਰੰਤੂ, ਭਾਵੇ ਸ਼ਾਹ ਮੁਹੰਮਦ ਨੇ ਇਸ ਪਰਕਾਰ ਕਈ ਥਾਵਾਂ ਤੇ ਗਲਤੀਆਂ ਖਾਧੀਆਂ ਹਨ, ਪਰ ਫਿਰ ਵੀ ਉਸ ਦੀ ਵਾਰ ਵਿਚ ਦਿਤੇ ਇਤਿਹਾਸਕ ਤਥਾਂ ਤੋਂ ਭਲੀਭਾਂਤ ਉਸ ਦੀ ਭਰਪੂਰ ਜਾਣਕਾਰੀ ਦਾ ਗਿਆਨ ਹੁੰਦਾ ਹੈ। ਉਦਾਹਰਣ ਵਜੋਂ, ਫੌਜੀ ਅਫਸਰਾਂ, ਸਰਦਾਰਾਂ ਤੇ ਪਲਟਨਾਂ ਦੇ ਜੋ ਨਾਮ ਦਿਤੇ ਗਏ ਹਨ ਉਹ ਸਭ ਠੀਕ ਹਨ । ਇਸੇ ਤਰਾਂ ਫਰੀਦਕੋਟ ਦੇ ਰਾਜਾ ਪਹਾੜਾ ਸਿੰਘ ਵਾਲੀ ਗਲ ਵੀ ਬਿਲਕੁਲ ਸਹੀ ਹੈ । ਜੇਕਰ ਨਾਜ਼ਕ ਮੌਕੇ ਤੇ ਇਹ ਰਾਜਾ ਅੰਗਰੇਜ਼ਾਂ ਨੂੰ ਖਾਲਸਾ ਫੌਜ ਦੀ ਡਾਵਾਂ-ਡੋਲ ਸਥਿਤੀ ਬਾਰੇ ਨਾ ਸੂਚਨਾ ਦਿੰਦਾ ਤਾਂ ਇਸ ਲੜਾਈ ਦਾ ਸਿਟਾ ਕੁਝ ਹੋਰ ਹੀ ਹੁੰਦਾ ।[18] ਸ਼ਾਹ ਮੁਹੰਮਦ ਨੇ ਜੋ ਸਿੰਘਾਂ ਦੀ ਸੂਰਬੀਰਤਾ ਦਾ ਅਨੁਮਾਨ ਲਾਇਆ ਹੈ, ਉਹ ਵੀ ਬਿਲਕੁਲ ਠੀਕ ਹੈ। ਉਸ ਦੇ ਇਹ ਸ਼ਬਦ "ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿਬੂਆਂ ਲਹੂ ਨਿਚੋੜ ਸੁੱਟੇ ।" ਅਤੇ ਜਾਂ 'ਅਜ ਹੋਵੇ ਸਰਕਾਰ ਤਾਂ ਮੁਲ ਪਾਵੇ, ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ' ਅਤੇ ਨਾਲ ਹੀ ਕਵੀ ਨੇ ਇਕ ਯੋਗ ਤੇ ਈਮਾਨਦਾਰ ਸਿਖ ਨੇਤਾ ਜਾਂ ਰਾਜੇ ਦੀ ਘਾਟ ਨੂੰ ਜੋ ਮਹਿਸੂਸ ਕੀਤਾ ਹੈ, ਉਹ ਵੀ ਬਿਲਕੁਲ ਉਚਿਤ ਹੈ, ਜਿਵੇਂ :

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ ।

ਸੋ ਸ਼ਾਹ ਮੁਹੰਮਦ ਦੀ ਇਸ ਵਾਰ ਦਾ ਵਡਾ ਤੇ ਪਰਸੰਸਾ ਯੋਗ ਗੁਣ ਇਹ ਹੈ ਕਿ ਜਿਤਨੀਆਂ ਘਟਨਾਵਾਂ ਜਾਂ ਉਹਨਾਂ ਦਾ ਵੇਰਵਾ ਇਸ ਵਿਚ ਦਰਜ ਕੀਤਾ ਗਿਆ ਹੈ, ਇਹ ਇਤਿਹਾਸਕ

17. ਸੀਤਾ ਰਾਮ ਕੋਹਲੀ, ਜਨਰਲ ਆਫ ਇੰਡੀਅਨ ਹਿਸਟਰੀ (ਸਤੰਬਰ, 1822), ਪੰਨਾ 416-17.
18. ਸੀਤਾ ਰਾਮ ਕੋਹਲੀ, ਪਿਠ ਅੰਕਤ, ਪੈਰਾ ਨੰ. 75, ਪੰਨੇ 172-73.

ਦਰਿਸ਼ਟੀਕੋਣ ਤੋਂ ਸਚ ਤੇ ਸਹੀ ਹਨ। ਇਸ ਵਾਰ ਦਾ ਮੁਕਾਬਲਾ, ਦਰਬਾਰੀ ਇਤਿਹਾਸਕਾਰ ਮੁਨਸ਼ੀ ਸੋਹਨ ਲਾਲ ਦੀ ਪੁਸਤਕ **ਉਮਦੱਤ-ਉਤ-ਤਵਾਰੀਖ ਦਫਤਰ ਦੂਜਾ**, **ਚੌਥਾ** ਨਾਲ ਕੀਤਾ ਹੈ। ਇਸ ਤੋਂ ਬਿਨਾਂ ਸਮਕਾਲੀ ਇਤਿਹਾਸਕਾਰਾਂ ਜਿਵੇਂ ਜੀ. ਸੀ. ਸਮਿਥ ਦੀ ਪੁਸਤਕ **ਏ ਹਿਸਟਰੀ ਆਫ ਰੇਨਿੰਗ ਫੈਮਲੀ ਆਫ ਲਾਹੌਰ** ਅਤੇ ਹਿਊਪੀਅਰਸ ਦੀ ਪੁਸਤਕ **ਮੈਮਰੀਜ਼ ਆਫ ਐਲਗਜ਼ੇਂਡਰ ਗਾਰਡਨ** ਨਾਲ ਵੀ ਕੀਤਾ ਹੈ। ਇਸ ਤੋਂ ਬਿਨਾ ਸਰ ਲਿਪਲ ਗਰਿਫਨ ਦੀ ਪੁਸਤਕ **ਦੀ ਪੰਜਾਬ ਚੀਫਸ** ਇਕ ਪਰਮਾਣਿਕ ਲਿਖਤ ਸਮਝੀ ਜਾਂਦੀ ਹੈ ਉਸ ਨਾਲ ਵੀ ਟਾਕਰਾ ਕੀਤਾ ਹੈ। ਸ਼ਾਹ ਮੁਹੰਮਦ ਨੇ ਕਈ ਅਜਿਹੀਆਂ ਘਟਨਾਵਾਂ ਦਾ ਆਂਪਣੇ ਛੰਦਾਂ ਵਿਚ ਜ਼ਿਕਰ ਕੀਤਾ ਹੈ, ਜੋ ਭਾਵੇਂ ਸਰਸਰੀ ਤੌਰ ਤੇ ਪਹਿਲੀ ਵਾਰ ਪੜ ਕੇ ਮੰਨਣੀਆਂ ਮੁਸ਼ਕਲ ਜਾਪਦੀਆਂ ਹਨ। ਉਦਾਹਰਣ ਦੇ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਮੇਂ ਨੂੰ 50 ਸਾਲ ਦਸਣਾ, ਖੜਕ ਸਿੰਘ ਦੀ ਮਿਰਤੂ ਤੋਂ ਦੂਜੇ ਦਿਨ ਰਾਣੀ ਚੰਦ ਕੌਰ ਦਾ ਪੇਕਿਓਂ ਆਉਣਾ, ਨਿਕੇ ਕੰਵਰ ਪਰਾਤਾਪ ਸਿੰਘ ਦਾ ਆਪਣੇ ਕਾਤਲ ਲਹਿਣਾ ਸਿੰਘ ਸੰਧਾਵਾਲੀਏ ਨੂੰ 'ਬਾਬਾ ਜੀ' ਕਹਿ ਕੇ ਵਾਸਤੇ ਪਾਉਣਾ, ਗਿਆਨੀ ਗੁਰਮੁਖ ਸਿੰਘ ਤੇ ਮਿਹਰ ਘਸੀਟੇ ਦਾ ਰਾਜਾ ਧਿਆਨ ਸਿੰਘ ਦੇ ਕਤਲ ਵਿਚ ਸਲਾਹ ਦੇਣਾ, ਪੰਡਿਤ ਜਲੇ ਦਾ ਨਾਬਾਲਗ ਦਲੀਪ ਸਿੰਘ ਨੂੰ ਘੂਰਨਾ ਆਦਿ, ਪਰ ਇਹਨਾਂ ਸਾਰੀਆਂ ਗਲਾਂ ਦੀ ਪਰੋੜਤਾ ਵੀ ਪਰਮਾਣੀਕ ਲੇਖਕਾਂ ਦੀਆਂ ਪੁਸਤਕਾਂ ਤੋਂ ਹੀ ਹੋ ਜਾਂਦੀ ਹੈ। ਮੁਕਦੀ ਇਹ ਕਿ ਭਾਵੇਂ ਕਿਸੇ ਦਰਿਸ਼ਟੀਕੋਣ ਤੋਂ ਵੀ ਦੇਖਿਆ ਜਾਵੇ ਤੇ ਕਿਸੇ ਕਸਵਟੀ ਤੇ ਪਰਖਿਆ ਜਾਵੇ ਸ਼ਾਹ ਮੁਹੰਮਦ ਦੀ ਇਹ ਰਚਨਾ ਇਤਿਹਾਸਕ ਪਖ ਤੋਂ ਇਕ ਉਚੇ ਦਰਜੇ ਦੀ ਕਿਰਤ ਸਾਬਤ ਹੁੰਦੀ ਹੈ।

# ਅਜੀਤ ਸਿੰਘ ਦੀਆਂ ਇਟਲੀ ਵਿਖੇ ਕਾਰਵਾਈਆਂ

ਸਵਿੰਦਰ ਪਾਲ*

ਸੁਯੋਗ ਲੇਖਕਾ ਨੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਆਈ. ਐਨ. ਏ. ਨੂੰ ਸੰਗਠਿਤ ਕਰਨ ਦਾ ਵਿਚਾਰ ਪਹਿਲਾਂ ਪਹਿਲ ਅਜੀਤ ਸਿੰਘ ਨੂੰ ਹੀ ਫੁਰਿਆ ਸੀ ।

ਸ. ਸ.

ਸਰਦਾਰ ਅਜੀਤ ਸਿੰਘ ਪੰਜਾਬ ਦੇ ਉਨਾਂ ਸੂਰਬੀਰਾਂ ਵਿਚੋਂ ਹਨ ਜਿਨਾਂ ਆਪਣੇ ਜੀਵਨ ਦੀ ਲਗਭਗ ਅਧੀ ਸਦੀ ਕੌਮ ਦੀ ਸੇਵਾ ਵਿਚ ਲਗਾ ਦਿਤੀ । ਉਨਾਂ ਨੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਮਹਤਵਪੂਰਣ ਯੋਗਦਾਨ ਪਾਇਆ । ਵਰਤਮਾਨ ਸਦੀ ਦੇ ਆਰੰਭ ਤੋਂ ਉਨਾਂ ਦੇਸ਼ ਅੰਦਰ ਅਤੇ ਦੇਸ਼ੋਂ ਬਾਹਰ ਭਾਰਤ ਦੇ ਸੁਤੰਤਰਤਾ ਅੰਦੋਲਨ ਵਿਚ ਦਿਨ-ਰਾਤ ਇਕ ਕਰ ਕੇ ਕੰਮ ਕੀਤਾ । ਉਹ ਸਿਰਫ ਸੁਤੰਤਰਤਾ-ਸੰਗਰਾਮੀ ਹੀ ਨਹੀਂ ਸਨ, ਸਗੋਂ ਸੁਤੰਤਰਤਾ ਉਪਰੰਤ ਭਾਰਤ ਵਿਚ ਸਮਾਜਿਕ ਅਤੇ ਆਰਥਿਕ ਕਰਾਂਤੀ ਲਿਆਉਣ ਦੇ ਹਾਮੀ ਵੀ ਸਨ ।

ਇਹ ਪਰਚਾ ਸ. ਅਜੀਤ ਸਿੰਘ ਦੀਆਂ ਇਟਲੀ ਵਿਖੇ ਕਾਰਵਾਈਆਂ ਨਾਲ ਸਬੰਧਤ ਹੈ । ਜਿਵੇਂ ਕਿ ਸਾਰੇ ਜਾਣਦੇ ਹਨ ਕਿ ਸ. ਅਜੀਤ ਸਿੰਘ ਨੇ 'ਆਬਾਦਕਾਰੀ ਬਿਲ' ਵਿਰੁਧ ਜ਼ੋਰਦਾਰ ਅਵਾਜ਼ ਉਠਾਈ । ਇਸ ਬਿਲ ਦੇ ਵਿਰੋਧ ਵਿਚ ਅਜੀਤ ਸਿੰਘ ਨੇ ਕੋਈ 12 ਮੀਟਿੰਗਾਂ ਨੂੰ, ਜੋ ਕਿ ਪੰਜਾਬ ਦੇ ਵਖ ਵਖ ਸ਼ਹਿਰਾਂ ਵਿਚ ਹੋਈਆਂ, ਸੰਬੋਧਨ ਕੀਤਾ । ਇਸ ਕਰਕੇ ਬਰਿਟਿਸ਼ ਸਰਕਾਰ ਨੇ ਉਨਾਂ ਨੂੰ 3 ਜੂਨ, 1907 ਨੂੰ ਗਰਿਫਤਾਰ ਕਰ ਕੇ ਮਾਂਡਲੇ ਵਿਖੇ ਭੇਜ ਦਿਤਾ, ਪਰ ਛੇਤੀ ਹੀ ਰਿਹਾ ਕਰ ਦਿਤਾ । ਵਾਪਸ ਆ ਕੇ ਉਨਾਂ ਆਪਣੀਆਂ ਕਾਰਵਾਈਆਂ ਮੁੜ ਜ਼ੋਰ ਸ਼ੋਰ ਨਾਲ ਆਰੰਭ ਕਰ ਦਿਤੀਆਂ ਤਾਂ ਸਰਕਾਰ ਬਹੁਤ ਚੌਕੰਨੀ ਹੋ ਗਈ । ਉਨਾਂ ਨੂੰ ਮੁੜ ਫੜਨ ਦੀਆਂ ਵਿਉਂਤਾਂ ਬਣਾਉਣ ਲਗੀ । ਸੋ ਸ. ਅਜੀਤ ਸਿੰਘ ਅਗਸਤ-ਸਤੰਬਰ, 1909 ਨੂੰ ਦੇਸ਼ ਤੋਂ ਬਾਹਰ ਚਲੇ ਗਏ । ਉਹ ਸ਼ਿਰਾਜ (ਈਰਾਨ), ਟਰਕੀ, ਪੈਰਿਸ, ਸਵਿਟਜ਼ਰਲੈਂਡ, ਜਿਊਰਿਚ ਬਰਾਜ਼ੀਲ ਅਤੇ ਇਟਲੀ ਵਿਖੇ ਗਏ ।

ਦੂਜਾ ਵਿਸ਼ਵ ਯੁਧ ਆਰੰਭ ਹੋਣ ਤੋਂ ਪਹਿਲਾਂ ਸ. ਅਜੀਤ ਸਿੰਘ ਇਟਲੀ ਵਿਖੇ ਸਨ । ਨੇਪਲਜ਼ ਵਿਖੇ ਉਹ ਜਰਮਨ ਕਾਂਸਲ-ਜਨਰਲ ਨੂੰ ਮਿਲੇ ਜੋ ਕਿ ਭਾਰਤ ਜਾ ਕੇ ਆਇਆ ਸੀ । ਅਜੀਤ ਸਿੰਘ ਨੇ ਉਸ ਨਾਲ ਗਲ ਬਾਤ ਕੀਤੀ ਕਿ ਜੇਕਰ ਉਹ ਹਥਿਆਰ ਦੇਣਗੇ ਤਾਂ ਭਾਰਤੀ ਉਨਾਂ ਦੀ ਆਉਣ ਵਾਲੇ ਯੁਧ ਵਿਚ ਮਦਦ ਕਰਨਗੇ । ਮਦਦ ਇਸ ਢੰਗ ਨਾਲ ਕੀਤੀ ਜਾਵੇਗੀ ਕਿ ਭਾਰਤ ਵਿਚ ਵਿਦਰੋਹ ਫੈਲ ਜਾਵੇ, ਬਰਿਟਿਸ਼ ਆਪਣੀ ਸੈਨਿਕ ਗਿਣਤੀ ਵਧਾ ਲੈਣ ਅਤੇ ਆਪਣੀਆਂ ਸੈਨਾਵਾਂ ਜਰਮਨੀ ਦੇ ਵਿਰੁਧ ਯੁਧ ਵਿਚ ਵਰਤਣ ।

---

*ਲੈਕਚਰਾਰ, ਹਿਸਟਰੀ ਵਿਭਾਗ, ਖਾਲਸਾ ਕਾਲਜ ਫਾਰ ਵਿਮੈਨ, ਸਿਧਵਾਂ ਖੁਰਦ ।

1. ਆਬਾਦਕਾਰੀ ਬਿਲ 1907 ਵਿਚ ਪਾਸ ਕੀਤਾ ਗਿਆ ਜਿਸ ਨਾਲ ਸਾਰੇ ਪੰਜਾਬ ਵਿਚ ਗੁਸੇ ਦੀ ਲਹਿਰ ਦੌੜ ਗਈ ।

ਇਸ ਤਰਾਂ ਭਾਰਤੀਆਂ ਨੂੰ ਵਿਦੇਸ਼ੀ ਰਾਜ ਤੋਂ ਛੁਟਕਾਰਾ ਮਿਲ ਜਾਵੇਗਾ ਅਤੇ ਜਰਮਨੀ ਨੂੰ ਯੁਧ ਵਿਚ ਜਿਤ ਪਰਾਪਤ ਹੋਵੇਗੀ । ਅਜੀਤ ਸਿੰਘ ਨੇ ਜਰਮਨ ਕਾਂਸਲ ਜਰਨਲ ਨੂੰ ਕਿਹਾ ਕਿ ਉਹ ਆਪਣੀ ਸਰਕਾਰ ਨੂੰ ਇਸ ਯੋਜਨਾ ਬਾਰੇ ਲਿਖੇ ਅਤੇ ਸਲਾਹ ਦੇਣ ਕਿ ਜਦੋਂ ਯੁਧ ਆਰੰਭ ਹੋਵੇ ਤਾਂ ਸਹੀ ਕਾਰਵਾਈ ਕੀਤੀ ਜਾਵੇ, ਜਿਸ ਵਿਚ ਦੋਹਾਂ ਨੂੰ ਫਾਇਦਾ ਹੋਵੇ । ਸਿਟੇ ਵਜੋਂ ਬਰਲਿਨ ਤੋਂ ਦੋ ਆਦਮੀ ਅਜੀਤ ਸਿੰਘ ਨੂੰ ਮਿਲਣ ਆਏ ਅਤੇ ਅੰਤ ਇਹ ਫੈਸਲਾ ਹੋਇਆ ਕਿ ਉਹ ਆਪਣੇ ਵਿਚਾਰ ਇਕ ਜਰਮਨ ਨਿਊਜ਼ ਏਜੰਸੀ ਦੇ ਡਾਇਰੈਕਟਰ (Director of a German News Agency) ਰਾਹੀਂ ਸਾਂਝੇ ਕਰਨਗੇ, ਜੋ ਕਿ ਰੋਮ ਵਿਖੇ ਖੋਲੀ ਜਾਵੇਗੀ । ਜਦੋਂ ਉਨਾਂ ਅਜੀਤ ਸਿੰਘ ਤੋਂ ਇਸ ਕੰਮ ਵਿਚ ਮਦਦ ਕਰਨ ਲਈ ਹੋਰ ਆਦਮੀਆਂ ਦੀ ਵੀ ਮੰਗ ਕੀਤੀ ਤਾਂ ਉਸ ਨੇ ਮੁਹੰਮਦ ਇਕਬਾਲ ਸ਼ੈਦਾਈ ਦਾ ਨਾਂ ਕਿਹਾ ਅਤੇ ਇਸ ਤੋਂ ਇਲਾਵਾ ਕੁਝ ਅਮਰੀਕੀ ਆਦਮੀਆਂ ਦੇ ਨਾਂ ਦਸੇ ਜੋ ਕਿ ਇਸ ਯੋਜਨਾ ਵਿਚ ਮਦਦਗਾਰ ਸਿਧ ਹੋ ਸਕਦੇ ਸਨ । ਪਰ ਇਸ ਗਲ ਬਾਤ ਦਾ ਕੋਈ ਸਿਟਾ ਨਾ ਨਿਕਲਿਆ ਕਿਉਂਕਿ ਜਰਮਨਾਂ ਨੂੰ ਆਪਣੇ ਉਤੇ ਬਹੁਤ ਘੁਮੰਡ ਸੀ ਤੇ ਯੁਧ ਵਿਚ ਜਿਤ ਦੀ ਆਸ ਵੀ ਸੀ ।[2]

ਇਟਲੀ ਦੇ ਮੁਸੋਲੀਨੀ ਵਲੋਂ ਉਨਾਂ ਦਾ ਹਾਰਦਿਕ ਸੁਆਗਤ ਕੀਤਾ ਗਿਆ । ਇਟਲੀ ਦੇ ਅਧਿਕਾਰੀ ਸ. ਅਜੀਤ ਸਿੰਘ ਦੇ ਗੁਣਾਂ ਤੋਂ ਬਹੁਤ ਪਰਭਾਵਤ ਹੋਏ । 1935 ਈ. ਵਿਚ ਉਨਾਂ ਨੂੰ ਰੋਮ ਯੂਨੀਵਰਸਿਟੀ ਵਿਚ ਏਸ਼ਿਆਈ ਭਾਸ਼ਾਵਾਂ ਦਾ ਪਰੋਫੈਸਰ ਨਿਯੁਕਤ ਕਰ ਦਿਤਾ ਗਿਆ । ਇਸ ਹੈਸੀਅਤ ਵਿਚ ਉਨਾਂ ਨੇ ਲਗਨ ਨਾਲ ਕੰਮ ਕੀਤਾ ਜਿਸ ਕਾਰਨ ਰੋਮ ਵਿਚ ਉਨਾਂ ਦੀ ਕਾਫ਼ੀ ਮਾਨਤਾ ਹੋਣ ਲਗੀ ।

ਜਦੋਂ ਦੂਜਾ ਵਿਸ਼ਵ ਯੁਧ ਸਤੰਬਰ, 1939 ਈ. ਵਿਚ ਛਿੜਿਆ ਤਾਂ ਅਜੀਤ ਸਿੰਘ ਦੇ ਮਨ ਵਿਚ ਇਕ ਨਵੀਂ ਆਸ ਪੈਦਾ ਹੋ ਗਈ । ਸੋ ਉਨਾਂ ਨੇ Friend of India Society ਦੀ ਸਥਾਪਨਾ ਕੀਤੀ । E.M. Grey (Fascist) ਪਰੈਜ਼ੀਡੈਂਟ, ਅਜੀਤ ਸਿੰਘ ਵਾਈਸ-ਪਰੈਜ਼ੀਡੈਂਟ ਅਤੇ ਮੁਹੰਮਦ ਇਕਬਾਲ ਸ਼ੈਦਾਈ ਇਸ ਦੇ ਜਨਰਲ-ਸੈਕਟਰੀ ਸਨ । ਮਹਤਵਪੂਰਣ ਭਾਰਤੀਆਂ ਨੇ ਇਸ ਸੁਸਾਇਟੀ ਦੀ ਸਥਾਪਨਾ ਤੇ ਭਾਸ਼ਣ ਦਿਤੇ । ਜਰਮਨੀ ਤੋਂ Nambiar[3] ਅਤੇ ਸੁਭਾਸ਼ ਚੰਦਰ ਬੋਸ ਇਸ ਦੀ ਮੀਟਿੰਗ ਵਿਚ ਆਏ । ਅਜੀਤ ਸਿੰਘ ਇਸ ਸੁਸਾਇਟੀ ਰਾਹੀਂ ਭਾਰਤ ਤੇ ਇਟਲੀ ਵਿਚ ਸੰਸਕਰਿਤਕ, ਵਪਾਰਕ ਅਤੇ ਰਾਜਨੀਤਿਕ ਸੰਬੰਧ ਕਾਇਮ ਕਰਨਾ ਚਾਹੁੰਦੇ ਸਨ ।

ਸਰਦਾਰ ਅਜੀਤ ਸਿੰਘ ਨੇ ਰੋਮ ਰੇਡੀਓ ਉਤੇ ਬਰਤਾਨੀਆ ਵਿਰੋਧੀ ਪਰਚਾਰ ਵੀ ਆਰੰਭ ਕਰ ਦਿਤਾ । ਉਹ ਰੋਮ ਰੇਡੀਓ ਤੋਂ ਹਰ ਰੋਜ਼ ਹਿੰਦੋਸਤਾਨੀ ਵਿਚ ਇਕ ਪਰੋਗਰਾਮ ਪੇਸ਼ ਕਰਨ ਲਗੇ । ਮੁਸੋਲੀਨੀ ਨੇ ਉਨਾਂ ਨੂੰ ਹੀ ਪਰੋਗਰਾਮ ਦਾ ਸੰਚਾਲਕ ਅਤੇ ਪਰਮੁਖ ਵਕਤਾ ਨਿਯੁਕਤ ਕਰ ਦਿਤਾ । ਇਸ ਪਰੋਗਰਾਮ ਵਿਚ ਅਜੀਤ ਸਿੰਘ ਨੇ ਬਰਤਾਨੀਆ ਦੀ ਕਰੜੀ ਆਲੋਚਨਾ ਕਰਨੀ ਸ਼ੁਰੂ ਕੀਤੀ ਜਿਸ ਨੂੰ ਭਾਰਤ ਵਿਚਲੇ ਹਿੰਦੋਸਤਾਨੀਆਂ ਨੇ ਵੀ ਬੜੇ ਪਿਆਰ ਨਾਲ ਸੁਣਨਾ ਸ਼ੁਰੂ ਕੀਤਾ, ਕਿਉਂਕਿ ਇਹ ਆਵਾਜ਼ ਉਨਾਂ ਲਈ ਨਵੀਂ ਨਹੀਂ ਸੀ । ਇਹ ਪਰੋਗਰਾਮ ਭਾਰਤ ਅਤੇ ਈਰਾਨ (Persie) ਤਕ ਵੀ ਪਹੁੰਚਦਾ ਸੀ । ਅਜਿਹਾ ਪਰੋਗਰਾਮ ਇਟਲੀ ਨੂੰ ਵੀ ਰਾਸ ਸੀ, ਕਿਉਂਕਿ ਉਹ ਵੀ ਬਰਤਾਨੀਆਂ ਵਿਰੁਧ ਪਰਚਾਰ ਕਰਵਾਉਣਾ ਚਾਹੁੰਦੇ ਸਨ । ਰੋਮ ਰੇਡੀਓ ਤੋਂ ਛੁਟ ਉਨਾਂ

---

2. Pardaman Singh and J.S. Dhanki (ed.), *Burried Alive : Autobiography, speeches and Writings of an Indian Revolutionary Sardar, Ajit Singh,* (Delhi, 1984), pp. 109-10.
3. A.C.N. Nambir, an Indian Journlist organised an Indian Information officer in Berlin, close associate of Subhash Chandra Bose in Germany.

ਇਥੋਪੀਅਨ ਸ਼ੁਹਰਤ ਦੇ ਬਾਰੀ ਰੇਡੀਓ (Bari Radio of Ethopian Fame) ਤੋਂ ਵੀ ਹਿੰਦੋਸਤਾਨੀ ਪਰੋਗਰਾਮ ਦੇਣਾ ਆਰੰਭ ਕਰ ਦਿਤਾ। ਇਹ ਬਾਰੀ ਰੇਡੀਓ ਪਿਛੋਂ ਬਦਲ ਦਿਤਾ ਗਿਆ।[4] ਸਰਦਾਰ ਅਜੀਤ ਸਿੰਘ ਦੁਆਰਾ ਚਾਲੂ ਕੀਤੇ ਇਹ ਹਿੰਦੋਸਤਾਨੀ ਪਰੋਗਰਾਮ ਬਾਹਰ ਅਤੇ ਹਿੰਦੋਸਤਾਨ ਵਿਚ ਲੋਕਾਂ ਰਾਹੀਂ ਬੜੇ ਸ਼ੌਕ ਨਾਲ ਸੁਣੇ ਜਾਣ ਲਗੇ। ਇਨਾਂ ਨਾਲ ਲੋਕਾਂ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਹੋਰ ਤਾਕਤ ਮਿਲੀ। ਇਸ ਪਰਚਾਰ ਦਾ ਭਾਰਤ ਦੇ ਕੌਮੀ ਕਾਰਜ ਉਤੇ ਬਹੁਤ ਡੂੰਘਾ ਅਸਰ ਹੋਇਆ ਅਤੇ ਸੁਤੰਤਰਤਾ ਅੰਦੋਲਨ ਹੋਰ ਤੇਜ਼ ਹੋ ਗਿਆ। ਇਥੋਂ ਤਕ ਕਿ ਪੰਜਾਬ ਸਰਕਾਰ ਨੇ ਇਹ ਹੁਕਮ ਦੇ ਦਿਤਾ ਕਿ ਉਨਾਂ ਵਿਅਕਤੀਆਂ ਦੇ ਜੋ ਸਰਦਾਰ ਅਜੀਤ ਸਿੰਘ ਦੇ ਇਨਾਂ ਭਾਸ਼ਨਾਂ ਅਤੇ ਪਰਚਾਰ ਨੂੰ ਸੁਣਦੇ ਹਨ, ਵਾਇਰਲੈੱਸ ਸੈਟਾਂ ਨੂੰ ਜ਼ਬਤ ਕਰ ਲਿਆ ਜਾਵੇ। ਇਸ ਸੰਬੰਧ ਵਿਚ ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਇੰਜ ਰਿਪੋਰਟ ਕੀਤੀ।

> ਐਕਸਿਸ ਰੇਡੀਓ ਪਰਸਾਰ ਵਿਦਰੋਹ ਦੀ ਭਾਵਨਾ ਜਗਾਉਂਦੇ ਹਨ। ਹੁਣ ਸਰਕਾਰ ਨੇ ਇਹ ਨਿਸ਼ਚੇ ਕੀਤਾ ਹੈ ਕਿ ਉਨਾਂ ਮਾਲਕਾਂ ਦੇ ਵਾਇਰਲੈਸ ਸੈਟ ਜ਼ਬਤ ਕੀਤੇ ਜਾਣ ਜਿਹੜੇ ਵੈਰੀ ਦੇ ਪਰਸਾਰ ਨਾਲ ਹਮਦਰਦੀ ਰਖਦੇ ਹਨ।[5]

ਸਰਦਾਰ ਅਜੀਤ ਸਿੰਘ ਦੀ ਇਟਲੀ ਵਿਖੇ ਸਭ ਤੋਂ ਮਹਤਵਪੂਰਨ ਕੰਮ 'ਆਜ਼ਾਦ ਹਿੰਦ ਫੌਜ' ਦੀ ਸਥਾਪਨਾ ਕਰਨਾ ਸੀ। ਇਹ ਇਕ ਮਹਤਵਪੂਰਨ ਕੰਮ ਸੀ। ਸੁਭਾਸ਼ ਚੰਦਰ ਬੋਸ ਤੋਂ ਕਾਫੀ ਚਿਰ ਪਹਿਲਾਂ ਹੀ ਅਜੀਤ ਸਿੰਘ ਨੇ ਭਾਰਤੀ ਯੁਧ ਬੰਦੀਆਂ ਦੀ ਇਕ ਕਰਾਂਤੀਕਾਰੀ ਸੈਨਾ ਦੀ ਸਥਾਪਨਾ ਕੀਤੀ। ਅਜੀਤ ਸਿੰਘ ਲਿਖਦੇ ਹਨ :

> ਜਦੋਂ ਸੁਭਾਸ਼ ਚੰਦਰ-ਬੋਸ ਰੋਮ ਆਏ ਤਾਂ ਇਹ (ਅਜ਼ਾਦ ਹਿੰਦ ਫੌਜ) ਹੋਂਦ ਵਿਚ ਸੀ ਅਤੇ ਉਹ ਇਸ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਬਰਲਿਨ ਪਹੁੰਚਣ ਤੇ ਉਨਾਂ ਨੇ ਇਸੇ ਤਰਾਂ ਦੀ ਸੈਨਾ ਦੀ ਸਥਾਪਨਾ ਕਰਨ ਬਾਰੇ ਸੋਚਿਆ।[6]

ਅਸਲ ਵਿਚ ਕੌਮੀ ਫੌਜ ਦੀ ਸਥਾਪਨਾ ਦਾ ਵਿਚਾਰ ਅਜੀਤ ਸਿੰਘ ਦੇ ਮਨ ਵਿਚ ਉਦੋਂ ਆਇਆ ਜਦੋਂ ਪਹਿਲਾ ਭਾਰਤੀ ਯੁਧ-ਬੰਦੀਆਂ ਦਾ ਜਥਾ ਇਟਲੀ ਪਹੁੰਚਿਆ। ਅਜੀਤ ਸਿੰਘ ਤੇ ਮੁਹੰਮਦ ਇਕਬਾਲ ਸ਼ੈਦਾਈ ਉਨਾਂ ਨੂੰ ਮਿਲਣ ਗਏ ਤੇ ਉਨਾਂ ਦੀਆਂ ਸ਼ਿਕਾਇਤਾਂ ਤੇ ਮੁਸ਼ਕਲਾਂ ਜਾਣਨ ਦੀ ਕੋਸ਼ਿਸ਼ ਕੀਤੀ। ਉਨਾਂ ਨੇ ਕੈਦੀਆਂ ਨੂੰ ਕਿਹਾ ਕਿ ਉਹ ਆਪਣਾ ਵਕਤ ਕੈਦੀਆਂ ਦੇ ਰੂਪ ਵਿਚ ਨਸ਼ਟ ਨਾ ਕਰਨ ਸਗੋਂ ਪੜਨ-ਲਿਖਣ ਵਿਚ ਬਿਤਾਉਣ। ਅਜੀਤ ਸਿੰਘ ਹੋਰਾਂ ਨੇ ਉਨਾਂ ਲਈ ਇਕ ਅਧਿਆਪਕ ਨਿਯੁਕਤ ਕੀਤਾ ਜੋ ਕਿ ਉਨਾਂ ਨੂੰ ਹਿੰਦੋਸਤਾਨੀ ਪੜਾਉਂਦਾ ਸੀ। ਸਿਟੇ ਵਜੋਂ ਕੁਝ ਹਫਤਿਆਂ ਵਿਚ ਹੀ ਉਹ ਪੜਨ-ਲਿਖਣ ਦੇ ਯੋਗ ਹੋ ਗਏ। ਕੈਦੀਆਂ ਨੂੰ ਮਿਲਟਰੀ ਟਰੇਨਿੰਗ ਦੇਣ ਲਈ ਇਕ ਕਰਨਲ ਵੀ ਨਿਯੁਕਤ ਕੀਤਾ ਗਿਆ। ਅਸਲ ਵਿਚ ਇਸੇ ਸਮੇਂ ਹੀ ਅਜੀਤ ਸਿੰਘ ਦੇ ਮਨ ਵਿਚ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਦਾ ਵਿਚਾਰ ਆਇਆ ਪਰ ਇਸ ਨੂੰ ਕਾਰਜੀ ਰੂਪ ਦੇਣ ਲਈ ਕੁਝ ਸਮਾਂ ਹੋਰ ਲਗਾ।[7] ਇਸ ਉਦੇਸ਼ ਲਈ ਇਕਬਾਲ ਸ਼ੈਦਾਈ ਹਿੰਦੋਸਤਾਨੀ ਕੈਦੀਆਂ ਕੋਲ ਅਫਰੀਕੀ ਕੈਂਪਾਂ ਵਿਚ ਹਵਾਈ ਜਹਾਜ ਰਾਹੀਂ ਗਏ ਅਤੇ ਉਨਾਂ ਨੂੰ ਸੁਤੰਤਰਤਾ ਸੰਗਰਾਮ ਲਈ ਪਰੇਰਿਆ। ਸ਼ੁਰੂ ਵਿਚ ਕੁਝ ਕੈਦੀਆਂ ਨੇ ਰੁਚੀ ਵਿਖਾਈ, ਪਰ ਬਾਅਦ

---

4. *The Tribune*, 15 August, 1949.
5. Home Department (Political). 18/9/1942 (NAI).
6. Pardaman Singh and J.S. Dhani (ed.) *op.cit.*, p. 113.
7. *Ibid.*, p. 112; also G.S. Deol, *Shaheed Ajit Singh* (Patiala, 1973), pp. 100-01.

ਵਿਚ ਕਾਫੀ ਸਾਰਿਆਂ ਨੇ ਆਪਣੇ ਆਪ ਨੂੰ ਦੇਸ਼ ਦੀ ਸੇਵਾ ਕਰਨ ਲਈ ਪੇਸ਼ ਕੀਤਾ । ਇਸ ਤਰਾਂ ਸਰਦਾਰ ਅਜੀਤ ਸਿੰਘ ਨੇ ਉਨਾਂ ਜੰਗੀ ਕੈਦੀਆਂ ਵਿਚੋਂ ਆਜ਼ਾਦ ਹਿੰਦ ਫੌਜ ਤਿਆਰ ਕੀਤੀ । ਅਜੀਤ ਸਿੰਘ ਦਾ ਹਿੰਦੋਸਤਾਨੀ ਵਿਚ ਰੇਡੀਓ ਤੋਂ ਪਰੋਗਰਾਮ ਵੀ ਸਿਪਾਹੀਆਂ ਤੇ ਕਾਫੀ ਅਸਰ ਪਾ ਰਿਹਾ ਸੀ । ਇਹ ਫੈਸਲਾ ਕੀਤਾ ਕਿ ਕੈਦੀਆਂ ਦਾ ਕੈਂਪ ਨੇੜੇ ਬਣਾਇਆ ਜਾਵੇ, ਜੋ ਅਵੇਸਨੋ (Avesano) ਨੂੰ ਭਾਰਤੀ ਕੈਦੀਆਂ ਦਾ ਕੈਂਪ ਬਣਾਇਆ ਗਿਆ। ਅਜੀਤ ਸਿੰਘ ਤੇ ਇਕਬਾਲ ਸ਼ੈਦਾਈ ਹਫਤੇ ਵਿਚ ਦੋ ਵਾਰ ਇਸ ਕੈਂਪ ਵਿਚ ਉਨਾਂ ਨੂੰ ਵੇਖਣ ਆਉਂਦੇ ਸਨ । ਕੈਦੀਆਂ ਵਿਚ ਜੋਸ਼ ਅਤੇ ਉਤਸ਼ਾਹ ਦਿਨੋ ਦਿਨ ਵਧ ਰਿਹਾ ਸੀ । 10,000 ਤੋਂ ਵਧ ਟਰੇਨਿੰਗ ਲੈਣ ਲਈ ਤਿਆਰ ਸਨ ਅਤੇ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੁੰਦੇ ਸਨ । ਸੋ ਅਜ਼ਾਦ ਹਿੰਦ ਲਸ਼ਕਰ ਦੇ ਸੈਨਿਕਾਂ ਦੀ ਸਿਖਲਾਈ ਅਰੰਭ ਹੋ ਗਈ । ਇਸ ਲਈ ਜਰਮਨ ਅਤੇ ਇਟੈਲੀਅਨ ਅਫਸਰ ਨਿਯੁਕਤ ਕੀਤੇ ਗਏ । ਸਪੈਸ਼ਲ ਯੂਨੀਫਾਰਮ ਬਣਾਈ ਗਈ ਅਤੇ ਇਕ ਆਜ਼ਾਦ ਭਾਰਤੀ ਝੰਡਾ ਵੀ ਲਹਿਰਾਇਆ ਗਿਆ । ਇਹ ਟਰੇਨਿੰਗ ਸਿਰਫ ਯੁਧ ਦੀ ਹੀ ਨਹੀਂ ਸੀ ਸਗੋਂ ਦੇਸ਼ ਦੇ ਇਤਿਹਾਸ ਦੇ ਗਿਆਨ ਦੀ ਵੀ ਸੀ, ਜਿਸ ਨਾਲ ਸੈਨਿਕਾਂ ਵਿਚ ਆਪਣੇ ਦੇਸ਼ ਲਈ ਅਭਿਮਾਨ ਅਤੇ ਆਤਮ-ਗੌਰਵ ਪੈਦਾ ਹੋਵੇ । ਇਟਲੀ ਦੇ ਸੈਨਿਕ ਅਧਿਕਾਰਥੀ ਲਸ਼ਕਰ ਸੈਨਿਕਾਂ ਤੋਂ ਬੜੇ ਪਰਭਾਵਤ ਸਨ ਅਤੇ ਉਨਾਂ ਨੂੰ ਇਟਲੀ ਦੇ ਸੈਨਿਕਾਂ ਤੋਂ ਸਰੇਸ਼ਟ ਮੰਨਦੇ ਸਨ । ਉਨਾਂ ਨੇ ਐਕਸਿਜ਼ ਤਾਕਤਾਂ (Axis Powers) ਨਾਲ ਇਕ ਸਮਝੌਤਾ ਵੀ ਕੀਤਾ ਜਿਸ ਦੁਆਰਾ ਭਾਰਤੀ ਸੁਤੰਤਰਤਾ ਨੂੰ ਪਰਵਾਨਿਆ ਗਿਆ । ਇਹ ਵੀ ਸਪਸ਼ਟ ਰੂਪ ਵਿਚ ਨਿਸ਼ਚਿਤ ਕੀਤਾ ਗਿਆ ਕਿ ਕੌਮੀ ਫੌਜ ਭਾਰਤੀ ਧਰਤੀ ਉਤੇ ਹੀ ਲੜੇਗੀ । ਕੁਝ ਸਮੇਂ ਤੋਂ ਪਿਛੋਂ ਜਰਮਨੀ ਨੇ ਸ. ਅਜੀਤ ਸਿੰਘ ਅਤੇ ਉਨਾਂ ਦੇ ਸਾਥੀਆਂ ਰਾਹੀਂ ਸੰਚਾਲਤ ਕੌਮੀ ਫੌਜ ਨੂੰ ਆਪਣੇ ਮੰਤਵ ਲਈ ਵਰਤਣ ਦੀ ਪੇਸ਼ਕਸ ਕੀਤੀ । ਸ. ਅਜੀਤ ਸਿੰਘ ਨੇ ਇਸ ਪੇਸ਼ਕਸ ਦੀ ਡਟ ਕੇ ਵਿਰੋਧਤਾ ਕੀਤੀ ਅਤੇ ਅਜਿਹਾ ਕਰਨ ਤੋਂ ਕੋਰਾ ਜਵਾਬ ਦੇ ਦਿਤਾ । ਇਕ ਰਿਪੋਰਟ ਇਹ ਵੀ ਦਸਦੀ ਹੈ ਕਿ ਉਨਾਂ ਨੂੰ ਇਸ ਕੰਮ ਲਈ ਪੰਜ ਮਿਲੀਅਨ ਸਵਿਸ ਫਰੈਂਕ (Five Million Swiss Frank) ਦੀ ਵਢੀ ਵੀ ਪੇਸ਼ ਕੀਤੀ ਗਈ । ਪਰ ਉਨਾਂ ਨੇ ਇਸ ਨੂੰ ਸਵੀਕਾਰ ਕਰਨ ਤੋਂ ਤੁਰਤ ਇਨਕਾਰ ਕਰ ਦਿਤਾ ।[8] ਇਸੇ ਤਰਾਂ ਗੁਨਡੋਲਫੋ (Gondolfo) ਵਿਖੇ ਪੋਪ ਦੇ ਬਰਤਾਨਵੀ ਰਾਜਦੂਤ ਨੇ ਇਕ ਇਟੈਲੀਅਨ ਨੂੰ ਵਢੀ ਦਿਤੀ ਕਿ ਉਹ ਆਜ਼ਾਦ ਹਿੰਦ ਫੌਜ ਨੂੰ ਯੂਰਪੀਨ ਧਰਤੀ ਉਤੇ ਲੜਨ ਲਈ ਮਜ਼ਬੂਰ ਕਰੇ । ਪਰ ਭਾਰਤ ਦੇ ਇਨਾਂ ਬਹਾਦਰ ਸੈਨਿਕਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ । ਇਸ ਦੇ ਫਲਸਰੂਪ ਉਨਾਂ ਨੂੰ ਫੜ ਲਿਆ ਗਿਆ । ਇਸ ਉਤੇ ਸ. ਅਜੀਤ ਸਿੰਘ ਨੇ ਮੁਸੋਲੀਨੀ ਨੂੰ ਜਿਸ ਨੂੰ ਕਿ ਉਹ ਚੰਗੀ ਤਰਾਂ ਜਾਣਦੇ ਸਨ, ਦਖਲ ਦੇਣ ਲਈ ਬੇਨਤੀ ਕੀਤੀ । ਮੁਸੋਲੀਨੀ ਵਲੋਂ ਦਖਲ ਦੇਣ ਉਤੇ ਉਨਾਂ ਨੂੰ ਰਿਹਾ ਕਰ ਦਿਤਾ ਗਿਆ । ਇਸ ਤਰਾਂ ਇਨਾਂ ਬਹਾਦਰ ਹਿੰਦੋਸਤਾਨੀ ਸਿਪਾਹੀਆਂ ਨੇ ਮਹਾਨ ਦੇਸ਼ ਭਗਤਾਂ ਵਾਂਗ ਆਪਣੇ ਸਿਧਾਂਤਾਂ ਤੇ ਅਮਲ ਕੀਤਾ ।[9]

1943 ਦੇ ਅੰਤ ਵਿਚ ਜਦੋਂ ਇਤਹਾਦੀਆਂ ਨੇ ਇਟਲੀ ਤੇ ਧਾਵਾ ਬੋਲਿਆ ਤਾਂ ਸ. ਅਜੀਤ ਸਿੰਘ ਲਈ ਇਟਲੀ ਵਿਚ ਵਾਤਾਵਰਣ ਪਰਤੀਕੂਲ ਹੋ ਗਿਆ । ਅਖੀਰ ਜੂਨ 1944 ਈ. ਵਿਚ ਰੋਮ ਦੀ ਹਾਰ ਹੋ ਗਈ । ਇਟਲੀ ਵਲੋਂ ਹਥਿਆਰ ਸੁਟ ਦਿਤੇ ਗਏ । ਜਦੋਂ ਮੁਸੋਲੀਨੀ ਫੜਿਆ ਗਿਆ ਅਤੇ ਮਾਰਸ਼ਲ ਬੈਡੋਗਲੀਓ (Badoglio) ਦਾ ਇਟਲੀ ਵਿਚ ਬੋਲਬਾਲਾ ਹੋਇਆ ਤਾਂ ਅਜੀਤ ਸਿੰਘ ਬਚ ਕੇ ਉਤਰੀ ਇਟਲੀ ਵਲ ਚਲਿਆ ਗਿਆ । ਜਰਮਨ ਸੈਨਿਕਾਂ ਨੇ ਕੈਂਪ ਨੂੰ ਘੇਰਾ

8. G.S. Deol, *op. cit.*, pp. 75-76.

9. ਵਰਿੰਦਰ ਸਿੰਧੂ, ਯੁਗ ਪੁਰਸ਼ ਭਗਤ ਸਿੰਘ ਤੇ ਉਨਾਂ ਦੇ ਬਜ਼ੁਰਗ, ਪੰਨਾ 20.

ਪਾ ਲਿਆ ਅਤੇ ਸਾਰਿਆਂ ਨੂੰ ਕੈਦੀ ਬਣਾ ਕੇ ਜਰਮਨ ਭੇਜ ਦਿਤਾ । ਆਜ਼ਾਦ ਹਿੰਦ ਫੌਜ ਦੇ ਸੈਨਿਕ ਨੇਤਾ ਜੀ ਦੀ ਸੈਨਾ ਵਿਚ ਜਾ ਮਿਲੇ ਅਤੇ ਇਸ ਤਰਾਂ ਉਸ ਸਮੇਂ ਅੰਗਰੇਜ਼ਾਂ ਦੇ ਹਥਾਂ ਵਿਚੋਂ ਬਚ ਨਿਕਲੇ,[10] ਪਰ ਮਈ 1945 ਨੂੰ ਅੰਗਰੇਜ਼ਾਂ ਨੇ ਅਜੀਤ ਸਿੰਘ ਨੂੰ ਫੜ ਲਿਆ ਤੇ ਉਨਾਂ ਨੂੰ ਵਖ ਵਖ ਕੈਂਪਾ ਵਿਚ ਨਜ਼ਰਬੰਦ ਰਖਿਆ ਗਿਆ । ਅੰਤ ਦਸੰਬਰ, 1946 ਵਿਚ ਉਹ ਜਰਮਨੀ ਤੋਂ ਲੰਡਨ ਆਏ ਤੇ ਮਾਰਚ, 1947 ਵਿਚ ਭਾਰਤ ਪੁਜੇ । 15 ਅਗਸਤ, 1947 ਵਾਲੇ ਦਿਨ ਸੁਤੰਤਰਤਾ ਦਾ ਐਲਾਨ ਸੁਣ ਕੇ ਉਹ ਸਵਰਗ ਸਿਧਾਰ ਗਏ ।[11]

ਅੰਤ ਇਹ ਕਿਹਾ ਜਾ ਸਕਦਾ ਹੈ ਕਿ ਇਟਲੀ ਸ. ਅਜੀਤ ਸਿੰਘ ਦੀਆਂ ਸਰਗਮੀਆਂ ਦਾ ਮੁਖ ਕੇਂਦਰ ਰਿਹਾ । ਇਥੇ ਹੀ ਉਨਾਂ ਨੇ ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ, ਪਰ ਹਾਲਾਤ ਅਨੁਕੂਲ ਨਾ ਹੋਣ ਕਰਕੇ ਉਹ ਆਪਣੀ ਯੋਜਨਾ ਨੂੰ ਅਮਲੀ ਰੂਪ ਨਾ ਦੇ ਸਕੇ । ਪਰ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੇ ਮਦਕੇ ਹੀ ਜਨਰਲ ਮੋਹਨ ਸਿੰਘ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਪਿਛੋਂ ਆਈ. ਐਨ. ਏ. ਨੂੰ ਉਸਾਰ ਸਕੇ ।

---

10. ਉਕਤ, ਪੰਨਾ ਉਹੀ ।

11. ਅਜ਼ਾਦ ਹਿੰਦ ਫੌਜ ਦਾ ਵਿਚਾਰ ਸਭ ਤੋਂ ਪਹਿਲਾਂ ਸ. ਅਜੀਤ ਸਿੰਘ ਦੇ ਮਨ ਵਿਚ ਹੀ ਆਇਆ ਪਰ ਜਨੈਰਲੈ ਮੋਹਨ ਸਿੰਘ ਆਈ. ਐਨ. ਏ. ਆਪਣੀ ਪੁਸਤਕ ਫੌਜੀਆਂ ਦੀ ਆਜ਼ਾਦੀ ਨੂੰ ਦੇਣ ਵਿਚ ਦਾਵਾ ਕਰਦੇ ਹਨ ਕਿ ਇਸ ਦੇ ਸੰਸਥਾਪਕ ਉਹ ਹਨ । ਸ. ਅਜੀਤ ਸਿੰਘ ਦੇ ਆਈ. ਐਨ. ਏ. ਅੰਦੋਲਨ ਵਿਚ ਸੰਬੰਧਾਂ ਦੀ ਪੁਸ਼ਟੀ ਇਸ ਤਥ ਤੋਂ ਵੀ ਹੁੰਦੀ ਹੈ ਕਿ ਜਦ ਉਹ ਦਸੰਬਰ, 1946 ਈ. ਵਿਚ ਜਰਮਨੀ ਤੋਂ ਲੰਡਨ ਪਹੁੰਚੇ ਤਾਂ ਉਥੋਂ ਦਿਆਂ ਸਮਾਚਾਰ-ਪਤਰਾਂ ਨੇ ਬੜੀਆਂ ਮੋਟੀਆਂ ਮੋਟੀਆਂ ਸੁਰਖੀਆਂ ਹੇਠ ਇਹ ਖਬਰਾਂ ਪਰਕਾਸ਼ਤ ਕੀਤੀਆਂ ਕਿ "ਆਈ. ਐਨ. ਏ. ਦੇ ਤਿੰਨ ਮੈਂਬਰ ਪਹਿਲੀ ਜਨਵਰੀ ਨੂੰ ਲੰਡਨ ਪਹੁੰਚੇ ਅੰਤੇ ਉਥੇ ਉਨਾਂ ਦਾ ਹਾਰਦਿਕ ਸੁਆਗਤ ਕੀਤਾ ਗਿਆ" । (ਡੇਲੀ ਹੈਰਲਡ, 2 ਜਨਵਰੀ 1947) ।

# ਪਟਿਆਲਾ ਰਾਜ ਵਿਚ ਕਿਸਾਨਾਂ ਦੀ ਹਾਲਤ (1900-1947)

ਰਾਮ ਸਿੰਘ ਗੁਰਨਾ*

ਸੁਯੋਗ ਲੇਖਕ ਨੇ ਦਸਿਆ ਹੈ ਕਿ ਰਿਆਸਤ ਪਟਿਆਲਾ ਵਿਚ ਕਿਸਾਨਾਂ ਦੀ ਹਾਲਤ ਸੰਤੋਸ਼ਜਨਕ ਸੀ। ਇਸ ਦਾ ਕਾਰਨ ਸੀ ਕਿ ਰਿਆਸਤ ਦੇ ਹਾਕਮ ਖੁਦ ਕਿਸਾਨ ਤਬਕੇ ਨਾਲ ਸਬੰਧ ਰਖਦੇ ਸਨ। ਸ.ਸ.

ਖੇਤੀ ਕਰਨਾ ਕੇਵਲ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਹਿੰਦੋਸਤਾਨ ਦਾ ਪੁਰਾਣਾ ਮੁਖ ਧੰਦਾ ਹੈ। ਇਹ ਕੰਮ ਰਿਆਸਤਾਂ ਦੇ ਲੋਕਾਂ ਦਾ ਵੀ ਮੁਖ ਕਿੱਤਾ ਸੀ। ਪਰ ਸ਼ਾਸਕਾਂ ਦਾ ਧਿਆਨ ਬਹੁਤਾ ਇਸ ਪਾਸੇ ਨਹੀਂ ਸੀ, ਉਨ੍ਹਾਂ ਦਾ ਸੰਬੰਧ ਕੇਵਲ ਭੂਮੀ ਕਰ ਇਕਠਾ ਕਰਨ ਵਲ ਹੀ ਹੁੰਦਾ ਸੀ। ਕਿਸਾਨਾਂ ਦੀ ਭਲਾਈ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ ਜਾਂਦਾ ਸੀ। ਇਹੋ ਜਿਹੀ ਸਥਿਤੀ ਹੀ ਪਟਿਆਲਾ ਰਿਆਸਤ ਵਿਚ ਕਿਸਾਨਾ ਦੀ ਸੀ।

19ਵੀਂ ਸਦੀ ਦੇ ਪਿਛਲੇ ਅਧ ਵਿਚ ਖੇਤੀ ਦੇ ਸੁਧਾਰ ਵਲ ਥੋੜਾ ਜਿਹਾ ਧਿਆਨ ਦਿਤਾ ਜਾਣ ਲਗਾ, ਅੰਗਰੇਜ਼ਾਂ ਦੇ ਪਰਭਾਵ ਕਾਰਨ 20ਵੀਂ ਸਦੀ ਵਿਚ ਪਟਿਆਲੇ ਦੇ ਸ਼ਾਸਕਾਂ ਨੇ ਸੋਚਨਾ ਸ਼ੁਰੂ ਕੀਤਾ ਕਿ ਆਮ ਉਨਤੀ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਖੇਤੀ ਬਾੜੀ ਦੀ ਉਨਤੀ ਹੋਵੇਗੀ। ਇਸ ਭਾਵਨਾ ਨੇ ਨਵੀਂ ਦਿਸ਼ਾ ਪਰਦਾਨ ਕੀਤੀ।

ਲਾਰਡ ਕਰਜਨ ਦੇ (1899-1905) ਦੇ ਸਮੇਂ ਹਿੰਦੋਸਤਾਨ ਵਿਚ ਖੇਤੀ ਨੂੰ ਅਧੁਨਿਕ ਬਨਾਉਣ ਵਲ ਵਿਸ਼ੇਸ਼ ਧਿਆਨ ਦਿਤਾ ਗਿਆ। ਜਿਸ ਦਾ ਪਰਭਾਵ ਭਾਰਤੀ ਰਿਆਸਤਾਂ ਉਪਰ ਵੀ ਪਿਆ।[1] ਇਸ ਸਮੇਂ ਹਿੰਦੋਸਤਾਨ ਖੇਤੀਬਾੜੀ ਖੋਜ ਸੰਸਥਾ ਸਥਾਪਤ ਕੀਤੀ ਗਈ। 1905 ਵਿਚ ਇਕ ਐਂਮਪੀਰੀਅਲ ਖੇਤੀਬਾੜੀ ਕਾਲਜ ਪੂਨੇ[2] ਸਥਾਪਤ ਕੀਤਾ ਗਿਆ। ਸਾਰੇ ਪਰਾਂਤਾਂ ਵਿਚ ਖੇਤੀ-ਬਾੜੀ ਡਾਇਰੈਕਟਰ ਨਿਯੁਕਤ ਕਰਨੇ ਲਈ ਕਿਹਾ ਗਿਆ। ਇਸ ਦੇ ਅਨੁਸਾਰ ਪਟਿਆਲਾ ਰਾਜ ਵਿਚ 1913 ਦੇ ਸਾਲ ਵਿਚ ਸਰਦਾਰ ਹਰਚੰਦ ਸਿੰਘ ਖੇਤੀਬਾੜੀ ਮਾਹਿਰ ਨਿਯੁਕਤ ਕੀਤਾ ਗਿਆ।[3] 1917 ਵਿਚ ਉਸ ਨੇ ਖੇਤੀਬਾੜੀ ਦੇ ਸੁਧਾਰ ਲਈ ਇਕ ਸਕੀਮ ਪੇਸ਼ ਕੀਤੀ, ਉਸ ਦੀ ਸਕੀਮ ਅਨੁਸਾਰ 520 ਕਚੇ ਵਿਘੇ ਦਾ ਭੁਪਿੰਦਰਾ ਖੇਤੀਬਾੜੀ[4] ਫਾਰਮ ਬਣਾਇਆ ਗਿਆ। 1923 ਵਿਚ ਇਕ ਖੇਤੀਬਾੜੀ ਸਕੂਲ ਸਥਾਪਤ ਕੀਤਾ ਗਿਆ ਜਿਸ ਨੇ ਹੌਲੀ ਹੌਲੀ ਭੁਪਿੰਦਰਾ ਖੇਤੀਬਾੜੀ ਸੰਸਥਾ ਦਾ ਰੂਪ ਧਾਰਨ ਕਰ ਲਿਆ। ਇਸ ਸੰਸਥਾ ਦਾ ਸਿਲੇਬਸ ਪੰਜਾਬ ਖੇਤੀਬਾੜੀ ਕਾਲਜ ਲਾਇਲਪੁਰ[5] ਅਨੁਸਾਰ ਨਿਸਚਤ ਕੀਤਾ ਗਿਆ। ਸਰਦਾਰ ਹਰਚੰਦ ਸਿੰਘ ਨੂੰ ਨਵੇਂ ਬਣੇ

*ਪੀ. ਐਚ. ਡੀ. ਵਿਦਿਆਰਥੀ, ਹਿਸਟਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਐਮ. ਐਸ. ਰੰਧਾਵਾ, ਹਿਸਟਰੀ ਆਫ ਐਗਰੀਕਲਚਰ ਇਨ ਇੰਡੀਆ, ਵਾਲੂਮ ਤੀਜਾ, (ਨਵੀਂ ਦਿਲੀ, 1983), ਪੰਨਾ 262-81.
2. ਪਟਿਆਲਾ ਗਜ਼ਟ, 7 ਮਈ 1924 ਪੰਨਾ 11, ਅਤੇ ਐਮ. ਐਸ. ਰੰਧਾਵਾ, ਉਕਤ, ਪੰਨਾ 271-72.
3. ਉਕਤ, ਪੰਨਾ ਉਹੀ।
4. ਪਟਿਆਲਾ ਰਾਜ ਦੀ ਸ਼ਾਸ਼ਨ ਸੰਬੰਧੀ ਰਿਪੋਰਟ 1939-40, ਪੰਨਾ 181.
5. ਪਟਿਆਲਾ ਰਾਜ ਦੀ ਸ਼ਾਸਨ ਸੰਬੰਧੀ ਰਿਪੋਰਟ 1932-33, ਪੰਨਾ-31.

ਖੇਤੀਬਾੜੀ ਵਿਭਾਗ ਦਾ ਡਾਇਰੈਕਟਰ 1919[6] ਵਿਚ ਨਿਯੁਕਤ ਕੀਤਾ ਗਿਆ। ਬਾਅਦ ਵਿਚ 1936 ਦੇ ਵਰੇ ਉਸ ਨੂੰ ਕਮਿਸ਼ਨਰ ਦੇ ਅਹੁਦੇ ਤਕ ਤਰਕੀ ਦਿਤੀ ਗਈ ਤੇ ਉਸਦੀ ਥਾਂ ਏ. ਐਚ. ਸਦੀਕ ਨਿਯੁਕਤ ਕੀਤੇ ਗਏ।[7] ਦੋਵੇਂ ਆਪਣੇ ਆਹੁਦੇ ਤੇ 1948 ਤਕ ਪੈਪਸੂ ਦੇ ਬਣਨ ਸਮੇਂ ਤਕ ਕੰਮ ਕਰਦੇ ਰਹੇ।

ਖੇਤੀਬਾੜੀ ਵਿਭਾਗ ਦਾ ਮੁਖ ਕੰਮ ਖੇਤੀਬਾੜੀ ਵਿੱਚ ਸੁਧਾਰ ਲਿਆਉਣ ਅਤੇ ਮੰਡੀਆਂ ਦੀ ਦੇਖ ਭਾਲ ਕਰਨਾ ਸੀ। ਇਸ ਦਾ ਕੰਮ ਹੇਠ ਲਿਖਿਆਂ ਉਪ-ਵਿਭਾਗਾਂ ਵਿਚ ਵੰਡਿਆ ਹੋਇਆ ਸੀ।

1. ਭੁਪਿੰਦਰਾ ਖੇਤੀਬਾੜੀ ਫਾਰਮ ਤੇ ਸੰਸਥਾ[8]
2. ਜ਼ਿਲਾ ਪਧਰ ਦੇ ਕੰਮ
3. ਖੂਹ ਲਗਵਾਉਣੇ
4. ਪਸ਼ੂਆਂ ਦੀ ਦੇਖ ਭਾਲ
5. ਭੁਪਿੰਦਰਾ ਡੇਅਰੀ ਫਾਰਮ
6. ਪਸ਼ੂ ਮੇਲੇ

ਪਟਿਆਲਾ ਰਿਆਸਤ ਦੇ ਸ਼ਾਸ਼ਕਾਂ ਨੇ ਕਿਸਾਨਾਂ ਦੀ ਭਲਾਈ ਤੇ ਖੇਤੀ ਦੀ ਉਨਤੀ ਲਈ ਨਹਿਰਾਂ ਦਾ ਨਿਰਮਾਣ ਕਰਵਾਇਆ ਜਿਸ ਨਾਲ ਕਾਫੀ ਭੂਮੀ ਸਿੰਚਾਈ ਯੋਗ ਹੋ ਗਈ ਤੇ ਲੋਕਾਂ ਨੂੰ ਭਿਆਨਕ ਕਾਲ ਤੋਂ ਬਚਾਇਆ ਜਾ ਸਕਿਆ, ਭਾਵੇਂ ਰਾਜ ਦੇ ਅੰਦਰ ਕੋਈ ਵੀ ਚੰਗੀ ਨਹਿਰ ਨਹੀਂ ਸੀ ਪਰ ਕਈ ਮੌਸਮੀ ਨਦੀਆਂ ਨੂੰ ਸਿੰਚਾਈ ਲਈ ਵਰਤਿਆ ਜਾਂਦਾ ਸੀ। ਘੱਗਰ ਇਸ ਦੀ ਪਰਮੁਖ ਨਦੀ ਸੀ, ਇਸ ਤੋਂ ਬਿਨਾਂ ਸਰਹੰਦ ਵਾਲੀ ਚੋਅ, ਡੰਬ ਵਾਲੀ ਚੋਅ ਅਤੇ ਪਟਿਆਲੇ ਵਾਲੀ ਨਦੀ ਆਦਿ ਸਨ। ਪਹਾੜੀ ਇਲਾਕਿਆਂ ਵਿਚ ਕੁਦਰਤੀ ਝਰਨਿਆਂ ਤੋਂ ਸੰਚਾਈ ਕੀਤੀ ਜਾਂਦੀ ਸੀ। ਰਾਜ ਅੰਦਰ ਕਚੇ ਤੇ ਪਕੇ ਦੋਵੇਂ ਪਰਕਾਰ ਦੇ ਖੂਹ ਸਨ ਜਿਸ ਲਈ ਕਿਸਾਨਾਂ ਨੂੰ ਕਰਜ਼ਾ ਵੀ ਦਿਤਾ ਜਾਂਦਾ ਸੀ। ਇਸ ਤੋਂ ਇਲਾਵਾ ਸਰਹੰਦ ਵਾਲੀ ਨਹਿਰ ਮੁਖ ਸੀ ਜਿਸ ਤੋਂ 1882[9] ਵਿਚ ਖੋਲਣ ਉਪਰੰਤ ਸਿੰਚਾਈ ਸ਼ੁਰੂ ਹੋਈ ਇਸ ਵਿਚ ਪਟਿਆਲਾ ਰਾਜ ਦਾ 36% ਵਿਚੋਂ 83.6% ਹਿਸਾ ਸੀ ਉਸ ਤੋਂ ਬਿਨਾਂ ਇਸ ਨਹਿਰ ਅਗੇ ਰਜਵਾਹਿਆਂ ਰਾਹੀਂ ਸੰਚਾਈ ਕਰਦੀ ਸੀ। ਪਛਮੀ ਯਮੁਨਾ ਨਹਿਰ ਦੀ ਸਿਰਸਾ ਬਰਾਂਚ ਰਾਹੀਂ ਵੀ ਸਿੰਚਾਈ ਕੀਤੀ ਜਾਂਦੀ ਸੀ ਇਹ 1889-92 ਦੇ ਸਮੇਂ ਬਣਾਈ ਗਈ। ਇਸ ਤੋਂ ਬਿਨਾਂ ਬਨੂੜ ਤੋਂ ਨਿਕਲਣ ਵਾਲੀ ਬਰਸਾਤੀ ਨਹਿਰ ਵੀ ਸਿੰਚਾਈ ਕਰਦੀ ਸੀ। ਨਹਿਰਾਂ ਰਾਹੀਂ ਰਾਜ ਦਾ 1/6 ਹਿਸਾ ਸਿੰਚਾਈ ਹੇਠ ਲਿਆਂਦਾ ਗਿਆ। ਪਰ ਇਹ ਬਹੁਤ ਸੁਚੱਜਾ ਢੰਗ ਨਹੀਂ ਸੀ। ਪਾਣੀ ਦਾ ਰੇਟ ਅੰਗਰੇਜ਼ੀ ਰਾਜ ਦੇ ਮੁਕਾਬਲੇ ਜ਼ਿਆਦਾ ਸੀ ਪਟਿਆਲਾ ਰਾਜ ਵਿਚ 1 ਰੁਪਿਆ 8 ਆਨੇ ਸੀ ਜਦ ਕਿ ਅੰਗਰੇਜ਼ੀ ਅਧੀਨ ਪੰਜਾਬ ਵਿਚ ਇਕ ਰੁਪਿਆ ਸੀ।

ਸਾਲ ਵਿਚ ਦੋ ਹਾੜੀ ਤੇ ਸਾਉਣੀ ਦੀਆਂ ਫਸਲਾਂ ਸਨ ਕਿਸਾਨਾਂ ਨੂੰ ਬੀਜ ਆਦਿ ਲਈ

---

6. ਹਰਚੰਦ ਸਿੰਘ, ਪਟਿਆਲਾ ਰਾਜ ਵਿਚ ਪੇਂਡੂ ਵਿਕਾਸ, ਪਟਿਆਲਾ ਪੋਸਟ ਦਸੰਬਰ, 1943, ਤੋਂ ਜਨਵਰੀ, 1944, ਪੰਨਾ 27, ਪੰਜਾਬ ਸਟੇਟ ਆਰਕਾਇਵਜ਼ ਪਟਿਆਲਾ, ਫਾਇਲ ਨੰਬਰ 49513.
7. ਪਟਿਆਲਾ ਗਜ਼ਟ, ਪਟਿਆਲਾ, 24 ਅਪਰੈਲ 1946, ਪੰਨਾ 976.
8. ਪਟਿਆਲਾ ਰਾਜ ਦੀ ਸ਼ਾਸ਼ਨ ਸੰਬੰਧੀ ਰਿਪੋਰਟ 1939-40, ਪੰਨਾ 181.
9. ਏ. ਸੀ. ਅਰੋੜਾ, ਅੰਗਰੇਜ਼ੀ ਸਰਕਾਰ ਅਤੇ ਫੂਲਕੀਆਂ ਰਿਆਸਤਾਂ ਵਿਚ ਨਹਿਰਾਂ, ਵਾਲੂਮ-15-1 ਪੰਜਾਬ ਪਾਸਟ ਐਂਡ ਪਰੈਜ਼ੈਂਟ ਪੰਨਾ 96, ਪੰਜਾਬ ਰਾਜ ਦੀ ਸਾਸ਼ਨ ਸੰਬੰਧੀ ਰਿਪੋਰਟ 1920-21, ਪੰਨਾ 168.

ਕਰਜ਼ੇ ਵੀ ਦਿਤੇ ਜਾਂਦੇ ਸੀ । ਉਨਾਂ ਨੂੰ ਨਵੇਂ ਢੰਗ ਦੇ ਔਜਾਰ ਵੀ ਪਰਦਾਨ ਕਰਨ ਲਈ ਕਰਜ਼ਾ ਮਿਲਦਾ ਸੀ । ਕਿਸਾਨਾਂ ਨੂੰ ਹਰੀ ਖਾਦ ਬਾਰੇ ਜਾਣਕਾਰੀ ਦਿਤੀ ਜਾਂਦੀ ਸੀ ।

ਜਿਸ ਪਰਕਾਰ ਮੁਢਲੇ ਸਮੇਂ ਤੋਂ ਹੀ ਭੂਮੀ ਕਰ ਰਾਜ ਦੀ ਆਮਦਨ ਦਾ, ਮੁਖ ਸਾਧਨ ਸੀ ਉਸ ਪਰਕਾਰ ਹਿੰਦੂ ਰਾਜ ਸਮੇਂ ਵੀ ਇਹ ਵਿਵਸਥਾ ਪਰਚਲਤ ਰਹੀ ਜੋ ਕਿ ਮਨੂੰ ਦੇ ਅਨੁਸਾਰ 1/6 ਤੋਂ 1/4[10] ਭਾਗ ਹੁੰਦਾ ਸੀ ਪਰ ਉਹ ਭੂਮੀ ਦੇ ਮਾਲਕ ਨਹੀਂ ਸਨ, ਮੁਗਲਾਂ ਸਮੇਂ ਵੀ ਇਹ ਵਿਵਸਥਾ ਰਹੀ । ਪਰ ਸਿਖ ਰਾਜ ਅੰਦਰ ਸਿਖ ਸਰਦਾਰ ਭੂਮੀ ਦੇ ਮਾਲਕ ਤੇ ਪਰਭੂਸਤਾ ਸੰਪੰਨ ਸਨ । ਇਨਾਂ ਵਿਚ ਬਟਾਈ ਤੇ ਕਨਕੂਤ ਪਰਨਾਲੀ ਪਰਚਲਤ ਸੀ । ਪਹਿਲਾ ਪਟਿਆਲਾ ਰਾਜ ਵਿਚ 1/3 ਹਿਸਾ ਭੂਮੀ ਕਰ ਲਿਆ ਜਾਂਦਾ ਸੀ । ਪਰ ਪਟਿਆਲਾ ਰਾਜ ਵਿਚ ਭੂਮੀ ਕਰ ਸਥਾਨ ਅਨੁਸਾਰ 1/4 ਤੋਂ 2/5 ਹਿਸੇ ਤਕ ਲਿਆ ਜਾਂਦਾ ਸੀ ਮਹਾਰਾਜਾ ਨਰਿੰਦਰ ਸਿੰਘ ਦੇ ਪਿਛਲੇ ਸਮੇਂ ਨਕਦ ਭੂਮੀ ਕਰ ਦੀ ਉਗਰਾਹੀ ਸ਼ੁਰੂ ਕੀਤੀ ਗਈ ।[11]

ਪਟਿਆਲਾ ਰਾਜ ਦੇ ਸ਼ਾਸਕ ਜ਼ਿਮੀਦਾਰ ਘਰਾਣੇ ਨਾਲ ਸੰਬੰਧਤ ਸਨ ਇਸ ਲਈ ਉਹ ਕਿਸਾਨਾਂ ਦੀਆਂ ਮੁਸ਼ਕਲਾਂ ਸਮਝਦੇ ਸੀ । ਉਨਾਂ ਨੇ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਦੀ ਸਥਾਪਨਾ ਕੀਤੀ । ਖੂਹ ਲਗਾਉਣ ਲਈ ਅਤੇ ਹੋਰ ਖੇਤੀ ਬਾੜੀ ਦੇ ਔਜਾਰ ਖਰੀਦਣ ਲਈ ਕਰਜਾ ਦਿਤਾ ਜਾਂਦਾ ਸੀ । ਸਹਿਕਾਰੀ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ । ਪਸ਼ੂ ਧੰਨ ਵਧਾਉਣ ਲਈ ਪਸ਼ੂਆਂ ਲਈ ਹਸਪਤਾਲ ਖੋਹਲੇ ਗਏ...ਪਸ਼ੂ ਮੇਲੇ ਇਕ ਥਾਂ ਤੋਂ ਦੂਸਰੇ ਥਾਂ ਲਗਾਏ ਜਾਣ ਲਗੇ । ਪਰਚਾਰ ਦਾ ਆਧੁਨਿਕ ਤਰੀਕਾ ਅਪਣਾਇਆ ਗਿਆ । ਉਚੀ ਕਿਸਮ ਦੇ ਬੀਜ ਪਰਦਾਨ ਕੀਤੇ ਜਾਂਦੇ ਸਨ ।

ਇਨਾਂ ਕੁਝ ਹੋਣ ਦੇ ਕਾਰਨ ਵੀ ਜ਼ਿਆਦਾ ਕਿਸਾਨਾਂ ਦੀ ਹਾਲਤ ਮਾੜੀ ਹੀ ਸੀ ਅਤੇ ਉਹ ਅਕਸਰ ਕਰਜ਼ੇ ਦੇ ਭਾਰ ਹੇਠ ਰਹਿੰਦੇ ਸੀ । ਇਸ ਦੇ ਕਈ ਕਾਰਨ ਸਨ ਜਿਵੇਂ ਕਈ ਵਾਰੀ ਬਰਸਾਤ ਦਾ ਨਾਂ ਹੋਣਾ ਕਾਲ ਦਾ ਕਾਰਨ ਬਣ ਜਾਂਦਾ ਸੀ ਤੇ ਭੁਖ ਮਰੀ ਸ਼ੁਰੂ ਹੋ ਜਾਂਦੀ ਸੀ । ਸਰਕਾਰ ਦੇ ਦੋਵੇਂ ਤਰੀਕੇ ਕਰਜ਼ਾ ਦੇਣ ਦੇ ਜਿਵੇਂ ਤਕਾਵੀ ਤੇ ਸਹਿਯੋਗੀ ਸੰਸਥਾਵਾਂ, ਸ਼ਾਹੂਕਾਰੇ ਦੇ ਮੁਕਾਬਲੇ ਠੀਕ ਕੰਮ ਨਹੀਂ ਕਰਦੀਆਂ ਸਨ । ਜਿਸ ਕਾਰਨ ਕਿਸਾਨਾਂ ਨੂੰ ਸ਼ਾਹੂਕਾਰਾਂ ਉਪਰ ਨਿਰਭਰ ਕਰਨਾ ਪੈਂਦਾ ਸੀ ਜੋ ਕਿ ਆਪਣੇ ਵਰਤਾਉ ਵਿਚ ਕਿਸਾਨਾਂ ਨਾਲ ਮਾੜਾ ਸਲੂਕ ਕਰਦੇ ਸੀ ਜਿਸ ਕਾਰਨ ਕਿਸਾਨ ਸਾਰੀ ਉਮਰ ਕਰਜ਼ੇ ਹੇਠ ਹੀ ਦਬਿਆ ਰਹਿੰਦਾ ਸੀ । ਇਕ ਸਰਵੇਖਣ ਅਨੁਸਾਰ ਜੋ 1943 ਵਿਚ ਕੀਤਾ ਗਿਆ । 17 ਪਿੰਡਾਂ ਵਿਚ 2,25,000 ਰੁਪਏ ਦਾ ਕਰਜ਼ਾ ਸੀ ਇਸ ਦਾ 51% ਸਮਾਜਿਕ ਰੀਤੀ ਰਿਵਾਜਾਂ ਕਾਰਨ ਜਿਵੇਂ ਵਿਆਹ, ਮੌਤ ਆਦਿ, 9% ਮੁਕਦਮੇ ਕਾਰਨ, 8% ਨਸ਼ਿਆਂ ਕਾਰਨ ਅਤੇ 22% ਖੇਤੀ ਬਾੜੀ ਕਾਰਨ ਸੀ ।[12] ਇਸ ਤੋਂ ਬਿਨਾਂ ਸਰਕਾਰ ਤੋਂ ਕਰਜ਼ਾ ਆਦਿ ਜ਼ਿਆਦਾ ਪਰਭਾਵਸ਼ਾਲੀ ਲੋਕ ਜਾਂ ਅਮੀਰ ਵਿਸਵੇਦਾਰ ਹੀ ਪਰਾਪਤ ਕਰ ਲੈਂਦੇ ਸੀ । ਆਮ ਕਿਸਾਨ ਇਸ ਤੋਂ ਵਾਂਝਾ ਰਹਿ ਜਾਂਦਾ ਸੀ । ਸਰਕਾਰ ਦੀਆਂ ਸਾਰੀਆਂ ਸਕੀਮਾਂ ਦਾ ਲਾਭ ਅਮੀਰ ਲੋਕ ਹੀ ਉਠਾਉਂਦੇ ਸੀ । ਪੁਰਾਤਨ ਕਿਸਮ ਦੇ ਔਜਾਰ ਕਿਸਾਨਾਂ ਦੀ ਮਾੜੀ ਹਾਲਤ ਦਾ ਇਕ ਹੋਰ ਕਾਰਨ ਸੀ । ਕਿਸਾਨਾਂ ਤੋਂ ਅੰਗਰੇਜ਼ਾਂ ਅਧੀਨ ਪੰਜਾਬ ਦੇ ਮੁਕਾਬਲੇ ਜ਼ਿਆਦਾ ਪਾਣੀ ਦਾ ਰੇਟ ਲਿਆ ਜਾਂਦਾ ਸੀ । ਜਿਸ ਕਾਰਨ ਕਿਸਾਨਾਂ ਦੀ ਹਾਲਤ

---

10. ਏ. ਐਨ. ਸ਼ਰਮਾ, ਹਿੰਦੋਸਤਾਨੀ ਖੇਤੀਬਾੜੀ ਮੁਸ਼ਕਲਾਂ, ਉਨਤੀ ਅਤੇ ਖੁਸ਼ਹਾਲੀ, (ਦਿਲੀ, 1981) ਪੰਨਾ 423.
11. ਪਟਿਆਲਾ ਰਾਜ ਦੀ ਜਨਗਣਨਾ ਰਿਪੋਰਟ, ਪੰਨਾ 3.
12. ਹਰਚੰਦ ਸਿੰਘ, ਉਕਤ, ਪੰਨਾ 28.

ਡਿਗਦੀ ਗਈ। ਵਿਸਵੇਦਾਰੀ ਪਰਣਾਲੀ ਨੇ ਵੀ ਕਿਸਾਨਾਂ ਦੀ ਹਾਲਤ ਮਾੜੀ ਕਰ ਦਿਤੀ।

ਇਸ ਪਰਕਾਰ ਸ਼ਾਸਕਾਂ ਦੀਆਂ ਖੇਤੀਬਾੜੀ ਤੇ ਉਦਯੋਗਿਕ ਨੀਤੀਆਂ ਕਾਰਨ ਲੋਕਾਂ ਨੇ ਸ਼ਾਸਕਾਂ ਵਿਰੁਧ ਬਗਾਵਤ ਕਰ ਦਿਤੀ। ਉਨਾਂ ਨੇ ਆਪਣੇ ਆਪ ਨੂੰ ਪਰਜਾ ਮੰਡਲ ਸੰਸਥਾ ਅਧੀਨ ਸੰਗਠਤ ਕਰ ਲਿਆ। ਰਾਜੇ ਲੋਕਾਂ ਦੀ ਭਲਾਈ ਵਲ ਯੋਗ ਧਿਆਨ ਨਹੀਂ ਦਿੰਦੇ ਸੀ। ਵਿਤ ਨੀਤੀ ਜ਼ਿਆਦਾ ਕਰਕੇ ਰਾਜੇ ਦੇ ਖਰਚੇ ਨਾਲ ਸਬੰਧਤ ਸੀ ਨਾ ਕਿ ਲੋਕਾਂ ਦੀ ਭਲਾਈ ਲਈ। ਖੇਤੀਬਾੜੀ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਡਿਗਣ ਕਾਰਨ ਕਿਸਾਨਾਂ ਦੀ ਹਾਲਤ ਪਤਲੀ ਹੋ ਗਈ ਸੀ।[13] ਉਹ ਭੜਕ ਉਠੇ। ਲੋਕ ਵਿਸਵੇਦਾਰ ਪਰਣਾਲੀ ਦੇ ਬਹੁਤ ਵਿਰੁਧ ਸਨ, ਤੇ ਇਸ ਨੂੰ ਖਤਮ ਕਰਨਾ ਚਾਹੁੰਦੇ ਸਨ। ਲੋਕਾਂ ਨੇ ਉਚੇ ਭੂਮੀ ਕਰ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿਤੀ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿਚ ਸਿੰਚਾਈ ਲਈ ਕੋਈ ਹੋਰ ਪਰਬੰਧ ਨਾ ਕੀਤਾ ਗਿਆ ਕਿਉਂਕਿ ਸਰਕਾਰ ਨੇ ਕਾਫੀ ਪੈਸਾ ਯੁਧ ਸਮੇਂ ਖਰਚ ਕੀਤਾ।[14] ਸ਼ਾਸਕ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਤਿਆਰ ਨਹੀਂ ਸਨ ਜਿਸ ਕਾਰਨ ਰਾਜਨੀਤਿਕ ਅਸਥਿਰਤਾ, ਆਰਥਿਕ ਮੰਦਵਾੜਾ ਤੇ ਭਾਰੀ ਬੇਰੁਜ਼ਗਾਰੀ ਦੀ ਸਮਸਿਆ ਪੈਦਾ ਹੋ ਗਈ ਜਿਸ ਨੇ ਰਾਜ ਅੰਦਰ ਗੜਬੜ, ਬਗਾਵਤ[15] ਕਾਨੂੰਨਾਂ ਦੀ ਪਰਵਾਹ ਨਾ ਕਰਨਾ ਤੇ ਚੋਰਾਂ ਡਾਕੂਆਂ ਨੂੰ ਉਤਸ਼ਾਹ ਦਿਤਾ।

13. ਰਮੇਸ਼ ਵਾਲੀਆ, ਪਰਜਾ ਮੰਡਲ ਮੂਵਮੈਂਟ ਇਨ ਪੰਜਾਬ ਸਟੇਟਸ, (ਪਟਿਆਲਾ, 1972) ਪੰਨੇ 36-37.
14. ਉਕਤ, ਪੰਨਾ 37.
15. ਉਕਤ, ਪੰਨਾ 36.

# ਦੇਸ਼ ਆਜ਼ਾਦੀ ਦੀਆਂ ਲਹਿਰਾਂ ਵਿਚ ਦੀ ਜ਼ਿਲਾ ਬਠਿੰਡਾ

*ਸਰਵਣ ਸਿੰਘ 'ਬੀਰ'

ਲੇਖਕ ਨੇ ਇਸ ਲੇਖ ਵਿਚ ਸੁਨਿਯੋਜਿਤ ਢੰਗ ਨਾਲ ਦੇਸ਼ ਦੀ ਆਜ਼ਾਦੀ ਲਈ ਚਲਾਈਆਂ ਵਖ-ਵਖ ਲਹਿਰਾਂ ਵਿਚ ਜ਼ਿਲਾ ਬਠਿੰਡਾ ਦੇ ਲੋਕਾਂ ਦਾ ਯੋਗਦਾਨ ਦਰਸਾਇਆ ਹੈ ।

ਸ. ਸ.

ਚਾਰ ਸਬ ਡਵੀਜ਼ਨ, ਤਿੰਨ ਸਬ-ਤਹਿਸੀਲਾਂ, ਨੌ ਬਲਾਕ, ਗਿਆਰਾਂ ਕਸਬੇ ਅਤੇ 599 ਪਿੰਡਾਂ ਨਾਲ ਸਬੰਧਤ 12 ਲਖ 94 ਹਜ਼ਾਰ 957 ਦੀ ਆਬਾਦੀ ਦਾ ਇਹ ਜ਼ਿਲਾ ਪਹਿਲਾਂ ਵਧੇਰੇ ਕਰ ਕੇ ਸਾਬਕਾ ਰਿਆਸਤ ਪਟਿਆਲਾ[1] ਦਾ ਹਿਸਾ ਸੀ । ਪਰ 1949 ਵਿਚ ਜ਼ਿਲਾ ਬਨਣ ਤੋਂ ਬਾਦ ਇਸ ਵਿਚ ਸਾਬਕਾ ਰਿਆਸਤ ਫਰੀਦਕੋਟ ਦੇ ਥਾਣਾ ਗੋਨਿਆਣੇ ਦਾ ਇਲਾਕਾ, ਜੀਂਦ ਦਾ ਥਾਣਾ ਬਾਲਿਆਂਵਾਲੀ, ਜ਼ਿਲਾ ਫ਼ਿਰੋਜ਼ਪੁਰ ਦਾ ਇਲਾਕਾ ਬਾਹੀਆਂ ਦੀ ਸਬ ਤਹਿਸੀਲ ਨਥਾਣਾ, ਜ਼ਿਲਾ ਹਿਸਾਰ ਦਾ ਥਾਣਾ ਬੁਢਲਾਡਾ ਅਤੇ ਜ਼ਿਲਾ ਲੁਧਿਆਣਾ ਦੇ ਥਾਣਾ ਸਾਹਿਬ ਦੇ ਪਿੰਡ ਜੇਠੂ ਕੇ ਤੇ ਚਾਉ ਕੇ ਆਦਿ ਇਲਾਕੇ ਦੀ ਭੂਗੋਲਿਕ ਅਤੇ ਇਲਾਕਾਈ ਨੇੜਤਾ ਕਾਰਨ ਇਸ ਵਿਚ ਸ਼ਾਮਲ ਕਰ ਦਿਤੇ ਗਏ ।

ਦੇਸ਼ ਆਜ਼ਾਦੀ ਦੇ ਸੁਤੰਤਰਤਾ ਸੰਗਰਾਮ ਸਮੇਂ ਅਜਿਹਾ ਕੋਈ ਵੀ ਘੋਲ ਜਾਂ ਮੋਰਚਾ ਨਹੀਂ ਸੀ, ਜਿਸ ਵਿਚ ਇਸ ਜ਼ਿਲੇ ਦੇ ਯੋਧਿਆਂ ਨੇ ਵਧ ਚੜ ਕੇ ਹਿਸਾ ਨਾ ਪਾਇਆ ਹੋਵੇ । ਇਸ ਜ਼ਿਲੇ ਦੇ ਸਭ ਤੋਂ ਪਹਿਲਾਂ (ਨਾਮਧਾਰੀ ਲਹਿਰ ਵਿਚ ਰਾਏਕੋਟ, ਮਲੌਦ ਅਤੇ ਮਲੇਰਕੋਟਲੇ ਦੇ ਮੈਦਾਨ ਵਿਚ) ਗਿਆਰਾਂ ਪਿੰਡਾਂ ਦੇ 24 ਨਾਮਧਾਰੀਆਂ ਨੇ ਤੋਪਾਂ ਮੂਹਰੇ ਖਲੋ ਕੇ ਹਸ-ਹਸ ਸ਼ਹੀਦੀਆ ਪਾਈਆਂ । ਇਸ ਤੋਂ ਬਾਅਦ ਕਾਮਾਗਾਟਾ ਮਾਰੂ ਅਤੇ ਗਦਰ ਲਹਿਰ ਵਿਚ 14 ਪਿੰਡਾਂ ਦੇ ਸੋਲਾਂ ਯੋਧੇ ਸ਼ਹੀਦ ਅਤੇ ਕੈਦ ਹੋਏ ।

ਜਦੋਂ ਜੈਤੋ ਮੋਰਚਾ ਅਰੰਭ ਹੋਇਆ ਤਾਂ ਇਸੇ ਹੀ ਜ਼ਿਲੇ ਦੇ ਤਿੰਨ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਅਤੇ ਸਤ ਸਿੰਘ ਜ਼ਲਾਵਤਨ ਹੋਏ ਅਤੇ ਭਾਈ ਫੇਰੂ ਮੋਰਚੇ ਵਿਚ ਸ਼ਹੀਦੀਆਂ ਪਰਾਪਤ ਕਰਨ ਵਾਲਿਆਂ ਦੀ ਸੂਚੀ ਵਖਰੀ ਹੈ । ਇਨਾਂ ਮੋਰਚਿਆਂ ਵਿਚ ਸਜ਼ਾਵਾਂ ਪਾ ਕੇ ਨਾਭਾ ਬੀੜ, ਚਰਖੀ ਦਾਦਰੀ, ਬਾਬਲ ਕਾਟੀ (ਹੁਣ ਹਰਿਆਣਾ) ਬਬਲਪੁਰ ਐਲਨਾਬਾਦ ਅਤੇ ਮੁਲਤਾਨ (ਹੁਣ ਪਾਕਿਸਤਾਨ) ਦੀਆਂ ਜ਼ੇਲਾਂ ਜਾਣ ਵਾਲਿਆਂ ਦਾ ਇਕ ਲੰਮਾਂ ਰਿਕਾਰਡ ਹੈ ।

ਅਗੇਂ ਜਦੋਂ 17 ਜੁਲਾਈ, 1928 ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਕਾਇਮੀ ਹੋਈ ਤਾਂ ਉਸਨੇ ਅਨੇਕਾਂ ਵਰਕਰ ਪੈਦਾ ਕੀਤੇ ਤੇ ਰਿਆਸਤ ਪਟਿਆਲਾ ਵਿਚ ਸ਼ਹੀਦ ਸ: ਸੇਵਾ ਸਿੰਘ ਠੀਕਰੀਵਾਲਾ ਨੂੰ ਰਿਹਾਅ ਕਰਾਉਣ ਲਈ ਸੈਂਕੜੇ ਇਸਤਰੀ ਮਰਦਾਂ ਨੇ ਤਸੀਹੇ ਝਲੇ, ਡਾਂਗਾਂ ਖਾਧੀਆਂ ਤੇ ਜੇਲੀਂ ਗਏ ।

---

*ਨੇੜੇ ਕਿਲਾ, ਬਠਿੰਡਾ ।

1. ਫੈਕਟਸ ਅਬਾਉਟ ਪੰਜਾਬ (ਪੀ.ਪੀ. ਆਰ. ਪੰਜਾਬ, 1985), ਪੰਨਾ 10 ਅਤੇ 183.

ਇਸ ਤੋਂ ਇਲਾਵਾ ਨਾਲ ਲਗਦੀਆਂ ਰਿਆਸਤਾਂ ਵਿਚ (ਜੀਂਦ) ਸੰਗਰੂਰ ਵਿਖੇ ਢੀਂਗਰਾਂ ਮੋਰਚਾ, ਨਾਭੇ ਵਿਖੇ ਮਹਾਰਾਜ ਬਹਾਲ ਕੌਰ ਮੋਰਚਾ ਕਲਸੀਆਂ ਵਿਖੇ ਚੜਿਕ ਮੋਰਚਾ ਅਤੇ ਫ਼ਰੀਦਕੋਟ ਮੋਰਚਾ ਆਦਿ ਵਖਰੇ ਹਨ। ਜਿਥੇ ਇਸ ਜ਼ਿਲੇ ਦੇ ਯੋਧਿਆਂ ਨੇ ਜਾ ਕੇ ਭਾਰੀ ਹਿਸਾ ਪਾਇਆ। ਗਲ ਕੀ ਇਸ ਜ਼ਿਲੇ ਦੇ ਯੋਧਿਆਂ ਨੇ ਦੇਸ਼ ਆਜ਼ਾਦੀ ਪਰਾਪਤ ਕਰਨ ਤੇ ਇਸ ਮਗਰੋਂ ਵੀ ਰਜ਼ਵਾੜਾ ਸ਼ਾਹੀ ਦੀ ਸਾਥਣ, ਜਾਗੀਰਦਾਰੀ ਤੇ ਬਿਸਵੇਦਾਰੀ ਦੇ ਖ਼ਾਤਮੇ ਲਈ ਜੋ ਕਸ਼ਟ ਸਹਾਰਨੇ ਪਏ ਇਹ ਸਭ ਇਸ ਛੋਟੇ ਜਿਹੇ ਖਰੜੇ ਵਿਚ ਦਰਜ ਹਨ।

## ਨਾਮਧਾਰੀ ਲਹਿਰ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪਾਕਿਸਤਾਨ ਦੇ ਜ਼ਿਲਾ ਕੈਂਬਲਪੁਰ ਦੇ ਪਿੰਡ ਹਜ਼ਰੋ ਦੇ ਇਕ ਸਾਬਕਾ ਫ਼ੌਜੀ ਬਾਬਾ ਬਾਲਕ ਸਿੰਘ ਦੀ ਪਰੇਰਨਾ ਸਦਕਾ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਦੇ ਜੰਮਪਲ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਨਾਮਧਾਰੀ ਲਹਿਰ ਪੈਦਾ ਹੋਈ। ਜਿਨਾਂ 1857 ਦੇ ਗਦਰ ਤੋਂ ਇਕ ਮਹੀਨਾ ਪਹਿਲਾਂ ਸੰਤ ਖ਼ਾਲਸਾ ਨਾਂ ਦੀ ਜਥੇਬੰਦੀ ਸਥਾਪਿਤ ਕਰ ਕੇ ਪੰਜ ਪਿਆਰੇ ਕਾਇਮ ਕੀਤੇ। ਇਨਾਂ 1863 ਦੇ ਮੁਢ ਵਿਚ ਸੰਤ ਖ਼ਾਲਸੇ ਵਿਚ ਜੰਗੀ ਭਾਵਨਾ ਪੈਦਾ ਕੀਤੀ ਅਤੇ ਕੁਰੀਤੀਆਂ ਵਿਰੁਧ ਸਮਾਜ ਸੁਧਾਰ ਦੀ ਮੁਹਿੰਮ ਚਲਾਈ। ਪਛਮੀ ਸਭਿਅਤਾ ਦਾ ਬਾਈਕਾਟ ਕਰ ਕੇ ਨਾਂ-ਮਿਲਵਰਤਣ ਲਹਿਰ ਆਰੰਭ ਕੀਤੀ। ਹਰ ਪਰਕਾਰ ਦੇ ਅੰਗਰੇਜ਼ੀ ਪਰਬੰਧ ਦਾ ਬਾਈਕਾਟ ਕਰ ਕੇ ਰਿਆਸਤੀ ਰਜਵਾੜਿਆਂ ਅਤੇ ਜਾਗੀਰਦਾਰਾਂ ਵਿਰੁਧ ਲਹਿਰ ਸ਼ੁਰੂ ਕੀਤੀ। ਇਹ 1867 ਤੋਂ 1870 ਤਕ ਪਿੰਡਾਂ ਵਿਚ ਪੈਦਲ ਜਥੇ ਲੈ ਕੇ ਫਿਰਦੇ ਰਹੇ।

ਪਹਿਲੀ ਘਟਨਾ ਜੁਲਾਈ 1871 ਵਿਚ ਰਾਏਕੋਟ ਵਿਖੇ ਵਾਪਰੀ ਜਿਥੇ ਅਜੋਕੇ ਜ਼ਿਲਾ ਬਠਿੰਡਾ ਤਹਿਸੀਲ ਫੂਲ ਦੇ ਪਿੰਡ ਪਿਥੋ ਦੇ ਤਿੰਨ ਨਾਮਧਾਰੀ ਗੁਰਮੁਖ ਸਿੰਘ, ਮੰਗਲ ਸਿੰਘ ਤੇ ਮਸਤਾਨ ਸਿੰਘ ਨੇ ਹਿੰਦੂ ਸਿਖਾਂ ਦੀਆਂ ਭਾਵਨਾਵਾਂ ਭੜਕਾਉਣ ਵਾਲਿਆਂ ਦਾ ਸਫ਼ਾਇਆ ਕਰ ਦਿਤਾ। ਜਿਨਾਂ ਨੂੰ ਗਰਿਫਤਾਰ ਕਰ ਕੇ 5 ਅਗਸਤ, 1871 ਨੂੰ ਉਥੇ ਹੀ ਫਾਂਸੀ ਲਟਕਾ ਦਿਤਾ ਅਤੇ ਬਾਕੀ ਦਿਆਂ ਨੂੰ 23 ਨਵੰਬਰ, 1871 ਨੂੰ ਲੁਧਿਆਣੇ ਜੇਲ ਦੇ ਪਿਪਲ ਤੇ ਫਾਂਸੀ ਲਟਕਾਇਆ।

ਇਸ ਤੋਂ ਬਾਅਦ ਨਾਮਧਾਰੀਆਂ ਨੇ 13 ਜਨਵਰੀ, 1872 ਨੂੰ ਭੈਣੀ ਸਾਹਿਬ ਵਿਖੇ ਇਕ ਸਮਾਗਮ ਕਰ ਕੇ ਕੂਕਿਆਂ ਦਾ ਇਕ ਸ਼ਹੀਦੀ ਜਥਾ ਤਿਆਰ ਕਰ ਕੇ ਮਲੇਰਕੋਟਲੇ ਦੇ ਬੁਚੜਾਂ ਤੇ ਮਲੌਦ ਦੇ ਰਾਜੇ ਦਾ ਸਫਾਇਆ ਕਰ ਕੇ ਹਥਿਆਰ ਪਰਾਪਤ ਕਰਨ ਲਈ ਜਥੇਬੰਦਕ ਹਮਲਾ ਕੀਤਾ ਅਤੇ ਬੜੀ ਬਹਾਦਰੀ ਨਾਲ ਲੜੇ। ਪਰ 18 ਜਨਵਰੀ, 1872 ਨੂੰ 49 ਕੂਕਿਆਂ ਨੂੰ ਗਰਿਫਤਾਰ ਕਰ ਕੇ ਤੋਪਾਂ ਮੂਹਰੇ ਉਡਾ ਦਿਤਾ। ਜਿਨਾਂ ਵਿਚ ਬਠਿੰਡੇ ਜ਼ਿਲੇ ਦੇ ਸ਼ਹੀਦ ਹੋਣ ਵਾਲੇ ਜੋਧੇ ਇਸ ਪ੍ਰਕਾਰ ਹਨ :

ਪਰਸਾ ਸਿੰਘ ਗੁਰੂਸਰ, ਨਰਾਇਣ ਸਿੰਘ, ਰਾਮ ਸਿੰਘ ਤੇ ਕੇਸਰ ਸਿੰਘ ਗਿਲ (ਤਹਿਸੀਲ ਫੂਲ) ਸ਼ਾਮ ਸਿੰਘ, ਜਵਾਹਰ ਸਿੰਘ, ਸਦਾ ਸਿੰਘ ਜੋਗਾ (ਤਹਿਸੀਲ ਮਾਨਸਾ) ਹਰਨਾਮ ਸਿੰਘ ਭੁਲਰ ਮੰਡੀ ਕਲਾਂ, ਵਰਿਆਮ ਸਿੰਘ, ਧਰਮ ਸਿੰਘ, ਜੋਧਾ ਸਿੰਘ, ਅੰਤਰ ਸਿੰਘ, ਸਦਾ ਸਿੰਘ ਮਹਿਰਾਜ, ਮਹਾਂ ਸਿੰਘ, ਵੀਰ ਸਿੰਘ, ਹਜ਼ਾਰਾ ਸਿੰਘ ਚਾਉਕੇ, ਪਰੇਮ ਸਿੰਘ ਮਜਬੀ ਸਿਖ, ਧੀਰਕੋਟ, ਜੀਵਨ ਸਿੰਘ ਟਾਂਕ ਛਤਰੀ ਬੇਲੋ (ਤਹਿਸੀਲ ਫੂਲ) ਅਤੇ ਨਰਾਇਣ ਸਿੰਘ ਅਗਰਵਾਲ ਭੀਖੀ (ਤਹਿਸੀਲ

---

2. ਪੰਜਾਬ ਹਿਸਟਰੀ ਕਾਨਫਰੰਸ 20ਵਾਂ ਸਮਾਗਮ, ਪਨਾ 238.

ਮਾਨਸਾ) ਇਸ ਤੋਂ ਇਲਾਵਾ ਕਾਲੇ ਪਾਣੀ ਜਾਣ ਵਾਲੇ ਤੇ ਸਜ਼ਾਵਾਂ ਕਟਣ ਵਾਲੇ ਵਖਰੇ ਹਨ।

ਵੀਹਵੀਂ ਸਦੀ ਦੇ ਆਰੰਭ ਵਿਚ ਬਹੁਤ ਸਾਰੇ ਭਾਰਤੀ ਜਿਨਾਂ ਵਿਚ ਵਧੇਰੇ ਗਿਣਤੀ ਪੰਜਾਬੀਆਂ ਦੀ ਸੀ, ਆਪਣੀਆਂ ਜਾਇਦਾਦਾਂ ਵੇਚ ਕੇ ਰੋਜ਼ਗਾਰ ਦੀ ਖਾਤਰ ਜਾਪਾਨੀ ਕੰਪਨੀ ਦਾ ਕਾਮਾਗਾਟਾ ਮਾਰੂ ਜ਼ਹਾਜ਼ ਕਿਰਾਏ ਤੇ ਲੈ ਕੇ ਕੇਨੈਡਾ ਦੇ ਸ਼ਹਿਰ ਵੈਨਕੂਵਰ ਪਹੁੰਚੇ ਤਾਂ ਉਸ ਵਿਚ 376 ਮੁਸਾਫਰ ਸਨ। ਕਨੇਡੀਅਨ ਸਰਕਾਰ ਨੇ ਇਨਾਂ ਨੂੰ ਉਤਰਨ ਦੀ ਆਗਿਆ ਨਾ ਦਿਤੀ। ਇਹ ਜ਼ਹਾਜ਼ 23 ਜੁਲਾਈ, 1914 ਨੂੰ ਕਲਕਤੇ ਨੇੜੇ ਬਜਬਜ ਘਾਟ ਪੁਜਾ ਤਾਂ ਅੰਗਰੇਜ਼ ਨੇ ਇਸ ਨੂੰ ਉਤਰਨ ਤੋਂ ਰੋਕਨ ਲਈ ਅੰਨੇਵਾਹ ਫਾਇਰਿੰਗ ਕਰ ਦਿਤੀ। ਚਾਰ ਮੁਸਾਫਰਾਂ ਦੇ ਮੌਕੇ ਤੇ ਸ਼ਹੀਦ ਹੋ ਜਾਣ ਉਪਰੰਤ ਕਈਆਂ ਨੂੰ ਗਰਿਫਤਾਰ ਕਰ ਕੇ ਉਮਰ ਕੈਦ ਦੀਆਂ ਸਜ਼ਾਵਾਂ ਅਤੇ ਕਈਆਂ ਨੂੰ ਕਾਲੇ ਪਾਣੀ ਤੇ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ ਗਿਆ। ਇਨਾਂ ਵਿਚ ਬਠਿੰਡੇ ਜ਼ਿਲੇ ਦੇ ਯੋਧਿਆਂ ਦੀ ਸੂਚੀ ਇਸ ਪਰਕਾਰ ਹੈ :—

ਸ਼ਹੀਦ :—ਭਾਈ ਬਚਨ ਸਿੰਘ[4] ਦਲੇਲ ਸਿੰਘ ਵਾਲਾ (ਤਹਿਸੀਲ ਮਾਨਸਾ) ਕੇਹਰ ਸਿੰਘ ਖੇਮੂਆਣਾ (ਤਹਿਸੀਲ ਬਠਿੰਡਾ), ਨਰਾਇਣ ਸਿੰਘ ਬੇਲੋ (ਤਹਿਸੀਲ ਫੂਲ) ਲਾਪਤਾ ਜਾਂ ਸ਼ਹੀਦ : ਅਰਜਣ ਸਿੰਘ ਖਿਆਲਾ (ਤਹਿਸੀਲ ਮਾਨਸਾ), ਰਾਮ ਸਿੰਘ ਅਬਲੂ (ਤਹਿਸੀਲ ਬਠਿੰਡਾ), ਨਰਾਇਣ ਸਿੰਘ ਕਰਾੜਵਾਲਾ (ਤਹਿਸੀਲ ਫੂਲ) ਸਜਾਵਾਂ ਕੱਟਣ ਵਾਲੇ :—ਵਜੀਰ ਸਿੰਘ ਰੱਲਾ (ਤਹਿਸੀਲ ਮਾਨਸਾ), ਹਰਦਿਤ ਸਿੰਘ ਢਡੇ ਸੁਰਜਨ ਸਿੰਘ ਬੁਰਜ ਗਿਲ (ਤਹਿਸੀਲ ਫੂਲ), ਮਲ ਸਿੰਘ ਭੈਣੀ ਮਹਿਰਾਜ, ਪੂਰਨ ਸਿੰਘ ਚਰੀਆਪੁਰੇ (ਤਹਿਸੀਲ ਮਾਨਸਾ), ਹਰੀ ਸਿੰਘ ਲਬਾਣਾ (ਤਹਿਸੀਲ ਬਠਿੰਡਾ) ਵਰਿਆਮ ਸਿੰਘ ਅਮਲੀ ਦਰਾਜ (ਤਹਿਸੀਲ ਫੂਲ), ਵਰਿਆਮ ਸਿੰਘ ਅਤੇ ਬਚਨ ਸਿੰਘ ਉਰਫ ਸੁੰਦਰ ਸਿੰਘ ਭੀਖੀ (ਤਹਿਸੀਲ ਮਾਨਸਾ), ਜਥੇਦਾਰ ਨਾਹਰ ਸਿੰਘ ਦਾਨ ਸਿੰਘ ਵਾਲਾ (ਤਹਿਸੀਲ ਬਠਿੰਡਾ)।[5]

## ਅਕਾਲੀ ਲਹਿਰ

ਇਸ ਵਿਚ ਗੁਰੂ ਕਾ ਬਾਗ, ਨਨਕਾਣਾ ਸਾਹਿਬ, ਦਰਬਾਰ ਸਾਹਿਬ ਦੀਆਂ ਘਟਨਾਵਾਂ ਆਦਿ ਸ਼ਾਮਲ ਹਨ। ਜਿਨਾਂ ਵਿਚ ਕੈਦਾਂ ਕਟਣ ਵਾਲੇ ਤੇ ਸਜ਼ਾਵਾਂ ਪਾਉਣ ਵਾਲਿਆਂ ਦੀ ਇਕ ਬਹੁਤ ਲੰਮੀ ਸੂਚੀ ਹੈ। ਪਰ ਮਾਰਕੇ ਦੀ ਗਲ ਇਹ ਹੈ ਕਿ 1918 ਵਿਚ ਗੁਰੂ ਕੇ ਬਾਗ ਮੋਰਚੇ ਵਿਚ ਸ਼ਾਮਲ ਹੋਣ ਵਾਲੇ ਬਠਿੰਡੇ ਜ਼ਿਲੇ ਦੇ ਹੋਰਨਾਂ ਤੋਂ ਇਲਾਵਾ ਵਿਅਕਤੀਆਂ ਵਿਚ ਬਹਿਮਨ ਦੀਵਾਨਾ ਦੇ ਰੂੜ ਸਿੰਘ ਜੁਟੇ ਸ਼ਾਮਲ ਸੀ।

## ਜੈਤੋ ਮੋਰਚੇ

14 ਨਵੰਬਰ, 1923 ਨੂੰ ਗੁਰਦੁਆਰਾ ਗੰਗਸਰ ਜੈਤੋ ਵਿਖੇ ਨਾਭਾ ਰਿਆਸਤ ਦੇ ਰਾਜ ਪਰਬੰਧਕ ਮਿਸਟਰ ਜਾਨਸਟਨ ਵਿਲਸਨ ਨੇ ਪਾਠ ਕਰ ਰਹੇ ਸਿੰਘਾਂ ਉਤੇ ਹਮਲਾ ਕਰ ਦਿਤਾ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਵਲੋਂ ਮੋਰਚਾ ਲਗਾ। ਲਗਾਤਾਰ 4 ਮਹੀਨੇ ਘੋਲ ਚਲਣ ਤੇ ਪੰਜ ਹਜ਼ਾਰ ਸਿੰਘ ਤੇ ਸਿੰਘਣੀਆਂ ਗਰਿਫਤਾਰ ਹੋਏ ਅਤੇ ਅਨੇਕਾਂ ਨੇ ਸ਼ਹੀਦੀਆਂ ਪਾਈਆਂ। ਸ਼ਹੀਦੀਆਂ ਪਰਾਪਤ ਕਰਨ ਵਾਲੇ ਅਤੇ ਜ਼ਲਾਵਤਨ ਹੋਣ ਵਾਲਿਆਂ ਦੀ ਬਠਿੰਡੇ ਜ਼ਿਲੇ ਦੀ ਸੂਚੀ

3. ਪੰਜਾਬ ਹਿਸਟਰੀ ਕਾਨਫਰੰਸ 20ਵਾਂ ਸਮਾਗਮ, ਪੰਨਾ 242.
4. ਗਦਰ ਪਾਰਟੀ ਦਾ ਇਤਿਹਾਸ, ਪੰਨਾ 85.
5. ਗਦਰ ਪਾਰਟੀ ਦਾ ਇਤਿਹਾਸ, ਪੰਨੇ 163-198.

ਸ਼ਹੀਦ : ਆਤਮਾ ਸਿੰਘ ਅਮਰਗੜ (ਤਹਿਸੀਲ [illegible] ਮਹਿਰਾਜ (ਤਹਿਸੀਲ ਫੂਲ), ਜਥੇਦਾਰ ਫੁਮਣ ਸਿੰਘ ਅਕਾਂਵਾਲੀ (ਤਹਿਸੀਲ ਮਾਨਸਾ) ਜ਼ਲਾਵਤਨ : ਵਰਿਆਮ [illegible] ਭਾਈ ਰੂਪਾ, ਬਸੰਤ ਸਿੰਘ ਫੂਲ, ਦੂਲਾ ਸਿੰਘ ਦਿਆਲ ਪੁਰਾ ਭਾਈ ਕਾ, ਸੋਭਾ ਸਿੰਘ ਗੁਰੂਸਰ, ਕਿਸਨ ਸਿੰਘ ਤੇ ਕਰਮ ਸਿੰਘ ਸੇਲਬਰ, ਜ਼ੈਮਲ ਸਿੰਘ ਉਰਫ ਮਾਹਲ ਸਿੰਘ ਗੁਮਟੀ ਕਲਾਂ (ਤਹਿਸੀਲ ਫੂਲ) ।[6]

ਇਸ ਤੋਂ ਇਲਾਵਾ ਭਾਈ ਫੇਰੂ ਮੋਰਚੇ ਵਿਚ ਵੀ ਸੈਂਕੜੇ ਸਿੰਘ ਜਿਨਾਂ ਨੇ ਜਥਿਆਂ ਵਿਚ ਸ਼ਾਮਲ ਹੋ ਕੇ ਕੁਰਬਾਨੀਆਂ ਦਿਤੀਆਂ ਦੀ ਲੰਮੀ ਸੂਚੀ ਵਖਰੀ ਹੈ ।

## ਪੰਜਾਬ ਰਿਆਸਤੀ ਪਰਜਾ ਮੰਡਲ

17 ਜੁਲਾਈ 1928 ਨੂੰ ਮਾਨਸਾ ਮੰਡੀ ਵਿਖੇ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਨੀਂਹ ਰਖੀ ਗਈ ।[7] ਜਿਸ ਦੇ ਪਰਧਾਨ ਠੀਕਰੀਵਾਲਾ ਤੇ ਸੈਕਟਰੀ ਭਗਵਾਨ ਸਿੰਘ ਲੌਗੋਂਵਾਲੀਆ ਥਾਪੇ ਗਏ । ਇਸ ਲਹਿਰ ਨੇ ਇਕ ਪੁਰਖੀ ਰਾਜ ਦੇ ਖ਼ਾਤਮੇ, ਜ਼ਮੂਹਰੀ ਹਕਾਂ ਦੀ ਬਹਾਲੀ, ਲੋਕਾਂ ਦੀ ਆਰਥਿਕ ਖੁਸ਼ਹਾਲੀ ਅਤੇ ਲਿਖਣ ਪੜਨ ਦੀ ਆਜ਼ਾਦੀ ਦੀਆਂ ਮੰਗਾਂ ਲਈ ਜ਼ੋਰਦਾਰ ਲੜਾਈ ਲੜੀ । ਅਗੋਂ ਇਸ ਲਹਿਰ ਨੇ ਸ: ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਤੇ ਰਜਵਾੜਾ ਸ਼ਾਹੀ ਤੇ ਬਿਸਵੇਦਾਰੀ ਦੇ ਖ਼ਾਤਮੇ ਆਦਿ ਲਈ ਡਾਂਗਾਂ ਖਾਧੀਆਂ, ਤਸੀਹੇ ਝਲੇ, ਜੇਲੀਂ ਗਏ, ਜਲਾਵਤਨ ਹੋਣ ਤੋਂ ਇਲਾਵਾ ਜਾਇਦਾਦਾਂ ਤੇ ਪੈਨਸ਼ਨਾਂ ਜ਼ਬਤ ਕਰਾਈਆਂ । ਇਨਾਂ ਵਿਚ ਕੁਝ ਕੁ ਮੁਖੀਆਂ ਦੇ ਨਾਂ ਇਸ ਪਰਕਾਰ ਹਨ :—

ਜਗੀਰ ਸਿੰਘ ਜੋਗਾ (ਤਹਿਸੀਲ ਮਾਨਸਾ) ਸੰਘ ਰਾਮ ਨਾਭਾ, ਧਰਮ ਸਿੰਘ ਫਕਰ (ਤਹਿਸੀਲ ਮਾਨਸਾ), ਜਥੇਦਾਰ ਨਾਹਰ ਸਿੰਘ ਦਾਨ ਸਿੰਘ ਵਾਲਾ ਤਹਿਸੀਲ ਬਠਿੰਡਾ, ਸੋਹਣ ਸਿੰਘ ਟਾਂਡੀਆਂ, ਗਿਆਨੀ ਹਰੀ ਸਿੰਘ ਗੁੜਦੀ, ਦੇਸ ਰਾਜ ਮਾਨਸਾ ਹਰਬੰਸ ਲਾਲ ਗੁਪਤਾ, ਫਕੀਰ ਚੰਦ ਗੁਪਤਾ, ਕੁਲਵੰਤ ਰਾਏ ਗੁਪਤਾ ਬਠਿੰਡਾ, ਰਾਮ ਸਿੰਗਲਾ ਰਾਮਪੁਰਾ ਫੂਲ ਜੋਰਾ ਸਿੰਘ ਰੋੜਕੀ, ਸੋਭਾ ਸਿੰਘ ਖਿਆਲੀ ਚਹਿਲਾਂ, ਜਰਨੈਲ ਸਿੰਘ ਝੋਟਿਆਂ ਵਾਲੀ ਅਤੇ ਭਗਵਾਨ ਕੌਰਤਾਮ ਕੋਨ ਭਾਗ ਸਿੰਘ ਅਤੇ ਬਚਿਤਰ ਸਿੰਘ ਖ਼ਿਆਲਾ ਖੁਰਦ (ਤਹਿਸੀਲ ਮਾਨਸਾ) ।

## ਢੀਂਗਰਾ ਹਟਾਓ ਮੋਰਚਾ[8]

ਇਹ ਮੋਰਚਾ 1930 ਵਿਚ ਜੀਂਦ ਰਿਆਸਤ ਦੇ ਸ਼ਹਿਰ ਸੰਗਰੂਰ ਵਿਖੇ ਰਿਆਸਤ ਦੇ ਡਾਕਟਰ ਬਿਹਾਰੀ ਲਾਲ ਢੀਂਗਰਾ ਮੰਤਰੀ ਵਿਰੁਧ ਲਾਇਆ ਜਿਸ ਵਿਚ ਬੇਸ਼ੁਮਾਰ ਜਥੇ ਗਏ । ਜਿਸ ਲਈ ਜ਼ਿਲਾ ਬਠਿੰਡਾ ਦੇ ਪਿੰਡ ਜੋਗਾ ਦੀ ਕਾਫ਼ੀ ਦੇਣ ਹੈ ।

## ਆਜ਼ਾਦ ਹਿੰਦ ਫੌਜ

ਇਹ ਲਹਿਰ ਮਾਰਚ, 1942 ਵਿਚ ਸਿੰਘਾਪੁਰ ਵਿਖੇ ਆਜ਼ਾਦ ਹਿੰਦ ਫੌਜ ਦੀ ਕਾਇਮੀ ਨਾਲ ਸ਼ੁਰੂ ਹੋਈ ਜਿਸ ਦੀ ਵਾਂਗ ਡੋਰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਹਥ ਸੀ । ਇਸ ਵਿਚ ਸਾਰੇ

---

6. ਸ਼ਮੇਸ਼ਰ ਸਿੰਘ ਅਸ਼ੋਕ, ਅਕਾਲੀ ਲਹਿਰ ਤੇ ਜੈਤੋਂ ਮੋਰਚਾ ਪੰਨੇ 56-66.
7. ਰਮੇਸ਼ ਵਾਲੀਆ, ਪਰਜਾ ਮੰਡਲ ਮੂਵਮੇਂਟ ਇਨ ਈਸਟ ਪੰਜਾਬ ਸਟੇਟਸ, ਪੰਨਾ 55.
8. ਉਕਤ ਪੰਨਾ 87.

ਹਿੰਦੂ, ਸਿਖ, ਮੁਸਲਮਾਨ, ਮਜ਼ਬੀ ਤੇ ਰਾਮਦਾਸੀਏ ਇਕ ਲੰਗਰ ਵਿਚ ਰੋਟੀ ਖਾਂਦੇ ਤੇ ਜ਼ਾਤ ਪਾਤ ਦੇ ਅਤੇ ਮਜ਼ਬ ਦੇ ਸਾਰੇ ਵਹਿਮ ਛਡ ਕੇ ਕੇਵਲ ਭਾਰਤੀ ਬਣ ਕੇ ਔਖਿਆਈਆਂ ਝਲਦੇ ਅੰਗਰੇਜ਼ਾਂ ਨੂੰ ਉਧੇੜ ਕੇ ਦੇਸ਼ ਆਜ਼ਾਦੀ ਲਈ ਮਨੀਪੁੱਰ, ਕੌਰੀਆ ਅਤੇ ਠਿਪਗਾਰਾ ਆਦਿ ਦੀਆਂ ਪਹਾੜੀਆਂ ਵਿਚ ਲੜੇ। ਪਰ ਜਰਮਨ ਦੀ ਹਾਰ ਤੋਂ ਬਾਅਦ ਸਪਲਾਈ ਲਾਈਨ ਕਟ ਜਾਣ ਕਾਰਨ ਹਾਰ ਦਾ ਮੂੰਹ ਵੇਖਣਾ ਪਿਆ।

ਭਾਵੇਂ ਇਸ ਲਹਿਰ ਵਿਚ ਕੁਰਬਾਨੀ ਦੇਣ ਵਾਲਿਆਂ ਵਿਚ ਬਠਿੰਡੇ ਜਿਲੇ ਦੀ ਸੂਚੀ ਬਹੁਤ ਲੰਮੀ ਹੈ ਪਰ ਮੋਹਰੀਆ ਵਿਚ ਲੈਫਟੀਨੈਂਟ ਲਾਲ ਸਿੰਘ ਘੜੈਲੀ (ਤਹਿਸੀਲ ਫੂਲ) ਬਾਬੂ ਸਿੰਘ ਟਾਹਲੀਆਂ, ਮਸਾਟਰ ਲਾਲ ਸਿੰਘ ਮੂਸਾ ਅਤੇ ਲੈਫਟੀਨੈਂਟ ਗੁਰਉਪਦੇਸ਼ ਕੌਰ ਅਕਾਂ ਵਾਲੀ (ਤਹਿਸੀਲ ਮਾਨਸਾ) ਦਾ ਨਾਂਅ ਵਰਨਣ ਯੋਗ ਹੈ।

## ਹਿਦਾਇਤ 88 ਵਿਰੁਧ ਮੋਰਚਾ[9]

ਜਦੋਂ ਮਾਰਚ 1931 ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਪਰਧਾਨ ਸ੍ਰ: ਠੀਕਰੀ ਵਾਲਾ ਨੂੰ ਭਾਰੀ ਜਨਤਕ ਦਬਾਅ ਥਲੇ ਮਹਾਰਾਜਾ ਪਟਿਆਲਾ ਨੇ ਰਿਹਾਅ ਕੀਤਾ ਤਾਂ ਉਸਦੀ ਅਗਵਾਈ ਹੇਠ ਰਜਵਾੜਾ ਸ਼ਾਹੀ ਵਿਰੁਧ ਵਿਸ਼ਾਲ ਲਹਿਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ। ਜਿਸ ਨੂੰ ਰੋਕਣ ਲਈ ਫੂਲਕੀਆਂ ਰਿਆਸਤਾਂ (ਨਾਭਾ, ਜੀਂਦ, ਪਟਿਆਲਾ) ਤੋਂ ਇਲਾਵਾ ਮਾਲੇਰ-ਕੋਟਲਾ ਤੇ ਫ਼ਰੀਦਕੋਟ ਨੇ ਸਾਰੀਆਂ ਰਾਜਸੀ ਪਾਰਟੀਆਂ ਤੇ ਹਿਦਾਇਤ 88 ਲਾਗੂ ਕਰ ਕੇ ਪਾਬੰਦੀ ਲਾਉਣ ਦੀ ਸਾਂਝੀ ਡਿਗਰੀ ਜ਼ਾਰੀ ਕੀਤੀ। ਇਸ ਫੈਸਲੇ ਰਾਹੀਂ ਬਠਿੰਡਾ ਸ਼ਹਿਰ ਵਿਖੇ ਵੀ ਦਫ਼ਾ 88 ਲਾਈ ਗਈ। ਜਿਸ ਨੂੰ ਤੋੜਨ ਲਈ ਰਿਆਸਤੀ ਪਰਜ਼ਾ ਮੰਡਲ ਨੂੰ 10 ਮਾਰਚ 1946 ਦਾ ਦਿਨ ਚੁਣਿਆ। ਉਸ ਦਿਨ ਰੇਲਵੇ ਸਟੇਸ਼ਨ ਤੋਂ 60 ਚੋਣਵੇਂ ਆਗੂਆਂ ਦਾ ਇਕ ਜਥਾ ਜਿਸ ਵਿਚ ਸਰਵ ਸਿਰੀ ਬਿਰਸ਼ਭਾਨ, ਜਾਗੀਰ ਸਿੰਘ ਜੋਗਾ ਹਰਬੰਸ ਲਾਲ ਬਠਿੰਡਾ, ਸੇਠ ਰਾਮ ਨਾਥ ਜੈਤੋਂ, ਦੇਸ ਰਾਜ ਮਾਨਸਾ, ਹਰਚਰਨ ਸਿੰਘ ਸਰਾਓ, ਡਾਕਟਰ ਵਿਦਿਆ ਪ੍ਰਕਾਸ਼, ਕਾਮਰੇਡ ਗੋਰੀ ਸ਼ੰਕਰ, ਕੰਵਰ ਸੈਨ, ਕੁਲਵੰਤ ਰਾਏ ਗੁਪਤਾ, ਉਮਰਾਓ ਸਿੰਘ, ਹੰਸ ਰਾਜ ਅਗਰਵਾਲ ਬਠਿੰਡਾ, ਮਦਨ ਸਿੰਘ ਕਪੂਰ, ਸੰਗਰੂਰ, ਚੰਦ ਸਿੰਘ ਭਦੌੜ (ਜ਼ਿਲਾ ਸੰਗਰੂਰ) ਅਤੇ ਰੂੜ ਸਿੰਘ ਜੁਟ ਉਸਦੀ ਪਤਨੀ ਨਿਹਾਲ ਕੌਰ ਤੇ ਬੀਰੂ ਰਾਮ ਬਹਿਮਣ ਦੀਵਾਨਾ, ਅਜਮੇਰ ਸਿੰਘ ਤਾਮਕੋਟ ਅਤੇ ਗੁਰਨਾਮ ਸਿੰਘ ਗੁਲਾਬਗੜ੍ਹ (ਨਾਈਵਾਲਾ) ਸ਼ਾਮਲ ਸਨ ਤੇ ਕੌਮੀ ਨਾਹਰੇ ਲਾਉਂਦਿਆਂ ਸ਼ਹਿਰ ਵਲ ਨੂੰ ਮਾਰਚ ਕੀਤਾ। ਇਨਾਂ ਤੇ ਅਗੇ ਵਧਣ ਦੀ ਦੇਰ ਸੀ ਕਿ ਸਾਰਿਆਂ ਨੂੰ ਗਰਿਫਤਾਰ ਕਰ ਲਿਆ। ਪਰ ਰਿਆਸਤ ਨੂੰ ਲੋਕਾਂ ਮੂਹਰੇ ਝੁਕਣਾ ਪਿਆ ਤੇ ਦੋ ਘੰਟਿਆਂ ਦੇ ਅੰਦਰ ਅੰਦਰ ਸਾਰਿਆਂ ਨੂੰ ਰਿਹਾਅ ਕਰਨਾ ਪਿਆ।

## ਫਰੀਦਕੋਟ ਮੋਰਚਾ[10]

ਫ਼ਰੀਦਕੋਟ ਰਿਆਸਤ ਵਿਚ ਰਿਆਸਤੀ ਪਰਜਾ ਮੰਡਲ ਜਿਸਦੀ ਕਾਇਮੀ 1938 ਵਿਚ ਹੋਈ ਸੀ ਦੀ ਵਧਦੀ ਹੋਈ ਲਹਿਰ ਅਪ੍ਰੈਲ 1946 ਵਿਚ ਜੋਬਨ ਤੇ ਪੁਜ ਗਈ। ਰਾਜੇ ਦੀ ਸਖ਼ਤੀ ਅਤੇ ਲੋਕਾਂ ਦੇ ਉਭਾਰ ਨੂੰ ਵੇਖ ਪੰਡਿਤ ਨਹਿਰੂ 27 ਮਈ 1946 ਨੂੰ ਫ਼ਰੀਦਕੋਟ ਪੁਜੇ ਅਤੇ ਪਰਜਾ ਮੰਡਲੀਆਂ ਨੇ ਪਹਿਲੀ ਮਾਰਚ 1948 ਨੂੰ ਸੈਕਟਰੀਏਟ ਤੇ ਕਬਜ਼ਾ ਕਰਕੇ ਮੁਤਵਾਜ਼ੀ ਸਰਕਾਰ ਦਾ ਐਲਾਨ ਕਰ ਦਿਤਾ। ਪਰ ਰਾਜੇ ਨੇ ਸਾਰਿਆਂ ਨੂੰ ਗਰਿਫਤਾਰ ਕਰ ਲਿਆ। ਪਰ ਕੇਂਦਰੀ ਗਰਿਹ

9. ਉਕਤ, ਪੰਨਾ 115.

10. ਪਰਜਾ ਮੰਡਲ ਮੂਵਮੈਂਟ ਇਨ ਈਸਟ ਪੰਜਾਬ ਸਟੇਟਸ (ਰਮੇਸ਼ ਵਾਲੀਆ) ਪੰਨਾ 186.

ਮੰਤਰੀ ਸ: ਪਟੇਲ ਦੇ ਹੁਕਮ ਨਾਲ ਸਾਰਿਆਂ ਨੂੰ ਰਿਹਾਅ ਕਰ ਦਿਤਾ ਬਠਿੰਡੇ ਸ਼ਹਿਰ ਨੂੰ ਇਸ ਗਲ ਦਾ ਮਾਨ ਹੈ ਕਿ ਇਸ ਨੇ ਬਠਿੰਡਾ, ਰਾਮਪੁਰਾ ਫੂਲ ਆਦਿ ਵਿਖੇ ਕੇਂਦਰ ਬਣਾ ਕੇ ਸੈਂਕੜੇ ਸਤਿਆ-ਗਰਿਹੀ ਮੋਰਚੇ ਵਿਚ ਭੇਜੇ । ਜਿਨਾਂ ਵਿਚ ਜਥੇਦਾਰ ਨਾਹਰ ਸਿੰਘ ਦਾਨ ਸਿੰਘ ਵਾਲਾ, ਜਥੇਦਾਰ ਹਾਕਮ ਸਿੰਘ ਬਲਾਹੜ ਨੰਬਰਦਾਰ, ਗੁਰਦਿਆਲ ਸਿੰਘ ਜੰਡਾਂਵਾਲਾ, ਜਗਰ ਸਿੰਘ ਹਰਰਾਏਪੁਰ, ਨੰਦ ਸਿੰਘ ਗੋਨਿਆਣਾ ਖੁਰਦ, ਨਰੈਣ ਸਿੰਘ ਗੋਨਿਆਣਾ ਕਲਾਂ ਅਤੇ ਮਹਾਸ਼ਾ ਦੁਰਗਾ ਦਾਸ ਗੋਨਿਆਣਾ ਮੰਡੀ (ਤਹਿਸੀਲ ਬਠਿੰਡਾ) ਆਦਿ ਦੇ ਨਾਂਅ ਵਰਨਣ ਯੋਗ ਹਨ ।

# ਪੈਪਸੂ ਰਾਜ ਸਮੇਂ ਰਾਸ਼ਟਰਪਤੀ ਰਾਜ ਦੀਆਂ ਪਰਾਪਤੀਆਂ

ਅਮਰਜੀਤ ਕੌਰ*

ਸੁਯੋਗ ਲੇਖਕਾ ਦਾ ਲੇਖ, ਸ਼ੈਲੀ ਅਤੇ ਇਤਿਹਾਸਕ ਤਥਾਂ ਦੀ ਇਕਸਾਰਤਾ ਨਾ ਹੋਣ ਕਰਕੇ, ਸਮੁਚੇ ਰੂਪ ਵਿਚ ਛਾਪਣਾ ਅਸੰਭਵ ਸੀ। ਇਸ ਲਈ ਇਸ ਦਾ ਸੰਖੇਪ ਸਾਰ ਦਿਤਾ ਜਾ ਰਿਹਾ ਹੈ। ਲੇਖਕਾ ਨੇ ਐਸੇ ਸਮੇਂ ਵਿਚ ਰਾਸ਼ਟਰਪਤੀ ਰਾਜ ਦੀ ਥੋਪਣਾ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਸਮੇਂ ਕਿ ਪੈਪਸੂ ਦੀ ਆਮ ਜਨਤਾ ਵਿਚ ਇਸ ਰਾਜ਼ ਦੇ ਖਿਲਾਫ਼ ਭਾਰੀ ਰੋਸ ਸੀ। 1947 ਤੋਂ ਪਿਛੋਂ ਆਜ਼ਾਦ ਭਾਰਤ ਵਿਚ ਪਹਿਲੀ ਵਾਰ ਸਿਰਫ ਪੈਪਸੂ ਵਿਚ ਹੀ ਇਕ ਘਟ ਗਿਣਤੀ ਫਿਰਕੇ ਦੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਸੀ। ਜਿਥੇ ਇਹ ਰਾਸ਼ਟਰਪਤੀ ਰਾਜ ਭਾਰਤੀ ਲੋਕਤੰਤਰ ਦੇ ਖਿਲਾਫ ਸੀ ਉਥੇ ਇਹ ਘਟ ਗਿਣਤੀ ਫਿਰਕੇ ਦੇ ਖਿਲਾਫ ਇਕ ਰਾਜਨੀਤਕ ਧਕਾ ਵੀ ਸੀ। ਸੁਯੋਗ ਲੇਖਕਾ ਨੇ ਸਰਕਾਰੀ ਧਿਰ ਦੇ ਮੈਂਬਰਾਂ ਦੇ ਬਿਆਨ ਦੇ ਕੇ ਹੀ ਇਸ ਨੂੰ ਸਲਾਹੁਣ ਦੀ ਕੋਸ਼ਿਸ਼ ਕੀਤੀ ਹੈ ਅਤੇ ਦਸਿਆ ਹੈ ਕਿ ਇਸ ਰਾਜ ਦੌਰਾਨ ਸਮੁਚੇ ਪੈਪਸੂ ਵਿਚ ਸਰਬਪਖੀ ਤਰਕੀ ਹੋਈ ਸੀ।

ਸ. ਸ.

*ਐਮ. ਫਿਲ: ਵਿਦਿਆਰਥੀ, ਹਿਸਟਰੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪਪਸੂ ਵਿਚ ਬਿਜਲੀ ਦਾ ਵਿਕਾਸ

ਸੀਮਾਂ ਰਾਣੀ*

ਇਸ ਲੇਖ ਵਿਚ ਪੈਪਸੂ ਵਿਚ ਸਮੇਂ ਸਮੇਂ ਤੇ ਬਿਜਲੀ ਦੇ ਹੋਏ ਵਿਕਾਸ ਬਾਰੇ ਦਸਿਆ ਗਿਆ ਹੈ ਅਤੇ ਦਸਿਆ ਹੈ ਕਿ ਪੈਪਸੂ ਬਣਨ ਤੋਂ ਪਹਿਲਾਂ ਬਿਜਲੀ ਦੀ ਹਾਲਤ ਬਹੁਤ ਹੀ ਨੀਵੇਂ ਦਰਜੇ ਦੀ ਸੀ।

ਸ. ਸ.

ਰਿਆਸਤਾਂ ਦੇ ਪੈਪਸੂ ਵਿਚ ਸ਼ਾਮਲ ਹੋ ਜਾਣ ਤੋਂ ਪਹਿਲਾਂ ਬਿਜਲੀ ਦੀ ਵਰਤੋਂ ਵਿਲਾਸਤਾ ਦਾ ਸਾਧਨ ਸਮਝੀ ਜਾਂਦੀ ਸੀ। ਉਹ ਸਮਾਂ ਮਿਟੀ ਦੇ ਤੇਲ ਨਾਲ ਜਲਣ ਵਾਲੇ ਦੀਵਿਆਂ ਦਾ ਸੀ। ਜ਼ਿਆਦਾ ਤੋਂ ਜ਼ਿਆਦਾ ਕਿਸੇ ਵਡੇ ਸਮਾਰੋਹ ਵਿਚ ਪੈਟਰੋਮੈਕਸ ਵਿਖਾਈ ਦੇ ਜਾਂਦੇ ਸਨ। ਰਿਆਸਤਾਂ ਦਾ ਸੰਘ ਬਣਨ ਤੋਂ ਪਹਿਲਾਂ ਕੇਂਦਰੀ ਸ਼ਹਿਰਾਂ ਤੇ ਕੁਝ ਹੋਰ ਮਹਤਵਪੂਰਨ ਸ਼ਹਿਰਾਂ ਵਿਚ ਹੀ ਬਿਜਲੀ ਦੀ ਸੁਵਿਧਾ ਉਪਲਬਧ ਸੀ। ਉਹ ਸਿਰਫ 13 ਸ਼ਹਿਰ ਸਨ ਜਿਨਾਂ ਵਿਚ ਬਿਜਲੀ ਦੀ ਸੁਵਿਧਾ ਸੀ। ਬਹੁਤ ਸਾਰੇ ਬਿਜਲੀ ਘਰ ਮੁਖ ਰੂਪ ਵਿਚ ਰਾਜ ਦੇ ਹਾਕਮ ਦੇ ਮਹਲ ਤੇ ਹੋਰ ਮਹਤਵਪੂਰਨ ਇਮਾਰਤਾਂ ਦੀਆ ਜ਼ਰੂਰਤਾਂ ਨੂੰ ਸਾਹਮਣੇ ਰਖ ਕੇ ਬਣਾਏ ਗਏ।[1] ਪੈਪਸੂ ਦੇ ਬਣ ਜਾਣ ਨਾਲ ਕਪੂਰਥਲਾ, ਫਗਵਾੜਾ ਤੇ ਹਮੀਰਾ ਜੋ ਕਿ ਪੰਜਾਬ ਦੇ ਘੇਰੇ ਵਿਚ ਹੀ ਸਨ ਮੰਡੀ ਹਾਇਡਰੋ ਬਿਜਲੀ ਸਕੀਮ ਦੇ ਤਹਤ 500 ਕੇ.ਵੀ., ਤੇ 200 ਕੇ.ਵੀ. ਤਰਤੀਬਵਾਰ ਹਾਸਿਲ ਕਰ ਰਹੇ ਸਨ।[2] ਉਥੇ ਪਟਿਆਲਾ, ਨਾਭਾ, ਸੰਗਰੂਰ, ਫਰੀਦਕੋਟ ਤੇ ਕੰਢਾਘਾਟ ਦੇ ਪੰਜੇ ਰਾਜਾਂ ਦੀਆਂ ਸਰਕਾਰਾਂ ਨੇ ਆਪਣੇ ਬਰਮਲ ਪਲਾਂਟ ਜਿਨਾਂ ਦੀ ਕੁਲ ਸਮਰਥਾ 2996 ਕਿਲੋਵਾਟ ਸੀ ਲਗਾਏ।[3] ਇਨਾਂ ਤੋਂ ਇਲਾਵਾ ਬਠਿੰਡਾ, ਮਲੇਰਕੋਟਲਾ, ਕਸੌਲੀ, ਫੂਲ ਤੇ ਸੁਲਤਾਨਪੁਰ ਵਿਚ ਬਿਜਲੀ ਸਪਲਾਈ ਕਰਨ ਵਾਲੀਆਂ ਪਰਾਈਵੇਟ ਕੰਪਨੀਆਂ ਵੀ ਸਨ ਜੋ ਯਥਾਰਥਕ ਰੂਪ ਵਿਚ ਛੋਟੇ ਕਾਰੋਬਾਰ ਜਾਂ ਘਰੇਲੂ ਜ਼ਰੂਰਤਾਂ ਨੂੰ ਹੀ ਪੂਰਾ ਕਰਨ ਦਾ ਪਰਬੰਧ ਕਰਦੀਆਂ ਸਨ। ਇਨਾਂ ਸਾਰੇ ਸਟੇਸ਼ਨਾਂ ਦੀ ਬਿਜਲੀ ਦੀ ਮਾਤਰਾ ਕੁਲ 668 ਕਿਲੋਵਾਟ ਸੀ।[4] ਗਿਆਰਾਂ ਸਟੇਸ਼ਨਾਂ ਦਾ ਕੁਲ ਬਿਜਲੀ ਉਤਪਾਦਨ 5816 ਕਿਲੋਵਾਟ ਦੇ ਸੰਚਾਰ ਵਿਚ 50% ਘਾਟਾ ਸੀ।[5] ਕਪੂਰਥਲਾ,

---

*77, ਗਰੀਨ ਪਾਰਕ ਕਾਲੋਨੀ, ਸਰਹਿੰਦ ਰੋਡ, ਪਟਿਆਲਾ।

1. ਦੀ ਟ੍ਰਿਬਿਊਨ, 20 ਅਗਸਤ, 1954, ਰਾਜ ਦੀ ਪੰਜ ਸਾਲਾ ਯੋਜ਼ਨਾ ਦੀ ਉਨਤੀ ਤੇ ਰਿਪੋਰਟ 1954-55, ਪੰ. 54.
2. ਦੀ ਟ੍ਰਿਬਿਊਨ, 15 ਅਗਸਤ, 1956; ਏ. ਸੀ. ਮਲਹੋਤਰਾ, ਦੀ ਪੈਸਸੂ ਵਿਚ ਬਿਜਲੀ ਦਾ ਵਿਕਾਸ (ਐਨ.ਡੀ Un published M, S., P.S.A.), P—I.
3. ਪਟਿਆਲਾ 2005 ਕਿ. ਵਾ, ਫਰੀਦਕੋਟ 337 ਕਿ. ਵਾ. ਨਾਭਾ 140 ਕਿ. ਵਾ. ਕੰਡਾਘਾਟ 332 ਕਿ. ਵਾ. ਸੰਗਰੂਰ 182 ਕਿ. ਵਾ. ਦੇਖੋ ਏ. ਸੀ. ਮਲਹੋਤਰਾ, ਪੀ 2.
4. ਏ. ਸੀ. ਮਲਹੋਤਰਾ *op. cit.*, ਪੀ.ਪੀ. 2.5. ਸੁਲਤਾਨਪੁਰ 30 ਕਿਲੋਵਾਟ, ਬਠਿੰਡਾ ਕਿ. ਵਾ. ਫੂਲ 51 ਕਿ. ਵਾ. ਮਲੇਰਕੋਟਲਾ 14 ਕਿ. ਵਾ. ਕਸੋਲੀ ਕਿ. ਵਾ. ਦੇਖੋ ਦੀ ਟਿਰਬਿਊਨ, 15 ਅਗਸਤ. 1956.
5. ਪੈਪਸੂ ਸਰਕਾਰ ਪਟਿਆਲਾ।

ਫਗਵਾੜਾ ਤੇ ਹਮੀਰਾ ਵਿਚ ਬਿਜਲੀ ਸਪਲਾਈ ਫਾਇਦੇਮੰਦ ਸੀ ਕਿਉਂਕਿ ਉਨਾਂ ਨੂੰ ਬਹੁਤ ਸਾਰਾ ਪੈਸਾ ਟੈਕਸਾਂ ਤੋਂ ਵਸੂਲ ਹੁੰਦਾ ਸੀ।[6] ਪਟਿਆਲਾ, ਪੈਪਸੂ ਦੀ ਰਾਜਧਾਨੀ ਹੋਣ ਕਾਰਨ ਤਰਕੀ ਲਈ ਵਿਚਾਰਣ ਯੋਗ ਸੀ। ਉਥੇ ਬਿਜਲੀ ਦੀ ਮੰਗ ਘਰਾਂ ਵਿਚ ਵਰਤੋਂ ਦੇ ਨਾਲ ਨਾਲ ਕਾਰਖਾਨਿਆਂ ਲਈ ਵੀ ਬਹੁਤ ਸੀ। ਪਾਵਰ ਹਾਊਸ ਜਿਹੜਾ ਕਿ ਰੇਲਵੇ ਸਟੇਸ਼ਨ ਤੋਂ 2 ਮੀਲ ਦੂਰ ਸੀ ਨੂੰ ਰੇਲਵੇ ਸਟੇਸ਼ਨ ਦੇ ਨੇੜੇ ਤਬਦੀਲ ਕਰ ਦਿਤਾ ਜਿਥੇ ਨਵਾਂ ਪਾਵਰ ਹਾਊਸ ਕੰਪਲੈਕਸ ਬਣਾਇਆ ਤੇ ਹੋਰ 500 ਕਿ. ਵਾ. ਵਾਲੇ ਬਿਜਲੀ ਪੈਦਾ ਕਰਨ ਵਾਲੇ ਸੈਟ ਲਗਾ ਦਿਤੇ। ਪੁਰਾਣੇ ਬਿਜਲੀ ਘਰ ਪਟਿਆਲਾ ਨਾਭਾ ਰੋਡ ਤੋਂ ਦੋ ਹੋਰ Deutz ਡੀਜ਼ਲ ਸੈਟ ਨਵੇਂ ਬਿਜਲੀ ਘਰ ਵਿਚ ਲਿਆਂਦੇ ਗਏ।[7] ਬਿਜ਼ਲੀ ਦਾ ਉਤਪਾਦਨ 1948 ਦੇ ਅੰਤ ਵਿਚ ਸ਼ੁਰੂ ਹੋਇਆ[8] ਤੇ 1949 ਵਿਚ ਥਰਮਲ ਸਟੇਸ਼ਨ ਪਟਿਆਲਾ ਦੀ ਉਤਪਾਦਨ ਸਮਰਥਾ ਵਧਾ ਕੇ 2550 ਕਿ. ਵਾ. ਹੋ ਗਈ ਤੇ ਵਾਧੂ ਬਿਜਲੀ ਦੀ ਮਾਤਰਾ ਦੇਣ ਲਗੀ।[9] ਪਾਵਰ ਹਾਊਸ ਦੇ ਅਹਾਤੇ ਵਿਚ ਹੀ ਇਕ ਬਹੁਤ ਵਧੀਆ ਕਾਰਖਾਨਾ ਲਗਵਾਇਆ ਗਿਆ ਜਿਥੇ ਹਰ ਤਰਾਂ ਦੀ ਮੁਰੰਮਤ ਹੋ ਸਕਦੀ ਸੀ। ਢਲੇ ਹੋਏ ਲੋਹੇ ਦੀ ਫੈਕਟਰੀ ਵੀ ਲਗਾਈ ਗਈ।[10] ਰੇਲਵੇ ਪਟੜੀ ਵੀ ਉਸ ਸਥਾਨ ਤੇ ਕੋਲੇ ਤੇ ਤੇਲ ਦੀ ਢੁਆਈ ਤੇ ਸੰਭਾਲ ਵਾਸਤੇ ਬਣਾਈ।[11] ਘਰੇਲੂ ਤੇ ਉਦਯੋਗਿਕ ਕੰਮਾਂ ਲਈ ਬਹੁਤ ਸਾਰੇ ਨਵੇਂ ਬਿਜਲੀ ਦੇ ਕੁਨੈਕਸ਼ਨ ਵੀ ਦਿਤੇ ਗਏ।

ਪੈਪਸੂ ਦੇ ਬਣਨ ਸਮੇਂ ਬਹੁਤ ਹੀ ਘਟ ਮੀਟਰ ਲਗੇ ਹੋਏ ਸਨ। ਜਿਸ ਦੇ ਨਤੀਜੇ ਵਜੋਂ ਹੋ ਰਹੇ ਕੁਝ ਨੁਕਸਾਨ ਦਾ ਪਤਾ ਨਹੀਂ ਲਗਦਾ ਸੀ। ਪਟਿਆਲਾ ਵਿਚ 27 ਲਖ ਯੂਨਿਟ ਉਤਪਾਦਨ ਵਿਚੋਂ 7 ਲਖ ਯੂਨਿਟ ਹੀ ਜਮਾਂ ਸਨ।[12] ਇਹ ਅਪਰੈਲ, 1949 ਤੋਂ ਬਾਦ ਪਟਿਆਲਾ ਸ਼ਹਿਰ ਦੇ ਬਹੁਤ ਸਾਰੇ ਘਰਾਂ ਤੇ ਹੋਰ ਕਈ ਜਗਾਂ ਤੇ ਮੀਟਰ ਲਗਾਏ ਗਏ।[13] ਪਹਿਲੀ ਵਾਰ ਮੀਟਰਾਂ ਦਾ ਸਟੈਂਡਰਡ ਮੀਟਰਾਂ ਨਾਲ ਟੈਸਟ ਕੀਤਾ ਗਿਆ ਤੇ ਇਹ ਦੇਖਿਆ ਗਿਆ ਕਿ ਪਹਿਲੇ ਮੀਟਰ ਹੌਲੀ ਚਲਦੇ ਸਨ। ਪੰਜਾਬ ਸਰਕਾਰ ਦੀ ਇਕ ਪਰਯੋਗਸ਼ਾਲਾ ਅੰਮਰਿਤਸਰ ਵਿਚ ਵੇਰਕਾ ਦੇ ਸਥਾਨ ਤੇ ਲਗਾਈ ਗਈ ਜਿਥੇ ਸਾਰੇ ਮੀਟਰ ਟੈਸਟ ਹੁੰਦੇ ਸਨ। 20 ਅਗਸਤ, 1948 ਨੂੰ ਪਬਲਿਕ ਵਰਕਸ ਵਿਭਾਗ ਵਿਚ ਨਵੀਂ ਬਿਜਲਈ ਤੇ ਮਸ਼ੀਨੀ ਸ਼ਾਖਾ ਖੋਲੀ ਗਈ। ਅਪਰੈਲ, 1949 ਤੋਂ ਇਸ ਸ਼ਾਖਾ ਨੂੰ ਵਪਾਰਕ ਤੌਰ ਤੇ ਚਲਾਇਆ ਗਿਆ।[14]

ਪਟਿਆਲਾ ਪਾਵਰ ਹਾਊਸ ਦੇ ਬਿਜਲਈ ਵਿੰਗ ਨੇ ਬਿਜਲੀ ਦੇ ਵਾਧੂ ਉਤਪਾਦਨ ਨੂੰ ਪਟਿਆਲਾ ਦੇ ਹੋਰਨਾ ਸਥਾਨਾਂ ਤੇ ਵਰਤਣ ਲਈ ਯੋਗ ਬਣਾਇਆ। ਇਸ ਨੇ ਛੋਟੇ ਲਾਭ ਰਹਿਤ ਬਿਜਲੀ ਘਰ ਨਾਭਾ ਨੂੰ ਬੰਦ ਕਰਨ ਦਾ ਮੌਕਾ ਦਿਤਾ।[15] ਇਹ ਸ਼ਹਿਰ ਪਟਿਆਲਾ ਬਿਜਲੀ ਘਰ

6. ਲੋਕ ਨਿਰਮਾਣ ਵਿਭਾਗ (ਪੈਪਸੂ ਸਰਕਾਰ), 20 ਅਗਸਤ, 1948 ਤੋਂ 31 ਮਾਰਚ, 1950 ਤਕ ਪਰਬੰਧਕੀ ਰਿਪੋਰਟ, ਵੋਲਿਅਮ-1 (ਪਟਿਆਲਾ 1950), ਪੰਨਾ 14.
7. ਉਕਤ : ਪੈਪਸੂ ਸ਼ੁਰੂ ਤੋਂ ਪਟਿਆਲਾ, ਪੰਨਾ 32 ਅਤੇ ਲੋਕ ਨਿਰਮਾਣ ਵਿਭਾਗ ਦੇ ਕੰਮ ਤੇ ਪਰਾਪਤੀਆਂ ਤੇ ਸੰਖੇਪ ਨੋਟ, No. D.C, 7792/5, Date 17 January, 1953, M.S., P.S.A., P—5.
8. ਉਪਰੋਕਤ, ਪੈਪਸੂ, ਦੂਜੀ ਪੰਜ ਸਾਲਾ ਯੋਜਨਾ, 1956-61, ਪਟਿਆਲਾ, 1956, ਪੰ. 258.
9. ਉਕਤ।
10. Pepsu Since inauguration, P. 32.
11. ਸੰਖੇਪ ਨੋਟ ਨੰਬਰ 96/ ਡੀ. ਸੀ. 7792/5, 17 ਜਨਵਰੀ, 1953 ਐਮ. ਐਸ. ਪੀ. ਐਸ. ਏ., ਪੰਨਾ 5.
12. ਪੈਪਸੂ, ਦੂਜੀ ਪੰਜ ਸਾਲਾ ਯੋਜਨਾ 1956-61, ਪੰਨਾ 258, ਦੇਖੋ ਲੋਕ ਨਿਰਮਾਣ ਵਿਭਾਗ, ਪੰਨਾ 17.
13. ਉਕਤ।
14. ਉਕਤ।
15. ਵੇਖੋ ਲੋਕ ਨਿਰਮਾਣ ਵਿਭਾਗ, ਪਿਠਅੰਕਤ, ਪੰਨਾਂ-17, ਹੋਰ ਦੇਖੋ ਪੈਪਸੂ, ਦੂਜੀ ਪੰਜ ਸਾਲਾ ਯੋਜਨਾ, ਪੰਨਾ 258.

ਨਾਲ ਲਗਦਾ ਸੀ। ਜਿਸਨੂੰ ਭਾਖੜਾ ਨੰਗਲ ਪਰੋਜੈਕਟ ਤੋਂ ਪੰਜਾਬ ਬਿਜਲੀ ਸ਼ਾਖਾ ਨੇ ਸਿਧੀ ਟਰਾਂਜੀਸ਼ਨ ਲਾਇਨ ਦੁਆਰਾ ਵਰਤਿਆ।[16] ਨਾਭੇ ਦੀ ਇਹ ਸਪਲਾਈ ਬਹੁਤ ਮਹਿੰਗੀ ਤੇ ਅਸੁਰਖਿਅਤ ਸੀ। ਘਰੇਲੂ ਜ਼ਰੂਰਤ ਲਈ ਬਿਜਲੀ ਦੀ ਦਰ ਵਿਚ 9 ਆਨੇ ਤੋਂ ਘਟਾ ਕੇ 7.5 ਆਨੇ ਪਰ ਯੂਨਿਟ ਕਰ ਦਿਤਾ ਗਿਆ।[17]

ਪੈਪਸੂ ਦੇ ਬਣਨ ਤੋਂ ਪਹਿਲਾਂ ਰਾਜਪੁਰਾ ਵਿਚ ਬਿਜਲੀ ਨਹੀਂ ਸੀ। ਇਸ ਨੂੰ ਵੀ ਨਵੇਂ ਬਿਜਲੀ ਘਰ ਪਟਿਆਲਾ ਨਾਲ ਜੋੜਿਆ ਗਿਆ।[18] 6 ਨਵੇਂ ਵਿਭਾਜੀ ਉਪ ਸਟੇਸ਼ਨ ਖੋਲੇ ਗਏ ਅਤੇ ਬਿਜਲੀ ਬਹਾਦਰਗੜ ਪੁਲਿਸ ਟਰੇਨਿੰਗ ਸਕੂਲ ਨੂੰ ਵੀ ਦਿਤੀ ਗਈ।[19] ਸੰਗਰੂਰ ਤੇ ਫਰੀਦਕੋਟ ਦੇ ਬਿਜਲੀ ਘਰ ਦੇ ਇੰਜਨਾਂ ਹੀ ਹਾਲਤ ਬਹੁਤ ਖਰਾਬ ਸੀ ਤੇ ਦੋਹਾਂ ਸਟੇਸ਼ਨਾਂ ਤੋਂ ਬਿਜਲੀ ਦੀ ਸਪਲਾਈ ਬਹੁਤ ਥੋੜੇ ਘੰਟਿਆਂ ਲਈ ਕੀਤੀ ਜਾਂਦੀ ਸੀ। ਸੰਗਰੂਰ ਦੇ ਥਰਮਲ ਸ਼ਟੇਸ਼ਨ ਦੀ ਪਕੀ ਮੁਸ਼ਕਲ ਸੀ ਜਿਸ ਵਿਚ ਛੋਟੇ ਛੋਟੇ ਸੈਟ ਸ਼ਾਮਲ ਸਨ ਜੋ ਕਿ ਨਾਂ ਤਾਂ ਲਾਭਦਾਇਕ ਸਨ ਤੇ ਨਾਂ ਹੀ ਬਹੁਤੀ ਸਮਰਥਾ ਵਾਲੇ ਸਨ। 100 ਕਿ. ਵਾਟ ਦੇ ਦੋ ਸੈਟ 1950 ਈ. ਵਿਚ ਲਗਾਏ ਗਏ ਜਿਸ ਦੇ ਨਤੀਜੇ ਵਜੋਂ ਸ਼ਹਿਰ ਦੀ ਬਿਜਲੀ ਵਿਚ ਸੁਧਾਰ ਹੋਇਆ।[20] ਬਿਜਲੀ ਦੀ ਸਪਲਾਈ ਦੀ ਦਰ 9 ਆਨੇ ਤੋਂ ਘਟ ਕੇ 7.5 ਆਨੇ ਪਰ ਯੂਨਿਟ ਹੋ ਗਈ।[21] ਛੇਤੀ ਹੀ ਡੀ. ਸੀ. ਸਪਲਾਈ ਸਿਸਟਮ ਬਦਲ ਕੇ ਤਿੰਨ ਫੇਜ਼ ਏ. ਸੀ. ਹੋ ਗਿਆ।[22] ਬਿਜਲੀ ਘਰ ਦੀ 1954 ਵਿਚ ਕਾਇਆ ਕਲਪ ਹੋ ਗਈ ਤੇ ਵਿਭਾਜੀ ਸਿਸਟਮ ਵੀ ਵਧਾ ਦਿਤਾ ਗਿਆ।[23] ਫਰੀਦਕੋਟ ਵਿਚ 7 ਸਟੇਸ਼ਨ ਸਨ ਪਰ ਉਨਾਂ ਵਿਚੋਂ 250 ਕਿ. ਵਾਟ ਦੇ ਦੋ ਸੈਟ ਠੀਕ ਚਲਦੇ ਸਨ।[24] ਸਪਲਾਈ ਬਿਲਕੁਲ ਲਾਭ ਰਹਿਤ ਤੇ ਅਸਮਰਥ ਸੀ। ਜਿਸ ਕਰਕੇ ਇਹ ਬੰਦ ਕਰ ਦਿਤਾ ਗਿਆ ਤੇ ਬਿਜਲੀ ਦੀ ਸਪਲਾਈ ਮੰਡੀ ਹਾਇਡਰੋ ਇਲੈਕਟਿਰਕ ਗਰਿਡ, ਫਿਰੋਜ਼ਪੁਰ ਤੋਂ ਦੇਣੀ ਸ਼ੁਰੂ ਕਰ ਦਿਤੀ।[25] ਸਪਲਾਈ ਠੀਕ ਹੋ ਗਈ ਤੇ ਰੇਟ ਵੀ 9 ਆਨੇ ਤੋਂ ਘਟਾ ਕੇ 5.3 ਆਨੇ ਪਰ ਯੂਨਿਟ ਘਰੇਲੂ ਵਰਤੋਂ ਲਈ ਕਰ ਦਿਤੇ।[26] ਕੰਡਾਘਾਟ ਵਿਚ ਦੋ ਸੈਟ 108 ਕਿ. ਵਾਟ ਦੇ ਤੇ ਇਕ 40 ਕਿ. ਵਾਟ ਦਾ ਸੀ।[27]

ਸੁਲਤਾਨਪੁਰ ਲੋਧੀ ਵਿਚ ਸੁਲਤਾਨਪੁਰ ਇਲੈਕਟਰਿਕ ਕੰਪਨੀ ਦਾ ਇੰਜਨ ਫੇਲ ਹੋ ਗਿਆ। 1953 ਦੇ ਅਖੀਰ ਵਿਚ ਕਪੂਰਥਲਾ ਤੋਂ ਸੁਲਤਾਨਪੁਰ ਤਕ ਵਡੀਆਂ ਲਾਈਨਾਂ

---

16. ਸੰਖੇਪ ਨੋਟ, ਨੰ. 96/ਡੀ.ਐਸ. 7792/ਐਸ. ਜਨਵਰੀ, 1953, ਪੰਨਾ 6.
17. ਉਕਤ ਅਤੇ ਦੀ ਟ੍ਰਿਬਿਊਨ, 3 ਸਤੰਬਰ, 1954.
18. ਪੀ. ਡਬਲਿਯੂ ਸੈਕਟੇਰੀਅਟ-ਮੈਮੋਰਡਮ 1952-53 ਦੀ ਪਰੋਗਰੇਸ।
19. ਉਕਤ।
20. ਪੈਪਸੂ, ਦੂਜੀ ਪੰਜ ਸਾਲਾ ਯੋਜਨਾ, ਪੰਨਾ 258.
21. ਲੋਕ ਨਿਰਮਾਣ ਵਿਭਾਗ ਦੇ ਕੰਮ ਤੇ ਪਰਾਪਤੀਆਂ ਤੇ ਸੰਖੇਪ ਨੋਟ. ਨੰ. 96/ਡੀ. ਸੀ. 7792/ਐਸ. 17 ਜਨਵਰੀ, 1953, ਪੰਨਾ 5.
22. ਉਕਤ।
23. ਦੀ ਟ੍ਰਿਬਿਊਨ, 3 ਸਤੰਬਰ, 1954.
24. ਪੈਪਸੂ, ਦੂਜੀ ਪੰਜ ਸਾਲਾ ਯੋਜਨਾ, ਪੰਨਾ 258.
25. ਲੋਕ ਨਿਰਮਾਣ ਵਿਭਾਗ ਦੇ ਕੰਮਾਂ ਤੇ ਪਰਾਪਤੀਆਂ ਤੇ ਸੰਖੇਪ ਨੋਟ, ਨੰਬਰ 96/ਡੀ. ਸੀ. 7792/ਐਸ., ਜਨਵਰੀ 17, 1953.
26. ਉਕਤ।
27. ਭਾਰਤ ਸਰਕਾਰ, ਪੈਪਸੂ, ਦੂਜੀ ਪੰਜ ਸਾਲਾ ਯੋਜਨਾ, (ਪਟਿਆਲਾ, 1955), ਪੰਨਾ 258.

ਵਿਛਾਈਆਂ ਗਈਆਂ ।[28] ਸਤੰਬਰ, 1954 ਵਿਚ ਸੁਲਤਾਨਪੁਰ ਨੂੰ ਬਿਜਲੀ ਦੇ ਹੋਰ ਸਟੇਸ਼ਨਾਂ ਢਿਲਵਾਂ ਤੇ ਦਿਆਲਪੁਰਾ ਸਟੇਸ਼ਨ ਜਿਹੜੇ ਭਾਖੜਾ ਬਿਜਲੀ ਕਰਨ ਦੇ ਅਧੀਨ ਆਏ, ਤੋਂ ਦਿਤੀ ਗਈ।[29] ਇਸੇ ਸਕੀਮ ਅਧੀਨ ਫਗਵਾੜਾ ਤੋਂ ਹਾਦੀਆਬਾਦ ਵੀ ਲਾਈਨਾਂ ਵਿਛਾਈਆਂ ਗਈਆਂ ।[30]

ਪੈਪਸੂ ਦੇ ਚਾਰ ਹੋਰ ਸ਼ਹਿਰ ਸਨ ਬਠਿੰਡਾ, ਫੂਲ, ਕਸੌਲੀ ਤੇ ਮਲੇਰਕੋਟਲਾ ਜਿਥੇ ਪਰਾਈਵੇਟ ਬਿਜਲੀ ਕੰਪਨੀਆਂ ਕੰਮ ਕਰਦੀਆਂ ਸਨ। ਉਨਾਂ ਦੇ ਲਾਇਸੰਸ 20 ਤੋਂ 25 ਸਾਲਾਂ ਦੇ ਅੰਦਰ ਖਤਮ ਹੋ ਜਾਣੇ ਸੀ।[31] ਇਕਠੇ ਹੋਣ ਤੋਂ ਬਾਦ ਇਨਾਂ ਸਥਾਨਾਂ ਤੇ ਬਿਜਲੀ ਦੀ ਮਾਤਰਾ 3528 ਕਿ. ਵਾਟ ਤੋਂ ਵਧ ਸੀ ਅਤੇ ਬਿਜਲੀ ਤੇ ਮਸ਼ੀਨੀ ਸ਼ਾਖਾ ਪਬਲਿਕ ਵਰਕਸ ਵਿਭਾਗ ਵਲੋਂ ਇਸ ਤੇ ਉਚਿਤ ਵਿਚਾਰ ਨਹੀਂ ਕੀਤਾ ਗਿਆ ਅਤੇ ਜਦ ਕਿ ਭਾਖੜਾ ਨੰਗਲ ਪਰੋਜੈਕਟ ਤੋਂ ਕਰੰਟ ਦੀ ਸਪਲਾਈ ਨਹੀਂ ਸੀ ਹੁੰਦੀ, ਉਨਾਂ ਨੂੰ ਮੁਆਵਜ਼ਾ ਦੇ ਦਿਤਾ। 1951 ਈ. ਨੂੰ ਪੈਪਸੂ ਵਿਚ ਬਿਜਲੀ ਦੀ ਪੂਰੀ ਮਾਤਰਾ ਦਾ ਨਿਰੀਖਣ ਕੀਤਾ ਗਿਆ। ਪੈਪਸੂ ਦੇ ਸਾਰੇ ਵਰਗਾਂ ਦੀ ਬਿਜਲੀ ਮਾਤਰਾ ਦਾ ਕੁਲ ਜੋੜ 47066 ਕਿਲੋਵਾਟ ਸੀ। ਬਹੁਤ ਸਾਰੇ ਫੈਕਟਰੀ ਦੇ ਮਾਲਕਾਂ ਕੋਲ ਆਪਣੇ ਜੈਨਰੇਟਰ ਸੈਟ ਸਨ। ਇਨਾਂ ਕਾਰਖਾਨਿਆਂ ਦੀ ਕੁਲ ਸਮਰਥਾ 14934 ਕਿ. ਵਾਟ ਸੀ। ਸਾਰੇ ਕਾਰਖਾਨਿਆਂ ਦੀ ਬਿਜਲੀ ਦੀ ਮਾਤਰਾ ਤੋਂ ਇਲਾਵਾ ਸਾਰਵਜਨਿਕ ਖਪਤ 30919 ਕਿ. ਵਾਟ ਸੀ ਜੋ ਮਹਤਵਪੂਰਨ ਸੀ ਅਤੇ ਸਾਰੇ ਵਰਗਾਂ ਦੀ ਬਿਜਲੀ ਦੀ ਮਾਤਰਾ ਦਾ 6.6% ਸੀ। ਤਾਂ ਵੀ ਇਹ ਦੇਖਣ ਵਿਚ ਆਇਆ ਸੀ ਕਿ ਬਹੁਤ ਸਾਰੇ ਕਾਰਖਾਨੇ ਆਪਣੇ ਗੈਸ ਤੇ ਤੇਲ ਦੇ ਇੰਜਣਾਂ ਤੇ ਨਿਰਭਰ ਕਰਦੇ ਸਨ ਜਿਨਾਂ ਨੂੰ ਚਲਾਣਾ ਬਹੁਤ ਮਹਿੰਗਾ ਸੀ। ਇਸ ਤੋਂ ਪੈਪਸੂ ਵਿਚ ਉਦਯੋਗ ਦਾ ਵਿਕਾਸ ਸਪਸ਼ਟ ਤੌਰ ਤੇ ਨਜ਼ਰ ਆਇਆ।

ਭਾਖੜਾ ਨੰਗਲ ਸਕੀਮ ਦੇ ਬਣਨ ਨਾਲ ਪੈਪਸੂ ਵਿਚ ਵਧੇਰੇ ਤਰਕੀ ਦੀਆਂ ਯੋਜਨਾਵਾਂ ਬਣਾਈਆਂ ਗਈਆਂ। ਪੈਪਸੂ ਬਿਜਲੀ ਦੀ 22.42% ਮਾਤਰਾ ਦਾ ਹਿਸੇਦਾਰ ਸੀ। 1952-53 ਵਿਚ ਭਾਰਤ ਸਰਕਾਰ ਨੇ ਸੈਂਟਰਲ ਵਾਟਰ ਤੇ ਪਾਵਰ ਕਮਿਸ਼ਨ ਲਗਾਏ ਤੇ ਵਖ ਵਖ ਸ਼ਹਿਰਾਂ ਤੇ ਪਿੰਡਾਂ ਵਿਚ ਕੁਲ ਬਿਜਲੀ ਦੀ ਜ਼ਰੂਰਤ ਦੀ ਕੀਮਤ ਨੂੰ ਅੰਕਿਤ ਕਰਨ ਵਲ ਪਹਿਲਾ ਕਦਮ ਚੁਕਿਆ।[32] ਭਾਰਤ ਸਰਕਾਰ ਨੇ ਸ਼ਹਿਰਾਂ ਵਿਚ ਬਿਜਲੀਕਰਨ ਲਈ 1962 ਵਿਚ 10 ਸਾਲਾ ਉਸਾਰੀ ਪਰੋਗਰਾਮ ਉਲੀਕਿਆ। ਭਾਵੇਂ ਇਹ ਦੇਖਿਆ ਗਿਆ ਕਿ ਬਿਜਲੀ ਦੀ ਉਨਤੀ ਲਈ ਲੋਕਾਂ ਵਿਚ ਏਕਤਾ ਤੇ ਤਾਂਘ ਨਹੀਂ ਸੀ, ਜਿਸ ਨੇ ਰਾਜ ਵਿਚ ਉਦਯੋਗ ਨੂੰ ਭਾਰੀ ਨੁਕਸਾਨ ਪਹੁੰਚਾਇਆ।[33] 1954–55 ਦੇ ਅਰੰਭ ਤੋਂ ਇਹ ਹਾਲਤ ਦੁਹਰਾਈ ਗਈ ਤੇ 10 ਸਾਲਾ ਉਸਾਰੀ ਪਰੋਗਰਾਮ ਦੀ ਪੇਸ਼ਗੀ ਚਲਿਆ ਤਾਂ ਜੋ ਮਾਰਚ, 1957 ਤੋਂ ਪਹਿਲਾਂ ਸਾਰੇ ਪਿੰਡਾਂ ਤੇ ਸ਼ਹਿਰਾਂ ਵਿਚ ਬਿਜਲੀ ਪਹੁੰਚਾਈ ਜਾ ਸਕੇ।[34] ਵਿਸਥਾਰ ਪੂਰਵਕ ਜਾਂਚ ਪੜਤਾਲ ਤੋਂ ਬਾਦ ਇਹ

---

28. ਲੋਕ ਨਿਰਮਾਣ ਵਿਭਾਗ ਦੇ ਕੰਮਾਂ ਤੇ ਪਰਾਪਤੀਆਂ ਤੇ ਸੰਖੇਪ ਨੋਟ ਨੰ. 96/ ਡੀ. ਸੀ. 7792/ਐਸ., 17 ਜਨਵਰੀ, 1953.
29. ਦੀ ਟ੍ਰਿਬਿਊਨ, 12 ਸਤੰਬਰ, 1954.
30. ਉਕਤ।
31. ਪੈਪਸੂ, ਦੂਜੀ ਪੰਜ ਸਾਲਾ ਯੋਜਨਾ, ਪੰਨਾ 257, ਦੀ ਟਾਇਮਜ਼ ਆਫ ਇੰਡੀਆ, 22 ਅਪਰੈਲ, 1956.
32. ਦੀ ਟ੍ਰਿਬਿਊਨ, 15 ਅਗਸਤ 1956, ਪੈਪਸੂ, ਦੂਜੀ ਪੰਜ ਸਾਲਾ ਯੋਜਨਾ 1956-61 (ਪਟਿਆਲਾ, 1956), ਪੰਨਾ 249.
33. ਦੀ ਟ੍ਰਿਬਿਊਨ, 26 ਜਨਵਰੀ, 1956.
34. ਦੀ ਟ੍ਰਿਬਿਊਨ, 15 ਅਗਸਤ, 1956; ਲੋਕ ਨਿਰਮਾਣ ਵਿਭਾਗ ਪੈਪਸੂ ਸਰਕਾਰ ਭਾਖੜਾ ਡੈਮ ਪਰੋਜੈਕਟ ਨੈਗੋਸੀਏਸ਼ਨ ਮੈਮੋਰੰਡਮ—ਚੀਫ ਇੰਜਨੀਅਰਾਂ ਦੀ ਮੀਟਿੰਗ, ਪੰਨਾ 720.

ਪਤਾ ਲਗਾ ਕਿ ਭਾਰਤ ਸਰਕਾਰ ਵਲੋਂ ਤਿਆਰ ਬਿਜਲੀ ਮਾਤਰਾ ਦੀ ਰਿਪੋਰਟ ਪਿੰਡਾਂ ਤੇ ਸ਼ਹਿਰਾਂ ਦੀ ਬਿਜਲੀ ਦੀ ਲੋੜ ਅਨੁਸਾਰ ਠੀਕ ਨਹੀਂ ਸੀ। ਤਦ ਰਾਜ ਦੀ ਬਿਜਲੀ ਦੀ ਮਾਤਰਾ ਦੀ ਦੁਬਾਰਾ ਜਾਂਚ 1955 ਵਿਚ ਹੋਈ ਤੇ ਬਿਜਲੀ ਦੀ ਮਾਤਰਾ ਦਾ ਵਾਧਾ 1955-56 ਵਿਚ 15230 ਤੋਂ ਵਧ ਕੇ 22320 ਹੋ ਗਿਆ। ਇਸੇ ਤਰਾਂ 1956-57 ਵਿਚ ਇਹ ਵਾਧਾ 27645 ਤੋਂ ਵਧ ਕੇ 32259 ਹੋ ਗਿਆ।[35] ਇਕ ਬਹੁਤ ਵਡਾ ਪਰੋਗਰਾਮ ਟਰਾਂਜੀਸ਼ਨਲ ਲਾਈਨਾਂ ਤੇ ਬਿਜਲੀ ਦੇ ਵਿਭਾਜੀ ਸਿਸਟਮ ਦੋਵੇਂ ਵਡੇ ਤੇ ਛੋਟੇ ਕਾਰਖਾਨਿਆਂ ਲਈ ਅਤੇ ਸ਼ਹਿਰਾਂ ਤੇ ਪਿੰਡਾਂ ਵਿਚ ਬਿਜਲੀ ਦੀ ਸਪਲਾਈ ਦੇ ਬਣਾਏ।

1956-57 ਵਿਚ ਪੈਪਸੂ ਨੂੰ 9408 ਕਿਲੋਵਾਂਟ ਬਿਜਲੀ ਦੀ ਮਾਤਰਾ ਭਾਖੜਾ ਨੰਗਲ ਸਕੀਮ ਦੌਰਾਨ ਦਿਤੀ ਗਈ ਜੋ ਕਿ ਪੈਪਸੂ ਤੇ ਪੰਜਾਬ ਦੀ ਏਕਤਾ ਤੋਂ ਪਹਿਲਾਂ ਵਰਤੋਂ ਵਿਚ ਲਿਆਈ ਜਾਂਦੀ ਸੀ।[36] ਤਦ ਵੀ ਬਹੁਤ ਸਾਰੇ ਖਪਤਕਾਰਾਂ ਦੇ ਨਾਂ ਇੰਤਜ਼ਾਰ ਸੂਚੀ ਵਿਚ ਸ਼ਾਮਿਲ ਸਨ। ਇਹ ਵੀ ਯੋਜਨਾ ਸੀ ਕਿ ਪਟਿਆਲਾ ਥਰਮਲ ਪਲਾਂਟ ਵਿਚੋਂ ਬਿਜਲੀ ਦੀ ਵਰਤੋਂ ਕੀਤੀ ਜਾਵੇ।[37] ਇਸ ਸਮੇਂ ਦੌਰਾਨ 290 ਟਿਊਬਵੈਲਾਂ ਨੂੰ ਬਿਜਲੀ ਪਰਦਾਨ ਕੀਤੀ ਗਈ ਸੀ। 11 ਕਿ. ਵਾਟ ਦੀਆਂ ਹਾਈ ਟੈਨਸ਼ਨ ਲਾਈਨਾਂ 800 ਮੀਲ ਤਕ ਵਧਾ ਕੇ ਪੂਰੀਆਂ ਕਰ ਦਿਤੀਆਂ ਸਨ ਜਦ ਕਿ ਬਾਕੀ ਲਾਈਨਾਂ 200 ਮੀਲ ਤਕ ਉਸਾਰੀਆਂ ਗਈਆਂ। 1.20 ਕਰੋੜ ਰੁਪਏ ਇਸ ਨਿਸ਼ਾਨੇ ਨੂੰ ਪਰਾਪਤ ਕਰਨ ਵਿਚ ਲਗਾਏ ਗਏ।[38]

ਰੰਗੂਵਾਲ ਬਿਜਲੀਘਰ 2 ਜਨਵਰੀ 1955 ਨੂੰ ਚਲਾਇਆ ਗਿਆ। ਪਟਿਆਲਾ ਨਾਭਾ ਤੇ ਰਾਜਪੁਰਾ ਵਾਇਆ ਖੂਲਕੋਟ ਰਾਹੀਂ ਇਸ ਤੋਂ 1000 ਕਿ.ਵਾਟ ਤੋਂ ਵੀ ਵਧ ਬਿਜਲੀ ਪਰਾਪਤ ਕਰਦੇ ਰਹੇ ਜਦ ਕਿ ਕੁਲ ਜ਼ਰੂਰਤ 2000 ਕਿ. ਵਾਟ ਸੀ।[39]

ਭਾਰਤ ਸਰਕਾਰ ਦੀ ਯੋਜਨਾ ਕਮਿਸ਼ਨ ਦੀ ਬਿਜਲੀ ਸਹੂਲਤ ਵਧਾਉਣ ਅਤੇ ਨੌਕਰੀ ਦੇ ਅਵਸਰ ਦੇਣ ਦੀ ਸਕੀਮ ਉਤੇ ਪੈਪਸੂ ਸਰਕਾਰ ਨੇ ਇਕ ਕਮੇਟੀ ਸਾਰੇ ਰਾਜ ਦੀ ਬਿਜਲੀ ਦੀ ਜ਼ਰੂਰਤ ਦਾ ਨਿਰੀਖਣ ਕਰਨ ਲਈ ਲਗਾ ਦਿਤੀ।[40]

ਪਹਿਲੀ ਪੰਜ ਸਾਲਾ ਯੋਜਨਾ ਦੇ ਬਣਨ ਸਮੇਂ 306 ਲਖ ਰੁਪਏ ਦੀ ਸਕੀਮ ਪੈਪਸੂ ਵਿਚ ਬਿਜਲੀ ਦੇ ਵਾਧੇ ਲਈ ਬਣਾਈ ਗਈ। ਇਨ੍ਹਾਂ ਵਿਚ 4.52 ਲਖ ਰੁਪਏ 1951-52 ਵਿਚ ਖਰਚ ਕੀਤੇ ਗਏ। ਮਾਲ ਦੀ ਪਰਾਪਤੀ ਤੇ ਫੰਡ ਦੀ ਕਮੀ ਦੀ ਮੁਸ਼ਕਲ ਕਾਰਨ 1952-58 ਦੌਰਾਨ ਕੋਈ ਤਰਕੀ ਨਹੀਂ ਹੋਈ। 1955-56 ਦੌਰਾਨ ਪਾਵਰ ਸਪਲਾਈ ਸਿਸਟਮ ਨੂੰ ਵਧਾਉਣ ਲਈ ਬਜ਼ਟ ਵਿਚੋਂ 25.80 ਲਖ ਰੁਪਏ ਦੀ ਮਨਜ਼ੂਰੀ ਹੋ ਗਈ।[41]

---

35. ਦੀ ਟ੍ਰਿਬਿਊਨ, 15 ਅਗਸਤ, 1956.
36. ਪਪਸੂ, ਦੂਜੀ ਪੰਜ ਸਾਲਾ ਯੋਜਨਾ, ਪੰਨਾ 259; ਭਾਰਤ ਸਰਕਾਰ, ਭਾਖੜਾ ਨੰਗਲ ਤੇ ਚੰਡੀਗੜ ਨਵੀਂ ਦਿਲੀ, 1959, ਪੰਨਾ 7.
37. ਐਮ. ਐਲ. ਬਤਰਾ, ਪੈਪਸੂ ਵਿਚ ਬਿਜਲੀਕਰਣ MSS 1956; ਹੋਰ ਦੇਖੋ ਪੰਜ ਸਾਲਾ ਯੋਜਨਾਂ ਦੀ ਉਤਪਤੀ ਦੀ ਰਿਪੋਰਟ, ਪੰਨਾ 55.
38. ਦੀ ਟ੍ਰਿਬਿਊਨ, 15 ਅਗਸਤ, 1956; ਚਿਠੀ ਨੰ. 279/ਸੀ. ਬੀ.—3, 26 ਜੁਲਾਈ 1951, ਦੀ ਸੈਕਟਰੀ ਭਾਖੜਾ ਕੰਟਰੋਲ ਬੋਰਡ ਦੀ ਚੀਫ ਸੈਕਟਰੀ ਪੈਪਸੂ ਨੂੰ-ਭਾਖੜਾ ਡੈਮ ਪਰੋਜੈਕਟ, ਪੰਨਾ 54.
39. ਏ. ਸੀ. ਮਲਹੋਤਰਾ, ਪੰਨਾ 4, ਪੈਪਸੂ ਸਰਕਾਰ ਦਾ ਮਤਾ—ਭਾਖੜਾ ਡੈਮ ਪਰੋਜੈਕਟ ਨੇਗੋਸੀਏਸ਼ਨ, ਪੰਨਾ 103.
40. ਦੀ ਟ੍ਰਿਬਿਊਨ, 27 ਅਗਸਤ, 1954 ਤੇ 20 ਅਗਸਤ, 1954.
41. ਰਾਜ ਦੀ ਪੰਜ ਸਾਲਾ ਯੋਜਨਾ 1954-55 ਦੀ ਪਰੋਗਰੈਸ ਰਿਪੋਰਟ (ਪਟਿਆਲਾ 195:), ਪੰਨੇ 44-55.

ਇਸ ਤੋਂ ਇਲਾਵਾ ਭਾਖੜਾ ਨੰਗਲ ਪਰੋਜੈਕਟ ਅਧੀਨ 3.20 ਕਰੋੜ ਰੁਪਏ 1000 ਮੀਲ ਟਰਾਂਜੀਸ਼ਨਲ ਤੇ ਵਿਭਾਜੀ ਲਾਈਨਾਂ ਦੀ ਉਸਾਰੀ ਲਈ ਖਰਚੇ ਗਏ। 10 ਮਾਰਚ, 1954 ਤਕ ਕੇਵਲ 10.10 ਲਖ ਰੁਪਏ ਖਰਚੇ ਗਏ ਜਿਸ ਦਾ ਭਾਵ ਸੀ ਕਿ ਇਸ ਸਮੇਂ ਤਕ ਕੋਈ ਵੀ ਕੰਮ ਨਹੀਂ ਹੋਇਆ ਸੀ। ਤੇਜੀ ਨਾਲ ਉਨਤੀ ਦੇ ਹੁਕਮ ਅਨੁਸਾਰ ਸਾਰੀ ਯੋਜਨਾ ਦੁਹਰਾਈ ਗਈ ਤੇ ਇਹ ਨਿਸ਼ਚਾ ਕੀਤਾ ਗਿਆ ਕਿ ਪੈਪਸੂ ਦੇ 75 ਸ਼ਹਿਰਾਂ ਵਿਚ ਬਿਜਲੀਕਰਨ 1956-57 ਵਿਚ ਮੁਕੰਮਲ ਕੀਤਾ ਜਾਵੇ। ਬਿਜਲੀ ਦਾ ਮੁਲ ਜੋ ਪਹਿਲਾਂ ਸ਼ਹਿਰਾਂ ਵਿਚ ਲਿਆ ਜਾਂਦਾ ਸੀ, ਥਰਮਲ ਸਟੇਸ਼ਨਾਂ ਦੁਆਰਾ ਘਰੇਲੂ ਖਪਤ 5 ਤੋਂ 10 ਆਨੇ ਫੀ ਯੂਨਿਟ ਕਰ ਦਿਤਾ ਗਿਆ ਭਾਖੜਾ ਨੰਗਲ ਗਰਿਡ ਦੁਆਰਾ ਸਪਲਾਈ ਏਰੀਆ ਵਿਚ ਰੇਟ ਘਟਾ ਦਿਤੇ ਗਏ।

ਖੇਤੀ ਬਾੜੀ ਤੇ ਛੋਟੇ ਉਦਯੋਗਾਂ ਦੀ ਬਿਜਲੀ ਸਪਲਾਈ ਤੇ ਟੈਕਸ 1.5 ਫੀ ਯੂਨਿਟ ਮਹੀਨੇ ਦੇ ਪਹਿਲੇ 1500 ਯੂਨਿਟਾਂ ਉਤੇ ਅਤੇ 1.25 ਆਨਾ ਫੀ ਯੂਨਿਟ 1500 ਤੋਂ ਵਧ ਵਰਤੇ ਗਏ ਯੂਨਿਟਾਂ ਉਤੇ ਅਤੇ ਵਪਾਰਕ ਖਪਤ ਉਤੇ ਪਹਿਲੇ 30 ਯੂਨਿਟਾਂ ਉਤੇ 5 ਆਨਾਂ ਫੀ ਯੂਨਿਟ, ਅਗਲੇ 50 ਯੂਨਿਟਾਂ ਉਤੇ 2 ਆਨਾਂ ਫੀ ਯੂਨਿਟ ਅਤੇ 1.20 ਆਨਾ ਫੀ ਯੂਨਿਟ 80 ਤੋਂ ਵਧੇਰੇ ਯੂਨਿਟਾਂ ਦਾ ਕਰ ਦਿਤਾ ਗਿਆ।

# 1955 ਦਾ ਪੰਜਾਬੀ ਸੂਬਾ ਮੋਰਚਾ

ਕਰਿਸ਼ਨ ਗੋਪਾਲ ਲਾਂਬਾ*

ਲੇਖਕ ਨੇ ਸਿਟਾ ਕਢਿਆ ਹੈ ਕਿ ਭਾਵੇਂ 1955 ਦੇ ਅਕਾਲੀ ਮੋਰਚੇ ਦੇ ਫੌਰੀ ਨਤੀਜੇ ਕਿਹੋ ਜਿਹੇ ਵੀ ਸਨ ਪਰ ਇਸ ਦੇ ਪਰਭਾਵ ਬਹੁਤ ਦੂਰਰਸ ਵਾਲੇ ਸਨ । ਇਸ ਨੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਨੀਂਹ ਰਖ ਦਿਤੀ ਸੀ ।

ਸ. ਸ.

ਆਜ਼ਾਦੀ ਤੋਂ ਬਾਅਦ ਅਕਾਲੀ ਦਲ ਨੇ ਪਹਿਲੀ ਵਾਰ 1955 'ਚ ਪੰਜਾਬੀ ਸੂਬੇ ਲਈ ਮੋਰਚਾ ਲਾਇਆ । ਇਸ ਮੋਰਚੇ ਦੀ ਰਾਜਨੀਤਕ ਮਹਤਤਾ ਨਾ ਸਿਰਫ਼ ਪੰਜਾਬ ਲਈ ਹੀ ਸੀ ਸਗੋਂ ਪੂਰੇ ਉਤਰ ਵਿਚ ਸੀ । ਇਸ ਮੋਰਚੇ ਨੇ ਪੰਜਾਬੀ ਸੂਬੇ ਦੇ ਬਣਾਏ ਜਾਣ'ਚ ਮਹਤਵ ਪੂਰਨ ਯੋਗਦਾਨ ਪਾਇਆ । ਅਕਾਲੀ ਦਲ ਵਲੋਂ 1920 ਤੋਂ ਹੀ ਮੋਰਚਿਆਂ ਦਾ ਇਤਿਹਾਸ ਸ਼ੁਰੂ ਹੋ ਜਾਂਦਾ ਹੈ, ਸਚ ਤਾਂ ਇਹ ਹੈ ਕਿ ਅਕਾਲੀ ਦਲ ਜਦੋ ਜਹਿਦ ਤੋਂ ਹੀ ਜੰਮਿਆ ਹੈ 1947 ਤੋਂ ਪਹਿਲਾਂ ਅਕਾਲੀ ਦਲ ਨੇ ਅਣਗਿਣਤ ਮੋਰਚੇ ਲਾਏ ਜਿਨਾਂ ਵਿਚੋਂ ਦਰਬਾਰ ਸਾਹਿਬ, ਨਨਕਾਣਾ ਸਾਹਿਬ, ਗੁਰੂ ਕਾ ਬਾਗ, ਜੈਤੋਂ, ਨਾਭਾ, ਚਾਬੀਆਂ ਦਾ ਮੋਰਚਾ, ਤਰਨਤਾਰਨ, ਦਿਲੀ ਫਿਰ 1926 ਤੋਂ 1947 ਤਕ ਆਜ਼ਾਦੀ ਦੀ ਲੜਾਈ ਲਈ ਮੋਰਚੇ ਲਗੇ ।[1]

ਆਜ਼ਾਦੀ ਤੋਂ ਪਹਿਲਾਂ ਤਕ ਦੇ ਮੋਰਚੇ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਅਤੇ ਜਾਂ ਫ਼ਿਰ ਆਜ਼ਾਦੀ ਦੀ ਜੰਗ ਵਾਸਤੇ ਸਨ ਪਰ ਜੋ 1947 ਤੋਂ ਬਾਅਦ ਦੇ ਮੋਰਚੇ ਪੰਜਾਬੀ ਸੂਬੇ ਲਈ ਲਾਏ 1955 ਦਾ ਉਨਾਂ ਚੋਂ ਪਹਿਲਾ ਮੋਰਚਾ ਸੀ ।

1955 ਦੇ ਪੰਜਾਬੀ ਸੂਬਾ ਮੋਰਚੇ ਦਾ ਅਸਲ ਅਧਾਰ ਆਜ਼ਾਦੀ ਤੋਂ ਬਾਅਦ ਹੀ ਬਣਨਾ ਸ਼ੁਰੂ ਹੋ ਗਿਆ ਸੀ । ਜਦੋਂ ਮਾਸਟਰ ਤਾਰਾ ਸਿੰਘ ਨੇ ਫਰਵਰੀ, 1948 ਨੂੰ ਪੰਜਾਬੀ ਸੂਬੇ ਦੀ ਮੰਗ ਕੀਤੀ ।[2] ਭਾਵੇਂ ਪੰਜਾਬੀ ਸੂਬੇ ਦੀ ਮੰਗ 1948 'ਚ ਉਠੀ ਪਰ ਜੇ ਇਸ ਦਾ ਪਿਛੋਕੜ ਦੇਖਿਆ ਜਾਵੇ ਤਾਂ ਇਹ ਪਹਿਲੀ ਵਾਰ ਸਿਖ ਡੈਲੀਗੇਟ ਦੇ ਮੈਂਬਰ ਉਜਲ ਸਿੰਘ ਨੇ ਗੋਲ ਮੇਜ਼ ਕਾਨਫਰੰਸ ਸਾਹਮਣੇ ਰਖੀ ।[3] ਉਸ ਤੋਂ ਬਾਅਦ ਇਹ ਲਗਾਤਾਰ 1942 ਵਿਚ ਕਰਿਪਸ ਮਿਸ਼ਨ ਸਾਹਮਣੇ ਅਤੇ 1945 'ਚ ਸਿਖ ਨੇਤਾਵਾਂ[4] ਨੇ ਇਕ ਮੈਮੋਰੰਡਮ ਰਾਹੀਂ ਇਹ ਮੰਗ ਸਪਰੂ ਕਮੇਟੀ ਸਾਹਮਣੇ ਰਖੀ ।

---

*ਐਮ. ਫਿਲ. ਵਿਦਿਆਰਥੀ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

1. ਅਕਾਲੀ ਮੋਰਚਿਆਂ ਦੀ ਪੂਰੀ ਜਾਣਕਾਰੀ ਲਈ ਦੇਖੋ ਮਹਿੰਦਰ ਸਿੰਘ, ਅਕਾਲੀ ਮੂਵਮੈਂਟ (ਨਵੀਂ ਦਿਲੀ, 1979) ਅਤੇ ਕੈਲਾਸ਼ ਚੰਦਰ ਗੁਲਾਟੀ, ਅਕਾਲੀ ਪਾਸਟ ਐਂਡ ਪਰੈਜ਼ੈਂਟ (ਨਵੀਂ ਦਿਲੀ, 1974)
2. ਸਤਿਆ ਮੋਹਤਾ ਰਾਏ, ਪਾਰਟੀਸ਼ਨ ਆਫ਼ ਦੀ ਪੰਜਾਬ (ਪੀ. ਐਚ. ਡੀ. ਥੀਸਿਜ਼, ਯੂਨੀਵਰਸਿਟੀ ਆਫ਼ ਦਿਲੀ, 1959) ਪੰਨਾ 476-77.
3. ਗੋਲਮੇਜ਼ ਕਾਨਫਰੰਸ 1931 (ਦੂਸਰਾ ਸੈਸ਼ਨ) ਐਪੀਡੈਕਸ, ਪੰਨੇ 555-56.
4. ਇਸ ਮੈਮੋਰੰਡਮ ਤੇ ਇਨਾਂ ਅਕਾਲੀ ਨੇਤਾਵਾਂ ਨੇ ਹਸਤਾਖ਼ਸ਼ਰ ਕੀਤੇ: ਮਾਸਟਰ ਤਾਰਾ ਸਿੰਘ, ਪਰਿੰਸੀਪਲ ਜੋਧ ਸਿੰਘ, ਗਿਆਨੀ ਕਰਤਾਰ ਸਿੰਘ, ਸਵਰਨ ਸਿੰਘ, ਉਜਲ ਸਿੰਘ, ਈਸ਼ਰ ਸਿੰਘ ਮਝੈਲ, ਵੇਖੋ ਸਪਰੂ ਕਮੇਟੀ ਦੇ ਸੰਵਿਧਾਨਕ ਸੁਝਾਅ (ਬੰਬੇ, 1945).

ਪਰ ਅਸਲ 'ਚ ਮੰਗ ਫਿਰਕਾ ਪਰਸਤੀ ਕਰਕੇ ਨਹੀਂ ਸਗੋਂ ਪਾਕਿਸਤਾਨ ਦੀ ਵਿਰੋਧਤਾ 'ਚ ਉਠੀ ਸੀ।[5]

1955 ਦੇ ਮੋਰਚੇ ਦਾ ਅਸਲ ਅਧਾਰ ਉਦੋਂ ਬਣਨਾ ਸ਼ੁਰੂ ਹੋਇਆ ਜਦੋਂ ਅਕਾਲੀ ਦਲ ਸੰਵਿਧਾਨ 'ਚ ਸਿਖਾਂ ਲਈ ਸੁਰਖਿਅਤ ਅਧਿਕਾਰ ਰਖਵਾਉਣ ਚੋਂ ਅਸਫ਼ਲ ਹੋ ਗਿਆ।[6] ਫਰਵਰੀ 1948 'ਚ ਘਟ ਗਿਣਤੀਆਂ ਅਤੇ ਮੂਲ ਅਧਿਕਾਰਾਂ ਦੀ ਸਬ ਕਮੇਟੀ ਬਣੀ, 'ਜਿਸ ਵਿਚ ਨਹਿਰੂ, ਪਟੇਲ, ਅੰਬੇਦਕਰ, ਡਾ. ਰਾਜਿੰਦਰ ਪਰਸ਼ਾਦ ਅਤੇ ਕੇ. ਐਮ. ਮੁਨਸ਼ੀ ਸਨ'। ਅਕਾਲੀ ਦਲ ਨੇ ਕਮੇਟੀ ਨੂੰ ਇਕ ਮੈਮੋਰੰਡਮ ਦਿਤਾ। ਜਿਸ ਵਿਚ ਸਿਖਾਂ ਲਈ ਵਖਰੀ ਪਰਤੀਨਿਧਤਾ ਦੀ ਮੰਗ ਕੀਤੀ, ਜਿਸ ਅਨੁਸਾਰ 5% ਸੀਟਾਂ ਰਾਜ ਅਸੈਂਬਲੀ ਲਈ ਅਤੇ 5% ਸੀਟਾਂ ਕੇਂਦਰੀ ਅਸੈਂਬਲੀ ਵਿਚ ਰਾਖਵੀਆਂ ਕਰਨ ਦੀ ਮੰਗ ਕੀਤੀ।[7] ਕਿਉਂਕਿ ਸਿਖ ਪੰਜਾਬ ਵਿਚ ਘਟ ਗਿਣਤੀ ਵਿਚ ਸਨ 1951 ਦੀ ਜਨਮਾਨਤਾ ਅਨੁਸਾਰ ਸਿਖ ਕੁਲ ਜਨਸੰਖਿਆ ਦਾ 33.4 ਪਰਤੀਸ਼ਤ ਸਨ ਜਦ ਕਿ ਹਿੰਦੂ 63.3 ਪਰਤੀਸ਼ਤ ਸਨ। ਇਸ ਲਈ ਸਿਖ ਲੀਡਰਾਂ ਨੇ ਸਿਖਾਂ ਲਈ ਸੁਰਖਿਅਤ ਅਧਿਕਾਰਾਂ ਦਾ ਦਾਅਵਾ ਕੀਤਾ ਅਤੇ ਇਸ ਦੇ ਨਾਲ ਹੀ ਯਾਦ ਦਵਾਇਆ ਕਿ 1946 'ਚ ਕਾਂਗਰਸ ਦੇ ਲੀਡਰਾਂ ਨੇ ਇਹ ਦਾਅਵਾ ਕੀਤਾ ਸੀ ਕਿ ਸਿਖਾਂ ਨੂੰ ਇਕ ਖੁਦਮੁਖਤਿਆਰੀ ਪਰਦੇਸ਼ ਦਿਤਾ ਜਾਵੇਗਾ ਪਰ ਘਟ ਗਿਣਤੀ ਕਮੇਟੀ ਨੇ ਇਹ ਮੰਗਾਂ ਨਾ ਮੰਨੀਆਂ। ਫੇਰ ਮਾਸਟਰ ਤਾਰਾ ਸਿੰਘ ਨੇ ਇਸ ਸਬੰਧ ਵਿਚ 20 ਫਰਵਰੀ, 1948 ਨੂੰ ਦਿਲੀ 'ਚ ਰਕਾਬ ਗੰਜ ਗੁਰਦੁਆਰੇ 'ਚ ਇਕ ਕਾਨਫਰੰਸ ਕਰਨ ਦਾ ਫੈਸਲਾ ਕੀਤਾ। ਪਰ ਗੌਰਮਿੰਟ ਨੇ ਇਸ ਕਾਨਫਰੰਸ ਤੇ ਪਾਬੰਦੀ ਲਾ ਦਿਤੀ। ਪਰ ਅਕਾਲੀਆਂ ਨੇ ਕਾਨਫਰੰਸ ਕਰਨ ਦਾ ਫ਼ੈਸਲਾ ਕੀਤਾ, ਮਾਸਟਰ ਤਾਰਾ ਸਿੰਘ ਅਤੇ ਹੋਰ ਬਹੁਤ ਸਾਰੇ ਅਕਾਲੀ ਲੀਡਰਾਂ ਨੂੰ ਗਰਿਫਤਾਰ ਕਰ ਲਿਆ ਗਿਆ। 15 ਨਵੰਬਰ, 1948 ਨੂੰ 23 ਅਕਾਲੀ ਵਿਧਾਇਕਾਂ ਨੇ ਕਿਹਾ ਜੇ ਸਾਡੇ ਰਾਖਵੇਂ ਅਧਿਕਾਰ ਨਹੀਂ ਮੰਨੇ ਜਾਂਦੇ ਤਾਂ ਸਿਖਾਂ ਨੂੰ, ਜਲੰਧਰ, ਹੁਸ਼ਿਆਰਪੁਰ, ਅੰਮਰਿਤਸਰ, ਲੁਧਿਆਣਾ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਅੰਬਾਲਾ ਜ਼ਿਲਿਆਂ ਦਾ ਨਵਾਂ ਸੂਬਾ ਬਣਾ ਦਿਤਾ ਜਾਵੇ।[8]

ਘਟ ਅਧਿਕਾਰਾਂ ਦੀ ਸਬ ਕਮੇਟੀ ਵਲੋਂ ਇਹ ਮੰਗਾਂ ਨਾ ਮਨਜ਼ੂਰ ਕਰਨ ਤੋਂ ਬਾਅਦ ਅਕਾਲੀ ਦਲ ਵਰਕਿੰਗ ਕਮੇਟੀ ਨੇ 28 ਮਈ, 1950 ਨੂੰ ਇਕ ਮਤਾ ਪਾਸ ਕੀਤਾ, ਜਿਸ ਵਿਚ ਪੰਜਾਬੀ ਸੂਬੇ ਲਈ ਅੰਦੋਲਨ ਛੇੜਣ ਲਈ ਕਿਹਾ ਗਿਆ। ਇਹ ਸਭ ਕਾਰਣ 1955 ਦੇ ਮੋਰਚੇ ਲਈ ਮਹਤਵਪੂਰਣ ਸਾਬਿਤ ਹੋਏ। 1955 ਦੇ ਮੋਰਚੇ ਦੇ ਅਧਾਰ ਲਈ 1951 'ਚ ਇਕ ਮਹਤਵਪੂਰਣ ਘਟਨਾ ਘਟੀ। 1951 ਦੀ ਜਨਗਣਨਾ 'ਚ ਹਿੰਦੂਆਂ ਨੇ ਆਪਣੀ ਮਾਤਰ ਭਾਸ਼ਾ ਹਿੰਦੀ ਲਿਖਵਾਈ, ਜਦ ਕਿ ਉਨਾਂ ਦੀ ਮਾਤਰ ਭਾਸ਼ਾ ਪੰਜਾਬੀ ਸੀ।[9] ਇਸ ਨਾਲ ਪੰਜਾਬੀ ਸੂਬੇ ਦੀ ਮੰਗ ਨੂੰ ਬਲ ਮਿਲਿਆ 1952 ਦੀ ਚੋਣ 'ਚ ਅਕਾਲੀ ਪਾਰਟੀ ਨੂੰ ਸਿਰਫ਼ 126 ਵਿਚੋਂ 13 ਸੀਟਾਂ ਹੀ ਮਿਲੀਆਂ ਜਦ ਕਿ ਕਾਂਗਰਸ ਨੂੰ 98 ਸੀਟਾਂ ਮਿਲੀਆਂ। ਹੁਣ ਸਿਖਾਂ ਨੇ ਵੇਖ ਲਿਆ ਕਿ ਪੰਜਾਬੀ ਸੂਬੇ ਤੋਂ ਬਗੈਰ ਉਨਾਂ ਦੇ ਰਾਜਨੀਤਕ ਵਿਚਾਰਾਂ ਦੀ ਪੂਰਤੀ ਨਹੀਂ ਹੋ ਸਕਦੀ, ਤਾਂ ਉਹ ਪੰਜਾਬੀ ਸੂਬੇ ਦੀ

5. ਐਸ. ਐਮ. ਰਾਏ, ਪੰਜਾਬ ਸਿੰਸ ਪਾਰਟੀਸ਼ਨ (ਦਿਲੀ, 1986) ਪੰਨਾ 273.
6. ਦਲੀਪ ਸਿੰਘ, ਡਾਇਨਾਮਿਕਸ ਆਫ਼ ਪੰਜਾਬ ਪੋਲੀਟਿਕਸ (ਨਵੀਂ ਦਿਲੀ, 1981) ਪੰਨਾ 24.
7. ਉਕਤ ਪੰਨਾ ਉਹੀ।
8. ਸਤਿਆ ਮੈਹਤਾ ਰਾਏ, ਪਿਠਅੰਕਤ, ਪੰਨਾ 276.
9. ਹਰਚਰਨ ਸਿੰਘ ਬਾਜਵਾ, ਫਿਫਟੀ ਯੀਅਰਜ਼ ਆਫ਼ ਪੰਜਾਬ ਪੋਲੀਟਿਕਸ : 1920-70 (ਚੰਡੀਗੜ, 1979) ਪੰਨਾ 83.

ਪਰਾਪਤੀ ਲਈ ਉਤਾਵਲੇ ਹੋਣ ਲਗੇ ।

ਜਦੋਂ 1953 'ਚ ਸਿਰੀ ਰੰਮੂਲਾ ਜੀ ਦੀ ਮੌਤ ਤੋਂ ਬਾਅਦ ਆਂਧਰਾ ਪਰਦੇਸ਼ ਹੋਂਦ ਵਿਚ ਆਇਆ ਤਾਂ ਪੰਜਾਬੀ ਸੂਬੇ ਦੀ ਮੰਗ ਨੂੰ ਵਿਸ਼ੇਸ਼ ਉਤਸ਼ਾਹ ਮਿਲਿਆ । ਸਿਖਾਂ ਦਾ ਰੋਸ ਉਦੋਂ ਹੋਰ ਵਧ ਗਿਆ, ਜਦੋਂ 4 ਮਾਰਚ, 1953 ਨੂੰ ਪੈਪਸੂ ਦੇ ਅਕਾਲੀ ਮੁਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਦੀ ਚੋਣ ਰਦ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ ਗਿਆ ।[10]

ਭਾਵੇਂ ਮੋਰਚੇ ਦਾ ਆਧਾਰ ਕਾਫ਼ੀ ਲੰਬੇ ਸਮੇਂ ਤੋਂ ਬਣ ਗਿਆ ਸੀ ਪਰ ਇਸ ਦਾ ਅਸਲ ਅਧਾਰ 1953 ਤੋਂ ਹੀ ਬਨਣਾ ਸ਼ੁਰੂ ਹੋ ਗਿਆ । ਜਦੋਂ ਭਾਰਤ ਸਰਕਾਰ ਨੇ ਦਸੰਬਰ, 1953 ਨੂੰ ਸੂਬਿਆਂ ਦਾ ਹਦ ਬੰਦੀ ਕਮਿਸ਼ਨ ਬਣਾਇਆ ।[11] ਅਕਾਲੀ ਦਲ ਨੇ ਕਮਿਸ਼ਨ ਨੂੰ ਮੈਮੋਰੰਡਮ ਦਿਤਾ, ਜਿਸ ਵਿਚ ਪੰਜਾਬੀ ਸੂਬੇ ਦਾ ਕੇਸ ਪੇਸ਼ ਕੀਤਾ, ਨਾਲ ਹੀ ਪੰਜਾਬੀ ਸੂਬੇ ਵਾਸਤੇ ਪੰਜਾਬ, ਪੈਪਸੂ ਤੇ ਰਾਜਿਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਦੀ ਮੰਗ ਕੀਤੀ ।[12] ਪਰ ਹਿੰਦੂ ਰਾਜਨੀਤਿਕ ਪਾਰਟੀਆਂ ਅਤੇ ਹੋਰ ਸੰਗਠਨਾਂ, ਜਿਵੇਂ ਜਨ ਸੰਘ[13], ਹਿੰਦੂ ਮਹਾਂਸਭਾ ਅਤੇ ਆਲ ਪਾਰਟੀ ਮੀਹਾ ਪੰਜਾਬ ਫਰੰਟ ਸਮਿਤੀ ਨੇ ਕਮਿਸ਼ਨ ਨੂੰ ਪੰਜਾਬੀ ਸੂਬੇ ਦੇ ਵਿਰੁੱਧ ਅਤੇ ਮਹਾ ਪੰਜਾਬ ਦੇ ਹਕ 'ਚ ਮੈਮੋਰੰਡਮ ਦਿਤਾ । ਜਦ ਪੰਜਾਬੀ ਸੂਬੇ ਦੇ ਹਕ' ਚ ਤੇ ਮਹਾਂ ਪੰਜਾਬ ਦੇ ਹਕ' ਚ ਮੈਮੋਰੰਡਮ ਦੇਣ ਨਾਲ ਆਪਸੀ ਤਣਾਅ ਦਾ ਮਾਹੌਲ ਬਣ ਗਿਆ ਹਰ ਪਾਸੇ ਕਾਨਫਰੰਸਾਂ, ਜਲਸੇ ਤੇ ਮੀਟਿੰਗਾਂ ਹੋਣ ਲਗ ਪਈਆਂ । ਅਜਿਹੇ ਮਾਹੌਲ ਵਿਚ ਪੰਜਾਬੀ ਸੂਬਾ ਅਤੇ ਮਹਾਂ ਪੰਜਾਬ ਦੇ ਹਕ 'ਚ ਅਤੇ ਖ਼ਿਲਾਫ਼ ਪਰਚਾਰ ਜ਼ੋਰ ਸ਼ੋਰ ਨਾਲ ਹੋਣ ਲਗ ਗਿਆ । ਨਤੀਜਾ ਇਹ ਹੋਇਆ ਕਿ 6 ਅਪ੍ਰੈਲ, 1955 ਨੂੰ ਅੰਮਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਇਕ ਨੋਟਿਸ ਜਾਰੀ ਕੀਤਾ ਕਿ 'ਹਾਲਾਤ ਤੋਂ ਅਜਿਹਾ ਜਾਪਦਾ ਹੈ ਕਿ ਪਬਲਿਕ ਮਾਹੌਲ ਨੂੰ, ਪੰਜਾਬੀ ਸੂਬਾ ਲੈ ਕੇ ਰਹਾਂਗੇ, ਅਤੇ ਮਹਾਂ ਪੰਜਾਬ ਜਿੰਦਾਬਾਦ, ਆਦਿ ਨਾਅਰਿਆਂ ਤੋਂ ਖ਼ਤਰਾ ਹੈ' ਇਸ ਕਰਕੇ ਦਫ਼ਾ 144 ਅਧੀਨ ਇਨ੍ਹਾਂ ਨਾਅਰਿਆਂ ਉਪਰ ਪਾਬੰਦੀ ਲਗਾ ਦਿਤੀ ਗਈ ।[14]

1955 'ਚ ਪੰਜਾਬੀ ਸੂਬੇ ਦੀ ਮੰਗ ਨੇ ਇਕ ਵਾਰ ਫੇਰ ਜ਼ੋਰ ਫੜਿਆ, ਜਦੋਂ ਅਕਾਲੀ ਦਲ ਨੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀਆਂ ਚੋਣਾਂ ਪੰਜਾਬੀ ਸੂਬੇ ਦੇ ਅਧਾਰ ਤੇ ਜਿਤੀਆਂ ।[15] ਇਹ ਚੋਣ ਅਕਾਲੀ ਦਲ ਨੇ ਕਮਿਊਨਿਸਟਾਂ ਦੇ ਦੇਸ਼ ਭਗਤ ਬੋਰਡ ਨਾਲ ਰਲ ਕੇ ਲੜੀਆਂ ਤੇ ਸਭ ਸੀਟਾਂ ਤੇ ਜਿਤ ਪਰਾਪਤ ਕੀਤੀ । ਪਰ ਕਾਂਗਰਸ ਦੇ ਬਣਾਏ ਹੋਏ 'ਖਾਲਸਾ ਦਲ' ਨੂੰ ਸਿਰਫ ਤਿੰਨ ਸੀਟਾਂ ਹੀ ਮਿਲੀਆਂ । ਹੁਣ ਸਾਰੀ ਕਮੇਟੀ ਤੇ ਅਕਾਲੀ ਦਲ ਦਾ ਅਧਿਕਾਰ ਹੋਣ ਤੇ ਉਸ ਦੀ ਸ਼ਕਤੀ ਬਹੁਤ ਵਧ ਗਈ । ਹੁਣ ਅਕਾਲੀ ਦਲ ਨੇ ਪੰਜਾਬੀ ਸੂਬਾ, ਜਿੰਦਾਬਾਦ ਤੇ ਪਾਬੰਦੀ ਦੇ ਵਿਰੁਧ ਮੋਰਚਾ ਲਾਉਣ ਦਾ ਫੈਸਲਾ ਕੀਤਾ । ਇਸ ਨਾਅਰੇ ਉਪਰ ਲਾਈ ਗਈ ਪਾਬੰਦੀ ਵਾਪਸ ਲੈਣ ਲਈ ਅਕਾਲੀ ਦਲ ਨੇ 1 ਮਈ, 1955 ਤਕ ਦਾ ਨੋਟਿਸ ਦਿਤਾ ।

ਪਰ ਪਾਬੰਦੀ ਵਾਪਸ ਨਾ ਲਈ ਗਈ ਤਾਂ 10 ਮਈ, 1955 ਨੂੰ ਮਾਸਟਰ ਤਾਰਾ ਸਿੰਘ

---

10. ਅਜੀਤ ਸਿੰਘ ਸਰਹਦੀ, ਪੰਜਾਬੀ ਸੂਬਾ; ਦੀ ਸਟੋਰੀ ਆਫ਼ ਦੀ ਸਟਰਗਲ (ਦਿਲੀ, 1970) ਪੰਨਾ 221.
11. ਸਟੇਟ ਰਿਆਰਗਨਾਇਜ਼ੇਸ਼ਨ ਕਮਿਸ਼ਨ ਰਿਪੋਰਟ, ਪੰਨਾ 17.
12. ਅਜੀਤ ਸਿੰਘ ਸਰਹਦੀ, ਪਿਠਅੰਕਤ, ਪੰਨਾ 235.
13. ਮਹਾਂ ਪੰਜਾਬ ਕਿਉਂ—ਜਨਸੰਘ ਵਲੋਂ ਦਿਤਾ ਗਿਆ ਮੈਮੋਰੰਡਮ, (ਅੰਬਾਲਾ ਕੈਂਟ) ।
14. ਹਰਚਰਨ ਸਿੰਘ ਬਾਜਵਾ, ਪਿਠਅੰਕਤ, ਪੰਨਾ 92.
15. ਪੂਰੀ ਜਾਣਕਾਰੀ ਲਈ ਦੇਖੋ, ਸੁਰਿੰਦਰ ਸਿੰਘ ਸੂਰੀ 'ਏ ਸਟਡੀ ਆਫ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ' ਇਲੈਕਸ਼ਨ ਮਾਰਚ, 1979, (ਪਾਰਲੀਮਾਨੀ ਰਿਪੋਰਟ ਸਾਇਕਲੋਜਟਾਇਲ,ਪਟਿਆਲਾ 1979).

ਅਧੀਨ ਪਹਿਲਾ ਜਥਾ ਨਿਕਲਿਆ, ਜਿਸ ਨੇ ਇਸ ਪਾਬੰਦੀ ਨੂੰ ਤੋੜਿਆ।[16] ਮਾਸਟਰ ਤਾਰਾ ਸਿੰਘ ਨੂੰ ਗਰਿਫਤਾਰ ਕਰ ਲਿਆ ਗਿਆ। ਮਾਸਟਰ ਜੀ ਦੀ ਗਰਿਫਤਾਰੀ ਪਿਛੋਂ ਸਾਰਾ ਭਾਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੋਢਿਆਂ ਤੇ ਆ ਪਿਆ। ਦਲ ਨੇ ਪੰਜਾਬੀ ਸੂਬਾ ਮੋਰਚਾ ਜਾਰੀ ਰਖਿਆ। ਰੋਜ਼ਾਨਾ 21 ਤੋਂ 87 ਤਕ ਦਾ ਜਥਾ ਗਰਿਫਤਾਰੀ ਲਈ ਪੇਸ਼ ਹੁੰਦਾ ਰਿਹਾ। ਇਹ ਜਥਾ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਗਾਉਂਦਾ ਗਰਿਫਤਾਰੀ ਦੇਂਦਾ।

ਉਸ ਸਮੇਂ ਅਕਾਲੀ ਦਲ ਦਾ ਪਰਧਾਨ ਸ. ਹੁਕਮ ਸਿੰਘ, ਰੂਸ ਅਤੇ ਹੋਰ ਦੇਸ਼ਾਂ ਦੀ ਯਾਤਰਾ ਤੇ ਨਿਕਲ ਚੁਕਿਆ ਸੀ। ਇਸ ਵਕਤ ਹੁਕਮ ਸਿੰਘ ਦੀ ਜਗਾ, ਇਕਲਾਬ ਸਿੰਘ ਨੂੰ ਅਕਾਲੀ ਦਲ ਦਾ ਪਰਧਾਨ ਬਣਾਇਆ ਗਿਆ। ਪੰਜਾਬ ਦੇ ਕਾਂਗਰਸੀ ਮੰਤਰੀ ਦੌਰੇ ਤੇ ਉਜਲ ਸਿੰਘ ਨੇ ਮੋਰਚੇ ਦੀ ਆਲੋਚਨਾ ਕੀਤੀ।[17]

ਪੰਜਾਬ ਦੇ ਮੁਖ ਮੰਤਰੀ ਭੀਮ ਸੈਨ ਸਚਰ ਨੇ ਮੋਰਚਾ ਤਾਕਤ ਨਾਲ ਦਬਾਉਣ ਦਾ ਹੁਕਮ ਦਿਤਾ। 10 ਮਈ, 1955 ਤੋਂ ਮੋਰਚਾ ਲਗਾਉਣ ਮਗਰੋਂ ਗਿਆਨੀ ਕਰਤਾਰ ਸਿੰਘ, ਅਜੀਤ ਸਿੰਘ ਸਰਹਦੀ ਸਮੇਤ ਸਾਰੇ ਉਘੇ ਲੀਡਰ ਗਰਿਫਤਾਰ ਕਰ ਲਏ ਗਏ ਸਨ।[18] 25 ਮਈ, 1955 ਦੇ ਦਿਨ ਤੇ ਗਰਿਫਤਾਰੀਆਂ ਦਿਤੀਆਂ ਗਈਆਂ। ਪਹਿਲੀ ਵਾਰ 13 ਔਰਤਾਂ ਦਾ ਜਥਾ ਵੀ ਗਰਿਫਤਾਰੀ ਲਈ ਪੇਸ਼ ਹੋਇਆ। 6 ਜੂਨ ਨੂੰ ਮੀਰੀ-ਪੀਰੀ ਦਿਵਸ ਤੇ ਵੀ ਬਹੁਤ ਗਰਿਫਤਾਰੀਆਂ ਹੋਈਆਂ।

ਜਦੋਂ ਮੋਰਚਾ ਜ਼ੋਰਾਂ ਤੇ ਸੀ ਤਾਂ ਦੋ ਕਾਂਗਰਸੀ ਲੀਡਰਾਂ ਨੇ ਇਸ ਮਸਲੇ ਤੇ ਸਰਕਾਰ ਤੇ ਅਕਾਲੀਆਂ ਵਿਚਕਾਰ ਗੋਲ ਮੇਜ਼ ਕਾਨਫਰੰਸ ਕਰਾਉਣ ਦੀ ਤਜਵੀਜ਼ ਰਖੀ ਪਰ ਮੋਰਚੇ ਦੇ ਡਿਕਟੇਟਰ ਇਕਲਾਬ ਸਿੰਘ ਨੇ ਇਹ ਤਜਵੀਜ਼ ਠੁਕਰਾ ਦਿਤੀ।[19]

ਜੂਨ ਦੇ ਪਹਿਲੇ ਹਫ਼ਤੇ ਸਰਬ ਹਿੰਦ ਭਾਸ਼ਾਈ ਸੂਬਾ ਕਾਨਫਰੰਸ ਹੋਈ। ਜਿਸ 'ਚ ਕੇ. ਜੀ. ਜੋਧ, ਹਰਿਆਣਵੀ ਨੇਤਾ ਸਿਰੀ ਰਾਮ ਸਰਸਾ, ਚੌਧਰੀ ਸਿਰੀ ਚੰਦ, ਕੇਦਾਰ ਨਾਥ ਆਦਿ ਨੇ ਪੰਜਾਬੀ ਸੂਬੇ ਮੋਰਚੇ ਦੀ ਹਮਾਇਤ ਕੀਤੀ।[20] 9 ਜੂਨ, 1955 ਨੂੰ ਦਿਲੀ ਵਿਚ ਇਕ ਕਨਵੈਨਸ਼ਨ ਹੋਈ, ਜਿਸ ਨੇ ਪੰਜਾਬ ਸਰਕਾਰ ਤੋਂ ਪਾਬੰਦੀ ਹਟਾਉਣ ਦੀ ਮੰਗ ਕੀਤੀ। ਇਸ ਕਨਵੈਨਸ਼ਨ 'ਚ ਜਨਤਾ ਕਾਂਗਰਸ, ਕਮਿਊਨਿਸਟ, ਜ਼ਿਮੀਦਾਰਾ ਲੀਗ, ਪੀ. ਐਸ. ਪੀ. ਦੇ ਮੈਂਬਰ ਸ਼ਾਮਿਲ ਹੋਏ। ਉਧਰ ਪੰਜਾਬ ਤੋਂ ਬਾਹਰ ਦਿਲੀ 'ਚ ਵੀ ਹਰਬੰਸ ਸਿੰਘ ਫਰੰਟੀਅਰ ਦੇ ਜਥੇ ਨੇ ਗਰਿਫਤਾਰੀ ਦਿਤੀ। ਮੋਰਚੇ ਦੇ ਦੂਜੇ ਡਿਕਟੇਟਰ ਪਰਿੰਸੀਪਲ ਇਕਲਾਬ ਸਿੰਘ ਨੂੰ 10 ਜੂਨ, 1955 ਨੂੰ ਗਰਿਫਤਾਰ ਕਰ ਲਿਆ ਗਿਆ। ਤੀਜੇ ਡਿਕਟੇਟਰ ਭੁਪਿੰਦਰ ਸਿੰਘ ਨੂੰ ਵੀ 21 ਜੂਨ ਨੂੰ ਗਰਿਫਤਾਰ ਕਰ ਲਿਆ ਗਿਆ।

ਜਦੋਂ ਮੋਰਚਾ ਪੂਰੇ ਜ਼ੋਰਾਂ ਤੇ ਸੀ ਅਤੇ ਸੈਂਕੜੇ ਵਲੰਟੀਅਰ ਅੰਮਰਿਤਸਰ ਪਹੁੰਚ ਰਹੇ ਸਨ। 4 ਜੁਲਾਈ, 1955 ਨੂੰ ਸਵੇਰੇ ਚਾਰ ਵਜੇ ਪੁਲਸ ਦੇ ਡੀ. ਆਈ. ਜੀ. ਨੇ ਪੁਲੀਸ ਪਾਰਟੀ ਨਾਲ ਹਰਮਿੰਦਰ ਸਾਹਿਬ 'ਚ ਛਾਪਾ ਮਾਰਿਆ। ਅਕਾਲੀ ਦਲ ਦੇ ਦਫਤਰ, ਸ਼ਰੋਮਣੀ ਕਮੇਟੀ ਦੇ ਦਫ਼ਤਰ,

16. ਕਰਮ ਸਿੰਘ ਜ਼ਖਮੀ, 64 ਰੋਜ਼ਾ ਅਕਾਲੀ ਮੋਰਚੇ ਦਾ ਇਤਿਹਾਸ (ਅੰਮਰਿਤਸਰ, 1955), ਪੰਨਾ 29.
17. ਦੀ ਟ੍ਰਿਬਿਊਨ, ਜੂਨ, 1955.
18. ਹਰਚਰਨ ਸਿੰਘ ਬਾਜਵਾ, ਪਿਠਅੰਕਤ, ਪੰਨਾ 92.
19. ਜ਼ਖਮੀ, ਪਿਠਅੰਕਤ, ਪੰਨਾ 40.
20. ਪੂਰੀ ਜਾਣਕਾਰੀ ਲਈ ਦੇਖੋ, ਗੁਲਸ਼ਨ ਰਾਏ, ਫਾਰਮੇਸ਼ਨ ਆਫ਼ ਹਰਿਆਣਾ (ਦਿਲੀ, 1987) ਪੰਨਾ 71-72.

ਦਰਬਾਰ ਸਾਹਿਬ ਅਤੇ ਸਰਾਂ ਦੇ ਦਫ਼ਤਰਾਂ ਉਪਰ ਛਾਪਾ ਮਾਰਿਆ ਅਤੇ ਸਾਰੇ ਅਕਾਲੀ ਵਲੰਟੀਅਰ ਤੇ ਯਾਤਰੀ ਗਰਿਫਤਾਰ ਕਰ ਲਏ। ਦਰਬਾਰ ਸਾਹਿਬ, ਅਕਾਲੀ ਦਲ, ਗੁਰਦੁਆਰਾ ਕਮੇਟੀ ਦੀ ਸਰਾਂ, ਮੰਜੀ ਸਾਹਿਬ ਅਤੇ ਲੰਗਰ ਉਪਰ ਪੁਲਸ ਨੇ ਕਬਜ਼ਾ ਕਰ ਲਿਆ।[21]

ਇਸ ਦੇ ਵਿਰੋਧ 'ਚ ਪੰਜਾਬ ਭਰ ਦੇ ਸਿਖ ਦੁਕਾਨਦਾਰਾਂ ਨੇ ਹੜਤਾਲ ਕੀਤੀ। ਸਰਕਾਰ ਨੇ ਪਰਭਾਤ, ਅਕਾਲੀ, ਅਜੀਤ ਅਤੇ ਅਕਾਲੀ ਪੱਤਰਕਾ ਦੇ ਪਰੈਸ ਸੀਲ ਕਰ ਦਿਤੇ ਦਰਬਾਰ ਸਾਹਿਬ ਦੇ ਪੁਲਸ ਦਾਖਲੇ ਨਾਲ ਸਿਖਾਂ ਵਿਚ ਰੋਸ ਫੈਲ ਗਿਆ। ਬੜੀ ਗਿਣਤੀ ਵਿਚ ਲੋਕ ਦਰਬਾਰ ਸਾਹਿਬ ਪਹੁੰਚਣੇ ਸ਼ੁਰੂ ਹੋ ਗਏ। 7 ਜੁਲਾਈ ਨੂੰ ਪੁਲਸ ਦਰਬਾਰ ਸਾਹਿਬ ਤੋਂ ਵਾਪਿਸ ਚਲੀ ਗਈ। ਜਦੋਂ ਲੋਕਾਂ 'ਚ ਰੋਹ ਫੈਲ ਗਿਆ ਅਤੇ ਲੋਕਾਂ ਨੇ ਸ਼ਰੇਆਮ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਅਖੀਰ ਪੰਜਾਬ ਸਰਕਾਰ ਨੇ 12 ਜੁਲਾਈ, 1955 ਨੂੰ ਪੰਜਾਬੀ ਸੂਬੇ ਦੇ ਨਾਅਰੇ ਤੋਂ ਪਾਬੰਦੀ ਵਾਪਿਸ ਲੈ ਲਈ[22] ਇਸ ਤਰਾਂ ਸਚਰ ਸਰਕਾਰ ਨੇ ਹਥਿਆਰ ਸੁਟ ਦਿਤੇ ਤੇ ਅਕਾਲੀ ਦਲ ਦੀ ਜਿਤ ਹੋਈ। ਇਸ ਦੇ ਨਾਲ ਹੀ ਅਕਾਲੀ ਦਲ ਨੇ 64 ਰੋਜ਼ਾ ਮੋਰਚਾ ਬੰਦ ਕਰ ਦਿਤਾ।

ਇਸ ਤਰਾਂ ਜੋ 1955 ਦਾ 64 ਰੋਜ਼ਾ ਮੋਰਚਾ ਜੋ 10 ਮਈ ਤੋਂ 12 ਜੁਲਾਈ, 1955 ਤਕ ਚਲਿਆ ਆਖਿਰ ਅਕਾਲੀ ਦਲ ਦੀ ਜਿਤ ਨਾਲ ਸਮਾਪਤ ਹੋਇਆ। ਇਸ ਜਿਤ ਨੇ ਸਿਖਾਂ 'ਚ ਇਕ ਨਵਾਂ ਉਤਸ਼ਾਹ ਭਰ ਦਿਤਾ, ਉਹਨਾਂ ਨੂੰ ਇਸ ਜਿਤ ਨਾਲ ਵਿਸ਼ਵਾਸ ਹੋ ਗਿਆ ਕਿ ਅਸੀਂ ਪੰਜਾਬੀ ਸੂਬੇ ਨੂੰ ਪਰਾਪਤ ਕਰ ਸਕਦੇ ਹਾਂ ਤੇ ਇਸ ਲਈ ਸਬਰ ਕਰਨਾ ਪਵੇਗਾ। ਇਸ ਤੋਂ ਬਾਅਦ ਵੀ ਅਕਾਲੀ ਦਲ ਨੇ ਪੰਜਾਬੀ ਸੂਬੇ ਲਈ ਮੋਰਚੇ ਲਾਏ ਅਤੇ ਅੰਤ 1966 'ਚ ਪੰਜਾਬੀ ਸੂਬਾ ਪਰਾਪਤ ਕੀਤਾ। 1955 ਦੇ ਮੋਰਚੇ ਵਿਚ ਸਾਰੇ ਸਿਖਾਂ ਨੇ ਰਲ ਕੇ ਯੋਗਦਾਨ ਪਾਇਆ। ਜਿਸ ਦੇ ਸਦਕੇ ਹੀ ਜਿਤ ਪਰਾਪਤ ਕੀਤੀ ਇਸ ਤੋਂ ਬਾਅਦ ਸਿਖਾਂ ਨੇ ਸੋਚਿਆ ਕਿ ਜੇ ਅਸੀਂ ਪੰਜਾਬੀ ਸੂਬਾ ਲੈਣਾ ਹੈ ਤਾਂ ਸਾਨੂੰ ਸਾਰਿਆਂ ਨੂੰ ਇਕਮੁਠ ਰਹਿ ਕੇ ਹੀ ਲੈ ਸਕਦੇ ਹਾਂ। ਇਸ ਤਰਾਂ ਸਿਖਾਂ 'ਚ ਮਿਲਵਰਤਨ ਦੀ ਭਾਵਨਾ ਪੈਦਾ ਹੋਈ। ਫੇਰ ਉਹਨਾਂ ਮਿਲ ਕੇ ਹੀ ਸੰਘਰਸ਼ ਕੀਤਾ ਅਤੇ ਪੰਜਾਬੀ ਸੂਬਾ ਪਰਾਪਤ ਕੀਤਾ। 64 ਦਿਨ ਦੇ ਮੋਰਚੇ ਦਾ ਪੰਜਾਬ ਦੀ ਰਾਜਨੀਤੀ ਤੇ ਵੀ ਮਹਤਵਪੂਰਣ ਪਰਭਾਵ ਪਿਆ ਪੰਜਾਬੀ ਸੂਬੇ ਦੇ ਨਾਅਰੇ ਤੇ ਪਾਬੰਦੀ ਅਤੇ ਹਰਮਿੰਦਰ ਸਾਹਿਬ 'ਚ ਪੁਲਸ ਦਾਖ਼ਲੇ ਨਾਲ, ਪੰਜਾਬ ਦੇ ਮੁਖ ਮੰਤਰੀ ਭੀਮ ਸੈਨ ਸਚਰ ਵਿਰੁਧ ਸਿਖਾਂ 'ਚ ਰੋਹ ਵਧਦਾ ਗਿਆ। ਅਜਿਹਾ ਮਾਹੌਲ ਪੈਦਾ ਹੋ ਗਿਆ ਕਿ ਆਖ਼ਿਰ ਜਨਵਰੀ, 1956 'ਚ ਭੀਮ ਸੈਨ ਸਚਰ ਨੂੰ ਅਸਤੀਫਾ ਦੇਣਾ ਪਿਆ ਅਤੇ ਉਸ ਦੀ ਥਾਂ ਜਟ ਸਿਖ ਪਰਤਾਪ ਸਿੰਘ ਕੈਰੋਂ ਨੂੰ ਮੁਖ ਮੰਤਰੀ ਬਣਾਇਆ ਗਿਆ।

ਦੂਜੇ ਪਾਸੇ ਅਕਤੂਬਰ, 1955 'ਚ ਹਦਬੰਦੀ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ ਜਿਸ ਅਨੁਸਾਰ ਸੂਬੇ ਦੀ ਮੰਗ ਨਾ ਮਨਜ਼ੂਰ ਕਰ ਦਿਤੀ ਗਈ ਸਗੋਂ ਪੰਜਾਬ ਨਾਲ ਪੈਪਸੂ ਤੇ ਹਿਮਾਚਲ ਪਰਦੇਸ਼ ਜੋੜ ਦਿਤੇ ਪਰ ਸਿਖਾਂ ਨੇ ਵਿਰੋਧਤਾ ਕੀਤੀ ਤੇ ਕਿਹਾ ਕਿ ਇਸ ਮਾਮਲੇ ਤੇ ਗਲ ਬਾਤ ਨਹੀਂ ਕੀਤੀ ਗਈ ਤਾਂ ਸਾਡੀ ਪੂਰਨ ਮੋਰਚੇ ਦੀ ਧਮਕੀ ਦਿਤੀ।[24] ਭਾਵੇਂ ਕੇਂਦਰੀ ਸਰਕਾਰ ਸ਼ੁਰੂ

---

21. ਕੈਲਾਸ਼ ਚੰਦਰ ਗੁਲਾਟੀ, ਪਿਠਅੰਕਤ, ਪੰਨਾ 163 ਅਤੇ ਪੂਰੀ ਘਟਨਾ ਦੀ ਜਾਣਕਾਰੀ ਲਈ ਦੇਖੋ, ਅਜੀਤ ਸਿੰਘ ਸਰਹਦੀ, ਪਿਠਅੰਕਤ, ਪੰਨਾ 145-46.
22. ਬਲਦੇਵ ਰਾਜ ਨਈਅਰ, ਮਾਇਨੋਰਟੀ ਪੋਲੀਟਿਕਸ ਇਨ ਦੀ ਪੰਜਾਬ (ਯੂਨੀਵਰਸਿਟੀ ਆਫ਼ ਪਰਿੰਸਟੋਨ, 1966), ਪੰਨਾ 244.
23. ਪੂਰੀ ਜਾਣਕਾਰੀ ਲਈ ਦੇਖੋ ਪੰਡਿਤ ਮੋਹਨ ਲਾਲ, ਡਿਸਇੰਟੇਗਰੇਸ਼ਨ ਆਫ਼ ਪੰਜਾਬ (ਚੰਡੀਗੜ, 1984) ਪੰਨੇ 13-25.
24. ਬਲਦੇਵ ਰਾਜ ਨਈਅਰ, ਪਿਠਅੰਕਤ, ਪੰਨਾ 245.

ਹੀ ਤੋਂ ਪੰਜਾਬੀ ਸੂਬੇ ਦੇ ਖ਼ਿਲਾਫ਼ ਸੀ। ਨਹਿਰੂ ਨੇ 1952 'ਚ ਆਪ ਕਿਹਾ ਸੀ ਹੁਣ ਹੋਰ ਵੰਡ ਨਹੀਂ ਹੋਵੇਗੀ। ਪਰ ਜਦੋਂ 1955 ਦੇ ਮੋਰਚੇ ਦੀ ਸਫ਼ਲਤਾ ਵਧੀ ਤਾਂ ਸਰਕਾਰ ਨੂੰ ਆਪਣਾ ਵਿਚਾਰ ਬਦਲਣਾ ਪਿਆ, ਨਹਿਰੂ ਨੇ ਸੋਚਿਆ ਕਿ ਸਿਖਾਂ ਨੂੰ ਸ਼ਾਂਤ ਕਰਨ ਲਈ ਕੁਝ ਨਾ ਕੁਝ ਤਾਂ ਦੇਣਾ ਹੀ ਪਵੇਗਾ। 1956 'ਚ ਨਹਿਰੂ ਆਪ ਪੰਜਾਬ ਆਇਆ। ਉਸ ਨੇ ਮਾਸਟਰ ਤਾਰਾ ਸਿੰਘ ਨਾਲ ਗਲ ਬਾਤ ਕੀਤੀ ਤੇ ਨਹਿਰੂ ਮਾਸਟਰ ਤਾਰਾ ਸਿੰਘ ਐਕਟ[25] ਤਿਆਰ ਹੋਇਆ। ਜਿਸ ਅਨੁਸਾਰ ਰਿਜਨਲ ਫਾਰਮੂਲਾ ਹੋਂਦ 'ਚ ਆਇਆ। ਇਸ ਅਨੁਸਾਰ ਪੰਜਾਬ ਅਤੇ ਪੈਪਸੂ ਇਕ ਕਰਨ ਅਤੇ ਇਸ ਤੇ ਜ਼ੋਨ ਬਨਾਉਣ ਦਾ ਫ਼ੈਸਲਾ ਕੀਤਾ। ਹਿਮਾਚਲ ਵਖਰਾ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੇ ਹਿਸੇ ਹੋਣਗੇ, ਜਿਸ ਵਿਚ ਵਖ ਵਖ ਰਿਜਨਲ ਕੌਂਸਲਾਂ ਹੋਣਗੀਆਂ।

ਇਹ ਅਕਾਲੀ ਦਲ ਦੀ ਬਹੁਤ ਵਡੀ ਪਰਾਪਤੀ ਸੀ ਜੋ ਉਹਨਾਂ ਦੀ ਮੰਜ਼ਿਲ ਪੰਜਾਬੀ ਸੂਬੇ ਦੀ ਸੀ ਇਹ ਫਾਰਮੂਲਾ ਪੰਜਾਬੀ ਸੂਬੇ ਦੀ ਪਰਾਪਤੀ ਵਲ ਪਹਿਲਾ ਕਦਮ ਸੀ।[26]

25. ਪੰਡਿਤ ਮੋਹਨ ਲਾਲ, ਪਿਠਅੰਕਤ, ਪੰਨਾ 57-58।
26. ਬਲਦੇਵ ਰਾਜ ਨਈਅਰ ਪਿਠਅੰਕਤ, ਪੰਨਾ 246.

# ਇਤਿਹਾਸਕਾਰ ਦਾ ਸਿਧਾਂਤਕ ਪਰਿਪੇਖ

ਡਾ. ਬਲਕਾਰ ਸਿੰਘ*

ਇਸ ਲੇਖ ਵਿਚ ਸੁਯੋਗ ਲੇਖਕ ਨੇ ਡਾਕਟਰ ਗੰਡਾ ਸਿੰਘ ਦੀ ਇਤਿਹਾਸ ਕਲਾ ਨੂੰ ਵਖ ਵਖ ਦਰਿਸ਼ਟੀਕੋਣਾਂ ਤੋਂ ਮੁਲੰਕਣ ਦੀ ਕੋਸ਼ਿਸ਼ ਕੀਤੀ ਹੈ।

ਸ. ਸੰ.

ਆਮ ਕਰਕੇ ਇਤਿਹਾਸਕਾਰ ਬਾਰੇ ਪਰਚਲਿਤ ਤੇ ਪਰਵਾਨਤ ਬਿਰਤੀ ਤਥ ਇਕਤਰਤਾ ਤੇ ਇਸ ਦੀ ਪਰਸਤੁਤੀ ਤਕ ਸੀਮਿਤ ਰਹਿਣ ਦੀ ਹੈ। ਇਤਿਹਾਸਕਾਰੀ ਨੂੰ ਉਸਾਰੂ ਪਰਸੰਗ ਵਿਚ ਵੇਖੇ ਜਾਣ ਦੀ ਲੋੜ ਹੈ। ਡਾ. ਗੰਡਾ ਸਿੰਘ ਨੇ ਪੰਜਾਬ ਦੇ ਇਤਿਹਾਸਕਾਰ ਵਜੋਂ ਜੋ ਯੋਗਦਾਨ ਪਾਇਆ ਹੈ, ਉਸਦਾ ਸੰਤੁਲਤ ਮੁਲਾਂਕਣ ਇਸੇ ਦਰਿਸ਼ਟੀ ਤੋਂ ਹੋ ਸਕਦਾ ਹੈ। ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਸਿਧਾਂਤਕ ਪਰਿਪੇਖ ਨੂੰ ਪਰਸਤੁਤ ਕਰਨ ਦਾ ਯਤਨ ਕਰਨਾ ਹੀ ਇਸ ਲੇਖ ਦਾ ਮੰਤਵ ਹੈ।

ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ, 1900 ਈ. ਨੂੰ ਹੋਇਆ। ਇਸਨੂੰ ਉਨੀਵੀਂ ਸਦੀ ਦੇ ਅੰਤ ਜਾਂ ਵੀਹਵੀਂ ਸਦੀ ਦੇ ਆਰੰਭ ਵਜੋਂ ਦੋਵੇਂ ਤਰਾਂ ਵੇਖਿਆ ਜਾ ਸਕਦਾ ਹੈ। ਅਜ ਜਦੋਂ ਇਸ ਸ਼ੁਭ ਆਗਮਨ ਨੂੰ ਚਿਤਵਦੇ ਹਾਂ ਤਾਂ ਸਤਾਸੀਆਂ ਸਾਲਾਂ ਦਾ ਪਰਸਿਧ ਇਤਿਹਾਸਕਾਰ ਵੀਹਵੀਂ ਸਦੀ ਦਾ ਆਰੰਭ ਜਾਪਦਾ ਹੈ। ਪੰਜਾਬ ਦੀ ਮਿਟੀ ਦੀ ਮਹਿਕ ਅਤੇ ਤਪਸ਼ ਬਾਲਕ ਗੰਡਾ ਸਿੰਘ ਨੇ ਰਜ ਕੇ ਹੰਢਾਈ। ਮਹਿਕ ਉਨਾਂ "ਬਾਤਾਣੀਆਂ ਕਹਾਣੀਆਂ" ਦੀ ਸੀ ਜਿਹੜੀਆਂ ਉਸ ਨੇ ਬਜ਼ੁਰਗਾਂ ਕੋਲੋਂ ਸੁਣੀਆਂ। ਮਹਿਕ ਦੀ ਇਸ ਵਿਰਾਸਤ ਵਾਸਤੇ ਲਗਨ ਅਤੇ ਫ਼ਖ਼ਰ ਨੇ ਗੰਡਾ ਸਿੰਘ ਨੂੰ ਰੀਸ ਯੋਗ ਆਭਾ ਦਾ ਮਾਲਕ ਬਨਣ ਵਿਚ ਹਿਸਾ ਪਾਇਆ। ਗੰਡਾ ਸਿੰਘ ਦੇ ਬਚਪਨ ਦੀ ਤਪਸ਼ ਦਾ ਅੰਦਾਜ਼ਾ ਇਸ ਗਲ ਤੋਂ ਲਾਇਆ ਜਾ ਸਕਦਾ ਹੈ ਕਿ ਉਸਨੂੰ ਕਾਲਜ ਦੀ ਪੜ੍ਹਾਈ ਵਿਚੇ ਛਡਕੇ 19 ਵਰਿਆਂ ਦੀ ਉਮਰ ਵਿਚ ਫੌਜ ਦੀ ਨੌਕਰੀ ਕਰਨੀ ਪਈ। ਨੌਕਰੀ ਦਾ ਇਹ ਆਲਮ ਪੰਜਾਬ ਦੀ ਪੇਂਡੂ ਆਰਥਕਤਾ ਨਾਲ ਜੁੜਿਆ ਹੋਇਆ ਹੈ। ਗਭਰੂ ਗੰਡਾ ਸਿੰਘ ਦੇ ਸੁਪਨੇ ਜਦੋਂ ਜ਼ਿੰਦਗੀ ਦੀਆਂ ਤਲਖੀਆਂ ਨਾਲ ਉਲਝ ਰਹੇ ਸਨ, ਉਸ ਵੇਲੇ ਪੰਜਾਬ ਵਿਚ ਵਿਸ਼ੇਸ਼ ਪ੍ਰਕਾਰ ਦੀ ਜਾਗਰਤੀ ਦੇ ਤਤ ਵੀ ਉਜਾਗਰ ਹੋ ਰਹੇ ਸਨ। ਈਸਾਈ ਮਿਸ਼ਨਰੀਆਂ ਵਲੋਂ ਲੋਕ-ਚੇਤਨਾ ਨੂੰ ਪਰਭਾਵਿਤ ਕਰਨ ਦੇ ਯਤਨਾਂ ਨਾਲ ਧਾਰਮਿਕ ਉਤਮਤਾ ਵਾਸਤੇ ਮੁਕਾਬਲਾ ਸ਼ੁਰੂ ਹੋ ਗਿਆ ਸੀ। ਸਵਾਮੀ ਦਯਾਨੰਦ ਨੇ ਇਸ ਨੂੰ ਹੋਰ ਵੀ ਪਕਿਆਂ ਕੀਤਾ। ਈਸਟ ਇੰਡੀਆ ਕੰਪਨੀ ਵਲੋਂ ਸਿਖਾਂ ਨੂੰ ਨਾਲ ਲੈਕੇ ਤੁਰਨ ਦੇ ਲਾਲਚ ਅਧੀਨ ਸਿਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਸੀ। ਸ਼ਰਧਾ ਰਾਮ ਫਲੌਰੀ ਦੀਆਂ ਲਿਖਤਾਂ ਤੋਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਸਿੰਘ ਸਭਾ ਲਹਿਰ ਦਾ ਮੁਢ ਬਝ ਚੁਕਾ ਸੀ। ਇਸ ਸਾਰੇ ਪਰਭਾਵ ਤੋਂ ਕੋਈ ਚੇਤੰਨ ਮਨ ਅਭਿਜ ਨਹੀਂ ਰਹਿ ਸਕਦਾ ਸੀ। ਇਸ ਕਿਸਮ ਦੇ ਮਾਹੌਲ ਤੋਂ ਪੈਦਾ ਹੋਣ ਵਾਲੀ ਲਾਜ਼ਮ ਮਾਨਸਿਕਤਾ ਨੂੰ ਨਾਲ ਲੈ ਕੇ ਗੰਡਾ ਸਿੰਘ ਫੌਜ

*ਰੀਡਰ, ਗੁਰੂ ਗਰੰਥ ਸਾਹਿਬ ਅਧਿਅਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਿਚ ਭਰਤੀ ਹੋ ਕੇ ਦੇਸ਼ ਤੋਂ ਬਾਹਰ ਚਲਾ ਗਿਆ। ਵਤਨ ਦੀ ਯਾਦ ਤੋਂ ਮੁਕਤ ਹੋਣਾ ਸੌਖਾ ਨਹੀਂ ਹੈ ਪਰੰਤੂ ਵਤਨ ਦੇ ਸਭਿਆਚਾਰ ਅਤੇ ਇਤਿਹਾਸ ਨੂੰ ਜਾਨਣ ਦੀ ਉਤਸੁਕਤਾ ਨੂੰ ਪਾਲਨਾਂ ਕਿਸੇ ਵਿਰਲੇ ਦਾ ਕੰਮ ਹੈ। ਯਾਦ ਦੀ ਤੜਪ ਬੇਗਾਨਗੀ ਦੀ ਭਾਵਨਾ ਪੈਦਾ ਕਰਦੀ ਹੈ। ਪਰੰਤੂ ਵਿਰਾਸਤ ਦੀ ਚੇਤਨਾ ਨਾਲ ਆਤਮ-ਨਿਕਟਤਾ ਦਾ ਉਸਾਰੂ ਜਜ਼ਬਾ ਪੈਦਾ ਹੁੰਦਾ ਹੈ। ਗੰਡਾ ਸਿੰਘ ਨੇ ਆਪਣੀ ਵਿਹਲ ਸਿਖ ਇਤਿਹਾਸ ਨੂੰ ਸਮਰਪਿਤ ਕਰ ਦਿਤੀ। ਪੰਜਾਬ ਨਾਲ ਸਬੰਧਤ ਪੁਸਤਕਾਂ ਖਰੀਦਣ, ਪੜਣ ਅਤੇ ਸੰਭਾਲਣ ਦਾ ਉਨਾਂ ਦਾ ਸੁਭਾ ਚੁਗਿਰਦੇ ਵਿਚ ਉਜਾਗਰ ਸੀ। ਪੜਣ ਲਿਖਣ ਦੇ ਸ਼ੌਕੀਨ ਅਫਸਰਾਂ ਨੂੰ ਗੰਡਾ ਸਿੰਘ ਦੀ ਬਿਰਤੀ ਚੰਗੀ ਲਗਦੀ ਸੀ। ਉਤਸ਼ਾਹੀ ਗੰਡਾ ਸਿੰਘ ਨੇ ਅੰਗਰੇਜ਼ੀ, ਫ਼ਾਰਸੀ, ਪਸ਼ਤੋ, ਆਦਿ, ਭਾਸ਼ਾਵਾਂ ਇਸੇ ਲਗਨ ਵਿੱਚੋਂ ਸਿਖ ਲਈਆਂ। ਪੰਜਾਬ ਪਰਤਨ ਵੇਲੇ ਤਕ ਇਹ ਸ਼ੌਂਕ ਸੁਭਾ ਵਿਚ ਤਬਦੀਲ ਹੋ ਚੁਕਾ ਸੀ। ਉਹ ਜਿਥੇ ਵੀ ਪਹੁੰਚੇ, ਉਥੇ ਹੀ ਪੁਸਤਕਾਂ ਦੀ ਲਗਨ ਵਿਚੋਂ ਲਾਇਬਰੇਰੀਆਂ ਕਾਇਮ ਕੀਤੀ। ਖਾਸ ਕਰ ਕੇ ਖਾਲਸਾ ਕਾਲਜ, ਅੰਮਰਿਤਸਰ ਅਤੇ ਪਟਿਆਲਾ ਦੀਆਂ ਲਾਇਬਰੇਰੀਆਂ ਇਸ ਦੀ ਅਜ ਵੀ ਸਾਖੀ ਭਰਦੀਆਂ ਹਨ। ਡਾ. ਗੰਡਾ ਸਿੰਘ ਦੀ ਨਿਜੀ ਦੇਖ ਰੇਖ ਅਤੇ ਅਗਵਾਈ ਵਿਚ ਸਥਾਪਤ ਪੁਰਾਤਤਵ ਖੋਜ ਵਿਭਾਗ, ਸੈਂਟਰਲ ਪਬਲਿਕ ਲਾਇਬਰੇਰੀ, ਪੰਜਾਬ ਇਤਿਹਾਸ ਅਧਿਯਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬਰੇਰੀ ਖਾਲਸਾ ਕਾਲਜ ਦੀ ਲਾਇਬਰੇਰੀ ਅਤੇ ਲੇਖਕ ਦੀ ਨਿਜੀ ਲਾਇਬਰੇਰੀ ਪਟਿਆਲਾ ਅਤੇ ਪੰਜਾਬ ਦੇ ਸਭਿਆਚਾਰਕ ਗੌਰਵ ਦੇ ਸਦੀਵੀ ਸਰੋਤ ਦੀਆਂ ਸੂਚਕ ਹਨ।

ਡਾ. ਗੰਡਾ ਸਿੰਘ ਨੇ ਪੰਜਾਬ ਦੇ ਇਤਿਹਾਸਕਾਰ ਦੇ ਤੌਰ ਤੇ ਗਿਣਣਾਤਮਕ ਅਤੇ ਗੁਣਨਾਤਮਕ ਦੋਹਾਂ ਪਖਾਂ ਤੋਂ ਭਰਪੂਰ ਯੋਗਦਾਨ ਪਾਇਆ ਹੈ। ਅੰਗਰੇਜ਼ੀ, ਪੰਜਾਬੀ, ਉਰਦੂ ਅਤੇ ਫ਼ਾਰਸੀ ਵਿਚ ਲਿਖੀਆਂ ਪੁਸਤਕਾਂ ਅਤੇ ਖੋਜ-ਪਤਰਾਂ ਦੀ ਗਿਣਤੀ ਅਤੇ ਗੁਣਾਂ ਨੂੰ ਧਿਆਨ ਵਿਚ ਰਖ ਕੇ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਵਿਦਵਾਨ ਲੇਖਕ ਨੇ ਸਿਖ ਇਤਿਹਾਸ ਦੀ ਪਰਸੰਗਤਾ ਬਹਾਲ ਕਰਣ ਵਿਚ ਪਹਿਲ ਵੀ ਕੀਤੀ ਹੈ ਅਤੇ ਲੀਹਾਂ ਵੀ ਪਾਈਆਂ ਹਨ। ਗੁਰਮਤਿ ਅਤੇ ਗੁਰ-ਇਤਿਹਾਸ ਦੇ ਵਿਦਿਆਰਥੀ ਦੇ ਤੌਰ ਤੇ ਮੈਨੂੰ ਡਾ. ਗੰਡਾ ਸਿੰਘ ਦੇ ਹੇਠ ਲਿਖੇ ਨੁਕਤਿਆਂ ਨੇ ਪਰਭਾਵਿਤ ਕੀਤਾ ਹੈ :

### 1. ਪੰਜਾਬ ਦਾ ਇਤਿਹਾਸਕਾਰ :

ਲੇਖਕ ਨੇ ਪੰਜਾਬ ਦੇ ਇਤਿਹਾਸ ਨੂੰ "ਬਾਬਾਣੀਆਂ ਕਹਾਣੀਆਂ", "ਪੁਤ ਸਪੁਤ ਕਰੇਣ" ਦੀ ਭਾਵਨਾਂ ਨਾਲ ਗਰਹਿਣ ਕੀਤਾ ਅਤੇ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ" ਦੇ ਪਰਸੰਗ ਵਿਚ ਪਰਸ਼ਤੁਤ ਕੀਤਾ। ਇਹ ਪਹਿਲੀ ਵਾਰ ਹੀ ਸੀ ਕਿ ਕਿਸੇ ਇਤਿਹਾਸਕਾਰ ਨੇ ਸਿਖ ਇਤਿਹਾਸ ਨੂੰ ਢਾਢੀ ਵਾਂਗ ਗਾਉਂਦਿਆਂ ਵੀ ਆਪਣੇ ਆਪ ਨੂੰ ਉਲਾਰ ਜਾਂ ਧੜੇਬਾਜ ਨਹੀਂ ਹੋਣ ਦਿਤਾ। ਏਸੇ ਲਈ ਲੇਖਕ ਦੀ ਲਿਖਤ ਦੇ ਘੇਰੇ ਵਿਚ ਬੰਦਾ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਅਹਿਮਦਸ਼ਾਹ ਦੁਰਾਨੀ ਵੀ ਆਪਣੇ ਆਪਣੇ ਪਰਸੰਗ ਵਿਚ ਨਜ਼ਰ ਆ ਰਿਹਾ ਹੈ। ਇਸ ਪਹੁੰਚ ਨੂੰ ਸੈਕੂਲਰ ਦਾ ਠਪਾ ਲਾਉਣ ਦੀ ਲੋੜ ਨਹੀਂ ਹੈ ਕਿਉਂਕਿ ਪੰਜਾਬ ਦੀ ਧਰਤੀ ਨਾਲ ਸਬੰਧਤ ਸਾਰੇ ਇਤਿਹਾਸਕ ਪਹਿਲੂਆਂ ਨੂੰ ਲੇਖਕ ਨਾਲ ਲੈ ਕੇ ਤੁਰਿਆ ਹੈ। ਏਸੇ ਲਈ ਉਹ ਪੰਜਾਬ ਦੇ ਇਤਿਹਾਸਕਾਰ ਵਜੋਂ ਸਤਿਕਾਰੇ ਜਾਂਦੇ ਹਨ।

### 2. ਸਰੋਤ-ਮੂਲਕ ਪਹੁੰਚ :

ਲੇਖਕ ਦੀ ਖੋਜੀ ਬਿਰਤੀ ਨੇ ਇਤਿਹਾਸਕ-ਸਤਿਅਤਾ ਦੀ ਭਾਲ ਵਿਚ ਕੋਈ ਕਸਰ ਬਾਕੀ ਨਹੀਂ ਛਡੀ। ਸਿਖ ਤੇ ਗੈਰ-ਸਿਖ ਇਤਿਹਾਸਕਾਰਾਂ ਦੀਆਂ ਲਿਖਤਾਂ ਨੂੰ ਆਧਾਰ ਬਣਾਕੇ ਸਿਟੇ ਕਢੇ ਹਨ ਅਤੇ ਉਨਾਂ ਤਥਾਂ ਨੂੰ ਹੀ ਸਾਹਮਣੇ ਲਿਆਂਦਾ ਹੈ ਜਿਨਾਂ ਦੇ ਆਧਾਰ ਕਾਇਮ ਹਨ। ਕਲਪਨਾਂ ਤੇ ਅੰਦਾਜ਼ਿਆਂ ਤੇ ਆਧਾਰਤ ਮੰਤਵ-ਮੁਖੀ ਸਿਟਿਆਂ ਦੇ ਲਾਲਚ ਤੋਂ ਲੇਖਕ ਮੁਕਤ ਹੈ।

ਇਸ ਬਿਰਤੀ ਨਾਲ ਨਿਭ ਸਕਣਾ ਕਠਨ ਹੈ ਅਤੇ ਇਸ ਕਠਨਾਈ ਤੇ ਵਿਜੈ ਹੀ ਲੇਖਕ ਦਾ ਸਹੀ ਵਰਨਣਯੋਗ ਤਤ ਹੈ ।

### 3. ਬੇਲਾਗ ਪਰਸਤੁਤੀ :

ਲੇਖਕ ਨੇ ਪੰਜਾਬ ਨਾਲ ਸਬੰਧਤ ਇਤਿਹਾਸਕ ਸਮਗਰੀ ਨੂੰ ਵਿਦਵਾਨਾਂ ਤੇ ਵਿਦਿਆਰਥੀਆਂ ਲਈ ਬੇਲਾਗ ਢੰਗ ਨਾਲ ਪਰਸਤੁਤ ਕਰਣ ਵਿਚ ਬੇਜੋੜ ਹਿਸਾ ਪਾਇਆ ਹੈ । ਜੇ ਇਕਲੇ "ਦੀ ਪੰਜਾਬ ਪਾਸਟ ਐਂਡ ਪਰੈਜ਼ੈਂਟ" ਨੂੰ ਹੀ ਇਸ ਦੀ ਪਰੋੜਤਾ ਵਿਚ ਲੈ ਲਿਆ ਜਾਵੇ ਤਾਂ ਧਾਰਨਾ ਦਾ ਸਮਰਥਨ ਹੋ ਜਾਂਦਾ ਹੈ । ਬੇਲਾਗ ਪਰਸਤੁਤੀ ਸੰਤੁਲਤ ਸ਼ਖਸੀਅਤ ਅਤੇ ਸਪਸ਼ਟ ਪਹੁੰਚ ਵਿਚੋਂ ਹੀ ਪੈਦਾ ਹੋ ਸਕਦੀ ਹੈ । ਇਸ ਗੁਰਮੁਖ ਬਿਰਤੀ ਨੇ ਡਾ. ਗੰਡਾ ਸਿੰਘ ਨੂੰ ਜਿਉਂਦੇ ਜੀਅ ਹਰਮਨ-ਪਿਆਰਾ ਬਣਾਈ ਰਖਿਆ ।

### 4. ਅਕਾਦਮਿਕ ਦਰਿਸ਼ਟੀਕੋਣ :

ਪੰਜਾਬ ਦੇ ਇਤਿਹਾਸ ਦਾ ਅਕਾਦਮਿਕ ਪਰਸੰਗ ਸਿਰਜਣ ਵਿਚ ਲੇਖਕ ਨੂੰ ਮੋਢੀਆਂ ਵਾਲਾ ਸਥਾਨ ਪਰਾਪਤ ਹੈ । ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਇਤਿਹਾਸ ਨੂੰ ਵਿਸ਼ੇ ਵਜੋਂ ਪੜ੍ਹਾਉਣ ਨਾਲ ਉਹ ਸਬੰਧਤ ਰਹੇ ਹਨ । ਇਸਦੇ ਬਾਵਜੂਦ ਆਮ ਧੜੇਬਾਜੀ ਵਾਲੀ ਢਾਹੂ ਅਕਾਦਮਿਕ-ਸਿਆਸਤ ਤੋਂ ਉਪਰ ਉਠ ਕੇ ਵਿਚਰ ਸਕਣ ਦੀ ਰੀਸ-ਕਰਨ ਯੋਗ ਉਦਾਹਰਣ ਲੇਖਕ ਨੇ ਕਾਇਮ ਕੀਤੀ ਹੈ । ਕਿਸੇ ਵੀ ਡਿਸਿਪਲਨ ਨੂੰ ਅਜਿਹੀ ਸੇਧ ਦੀ ਲੋੜ ਹੁੰਦੀ ਹੈ ਅਤੇ ਇਹ ਲੋੜ ਪੂਰੀ ਕਰਨ ਵਾਲੇ ਨੂੰ ਮੋਢੀ ਵਾਲਾ ਸਥਾਨ ਪਰਾਪਤ ਹੁੰਦਾ ਹੈ । ਡਾਕਟਰ ਸਾਹਿਬ ਇਸ ਪਖੋਂ ਮੋਢੀ ਹਨ ।

### 5. ਪਰੰਪਰਾ ਤੇ ਆਧੁਨਿਕਤਾ ਦੀ ਇਕਸੁਰਤਾ :

ਪੰਜਾਬ ਦੀ ਇਤਿਹਾਸਕਾਰੀ ਦੇ ਇਨਾਂ ਦੋਹਾਂ ਪਹੀਆਂ ਨੂੰ ਕਾਇਮ ਰਖਣ ਦੀ ਪਹਿਲ ਵੀ ਲੇਖਕ ਨੇ ਹੀ ਕੀਤੀ ਹੈ । ਇਨਾਂ ਦੋਹਾਂ ਨੂੰ ਇਕ ਦੂਜੇ ਤੇ ਹਾਵੀ ਨਹੀਂ ਹੋਣ ਦਿਤਾ । ਇਹ ਗੁਣ ਕਿਸੇ ਵੀ ਲੇਖਕ ਦੀ ਸ਼ਰਧਾ ਅਤੇ ਬੁਧੀ ਦੀ ਇਕਸੁਰਤਾ ਵਿਚੋਂ ਹੀ ਪੈਦਾ ਹੋ ਸਕਦਾ ਹੈ । ਵਕਤੀ ਸ਼ੁਹਰਤ ਦੇ ਲਾਲਚ ਤੋਂ ਮੁਕਤ ਹੋ ਕੇ ਹੀ ਅਜਿਹਾ ਸੰਭਵ ਹੋ ਸਕਦਾ ਸੀ ਅਤੇ ਡਾ. ਗੰਡਾ ਸਿੰਘ ਨੇ ਅਜਿਹਾ ਸਫ਼ਲਤਾ ਪੂਰਵਕ ਕਰ ਵਿਖਾਇਆ ਹੈ ।

ਉਪਰੋਕਤ ਪੰਜ-ਪਖੀ ਪਹੁੰਚ ਦੇ ਆਧਾਰ ਤੇ ਡਾ. ਗੰਡਾ ਸਿੰਘ ਦੀ ਸ਼ਖਸ਼ੀਅਤ ਦਾ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਹੈ । ਉਨਾਂ ਨੇ ਆਪਣੇ ਰੋਜ਼ਾਨਾ ਜੀਵਨ ਨੂੰ ਨਿਯਮ-ਬਧ ਕਰੀ ਰਖਿਆ ਹੈ । ਮਿਥੇ ਹੋਏ ਸਮੇਂ ਤੇ ਸੈਰ ਕਰਨੀ ਅਤੇ ਪੜਣ ਪੜ੍ਹਾਉਣ ਜਾਂ ਲਿਖਣ ਲਿਖਾਉਣ ਦੇ ਸਮੇਂ ਦੀ ਪਾਲਨਾ ਵਿਚ ਉਨਾਂ ਨੇ ਫ਼ਰਕ ਨਹੀਂ ਆਉਣ ਦਿਤਾ । ਅਜ ਇਹ ਸਾਰਾ ਕੁਝ ਰੁਕ ਗਿਆ ਜਾਪਦਾ ਹੈ ਕਿਉਂਕਿ ਡਾਕਟਰ ਸਾਹਿਬ ਦੀ ਗੈਰ ਮੌਜੂਦਗੀ ਪਰੇਰਨਾ ਵਾਂਗ ਕੰਮ ਨਹੀਂ ਕਰ ਰਹੀ ਹੈ । ਵਿਅਕਤੀ ਰੂਪ ਵਿਚ ਉਹ ਵਿਚਾਰਧਾਰਾ ਜਾਂ ਸੰਕਲਪ ਹੋ ਗਏ ਹਨ । ਉਨਾਂ ਨਾਲ ਸਾਂਝ ਇਸੇ ਦਰਿਸਟੀ ਤੋਂ ਪਾਈ ਜਾ ਸਕਦੀ ਹੈ । ਸਾਦਗੀ ਉਨਾਂ ਦੇ ਜੀਵਨ ਦਾ ਕੇਂਦਰੀ ਧੁਰਾ ਰਹੀ ਹੈ । ਉਨਾਂ ਨੇ ਸਹੂਲਤ-ਮੁਖੀ ਜੀਵਨ ਦੀ ਨਾ ਹੀ ਅਕਾਂਖਿਆ ਕੀਤੀ ਹੈ ਅਤੇ ਨਾ ਹੀ ਅਜਿਹੀ ਬਿਰਤੀ ਨੂੰ ਕਦੇ ਸ਼ਹਿ ਦਿਤੀ ਹੈ । ਉਨਾਂ ਨੇ ਸੋਚਣ ਅਤੇ ਕਰਣ ਵਿਚ ਵਿਥ ਵੀ ਨਹੀਂ ਪੈਣ ਦਿਤੀ । ਜਿਹੜੀਆਂ ਸਿਧਾਂਤਕ ਲੀਹਾਂ ਉਨਾਂ ਨੇ ਪੰਜਾਬ ਦੀ ਇਤਿਹਾਸਕਾਰੀ ਦੇ ਖੇਤਰ ਵਿਚ ਪਾਈਆ ਹਨ, ਉਹ ਚੈਲੰਜ ਵਾਂਗ ਸਾਹਮਣੇ ਹਨ । ਇਸ ਨੂੰ ਸਵੀਕਾਰ ਕਰਨਾ ਅਤੇ ਇਸ ਚੈਲੰਜ ਦਾ ਸਮਾਧਾਨ ਲਭਣਾ ਹੀ ਪੰਜਾਬ ਦੀ ਇਤਿਹਾਸਕਾਰੀ ਦੇ ਸੰਦਰਭ-ਸਥਾਪਨ ਵਾਸਤੇ ਲੋੜੀਂਦਾ ਹੈ । ਇਸੇ ਨੂੰ ਸਿਧਾਂਤਕ ਪਰਿਪੇਖ ਵਿਚ ਵੇਖਣ ਦਾ ਯਤਨ ਕੀਤਾ ਗਿਆ ਹੈ । ਇਹੀ ਡਾਕਟਰ ਸਾਹਿਬ ਦੀ ਸਿਮਰਤੀ ਨੂੰ ਸਦਾ-ਜਾਗਤ ਅਤੇ ਸਦਾ ਤਾਜ਼ਾ ਰਖੇਗਾ ।

# 1920 ਵਿਚਲੀ ਪੰਥਕ ਜਥੇਬੰਦੀ ਦੀ ਅਵਸਥਾ

ਅਮਰਜੀਤ ਕੌਰ*

ਇਸ ਲੇਖ ਵਿਚ ਦਸਿਆ ਗਿਆ ਹੈ ਕਿ ਲਾਹੌਰ ਤੋਂ ਨਿਕਲਣ ਵਾਲੇ ਪੰਜਾਬੀ ਅਖਬਾਰ, ਅਕਾਲੀ, 1920 ਦੇ ਪਰਚਿਆਂ ਵਿਚ ਉਸ ਸਮੇਂ ਦੀ ਸਿਖ ਸਿਆਸਤ ਬਾਰੇ ਕਿਸ ਤਰਾਂ ਚਿੰਤਾ ਵਾਲੀਆਂ ਟਿਪਣੀਆਂ ਕੀਤੀਆਂ ਜਾਂਦੀਆਂ ਸਨ ।

ਸ. ਸ.

**ਅਕਾਲੀ**, ਲਾਹੌਰ, 1920 ਦੇ ਅਧਿਐਨ ਤੋਂ ਸਿਟਾ ਨਿਕਲਦਾ ਹੈ ਕਿ ਸਿਖ ਲੀਗ ਦੀ ਹੋਂਦ ਦੇ ਬਾਵਜੂਦ 1920 ਵਿਚ ਸਿਖਾਂ ਦੀ ਕੋਈ ਜਥੇਬੰਦੀ ਹੀ ਨਹੀਂ ਸੀ । ਬਾਰ ਬਾਰ ਇਹ ਅਪੀਲ ਹੋ ਰਹੀ ਸੀ ਕਿ ਸਿਖ ਹਸਤੀ ਨੂੰ ਕਾਇਮ ਰਖਣ ਲਈ ਛੇਤੀ ਜਥੇਬੰਦ ਹੋ ਜਾਵੇ ।

'ਜਥੇਬੰਦੀ ਬਿਨਾ ਧਾਰਮਕ ਪੁਲੀਟੀਕਲ ਭਾਈਚਾਰਕ ਕੰਮ ਰਾਸ ਨਹੀਂ ਆ ਸਕਦਾ । ਕੌਮੀ ਵਾਧੇ ਲਈ ਜਥੇਬੰਦੀ ਮੁਖ ਅਸੂਲ ਹੈ । ਬਿਸਮਾਰਕ ਨੇ ਜਰਮਨੀ ਨੂੰ ਇਸ ਕਰ ਕੇ ਉਨਤੀ ਦਾ ਰਾਹ ਖੋਹਲਿਆ । ਇਟਲੀ ਏਕੇ ਨਾਲ ਗੁਲਾਮੀ 'ਚੋਂ ਨਿਕਲਿਆ । ਫਰਾਂਸ, ਅਮਰੀਕਾ, ਜਾਪਾਨ ਤੋਂ ਵੀ ਇਹੋ ਸਿਖਿਆ ਮਿਲਦੀ ਹੈ । ਜਥੇਬੰਦੀ ਦੇ ਪਰਤਾਪ ਨਾਲ ਰੂਸ ਦੀ ਬਿਗੜੀ ਤਾਣੀ ਸੁਲਝ ਗਈ । ਹੁਣ ਦੁਨੀਆਂ ਦੀ ਸਭ ਤੋਂ ਵਡੀ ਤਾਕਤ ਬਾਲਸ਼ਵਿਕਾਂ ਦੇ ਟਾਕਰੇ ਤੋਂ ਮੂੰਹ ਮੋੜਦੀ ਹੈ'[1] 'ਭੰਗੀ ਤਕ ਅਤੇ ਮਜ਼ੂਰਾਂ ਦੇ ਫਿਰਕੇ ਜਥੇਬੰਦ ਹੋ ਰਹੇ ਹਨ' ।[2]

'ਸਾਡੀ ਇਸ ਵੇਲੇ ਕੀ ਹਾਲਤ ਹੈ ? ਸਾਡੀ ਧਾਰਮਕ ਸ਼ਰਹ ਇਕ ਨਹੀਂ ਤੇ ਨਾ ਹੀ ਅਸਾਂ ਇਕਠਿਆਂ ਮਿਲ ਕੇ ਇਸ ਤੇ ਵਿਚਾਰ ਕੀਤਾ ਹੈ, ਜੇ ਇਕ ਨਿਕਾ ਜਿਹਾ ਝਗੜਾ ਛਿੜ ਜਾਂਦਾ ਹੈ ਤਾਂ ਕਈ ਮਹੀਨਿਆਂ ਬਧੀ ਉਸੇ 'ਤੇ ਜੂਤ ਦਾ ਬਜ਼ਾਰ ਗਰਮ ਰਹਿੰਦਾ ਹੈ, ਜਿਸ ਦਾ ਜੋ ਜੀ ਆਉਂਦਾ ਹੈ ਕਹੀ ਜਾਂਦਾ ਹੈ । ਸਾਡੇ ਸਾਰੇ ਸਕੂਲ ਇਕ ਲੜੀ ਵਿਚ ਨਹੀਂ ਪਰੋਤੇ ਹੋਏ । ਖਾਲਸਾ ਕਾਲਜ ਜਦੋਂ ਸਰਕਾਰ ਪਾਸੋਂ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ ਕਿ ਕਿਸ ਸੰਸਥਾ ਨੂੰ ਸੰਭਾਲੀਏ । ਗੁਰਦਵਾਰਿਆਂ ਦਾ ਤਾਣਾ ਅਜਿਹਾ ਹੈ ਜਿਸ ਦੀ ਕੋਈ ਨਾ ਕੋਈ ਤਾਰ ਰੋਜ ਹੀ ਵਿਗੜ ਜਾਂਦੀ ਹੈ । ਜਦੋਂ ਪੰਥ ਗੁਰਦੁਆਰੇ ਮੰਗਦਾ ਹੈ ਤਾਂ ਵੀ ਸਰਕਾਰ ਸਿਖਾਂ ਦੀ ਪਰਤੀਨਿਧੀ ਸੰਸਥਾ ਦਾ ਸਵਾਲ ਪਾਉਂਦੀ ਹੈ'[3] 'ਹਿੰਦੁਸਤਾਨ ਵਿਚ ਨਵੀਂ ਰੌ ਦੇ ਚਲਣ ਨਾਲ ਖਾਲਸੇ ਜੀ ਨੂੰ ਆਪਣੀਆਂ ਤਾਕਤਾਂ ਦਾ ਇਕਠਾ ਕਰ ਕੇ ਲਾਣ ਦੀ ਲੋੜ ਅਗੇ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੋ

---

*ਰੀਸਰਚ ਫੈਲੋ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਸਾਰੇ ਹਵਾਲੇ 1920 ਦੇ ਅਕਾਲੀ ਅਖ਼ਬਾਰ ਦੇ ਹਨ ।

1. ਅਗਸਤ 7.
2. ਅਗਸਤ 15.
3. ਦਸੰਬਰ 11.

ਗਈ ਹੈ' ।[4]

'ਸਿਖ ਪੰਥ ਦੀਆਂ ਮੁਖ ਮੰਗਾਂ ਹਨ ਕਿ ਧਾਰਮਕ, ਵਿਦਿਅਕ ਆਸ਼ਰਮਾਂ ਦਾ ਪੰਥਕ ਪਰਬੰਧ ਹੋਵੇ, ਫੌਜ ਵਿਚ ਕਿਰਪਾਨ ਦੀ ਖੁਲ ਹੋਵੇ, ਸਿਖ ਰਾਜਸੀ ਕੈਦੀ ਛਡੇ ਜਾਣ ਅਤੇ ਰਾਜਸੀ ਪਰਤੀਨਿਧਤਾ ਮਹਤਤਾ ਦੇ ਆਧਾਰ 'ਤੇ ਹੋਵੇ । ਇਹ ਸਭ ਕੁਝ ਪਰਾਪਤ ਕਰਨ ਲਈ ਸਾਨੂੰ (ਸਿਖਾਂ) ਜਥੇਬੰਦ ਹੋਣ ਦੀ ਲੋੜ ਹੈ ।'[5]

ਸਿਖ ਸਮਝਦੇ ਹਨ ਕਿ 'ਗਵਾਂਢੀ ਕੌਮਾਂ (ਹਿੰਦੂ, ਮੁਸਲਮਾਨ) ਅਗੇ ਲੰਘ ਗਈਆਂ ਹਨ' ਕਿਉ ਕਿ ਉਹ ਕਾਫੀ ਸਮੇਂ ਤੋਂ ਰਾਜਨੀਤੀ ਵਿਚ ਹਿਸਾ ਲੈ ਰਹੀਆਂ ਹਨ । ਸਮਕਾਲੀ ਸੋਚ ਅਨੁਸਾਰ ਕੰਪੀਟੀਸ਼ਨ ਵਿਅਕਤੀਆਂ ਵਿਚ ਨਹੀਂ ਸਗੋਂ ਵਖੋ ਵਖਰੀਆਂ ਕੌਮਾਂ ਵਿਚ ਹੈ ਅਤੇ ਕੌਮਾਂ (ਫਿਰਕਿਆਂ) ਨੂੰ ਵਿਅਕਤੀ ਵਾਂਗੂ ਕਲਪਿਆ ਜਾਂਦਾ ਹੈ ।

'ਸਾਡੀ ਲਹੂ ਦੀ ਕਮਾਈ ਨਾਲ ਬਣਿਆ ਕਾਲਜ ਸਾਡੇ ਪਰਬੰਧ ਵਿਚ ਨਾ ਹੋਵੇ । ਸਾਡੇ ਧਾਰਮਕ ਅਸਥਾਨਾਂ ਦਾ ਗਵਰਨਮੈਂਟ ਪਰਬੰਧ ਵਿਚ ਰਹਿਣਾ ਕੌਮ ਦੀ ਦੁਰਗਤੀ ਹੈ । ਜੇਹਲਾਂ ਵਿਚ ਸਾਡੇ ਭਰਾ ਅਤੇ ਬਾਹਰ ਉਹਨਾਂ ਦੇ ਪਰਵਾਰ ਤੰਗ ਹਨ'[6] 'ਅਕਾਲੀ' ਅਨੁਸਾਰ ਇਹ ਕੌਮ ਦੇ ਪਤਨ ਦੀਆਂ ਨਿਸ਼ਾਨੀਆਂ ਹਨ ।

'ਇਸ ਲਈ ਸਿਖ ਪੰਥ ਨੂੰ ਨਿਗਰ ਕੌਮੀ ਜਥੇਬੰਦੀ ਦੇ ਨਾ ਹੋਣ ਦੇ ਅਕਹਿ ਘਾਟੇ ਹਨ । ਕਿਉਂਕਿ ਜਦੋਂ ਕੌਮ ਜਥੇਬੰਦ ਸੀ, ਭਾਵੇਂ ਕਿੰਨੀਆਂ ਹੀ ਮੁਸ਼ਕਲਾਂ ਆਈਆਂ, ਸਿਰਾਂ ਦਾ ਮੁਲ ਰਖਿਆ ਗਿਆ ਪਰ ਜਥੇਬੰਦੀ ਕਰ ਕੇ ਸਿਖ ਦਿਨੋ ਦਿਨ ਵਧਦੇ ਗਏ'[7] ਸੰਪਾਦਕ ਅਨੁਸਾਰ ਸਿਖ 18ਵੀਂ ਸਦੀ ਦੇ ਅਤਿਆਚਾਰ ਇਸ ਕਰ ਕੇ ਝਲ ਸਕੇ ਕਿਉਂਕਿ ਉਹ ਜਥੇਬੰਦ ਸੀ । ਸਿਖ ਰਾਜ ਦੇ ਪਤਨ ਦਾ ਕਾਰਨ ਜਥੇਬੰਦੀ ਦੀ ਅਣਹੋਂਦ ਦਸਿਆ ਗਿਆ ਹੈ । ਅਕਾਲੀ ਪੰਥ ਨੂੰ ਜਥੇਬੰਦ ਹੋਣ ਦੀ ਅਪੀਲ ਕਰਦਾ ਹੈ 'ਇਹ ਮਾਮਲੇ ਸਾਨੂੰ (ਸਿਖਾਂ) ਵੰਗਾਰ ਰਹੇ ਹਨ. ਯਾ ਤਾਂ ਇਕਠੇ ਹੋ ਜਾਓ ਨਹੀਂ ਐਸਾ ਨਾ ਹੋਵੇ ਕਿ ਖਾਲਸਾ ਜੀ ਦਾ ਨਾਮ ਨਿਰਾ ਇਤਿਹਾਸ ਵਿਚ ਹੀ ਰਹਿ ਜਾਵੇ' ।[8]

ਕੋਈ ਵੀਹ ਸਾਲ ਤੋਂ ਚੀਫ ਖਾਲਸਾ ਦੀਵਾਨ ਪੰਥ ਦਾ ਸ਼ਿਰੋਮਣੀ ਜਥਾ ਰਿਹਾ ਹੈ । ਪਰ ਹੁਣ 'ਚੀਫ ਖਾਲਸਾ ਦੀਵਾਨ ਉਹ ਕੰਮ ਕਰਦਾ ਹੈ ਜਿਸ ਨਾਲ ਆਪਣੇ ਆਨੰਦ ਵਿਚ ਭੰਗ ਨਾ ਪਵੇ'[9] 'ਇਸ ਦੀ ਬਨਾਵਟ ਗੁਰੂ ਕਲਗੀਆਂ ਵਾਲੇ ਦੇ ਪੰਚੈਤੀ ਨਿਯਮਾਂ ਦੇ ਉਲਟ ਹੈ । ਕਿਉਂਕਿ ਹਰ ਆਦਮੀ ਇਸ ਦਾ ਮੈਂਬਰ ਨਹੀਂ ਬਣ ਸਕਦਾ । ਮੈਂਬਰੀ ਲਈ ਕਾਰਜਸਾਧਕ ਕਮੇਟੀ ਦੀ ਪਰਵਾਨਗੀ

---

4. ਉਹੀ.
5. ਜੁਲਾਈ 8 'ਜੇ ਸਾਨੂੰ ਸਰਕਾਰ ਆਖੇ ਕਿ ਖਾਲਸਾ ਜੀ ਜੋ ਪਰਬੰਧ (ਦਰਬਾਰ ਸਾਹਿਬ, ਖਾਲਸਾ ਕਾਲਜ) ਤੁਸੀਂ ਮੰਗ ਰਹੇ ਹੋ ਕਿਸਨੂੰ ਦੇਵੀਏ ? ਕਿਹੜੀ ਸੋਸਾਇਟੀ ਆਪ ਨੂੰ ਰੀਪਰਜੈਂਟ ਕਰ ਰਹੀ ਹੈ ? ਅਤੇ ਤੁਹਾਡੀ ਪਾਲਿਸੀ ਕੀ ਹੈ ? ਤਾਂ ਮੁੜ (ਇਹੀ) ਸਵਾਲ ਖੜਾ ਹੋਵੇਗਾ ਕਿ ਕਿਹੜੇ 'ਪਰਤੀਨਿਧੀ ਜਥੇ' ਨੂੰ ਪਰਬੰਧ ਦੇਈਏ ਕਿਉਂਕਿ ਸਿਖ ਕੌਮ ਦੇ ਇਕ ਇਕ ਬੰਦੇ ਨੂੰ ਤਾਂ ਨਹੀਂ ਦੇਣਾ ।
6. ਜੂਨ 18 'ਜੇ ਅਜ ਸਿਖਾਂ ਦਾ ਪਰਤੀਨਿਧ ਦੀਵਾਨ ਹੁੰਦਾ ਤਾਂ ਦਰਬਾਰ ਸਾਹਿਬ, ਖਾਲਸਾ ਕਾਲਜ ਬੇਗਾਨੇ ਹਥਾਂ ਵਿਚ ਨਾ ਹੁੰਦਾ । ਰਣਧੀਰ ਸਿੰਘ ਵਰਗੇ ਜੇਹਲਾਂ ਵਿਚ ਨਾ ਰੁਲਦੇ ਅਤੇ ਜੇਹਲਾਂ ਵਿਚ ਸਾਡੀਆਂ ਰਹਿਤਾਂ ਉਤਾਰੀਆਂ ਨਾ ਜਾਂਦੀਆਂ ਅਤੇ ਨਾ ਹੀ ਕਾਮਾਗਾਟਾਮਾਰੂ, ਕਨੇਡਾ ਵਿਚ ਸਾਡੀ ਬੇਪਤੀ ਹੁੰਦੀ ।'
7. ਅਗਸਤ 7 'ਜਦੋਂ ਮਹਾਰਾਜਾ ਰਣਜੀਤ ਸਿੰਘ ਪਿਛੋਂ ਜਥੇਬੰਦੀ ਨਾ ਰਹੀ, ਤਾਂ ਖਾਲਸੇ ਦੇ ਰਾਜਭਾਗ ਦਾ ਤੇਜ ਪਰਤਾਪ ਉਡ ਗਿਆ' ।
8. ਦਸੰਬਰ 11.
9. ਅਗਸਤ 15.

ਜ਼ਰੂਰੀ ਹੈ ਜਿਸਦਾ ਮਤਲਬ ਜਦ ਤਕ ਸ. ਤਿਰਲੋਚਨ ਸਿੰਘ, ਭਾਈ ਵੀਰ ਸਿੰਘ, ਸ. ਸੁੰਦਰ ਸਿੰਘ ਜੀ ਦੀ ਇਛਿਆ ਹੈ। ਸੁਤੰਤਰ ਰਾਏ ਵਾਲੇ ਦਾ ਦੀਵਾਨ ਵਿਚ ਜਾਣਾ ਅਸੰਭਵ ਹੈ'।[10]

ਚੀਫ ਖਾਲਸਾ ਦੀਵਾਨ ਦਾ ਨਿਯਮ 8 'ਅਧੇ ਮੈਂਬਰ ਚੁਣ ਕੇ ਭੇਜਣ ਦਾ ਹਕ ਪੰਥ ਨੂੰ ਦਿੰਦਾ ਹੈ ਹਾਲਾਂ ਕਿ ਦਸਮੇਸ਼ ਪਿਤਾ ਦੇ ਪੰਚਾਇਤੀ ਅਸੂਲਾਂ ਅਨੁਸਾਰ ਸਾਰੇ ਮੈਂਬਰ ਚੁਣੇ ਹੋਏ ਹੋਣੇ ਚਾਹੀਦੇ ਹਨ'[11] ਅਕਾਲੀ ਅਨੁਸਾਰ ਲੋਕਤੰਤਰ ਦਾ ਆਧਾਰ ਤਰਕਵਾਦ (rationalism) ਨਹੀਂ ਸਗੋਂ ਗੁਰੂ ਦਾ ਹੁਕਮ ਹੈ। ਪੰਥਕ ਅਗਵਾਈ ਦਾ ਕੋਈ ਇਕ ਕੇਂਦਰ ਨਹੀਂ ਜਿਸ ਕਰਕੇ 'ਪੰਥ ਸੇਵਕ ਚਿਰ ਤੋਂ ਚਾਹੁੰਦੇ ਹਨ ਕਿ ਪੰਥ ਦਾ ਪਰਤੀਨਿਧ ਜਥਾ ਹੋਵੇ ਜਿਸ ਵਿਚ ਸਭਾਵਾਂ/ਜਥੇ ਚੁਣ ਕੇ ਆਪਣੇ ਪਰਤੀਨਿਧ ਭੇਜਣ। ਚੀਫ ਖਾਲਸਾ ਦੀਵਾਨ ਇਸ ਨੂੰ ਆਪਣੇ ਵਿਰੁਧ ਬਗਾਵਤ ਸਮਝਦਾ ਹੈ'[12] ਨਿਯਮਾਂ 10 ਅਨੁਸਾਰ 'ਜਨਰਲ ਕਮੇਟੀ ਕਿਸੇ ਪਰਤੀਨਿਧੀ ਦੀ ਪਰਵਾਨਗੀ ਨੂੰ ਨਾਂਹ ਕਰ ਸਕਦੀ ਹੈ'[13] ਦੀਵਾਨ ਦੇ ਨਿਯਮ 4 ਨੇ ਸਬੂਤ ਨਹੀਂ ਦਿਤਾ ਕਿ ਉਹ 'ਮੁਲਕੀ ਸੇਵਾ ਦੀ ਖਾਸ ਯੋਗਤਾ ਰਖਦਾ ਹੈ'।[14]

'ਸਿੰਘ ਸਭਾਵਾਂ ਦੀ ਕਮਜ਼ੋਰੀ ਤੇ ਟੁਟਣ ਦਾ ਕਾਰਨ (ਚੀਫ ਖਾਲਸਾ ਦੀਵਾਨ ਦੇ ਨਿਯਮ) ਹਨ ਅਤੇ ਸਿਖ ਧਰਮ ਦੇ ਪਰਚਾਰ ਨੂੰ ਭਾਰੀ ਸਟ ਵਜੀ ਹੈ'[15] ਇਸ ਗਲ ਦਾ ਸਾਧਾਰਨ ਆਦਮੀ ਤੇ ਵੀ ਅਸਰ ਹੈ। 'ਲੋਕ ਸਮਝਦੇ ਹਨ ਕਿ ਜੋ ਸ਼ਹਿਰ ਦੇ ਮੁਖੀਏ ਕੁਝ ਨਹੀਂ ਕਰਦੇ ਤਾਂ ਸਾਨੂੰ ਕੀ ਲੋੜ ਹੈ'।[16]

ਦੀਵਾਨ ਦਾ ਵਿਚਾਰ ਸਰਕਾਰ ਨੂੰ ਖੁਸ਼ ਕਰਨਾ ਰਿਹਾ ਹੈ ਨਾ ਕਿ ਪੰਥ ਦੇ ਹਿਤਾਂ ਦੀ ਰਾਖੀ ਕਰਨੀ। ਦੀਵਾਨ ਦੇ 'ਪਰਤਿਸ਼ਟ' ਸਜਣ ਸਰਕਾਰੀ ਹਾਕਮਾਂ ਦੇ ਇਸ਼ਰੇ ਤੇ ਕੰਮ ਕਰਦੇ ਹਨ। ਗੁਰੂ ਪੰਥ ਦੇ ਲਾਭ ਨੂੰ ਮੁਖ ਰਖ ਕੇ ਸੇਵਾ ਨਹੀਂ ਕੀਤੀ ਗਈ। "ਸਾਹਿਬ ਪੰਥ" ਨੂੰ ਰਾਜ਼ੀ ਕਰਨ ਦੇ ਉਦਮ ਵਿਚ ਰਹੇ ਹਨ ਅਤੇ ਕੌਮ ਨੂੰ ਫਾਇਦੇ ਦੀ ਥਾਂ ਨੁਕਸਾਨ ਹੀ ਪਹੁੰਚਾਇਆ ਹੈ'[17] 'ਜਦ ਹਿੰਦੂ ਮੁਸਲਮਾਨਾਂ ਦੇ ਡੈਪੂਟੇਸ਼ਨ ਵਧੇਰੇ ਅਧਿਕਾਰਾਂ ਲਈ ਝਗੜ ਰਹੇ ਸਨ ਤਾਂ ਇਹ ਕੁਦਰਤੀ ਲੀਡਰ ਦਬਕੇ ਰਹੇ ਮਤਾ ਹਜ਼ੂਰ ਮਾਈ ਬਾਪ ਨਾਰਾਜ਼ ਨਾ ਹੋ ਜਾਵੇ ਕਿ ਸਿਖ ਹਿੰਦੂ ਮੁਸਲਮਾਨਾਂ ਨਾਲ ਮਿਲ ਰਹੇ ਹਨ'।[18]

'ਦੀਵਾਨ ਤੋਂ ਨਾ ਕੁਝ ਹੁੰਦਾ ਹੈ ਤੇ ਨਾ ਹੀ ਕਰਦਾ ਹੈ। ਜਦ ਕੋਈ ਕੰਮ ਪੰਥ ਦੇ ਜੋਸ਼ ਅਤੇ ਹਿੰਮਤ ਨਾਲ ਹੋ ਜਾਂਦਾ ਹੈ ਤਾਂ (ਇਹ) ਵਡਿਆਈ ਨੂੰ ਜਫਾ ਮਾਰ ਲੈਂਦੇ ਹਨ। (ਇਹਨਾਂ) ਸਿਖ ਰਾਜਸੀ ਕੈਦੀਆਂ ਲਈ ਕੀ ਕੀਤਾ ਹੈ ? ਕੋਈ ਗੁਰਮਤਾ ਲਾਟ ਸਾਹਿਬ, ਵਾਇਸਰਾਇ, ਵਜ਼ੀਰ ਹਿੰਦ ਨੂੰ ਨਹੀਂ ਭੇਜਿਆ। ਦੀਵਾਨ ਦਾ ਕੋਈ ਮੈਂਬਰ ਰਾਜਸੀ ਕੈਦੀ ਭਰਾਵਾਂ ਦੇ ਪਰਵਾਰਾਂ ਦੀ ਸੁਰਤ ਲੈਣ ਨਹੀਂ ਭੇਜਿਆ'।[19]

---

10. ਜੁਲਾਈ 15.
11. ਅਗਸਤ 8.
12. ਅਗਸਤ 9.
13. ਅਗਸਤ 8.
14. ਮਈ 28.
15. ਜੁਲਾਈ 21.
16. ਉਹੀ
17. ਉਹੀ
18. ਜੂਨ 18.
19. ਜੁਲਾਈ 17.

ਅਜਿਹੀ ਸਥਿਤੀ ਵਿਚ ਸਿਖ ਲੀਗ ਪੈਦਾ ਹੋਈ। ਇਨਾਂ (ਚੀਫ ਖਾਲਸਾ ਦੀਵਾਨ) ਵਲੋਂ ਨਿਰਾਸ਼ ਹੋ ਕੇ 'ਸਿਖਾਂ ਨੇ ਆਪਣਾ ਰਾਜਸੀ ਜਥਾ ਸਿਖ ਲੀਗ ਬਣਾ ਲਿਆ'।[20]

**ਅਕਾਲੀ** ਅਖਬਾਰ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਸਿਖ ਲੀਗ ਨੇ ਅਜੇ ਕੰਮ ਸ਼ੁਰੂ ਨਹੀਂ ਕੀਤਾ ਹੈ। ਸਿਖ ਲੀਗ ਦੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਰਤਾ ਅਖਾਂ ਖੋਲਣ, ਕਿਤੇ ਕੌਮ ਨੂੰ ਜਗਾਉਣ ਦੀ ਥਾਂਇ ਸੁਆ ਤਾਂ ਨਹੀਂ ਰਹੇ। ਸਿਖਾਂ ਵਿਚ ਸਭ ਕੁਝ ਹੈ ਕੌਮੀ ਜੋਸ਼, ਸੇਵਾ ਭਾਵ, ਕੁਰਬਾਨੀ ਦਾ ਮਾਦਾ। ਪਰ ਅਖਬਾਰ ਅਨੁਸਾਰ 'ਸਿਖ ਲੀਗ ਪੰਥ ਦਾ ਸ਼ਿਰੋਮਣੀ ਜਥਾ ਬਣ ਗਿਆ ਹੈ। ਸਾਰੇ ਸਿਖਾਂ ਨੂੰ ਇਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਸਾਰੇ ਰਾਜਸੀ ਆਸ਼ਰਮ ਸਿਖ ਲੀਗ ਨੂੰ ਆਪਣਾ ਸ਼ਿਰੋਮਣੀ ਜਥਾ ਮੰਨਣ। ਆਸ ਹੈ ਕਿ ਸਿਖ ਲੀਗ ਆਪਣੇ ਫਰਜ਼ ਨੂੰ ਪੂਰਾ ਕਰੇਗੀ ਅਤੇ ਕੌਮ ਨੂੰ ਸਿਧੇ ਰਸਤੇ ਤੇ ਚਲਾਏਗੀ'।[21]

ਗਲ ਇਹ ਹੈ ਕਿ ਸਿਖ ਲੀਗ ਦੀ ਸਥਾਪਤੀ ਨੂੰ ਇਕ ਸਾਲ ਹੋ ਗਿਆ ਪਰ ਪਰੋਗਰਾਮ ਕੋਈ ਨਹੀਂ ਉਲੀਕਿਆ। 'ਸਿਖ ਲੀਗ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਖਾਸ ਸਮਾਗਮ ਕਰਕੇ ਕੰਮ ਦਾ ਪਰੋਗਰਾਮ ਬਣਾਇਆ ਜਾਵੇ। ਇਸ ਵੇਲੇ ਦੇਸ਼ ਵਿਚ ਕਈ ਵਿਸ਼ੇ-ਨਾਮਿਲਵਰਤਨ, ਸੁਧਾਰ ਸਕੀਮ, ਖਿਲਾਫ਼ਤ ਹੰਟਰ ਰਿਪੋਰਟ ਤੇ ਹੋਰ ਕੌਮਾਂ (ਹਿੰਦੂ, ਮੁਸਲਮਾਨਾਂ) ਵਲੋਂ ਕਈ ਤਰਾਂ ਦੇ ਖਿਆਲ ਪਰਗਟ ਕੀਤੇ ਜਾ ਰਹੇ ਹਨ। ਦੀਵਾਨਾ ਅਤੇ ਜਲਸਿਆਂ ਵਿਚ ਇਨਾਂ ਦਾ ਜ਼ਿਕਰ ਆਉਣਾ ਜ਼ਰੂਰੀ ਹੈ। ਸਿਖ ਲੀਗ ਵਿਸ਼ੇਸ਼ ਸਮਾਗਮ ਕਰ ਕੇ ਸਿਖ ਕੌਮ ਦੀ ਸਚੀ ਰਾਇ ਪਰਗਟ ਕਰੇ। ਨਹੀਂ ਤਾਂ ਡਰ ਹੈ ਕਿ ਪੰਥ ਦੇ ਆਸ਼ੇ ਦੇ ਉਲਟ ਕਾਰਵਾਈਆਂ ਸ਼ੁਰੂ ਹੋ ਜਾਣਗੀਆਂ'।[22]

'ਸਿਖ ਲੀਗ ਨੇ ਉਹ ਪਰਸਿਧਤਾ ਪਰਾਪਤ ਨਹੀਂ ਕੀਤੀ ਜੋ ਇਸ ਨੂੰ ਕਰਨੀ ਚਾਹੀਦੀ ਸੀ। ਬੜੇ ਬੜੇ ਕੰਮ ਘਟੇ ਪਏ ਹਨ। ਸਭ ਤੋਂ ਪਹਿਲਾ ਕੰਮ ਹਰ ਜ਼ਿਲੇ ਵਿਚ ਸਿਖ ਲੀਗਾਂ ਬਣਾਈਆਂ ਜਾਂਦੀਆਂ। ਹਰ ਇਕ ਪਿੰਡ ਵਿਚ ਇਕ ਇਕ ਜਲਸਾ ਕਰਦੀਆਂ। ਸਿਆਲਕੋਟ, ਗੁਜਰਾਂਵਾਲਾ, ਮਿੰਟਗੁਮਰੀ ਆਦਿ ਵਖੋ ਵਖਰੀ ਥਾਈਂ ਸਕਤਰ ਅਤੇ ਪਰੈਜ਼ੀਡੈਂਟ ਬਣਨ ਦੀ ਖੇਚਲ ਹੋਈ ਹੈ ਅਗਾਂਹ ਬਸ'[23] ਬਹੁਤੇ ਸਾਰਿਆਂ ਸਿਖ ਜ਼ਿਲਿਆਂ ਵਿਚ ਅਰਥਾਤ ਫਿਰੋਜ਼ਪੁਰ, ਜਲੰਧਰ, ਲੁਧਿਆਣਾ ਆਦਿ ਵਿਚ ਕਮੇਟੀਆਂ ਨਹੀਂ ਬਣੀਆਂ।

'ਸੈਂਟਰਲ ਸਿਖ ਲੀਗ ਵਲੋਂ ਕੋਈ ਉਦਮ ਨਹੀਂ ਹੋਇਆ। ਸਿਖ ਲੀਗ ਦੀ ਚੋਣ ਵੇਲੇ ਫੈਸਲਾ ਹੋਇਆ ਸੀ ਕਿ ਸਿਖ ਲੀਗ ਨੂੰ ਪੋਲੀਟੀਕਲ ਪਰਤੀਨਿਧ ਜਥਾ ਬਣਾਇਆ ਜਾਂਦਾ। ਡਿਸਟਿਕ ਸਿਖ ਲੀਗਾਂ ਨੂੰ ਸਬੰਧਤ ਕਰਨ ਦੇ ਨਿਯਮ ਬਣਾਏ ਜਾਣ ਪਰ ਹੁਣ ਤਕ ਇਹ ਗਲ ਨਹੀਂ ਹੋਈ। ਦੂਜਾ ਸਾਲਾਨਾ ਜਲਸਾ ਸਿਰ ਤੇ ਪਰ ਸੈਂਟਰਲ ਸਿਖ ਲੀਗ ਦੀ ਉਹੀ ਬਣੌਟ ਹੈ। ਜਲਸੇ ਤੋਂ ਪਹਿਲਾਂ ਨਿਯਮ ਜਨਰਲ ਕਮੇਟੀ ਵਿਚ ਪਾਸ ਕੀਤੇ ਜਾਣ ਅਤੇ ਸਾਰੀਆਂ ਡਿਸਟਿਕ ਸਿਖ ਲੀਗਾਂ ਨੂੰ ਸੰਬੰਧਤ ਕਰਨਾ ਹੈ'।[24]

'ਸਿਖ ਲੀਗ ਦੇ ਦੂਸਰੇ ਸਾਲਾਨਾ ਜਲਸੇ ਵਿਚ ਮਹੀਨਾ ਰਹਿ ਗਿਆ ਪਰ ਅਜੇ ਤਕ ਵਿਜ਼ੀਟਰ ਡੈਲੀਗੇਟਾਂ ਦੀਆਂ ਫੀਸਾਂ ਦਾ ਫੈਸਲਾ ਨਹੀਂ ਹੋਇਆ। ਕੋਈ ਪਰੇਰਨਾ ਪਤਰਕਾ ਨਹੀਂ ਨਿਕਲਿਆ,

---

20. ਜੂਨ 8.
21. ਜੁਲਾਈ 11,
22. ਜੁਲਾਈ 30.
23. ਜੁਲਾਈ 28.
24. ਸਤੰਬਰ 10.

ਨਾ ਕੋਈ ਪਰਚਾਰ। ਹਰ ਜ਼ਿਲੇ ਵਿਚ ਫਿਰ ਕੇ ਡੈਲੀਗੇਟ ਬਣਾਉਣ ਦਾ ਕੋਈ ਉਪਾ ਨਹੀਂ ਸੋਚਿਆ ਜਿਹਨਾਂ ਵਿਚ ਵੀਰਾਂ ਨੂੰ ਛੁਡਾਉਣ/ਪਰਵਾਰਾਂ ਦੀ ਸਹਾਇਤਾ ਦਾ ਕੰਮ ਕੀਤੇ ਬਿਨਾ ਸਿਖ ਲੀਗਾਂ ਨੂੰ ਹੋਰ ਕੁਝ ਨਹੀਂ ਸੁਝਣਾ ਚਾਹੀਦਾ ਸੀ। ਹਾਲਾਂ ਤਕ ਉਹਨਾਂ ਦੀ ਪੂਰੀ ਵਾਕਫੀ ਵੀ ਪਰਾਪਤ ਨਹੀਂ ਕੀਤੀ। ਇਕਠੇ ਹੋਏ ਪੈਸੇ ਵੰਡਣ ਦਾ ਜਤਨ ਵੀ ਨਹੀਂ ਹੋਇਆ'।[25] ਸਿਖ ਲੀਗ ਦੀ ਸੰਸਥਾ ਨਾਮ ਮਾਤਰ ਹੈ। ਜਿਥੋਂ ਤਕ ਕਿਸੇ ਨਿਗਰ ਉਦਮ ਦਾ ਸਵਾਲ ਹੈ ਉਹ ਉਕਾ ਹੀ ਨਹੀਂ ਕੀਤਾ ਗਿਆ। ਇਥੋਂ ਤਕ ਕਿ ਸਿਖ ਕੈਦੀਆਂ ਦੀ ਵਿਹਾਰਕ ਜਾਣਕਾਰੀ ਵੀ ਨਹੀਂ। ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਦੀਆਂ ਗਲਾਂ ਹੀ ਹੋਈਆਂ ਹਨ।

ਅਖਬਾਰ ਵਲੋਂ ਅਪੀਲ ਕੀਤੀ ਹੈ ਕਿ ਹੁਣ ਖਾਲਸਾ ਜੀ ਆਲਸ ਛਡੋ। ਆਗਤ ਭਾਗਤ ਕਮੇਟੀ ਦੇ ਮੈਂਬਰ ਬਣੋ। ਸਿਖ ਲੀਗ ਨੂੰ ਕਾਮਯਾਬ ਬਣਾਉਣ ਲਈ ਸਿਰਤੋੜ ਜਤਨ ਕਰੋ। ਇਕ ਇਕ ਦਿਨ ਕੀਮਤੀ ਹੈ।[26]

ਸਿਖ ਲੀਗ ਦਾ ਪਹਿਲਾ ਇਕਠ ਅੰਮਰਿਤਸਰ ਕਾਂਗਰਸ ਦੇ ਮੌਕੇ 'ਤੇ ਹਫੜਾ ਦਫੜੀ ਵਿਚ ਹੋਇਆ ਪਰ ਅਕਾਲਪੁਰਖ ਦੀ ਕਿਰਪਾਂ ਨਾਲ ਉਸ ਦਾ ਫਲ ਰਾਜਸੀ ਜਾਗ ਲਗੀ। ਦੂਜਾ ਵਾਰਸ਼ਿਕ ਦੀਵਾਨ ਦੁਸਹਿਰੇ ਦੀਆਂ ਛੁਟੀਆਂ ਵਿਚ ਲਾਹੌਰ ਹੋਣ ਵਾਲਾ ਹੈ। 'ਸਿਖ ਇਤਿਹਾਸ ਵਿਚ ਅਤੇ ਕੌਮੀ ਜੀਵਨ ਨੂੰ ਪਲਟਾ ਦੇਣ ਵਾਲਾ ਦਿਨ ਹੈ। ਅਜ ਤਾਈਂ ਅਸੀਂ ਰਾਜਸੀ ਕੰਮਾਂ ਤੋਂ ਦੂਰ ਭਜਦੇ ਰਹੇ ਹਾਂ ਵਡੇ ਵਡੇ ਕੌਮੀ ਸਵਾਲਾਂ ਤੇ ਸਿਖਾਂ ਨੇ ਆਪਣੀ ਰਾਇ ਪਰਗਟ ਨਹੀਂ ਕੀਤੀ। ਪਿਛਲੇ ਚਾਰ ਪੰਜ ਮਹੀਨਿਆਂ ਵਿਚ ਸਿਖਾਂ ਵਿਚ ਜਾਗਰਤੀ ਆਈ ਹੈ। ਸਿਖਾਂ ਦੀ ਤਾਰੀਖ ਵਿਚ ਪਹਿਲਾ ਦਿਨ ਹੈ ਜਦੋਂ ਸਾਰੇ ਪੰਥ ਨੇ ਰਲ ਮਿਲ ਵਿਚਾਰ ਕਰਨੀ ਹੈ।[27] ਗੁਰੂ ਪੰਥ ਅਗੇ ਬੇਨਤੀ ਹੈ ਕਿ ਸ਼ਰੋਮਣੀ ਜਥੇ ਨੂੰ ਤਕੜੇ ਕਰੋ। 'ਕੌਮ ਦਾ ਵਾਧਾ ਲੋਚਣ ਵਾਲਿਓ ਸਿਖ ਲੀਗ ਨੂੰ ਮਜ਼ਬੂਤ ਜਥਾ ਬਣਾ ਦਿਓ ਕਿ ਫਾਡੀ ਰਹੀ ਕੌਮ ਦੀ ਅਗਵਾਈ ਹੋ ਸਕੇ'[28] ਵੇਖਣ ਦੀ ਗਲ ਹੈ ਕਿ ਰਾਜਨੀਤੀ ਦੀ ਅਪੀਲ ਵਾਹਿਗੁਰੂ ਅਤੇ ਧਰਮ ਦੇ ਆਧਾਰ 'ਤੇ ਹੈ। ਇਹਦਾ ਲੌਕਿਕ ਤਰਕ ਨਾਲ ਕੋਈ ਤੁਅਲਕ ਨਹੀਂ।

ਸਿਖ ਪੰਥ ਲਈ ਨਿਗਰ ਕੌਮੀ ਜਥੇਬੰਦੀ ਲਈ ਵਿਚਾਰ ਕਰਨ ਲਈ ਅਕਾਲੀ ਵਲੋਂ ਪੰਥ ਪਿਆਰਿਆਂ ਦੇ ਨਾਮ ਚਿਠੀ ਭੇਜੀ ਸੀ। ਇਸ ਚਿਠੀ ਦੇ ਉਤਰ ਵਿਚ 150/200 ਸਜਣਾਂ ਦੇ ਉਤਰ ਆ ਗਏ ਹਨ ਜਿਹਨਾਂ ਵਿਚੋਂ 40 ਵਿਦਵਾਨਾਂ ਦੇ ਲੇਖ ਛਪੇ ਹਨ। ਪੰਥ ਵਿਚ ਇਸ ਸਵਾਲ 'ਤੇ ਬੜੀ ਦਿਲਚਸਪੀ ਨਾਲ ਵਿਚਾਰ ਹੋਈ ਹੈ। ਬਹੁਤੇ ਸਜਣਾਂ ਦੀ ਰਾਇ ਵਿਚ ਚੀਫ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਤਬਦੀਲੀ ਕਰ ਕੇ ਇਸ ਨੂੰ ਪੰਥ ਦਾ 'ਸ਼ਿਰੋਮਣੀ ਜਥਾ' ਬਣਾਉਣਾ ਚਾਹੀਦਾ ਹੈ। ਪਰ ਕਈ ਸਜਣਾਂ ਦੇ ਖਿਆਲ ਅਨੁਸਾਰ ਚੀਫ ਖਾਲਸਾ ਦੀਵਾਨ ਦਾ ਸੁਧਾਰ ਹੋਣਾ ਅਸੰਭਵ ਹੈ ਕਿਉਂਕਿ ਚੀਫ ਖਾਲਸਾ ਦੀਵਾਨ ਪਾਰਟੀ ਜਥਾ ਹੈ, ਪਰਤੀਨਿਧ ਨਹੀਂ ਹੋ ਸਕਦਾ। ਰਾਜਸੀ ਜਥੇਬੰਦੀ ਦਾ ਉਦਮ ਅਖਬਾਰ ਕਰ ਰਿਹਾ ਹੈ ਨਾ ਕਿ ਸਿਖਾਂ ਦੀ ਕੋਈ ਰਾਜਸੀ ਸੰਸਥਾ ਇੰਨੀ ਤਕੜੀ ਹੈ ਕਿ ਅਖਬਾਰ ਚਲਾਵੇ। ਸਿਆਸਤ ਦੀ ਕਮਜ਼ੋਰੀ ਦਾ ਇਥੋਂ ਪਤਾ ਲਗਦਾ ਹੈ ਕਿ

---

25. ਉਹੀ
26. ਅਕਤੂਬਰ 28.
27. ਅਕਤੂਬਰ 2.
28. ਅਗਸਤ 8.

ਅਕਾਲੀ ਦਲ ਘਾਟੇ ਵਿਚ ਜਾ ਰਿਹਾ ਹੈ ।[29]

ਜਿਹੜੇ ਸਜਣਾਂ ਦੇ ਖਿਆਲ ਅਨੁਸਾਰ ਚੀਫ ਖਾਲਸਾ ਦੀਵਾਨ ਦਾ ਸੁਧਾਰ ਅਸੰਭਵ ਹੈ ਉਹਨਾ ਦੇ ਵਿਚਾਰ ਇਸ ਪਰਕਾਰ ਹਨ :—

ਪ੍ਰੋ. ਨਿਰੰਜਨ ਸਿੰਘ ਅਨੁਸਾਰ 'ਦੀਵਾਨੀ ਰੂਹਾਂ ਨਾਲ ਮਿਲਣਾ ਨਾਮੁਮਕਿਨ ਹੈ ਕਿਉਂਕਿ ਖੁਸ਼ਾਮਦੀ ਪੂਜਾ ਕਰਨ ਵਾਲਿਆਂ ਦਾ ਅਜ਼ਾਦ ਪਸੰਦਾਂ ਨਾਲ ਜੋੜ ਮੇਲ ਅਸੰਭਵ ਹੈ । ਜੇ ਰੂਲਾਂ ਨੂੰ ਸੁਧਾਰ ਕੇ ਦੀਵਾਨ ਨੂੰ ਖੋਹਣਾ ਚਾਹੁੰਦੇ ਹੋ ਤਾਂ ਬੇਸ਼ਕ ਜ਼ੋਰ ਦਿਓ ਜੇ ਕਾਮਯਾਬ ਨਾ ਵੀ ਹੋਏ ਤਾਂ ਪੰਥ ਨੂੰ ਦੀਵਾਨੀ ਟੋਲੇ ਦੀਆਂ ਚਾਲਾਂ ਦਾ ਪਤਾ ਲਗੇਗਾ । ਪੰਥ ਦੇ ਸਾਂਝੇ ਦੀਵਾਨ ਦੇ ਮੈਂ ਵਿਰੁਧ ਹਾਂ । ਕੁਝ ਦਰਦੀ ਸਜਣ ਨਿਯਮਾਂ ਨੂੰ ਵਿਚਾਰ ਕੇ ਤਰਮੀਮਾਂ ਪੇਸ਼ ਕਰਨ । ਗਸ਼ਤੀ ਚਿਠੀ ਰਾਹੀਂ ਪੰਥ ਦੇ ਮੁਖੀ ਸਜਣਾਂ ਵਲ ਭੇਜਣ । 500 ਦੇ ਦਸਖ਼ਤ ਕਰਾ ਕੇ ਤਰਮੀਮਾਂ ਦੀਵਾਨ ਨੂੰ ਭੇਜੀਆਂ ਜਾਣ । ਜੇ ਤਿਆਰ ਤਾਂ ਦੋਵੇਂ ਪਾਰਟੀਆਂ ਦੇ ਚੋਣਵੇਂ ਸਜਣ ਮਿਲ ਕੇ ਵਿਚਾਰ ਕੇ ਨਿਯਮ ਬਣਾ ਕੇ ਅਖਬਾਰਾਂ ਦੁਆਰਾ ਪੰਥ ਦੇ ਪੇਸ਼ ਕਰਨ । ਫੇਰ ਪੰਥ ਇਕਠਾ ਹੋ ਕੇ ਜਥੇਬੰਦੀ ਹੋ ਸਕਦੀ ਹੈ ।'[30]

ਸ. ਚਰਨ ਸਿੰਘ 'ਸ਼ਹੀਦ' ਨਾਭਾ ਦੇ ਵਿਚਾਰ ਅਨੁਸਾਰ 'ਚੀਫ ਖਾਲਸਾ ਦੀਵਾਨ ਦੀਆਂ ਦੋ ਨੀਹਾਂ—ਉਹਦੇਦਾਰ ਤੇ ਨਿਯਮ ਹਨ । ਨਿਯਮਾਂ ਬਿਨਾ ਉਹਦੇਦਾਰ ਅਤੇ ਉਹਦੇਦਾਰਾਂ ਬਿਨਾਂ ਨਿਯਮ ਨਹੀਂ ਬਦਲੇ ਜਾ ਸਕਦੇ । ਪਰਚਾਰ ਫੰਡ ਲਈ ਬੇਅੰਤ ਰੁਪਿਆ ਉਗਰਾਹਿਆ ਪਰ ਪਰਚਾਰ ਨਹੀਂ ਹੋਇਆ । ਸਕਤਰ ਨੇ ਪੰਥ ਦਾ ਕਾਲਜ (ਅਰਥਾਤ ਖਾਲਸਾ ਕਾਲੰਜ) ਹਥੋਂ ਗੁਆ ਲਿਆ । ਇਹਦਾ ਵਤੀਰਾ ਹੈ ਕੌਮੀ ਸੇਵਕਾਂ ਨੂੰ ਦਬਾਉਣਾ । ਗੁਰਦੁਆਰਾ ਰਕਾਬਗੰਜ ਵੇਲੇ ਪੰਥ ਦੀ ਰਾਇ ਦੀ ਪਰਵਾਹ ਨਾ ਕੀਤੀ ਅਤੇ ਆਪਣੀ ਸ਼ਰਾਰਤ ਭਰੀ ਬੇਵਕੂਫੀ ਨਾਲ ਸਿਖਾਂ ਅਤੇ ਸਰਕਾਰ ਵਿਚ ਵਿਰੋਧ ਪੁਆ ਦਿਤਾ । ਸਿਖਾਂ ਨੂੰ ਰਾਜਨੀਤੀ ਤੋਂ ਹਊਏ ਵਾਂਗ ਡਰਾ ਕੇ ਪੰਥ ਨੂੰ ਨੁਕਸਾਨ ਪਹੁੰਚਾਇਆ ਪਰ ਸਿਖ ਲੀਗ ਦੇ ਕਾਇਮ ਹੁੰਦਿਆਂ ਹੀ ਝਟ ਪੁਲੀਟੀਕਲ ਸਬ ਕਮੇਟੀ ਖੜੀ ਕਰ ਦਿਤੀ, ਜੋ ਤਮਾਮ ਕੌਮੀ ਸੇਵਕਾਂ ਨੂੰ ਗਰਮ ਆਖ ਕੇ ਸਰਕਾਰ ਨਾਲ ਵਿਗਾੜ ਪੁਆਉਣਾ ਚਾਹੁੰਦੀ ਹੈ । ਮੋਹਰੀ ਦਲੇਰੀ, ਨਿਡਰਤਾ, ਪਵਿਤਰਤਾ ਦੀ ਥਾਉਂ ਕਾਨ ਗੋਪੀਆਂ ਦੇ ਝਾਕੇ । ਜਿਸ ਜਥੇ ਦੇ ਕਲਾ ਦੇ ਪਰਧਾਨ ਦਾ 'ਗੁਰੂਡਮ' ਦਾ ਪਰਚਾਰ ਅਤੇ ਸਿਖਾਂ ਦੀਆਂ ਬੁਨਿਆਦੀ ਅਸੂਲਾਂ ਦੀਆਂ ਜੜਾਂ ਤੇ ਕੁਹਾੜਾ ਮਾਰਨਾ ਹੈ । ਕਿਰਪਾਨ ਸਬੰਧੀ ਔਕੜਾਂ ਨੂੰ ਦੂਰ ਨਹੀਂ ਕਰ ਸਕਿਆ, ਸੁਧੀ ਦੀ ਹਮਾਇਤ ਪਰਚਾਰ ਦਾ ਜਤਨ ਨਹੀਂ ਕੀਤਾ । ਹਜ਼ਾਰਾਂ ਅਛੂਤਾਂ ਨੂੰ ਸਿਖੀ ਤੋਂ ਵਿਰਵਾ ਰਖ ਕੇ ਪੰਥ ਨਾਲ ਧਰੋਹ ਕੀਤਾ ਅਤੇ ਸਿਖ ਦੀ ਪਛਾਣ ਨਹੀਂ ਦਸ ਸਕਿਆ । ਕੀ ਖਾਲਸਾ ਕਾਲਜ ਸਿਖਾਂ ਦਾ ਹੈ ? ਤਾਂ ਦੀਵਾਨ ਦੇ ਅਖਬਾਰ ਨੇ ਛੁਟ-ਪਤਰ ਦੇ ਦਿਤਾ । ਉਸ ਛੁਟਪਤਰ ਨੂੰ ਪਰਵਾਨ ਕਰ ਲੈਣਾ ਚਾਹੀਦਾ ਹੈ'[31] ਇਸ ਵਿਚਾਰ ਵਿਚ ਦੋ ਤਿੰਨ ਮਹਤਵਪੂਰਨ ਗਲਾਂ ਹਨ । ਸਿਖ ਅਜੇ ਸਰਕਾਰ ਨਾਲ ਦੁਸਮਣੀ ਨਹੀਂ ਪਾਉਣਾ ਚਾਹੁੰਦੇ । ਚੀਫ਼ ਖਾਲਸਾ ਦੀਵਾਨ ਕਈ ਕੰਮਾਂ ਵਿਚ ਅਸਫਲ ਰਿਹਾ ਹੈ ।

ਜਿਹੜੇ ਸਜਨ ਇਸ ਵਿਚਾਰ ਦੇ ਹਨ ਕਿ ਚੀਫ ਖਾਲਸਾ ਦੀਵਾਨ ਵਿਚ ਸੁਧਾਰ ਹੋ ਜਾਵੇ ਤਾਂ ਦੀਵਾਨ ਸਿਖਾਂ ਦਾ ਪਰਤੀਨਿਧ ਜਥਾ ਹੋ ਸਕਦਾ ਹੈ ਉਹ ਇਸ ਪਰਕਾਰ ਹਨ :—

---

29. ਅਕਤੂਬਰ 28. 600/-ਰੁਪਏ ਮਹੀਨਾ ਘਾਟਾ ਜਾਂ ਤਾਂ ਆਪਣਾ ਪਰੈਸ ਹੋਵੇ ਜਾਂ ਗਾਹਕ ਵਧਾਏ ਜਾਣ । 2000 ਛਪਦਾ ਹੈ, 5000 ਨਾਲ ਪੈਰਾਂ ਤੇ ਖਲੋ ਸਕਦਾ ਹੈ, ਪਰੈਸ ਲਈ 15 ਹਜ਼ਾਰ ਦੀ ਲੋੜ ਹੈ ।

30. ਸਤੰਬਰ 4.

31. ਸਤੰਬਰ 3.

ਬਾਵਾ ਹਰਕਿਸ਼ਨ ਸਿੰਘ ਅਨੁਸਾਰ 'ਵਖਰਾ ਦੀਵਾਨ ਬਣਾਉਣਾ ਬੇਸਬਰੀ ਕਮ-ਸਮਝੀ ਦਾ ਸਬੂਤ ਹੈ। ਜਿਹੜੇ ਵਖਰਾ ਦੀਵਾਨ ਚਲਾਉਣ ਦਾ ਦਾਅਵਾ ਕਰਦੇ ਹਨ, ਕੀ ਉਹ ਬਣੇ ਦੀਵਾਨ ਦਾ ਸੁਧਾਰ ਨਹੀਂ ਕਰ ਸਕਦੇ ? ਚੀਫ ਖਾਲਸਾ ਦੀਵਾਨ ਦੇ ਸੁਧਾਰ ਦਾ ਪਲੇਟਫਾਰਮ ਇਸ ਤਰਾਂ ਦਾ ਹੈ ਜਿਥੇ ਸ਼ਾਇਦ ਸਾਰੀ ਕੌਮ, ਵਧੇਰੇ ਸਿਖ ਆਪ ਰਲ ਜਾਣਗੇ।'[32]

ਸਮਸ਼ੇਰ ਸਿੰਘ ਐਡੀਟਰ 'ਇੰਡੀਆ' ਅਨੁਸਾਰ 'ਦੀਵਾਨ ਦਾ ਨਾਮ ਅਤੇ ਕੌਮ ਦਾ ਰੁਪਿਆ ਦੋਵੇਂ ਚੀਜ਼ਾਂ ਦੀ ਦੀਵਾਨ ਵਿਚ ਸੁਧਾਰ ਦੀ ਲੋੜ ਹੈ। ਦੋਵੇਂ ਕਾਇਮ ਰਹਿਣ। ਦੀਵਾਨ ਦੇ ਨਿਯਮ ਅਸੂਲ ਸਿਰ ਤੋਂ ਪੈਰਾਂ ਤਕ ਸੁਧਾਰ ਗੋਚਰੇ ਹਨ'।[33]

ਡਾ. ਤੇਜਾ ਸਿੰਘ ਹਜ਼ੂਰੀਆ ਦੇ ਵਿਚਾਰ ਅਨੁਸਾਰ 'ਕੁਝ ਵੀਰਾਂ ਦੇ ਹਠ ਗਰਜ਼ ਵਲੋਂ ਮੂੰਹ ਮੋੜਕੇ ਦੀਵਾਨ ਵਲ ਮੂੰਹ ਕਰਨ ਦੀ ਲੋੜ ਹੈ'।[34]

ਮਾਨ ਸਿੰਘ ਵਕੀਲ ਅਨੁਸਾਰ 'ਚੀਫ ਖਾਲਸਾ ਦੀਵਾਨ 18/19 ਸਾਲ ਤੋਂ ਸੇਵਾ ਕਰ ਰਿਹਾ ਹੈ ਹੋਰ ਕਿਸੇ ਜਥੇ ਦੀ ਲੋੜ ਨਹੀਂ। ਇਹ ਦੀਵਾਨ ਨਵੰਬਰ, 1901 ਸਮੂਹ ਪੰਥ ਪਿਆਰਿਆਂ ਦੀ ਇਕਤਰਤਾ ਵਿਚ ਬਣਿਆ ਸੀ। ਪੰਥ ਦਾ ਬਲ ਪਿਛਲੇ ਜਥੇ ਨੂੰ ਤੋੜਨ ਤੇ ਨਵੇਂ ਨੂੰ ਬਣਾਉਣ 'ਚ ਖੋਹ-ਮਖੋਹ ਵਿਚ ਖਰਚ ਹੁੰਦਾ ਰਹੇਗਾ'।[35]

ਪ੍ਰਿੰ. ਜੋਧ ਸਿੰਘ ਅਨੁਸਾਰ 'ਦੀਵਾਨ ਦੇ ਨੁਕਸ ਨਿਸ਼ਚੇ ਕਰਨ ਲਈ ਅਤੇ ਗਲਤ ਫਹਿਮੀਆਂ ਦੂਰ ਕਰਨ ਲਈ ਸਿੰਘ ਸਭਾਵਾਂ, ਪੰਥਕ ਆਸ਼ਰਮਾਂ ਪੰਥਕ ਅਖਬਾਰਾਂ ਦੇ ਐਡੀਟਰਾਂ ਦੀ ਮੀਟਿੰਗ ਸਦੀ ਜਾਵੇ'।[36]

**ਅਕਾਲੀ** ਅਨੁਸਾਰ 'ਚੀਫ ਖਾਲਸਾ ਦੀਵਾਨ, ਸਿਖ ਲੀਗ ਜਥਿਆਂ ਨੂੰ ਤੋੜ ਕੇ ਨਵਾਂ ਜਥਾ ਖੜਾ ਕਰਨਾ ਨਿਰੋਲ ਗਲਤ ਹੈ। ਅਸੀਂ ਚਾਹੁੰਦੇ ਹਾਂ ਕਿ ਵਿਦਵਾਨਾਂ ਦੀਆਂ ਰਾਵਾਂ ਅਨੁਸਾਰ ਕੋਈ ਉਪਾ ਕੀਤਾ ਜਾਵੇ। ਪੰਥਕ ਮੁਖੀਆਂ ਦਾ ਇਕਠ ਕਰ ਕੇ ਵਿਚਾਰ ਹੋਵੇ। ਆਸਾ ਹੈ ਕਿ ਛੇਤੀ ਅਮਲੀ ਕੰਮ ਕੀਤਾ ਜਾਵੇਗਾ'[37] ਜਦ ਸਾਰਾ ਪੰਥ ਇਸ ਲੋੜ ਨੂੰ ਅਨੁਭਵ ਕਰਦਾ ਹੈ ਤਾਂ ਫਿਰ ਕੋਈ ਕਾਰਨ ਨਹੀਂ ਕਿ ਜਥੇਬੰਦੀ ਨਾ ਹੋਵੇ। 'ਵਾਹਿਗੁਰੂ ਉਹ ਦਿਨ ਛੇਤੀ ਲਿਆਉਣ ਵਾਲਾ ਹੈ ਜਦੋਂ ਪੰਥ ਦਾ ਇਕੋ ਸ਼ਿਰੋਮਣੀ ਜਥਾ ਹੋਵੇਗਾ ਜੋ ਪੰਥ ਦੀ ਅਵਾਜ਼ ਤੇ ਅਧਿਕਾਰਾਂ ਦੀ ਅਗਵਾਈ ਕਰੇਗਾ'।[38]

ਇਹਨਾਂ ਰਾਵਾਂ ਤੋਂ ਪਤਾ ਲਗਦਾ ਹੈ ਕਿ ਪੰਥ ਦੁਚਿਤੀ ਵਿਚ ਹੈ। ਇਹ ਫ਼ੈਸਲਾ ਵੀ ਨਹੀਂ ਹੋ ਸਕਿਆ ਕਿ ਕੀ ਚੀਫ ਖਾਲਸਾ ਦੀਵਾਨ ਦਾ ਸੁਧਾਰ ਹੋ ਸਕੇਗਾ ਜਾਂ ਨਵੀਂ ਪਾਰਟੀ ਬਣਾਉਣੀ ਚਾਹੀਦੀ ਹੈ ? ਦਰਅਸਲ 1920 ਵਿਚ ਸਿਖ ਧਾਰਮਿਕ, ਵਿਦਿਅਕ, ਸਮਾਜਿਕ ਉਪਰਾਲਿਆਂ ਤੋਂ ਉਪਰੰਤ ਰਾਜਸੀ ਕੰਮਾਂ ਵਲ ਆ ਰਹੇ ਹਨ। ਵਿਚਾਰਾਂ ਦੇ ਵਿਰੋਧ ਦੀ ਜੜ ਸੰਸਕਰਿਤ ਸੰਸਥਾ ਨੂੰ ਰਾਜਸੀ ਪਾਰਟੀ ਬਣਾਉਣ ਦੀਆਂ ਮੁਸ਼ਕਲਾਂ ਵਿਚ ਹੈ।

---

32. ਅਗਸਤ 21.
33. ਸਤੰਬਰ 10.
34. ਅਗਸਤ 20.
35. ਅਕਤੂਬਰ 4.
36. ਅਗਸਤ 27.
37. ਸਤੰਬਰ 10.
38. ਅਕਤੂਬਰ 11.

ਆਮ ਸਿਖ ਜੰਤਾ ਵਿਚ ਸਿਆਸੀ ਚੇਤਨਾ ਦੀ ਘਾਟ ਹੈ। ਸਿਖ ਪਹਿਲੀ ਵਾਰ ਨਵੀਂ ਸਿਆਸਤ ਵਿਚ ਦਿਲਚਸਪੀ ਲੈਣ ਲਗੇ ਹੋਨ। 'ਲੋਕਾਂ ਨੂੰ ਅਜੇ ਤਾਂਈਂ ਇਹ ਪਤਾ ਨਹੀਂ ਕਿ ਵੋਟ ਕਿਸ ਬਲਾ ਦਾ ਨਾਉਂ ਹੈ। ਹਕ ਕਿਸ ਨੂੰ ਆਖੀਦਾ ਹੈ। ਏਹਨਾਂ ਸਿੰਘਾਂ ਨੇ ਚੁਣ ਕੇ ਮੈਂਬਰ ਘਲਣੇ ਹਨ। ਜੇ ਮੈਂਬਰ ਤਿਆਰ ਬਰ ਤਿਆਰ ਸਿੰਘ ਨਾ ਬਣੇ ਤਾਂ ਕਲ ਨੂੰ ਸਰਕਾਰ ਤੇ ਰੋਸ ਭੁਲ ਹੈ।'[39]

ਉਪਰੋਕਤ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਗੁਰਦੁਆਰਾ ਲਹਿਰ ਜਥੇਬੰਦੀ ਦੇ ਸਿਰ 'ਤੇ ਨਹੀਂ ਸ਼ੁਰੂ ਹੋਈ। ਲਹਿਰ ਸ਼ੁਰੂ ਹੋਣ ਤੋਂ ਬਾਅਦ ਹੀ ਜਥੇਬੰਦੀ ਹੁੰਦੀ ਹੈ।

---

39. ਜੁਲਾਈ 28.

# ਸਿਖ ਧਰਮ ਦੀ ਰਾਜਨੀਤਕ ਵਿਚਾਰਧਾਰਾ—ਤੁਲਨਾਤਮਿਕ ਅਧਿਯਨ

ਜਸਪਾਲ ਕੌਰ*

ਸੁਯੋਗ ਲੇਖਕਾ ਨੇ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿਖ ਧਰਮ ਦੀ ਰਾਜਨੀਤਕ ਵਿਚਾਰਧਾਰਾ ਨੇ ਤੁਲਨਾਤਮਿਕ ਤੌਰ ਤੇ ਵਧੇਰੇ ਲੋਕਤੰਤਰੀ ਅਤੇ ਵਧੇਰੇ ਇਨਕਲਾਬੀ ਵਿਚਾਰਧਾਰਾ ਪਰਦਾਨ ਕੀਤੀ ਹੈ।

ਸ. ਸ.

ਸੰਸਾਰ ਵਿਚ ਜਿੰਨੀਆਂ ਵੀ ਲਹਿਰਾਂ ਚਲੀਆਂ ਹਨ, ਜਾਂ ਇਨਕਲਾਬ ਆਏ ਹਨ ਜਾਂ ਧਰਮ ਸਥਾਪਤ ਹੋਏ ਹਨ ਉਨਾਂ ਸਭ ਦਾ ਮਨੋਰਥ, ਵਿਅਕਤੀ ਨੂੰ ਅਛੀ ਤੋਂ ਅਛੀ ਰਾਜਨੀਤਕ ਚੇਤਨਤਾ ਜਾਂ ਰਾਜਨੀਤਕ ਢਾਂਚਾ ਦੇਣ ਦਾ ਸੀ। ਇਹ ਗਲ ਭਾਵੇਂ ਸਿਧੇ ਤੌਰ ਤੇ ਕੀਤੀ ਗਈ ਅਤੇ ਭਾਵੇਂ ਅਸਿਧੇ ਤੌਰ ਤੇ ਸਮਾਜਿਕ ਸੁਧਾਰਾਂ ਦੇ ਰੂਪ ਵਿਚ ਜਾਂ ਨਵੇਂ ਧਾਰਮਿਕ ਸੰਕਲਪ ਦੇ ਕੇ ਇਕ ਨਵੇਂ ਧਰਮ ਦੇ ਰੂਪ ਵਿਚ ਦਿਤੀ ਗਈ ਪਰ ਅੰਤਮ ਮਨੋਰਥ ਸਭ ਦਾ ਹੀ ਇਕ ਵਧੀਆ ਤੋਂ ਵਧੀਆ, ਸੁਤੰਤਰ ਅਤੇ ਨਿਰਭੈ ਜੀਵਨ ਪਰਦਾਨ ਕਰਨ ਵਾਲੀ ਰਾਜਨੀਤਕ ਤਾਕਤ ਦੀ ਸਥਾਪਨਾ ਦਾ ਹੀ ਸੀ।

ਮਹਾਤਮਾ ਬੁਧ ਦੀ ਜੀਵਨ ਕਥਾ ਬੜੀ ਬਚਿਤਰ ਹੈ। ਉਹ ਇਕ ਖਾਸ ਕਿਸਮ ਦੀ ਰਾਜਨੀਤਕ ਪਰਣਾਲੀ ਵਿਚ ਹੀ ਪੈਦਾ ਹੋਇਆ ਅਤੇ ਪਲਿਆ ਸੀ ਪਰ ਇਸ ਨੂੰ ਰਦ ਕਰ ਕੇ ਉਸ ਨੇ ਇਕ ਨਵਾਂ ਧਰਮ ਸਥਾਪਤ ਕੀਤਾ ਜਿਸ ਨੇ ਮਹਾਰਾਜਾ ਅਸ਼ੋਕ ਨੂੰ ਇਸ ਧਰਮ ਦਾ ਪੈਰੋਕਾਰ ਬਣਾ ਕੇ ਇਕ ਨਵੇਂ ਕਲਿਆਣਕਾਰੀ ਰਾਜ ਦਾ ਮੁਢ ਬੰਨਿਆ। ਜੇ ਮਹਾਤਮਾ ਬੁਧ ਦਾ ਆਸ਼ਾ ਕਲਿਆਣਕਾਰੀ ਰਾਜ ਦਾ ਨਾ ਹੁੰਦਾ ਤਾਂ ਉਸ ਨੇ ਆਪਣੀ ਪਿਤਾ-ਪੁਰਖੀ ਰਾਜਨੀਤਕ ਤਾਕਤ ਨੂੰ ਹੀ ਅਪਣਾ ਲੈਣਾ ਸੀ।

ਈਸਾ ਮਸੀਹ ਨੇ ਵੀ ਭਾਵੇਂ ਪਰਚਾਰ ਤਾਂ ਧਰਮ ਦਾ ਹੀ ਕੀਤਾ ਸੀ ਪਰ ਉਸ ਦੇ ਪੈਰੋਕਾਰਾਂ ਨੇ ਸੰਸਾਰ ਨੂੰ ਭਾਂਤ ਭਾਂਤ ਦੀਆਂ ਅਤੀ ਉਤਮ ਰਾਜਨੀਤਕ ਪਰਣਾਲੀਆਂ ਦਿਤੀਆਂ ਹਨ। ਅਜ ਜਿਸ ਦੇਸ਼ ਨੂੰ ਸੰਸਾਰ ਦੀ ਲੋਕਤੰਤਰੀ ਪਰਣਾਲੀ ਦਾ ਜਨਮਦਾਤਾ ਮੰਨਿਆ ਜਾਂਦਾ ਹੈ ਉਹ ਈਸਾ ਮਸੀਹ ਦਾ ਹੀ ਪੈਰੋਕਾਰ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਇਸਲਾਮ ਦਾ ਪਰਚਾਰ ਰਾਜਨੀਤਕ ਤਾਕਤ ਨੂੰ ਸਥਾਪਤ ਕਰ ਕੇ ਹੀ ਕੀਤਾ ਸੀ। ਉਹ ਬੁਤ ਪਰਸਤੀ ਨੂੰ ਇਸ ਹਦ ਤਕ ਨਫ਼ਰਤ ਕਰਦਾ ਸੀ ਕਿ ਉਸ ਨੇ ਇਸ ਪਰਥਾ ਨੂੰ ਸਮਾਪਤ ਕਰਨ ਲਈ ਹਥਿਆਰਬੰਦ ਸੰਘਰਸ਼ ਨੂੰ ਅਪਣਾਇਆ। ਇਸ ਦਾ ਸਿਟਾ ਇਹ ਹੋਇਆ ਕਿ ਜਿਥੇ ਜਿਥੇ ਵੀ ਉਹ ਬੁਤ-ਪਰਸਤਾਂ ਨੂੰ ਹਰਾਉਂਦਾ ਗਿਆ ਉਥੇ ਹੀ ਉਹ ਆਪਣੀ ਰਾਜਨੀਤਕ ਤਾਕਤ ਕਾਇਮ ਕਰਦਾ ਗਿਆ। ਦੁਨੀਆਂ ਨੂੰ ਜੋ ਸ਼ਹਿਨਸ਼ਾਹੀਅਤ ਜਾਂ ਬਾਦਸ਼ਾਹੀ ਠਾਠ-ਬਾਠ ਜਾਂ ਐਸ਼ੋ ਇਸ਼ਰਤ ਦੇ ਹੈਰਾਨ ਕਰ ਦੇਣ ਵਾਲੇ ਮਾਪ-ਦੰਡ ਦਿਤੇ ਹਨ ਉਹ ਸਭ ਹਜ਼ਰਤ ਮੁਹੰਮਦ ਸਾਹਿਬ ਦੇ ਪੈਰੋਕਾਰਾਂ ਵਲੋਂ ਹੀ ਸਥਾਪਤ ਕੀਤੇ ਗਏ ਹਨ। ਅਜ ਦੁਨੀਆਂ ਵਿਚ ਜੇ ਕਿਸੇ

---

*ਲੈਕਚਰਾਰ, ਆਈ. ਏ. ਐਸ. ਟਰੇਨਿੰਗ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਬਾਦਸ਼ਾਹੀ ਠਾਠ ਦੀ ਗਲ ਕੀਤੀ ਜਾਂਦੀ ਹੈ ਉਸ ਵਿਚ ਇਸਲਾਮੀ ਬਾਦਸ਼ਾਹ ਹੀ ਅਗੇ ਆਉਂਦੇ ਹਨ। ਇਸਲਾਮੀ ਸੰਕਲਪ ਨੇ ਬਾਦਸ਼ਾਹ ਨੂੰ ਇਤਨਾ ਉਚ ਪਾਏ ਦਾ ਰੁਤਬਾ ਬਖਸ਼ਿਆ ਕਿ ਉਹ ਧਰਤੀ ਉਪਰ ਰਬ ਦਾ ਛਾਇਆ ਹੋ ਨਿਬੜਿਆ।

ਕਮਿਊਨਿਸਟ ਇਨਕਲਾਬਾਂ ਨੇ ਤਾਂ ਗਲ ਕੀਤੀ ਹੀ ਨਿਰੋਲ ਰਾਜਨੀਤਕ ਤਾਕਤ ਦੀ ਸੀ। ਇਨਾਂ ਦੇ ਅਨੁਸਾਰ ਰਾਜਨੀਤਕ ਤਾਕਤ ਹੀ ਸਮਾਜਿਕ, ਆਰਥਿਕ ਅਤੇ ਧਾਰਮਿਕ ਸਿਧਾਂਤਾਂ ਨੂੰ ਸਿਰਜਦੀ ਹੈ। ਕਮਿਊਨਿਜ਼ਮ ਵੀ ਭਾਵੇਂ ਇਕ ਧਰਮ ਹੀ ਹੈ ਪਰ ਆਮ ਵਿਅਕਤੀ ਲਈ ਇਹ ਧਰਮ ਇਸ ਲਈ ਮਹਿਸੂਸ ਨਹੀਂ ਹੁੰਦਾ ਕਿਉਂਕਿ ਇਹ ਰਬ ਦਾ ਨਾਂ ਨਾ ਲੈ ਕੇ ਸਿਧੀ ਰਾਜਨੀਤਕ ਸਤਾ ਦੀ ਗਲ ਕਰਦਾ ਹੈ। ਸਾਡੇ ਹਿੰਦੁਸਤਾਨੀ ਅੰਧਵਿਸ਼ਵਾਸੀਆਂ ਨੂੰ ਰਬ ਦੇ ਨਾਂ ਬਿਨਾ ਕੋਈ ਸੰਕਲਪ ਧਰਮ ਦਾ ਪਰਭਾਵ ਨਹੀਂ ਦੇ ਸਕਦਾ। ਕਮਿਊਨਿਸਟ ਇਨਕਲਾਬਾਂ ਨੇ ਵੀ ਆਪਣੇ ਜਾਣ ਵਿਚ ਇਕ ਵਧੀਆ ਰਾਜਨੀਤਕ ਢਾਂਚਾ ਪਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਿਰਫ ਇਕ ਬਰਾਹਮਣਵਾਦ ਹੀ ਐਸਾ ਧਰਮ ਹੈ ਜਿਸ ਨੇ ਮਨੁਖ ਨੂੰ ਸੁਤੰਤਰ ਜੀਵਨ ਦੇ ਸੰਕਲਪ ਵਿਚੋਂ ਕਢ ਕੇ ਇਕ ਗੁਲਾਮੀ ਦਾ ਜੀਵਨ ਜੀਣ ਦੀ ਪਰੇਰਨਾ ਕੀਤੀ ਹੈ। ਜੇ ਇੰਜ ਕਹਿ ਲਿਆ ਜਾਵੇ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੇ ਕਿਸੇ ਧਰਮ ਨੇ ਵਿਅਕਤੀ ਨੂੰ ਅਣਖੀਲੇ ਤੋਂ ਬੇਸ਼ਰਮ ਅਤੇ ਸੁਤੰਤਰ ਤੋਂ ਗੁਲਾਮ ਅਤੇ ਭਾਈਚਾਰਕ ਏਕਤਾ ਦੀ ਥਾਂ ਤੇ ਸਮਾਜਿਕ ਵੰਡੀਆਂ ਪਾਈਆਂ ਹਨ ਤਾਂ ਉਹ ਸਿਰਫ ਬਰਾਹਮਣਵਾਦ ਨੇ ਹੀ ਪਾਈਆਂ ਹਨ। ਜਾਤ-ਪਾਤ ਦੀ ਵੰਡ, ਉਚ-ਨੀਚ ਦੀ ਵੰਡ ਆਦਿ ਇਹ ਸਭ ਕੁਝ ਬਰਾਹਮਣਵਾਦ ਦੀ ਹੀ ਦੇਣ ਹੈ। ਜੇ ਕਮਿਊਨਿਜ਼ਮ ਨੂੰ ਕਿਸੇ ਨੇ ਧਰਮ ਮੰਨਣ ਤੋਂ ਇਨਕਾਰ ਕੀਤਾ ਹੈ ਤਾਂ ਇਹ ਸਿਰਫ ਬਰਾਹਮਣਵਾਦ ਵਲੋਂ ਫੈਲਾਏ ਗਏ ਅੰਧ-ਵਿਸ਼ਵਾਸ ਕਰਕੇ ਹੀ ਹੈ। ਨਹੀਂ ਤਾਂ ਮਹਾਤਮਾ ਬੁਧ ਕਮਿਊਨਿਸਟ ਨੇਤਾਵਾਂ ਨਾਲੋਂ ਵੀ ਵਧ ਰਬ-ਵਿਰੋਧੀ ਸੀ ਪਰ ਉਸ ਨੂੰ ਬਰਾਹਮਣਵਾਦ ਨੇ ਹੁਣ ਆਪਣੇ ਤੇਤੀ ਕਰੋੜ ਦੇਵਤਿਆਂ ਵਿਚੋਂ ਇਕ ਦੇਵਤਾ ਮੰਨ ਲਿਆ ਹੈ।

ਗਲ ਸਿਖ ਧਰਮ ਦੀ ਰਾਜਨੀਤਕ ਵਿਚਾਰਧਾਰਾ ਦੀ ਹੋ ਰਹੀ ਹੈ। ਗੁਰੂ ਸਾਹਿਬਾਨ ਦਾ ਆਗਮਨ ਇਕ ਐਸੇ ਸਮੇਂ ਵਿਚ ਹੋਇਆ ਸੀ ਜਦੋਂ ਰਾਜਨੀਤਕ ਸਤਾਧਾਰੀਆਂ ਵਲੋਂ ਵੀ ਅਤੇ ਧਰਮ ਦੇ ਆਲੰਬਰਦਾਰਾਂ ਵਲੋਂ ਵੀ ਧਰਮ ਦੇ ਨਾਂ ਹੇਠ ਹੀ ਲੋਕਾਂ ਨੂੰ ਵਰਗਲਾਇਆ ਜਾਂਦਾ ਸੀ।[1] ਬਾਦਸ਼ਾਹ ਆਪਣੇ ਆਪ ਨੂੰ ਧਰਤੀ ਉਪਰ 'ਰਬ ਦਾ ਛਾਇਆ' ਸਮਝਦਾ ਸੀ। ਬਰਾਹਮਣ ਆਪਣੇ ਆਪ ਨੂੰ ਬਰਹਮਾ ਦਾ ਮੁਖ ਸਮਝਦਾ ਸੀ ਅਤੇ ਸੋਚਦਾ ਸੀ ਕਿ ਉਸ ਦੇ ਮੂੰਹ ਵਿਚੋਂ ਨਿਕਲਿਆ ਹਰ ਸ਼ਬਦ ਰਬੀ-ਬਾਣੀ ਦੇ ਬਰਾਬਰ ਹੈ। ਇਸ ਲਈ ਇਨਾਂ ਦੇ ਧਰਮੀ ਪਾਖੰਡ ਨੂੰ ਸਿਖ ਗੁਰੂ ਸਾਹਿਬਾਨ ਨੇ ਧਰਮ ਦੇ ਨਵੇਂ ਸੰਕਲਪਾਂ ਨਾਲ ਹੀ ਮਾਰਨ ਦਾ ਬੀੜਾ ਚੁਕਿਆ ਸੀ। ਸਿਖ ਧਰਮ ਅਨੁਸਾਰ, ਉਸੇ ਤਰਾਂ ਰਬ ਦਾ ਸੰਕਲਪ ਦਿਤਾ ਗਿਆ; ਉਸੇ ਤਰਾਂ ਨਾਮ ਜਪਣ ਦੀ ਗਲ ਕੀਤੀ ਗਈ ਉਸੇ ਤਰਾਂ ਰਬ ਦੀ ਭਗਤੀ ਕਰਨ ਦੀ ਗਲ ਕੀਤੀ ਗਈ ਪਰ ਇਸ ਦਾ ਭਾਵ ਵਖਰਾ ਸੀ ਇਸ ਦੇ ਪੈਣ ਵਾਲੇ ਪਰਭਾਵ ਵੀ ਵਖਰੇ ਸਨ। ਇਸਲਾਮੀ ਅਤੇ ਬਰਾਹਮਣਵਾਦੀ ਸੰਕਲਪ ਰਬ ਦੇ ਨਾਂ ਹੇਠ ਵਿਅਕਤੀ ਨੂੰ ਇਕ ਖਾਸ ਕਿਸਮ ਦੀ ਗੁਲਾਮੀ ਕਬੂਲਣ ਦੀ ਪਰੇਰਨਾ ਦਿੰਦੇ ਸਨ ਜਦੋਂ ਕਿ ਸਿਖ ਗੁਰੂਆਂ ਦੇ ਰਬੀ-ਸੰਕਲਪ ਸਭ ਕਿਸਮ ਦੀ ਗੁਲਾਮੀ ਛਡ ਕੇ ਇਕ ਸੁਤੰਤਰ ਜੀਵਨ ਜੀਣ ਦੀ

---

1. ਇਉਂ ਦੋਨੋਂ ਵਿਰਕੇ ਕਪਟ ਮੋਂ ਰਚ ਰਹੇ ਨਿਦਾਨਾਂ।
ਇਉਂ ਤੀਸਰ ਮਜਹਬ ਖਾਲਸਾ ਉਪਜਿਓ ਵਿਗਿਆਨਾ।
ਭਾਈ ਗੁਰਦਾਸ ਦੂਜਾ, ਵਾਰਾਂ ਭਾਈ ਗੁਰਦਾਸ ਜੀ (ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ, 1981), ਵਾਰ 41, ਪਾਉੜੀ 66.

ਪਰੇਰਨਾ ਕਰਦੇ ਸਨ। ਰਬ ਦੇ ਸੰਕਲਪ ਨੂੰ ਪਥਰਾਂ ਜਾਂ ਚਾਰ ਦਿਵਾਰੀਆਂ ਵਿਚੋਂ ਕਢਕੇ ਲੋਕ-ਸਮੂਹ (ਸੰਗਤ) ਦੇ ਵਿਚ ਦਰਸਾਇਆ। ਅਰਥਾਤ ਲੋਕਾਂ ਦੀ ਆਵਾਜ਼ ਹੀ ਰਬ ਦੀ ਆਵਾਜ਼ ਮੰਨੀ ਗਈ। ਲੋਕ-ਇਛਾ ਹੀ ਰਬ ਦੀ ਇਛਾ ਮੰਨੀ ਗਈ।[2] ਗਰੀਬ ਦੇ ਮੂੰਹ ਨੂੰ ਹੀ ਰਬ ਦਾ ਮੂੰਹ ਮੰਨਿਆ ਗਿਆ। ਇਕੋ ਇਕ ਪਰਭੂਸਤਾਸ਼ਾਲੀ, ਰਬ ਹੀ ਮੰਨਿਆ ਗਿਆ ਬਾਕੀ ਸਭ ਭਾਵੇਂ ਸਾਧਾਰਨ ਵਿਅਕਤੀ ਸੀ ਤੇ ਭਾਵੇਂ ਬਾਦਸ਼ਾਹ ਸੀ ਇਹ ਸਭ ਰਬ ਦੀ ਔਲਾਦ ਦਰਸਾ ਕੇ ਇਕ ਬਰਾਬਰ ਮੰਨੇ ਗਏ। ਇਉਂ ਜਿਥੇ ਬਰਾਹਮਣਵਾਦ ਦੇ ਅੰਧ-ਵਿਸ਼ਵਾਸ ਨੂੰ ਸਟ ਮਾਰੀ ਗਈ ਉਥੇ ਨਾਲ ਨਾਲ ਹੀ 'ਰਬ ਦੀ ਛਾਇਆ' ਵਾਲੇ ਬਾਦਸ਼ਾਹੀ ਸੰਕਲਪ ਨੂੰ ਜਬਰਦਸਤ ਚਣੌਤੀ ਦਿਤੀ ਗਈ। ਅਸਲ ਵਿਚ ਸਿਖ ਧਰਮ ਦਾ ਰਾਜਨੀਤਕ ਵਿਚਾਰ ਇਥੋਂ ਹੀ ਸ਼ੁਰੂ ਹੁੰਦਾ ਹੈ। ਇਹ ਭਾਵੇਂ ਗੁਰੂ ਸਾਹਿਬਾਨ ਦੀ ਅਤੀ ਸਿਆਣਪ ਭਰੀ ਨੀਤੀ ਸਮਝੀ ਜਾਵੇ ਜਾਂ ਸਮੇਂ ਦੀ ਲੋੜ ਅਨੁਸਾਰ ਉਠਾਇਆਂ ਗਿਆ ਕਦਮ ਸਮਝ ਲਿਆ ਜਾਵੇ, ਸਿਖ ਗੁਰੂ ਸਾਹਿਬਾਨ ਵਲੋਂ ਪਰਚਾਰੇ ਗਏ ਰਬੀ ਸੰਕਲਪ ਨੇ ਨਾਲੇ ਤਾਂ ਬਾਦਸ਼ਾਹ ਦੇ ਰੁਤਬੇ ਨੂੰ ਵੰਗਾਰ ਪਾਈ ਸੀ ਅਤੇ ਨਾਲ ਹੀ ਬਰਾਹਮਣ ਦੀ ਪਦ-ਪਦਵੀ ਨੂੰ ਵੀ ਵੰਗਾਰਿਆ ਗਿਆ ਸੀ। ਇਹ ਪਹਿਲਾ ਮੌਕਾ ਸੀ ਕਿ ਰਬ ਨੂੰ ਲੋਕ-ਸਮੂਹ ਵਿਚ ਹੀ ਦਰਸਾਇਆ ਗਿਆ। ਜਿਥੇ ਇਸ ਸੰਕਲਪ ਰਾਹੀਂ ਰਬ ਦਾ ਇਕ ਸਾਂਝਾ ਪਿਤਾ-ਪੁਰਖੀ ਸਰੂਪ ਸਾਹਮਣੇ ਆਇਆ ਉਥੇ ਲੋਕ-ਸਮੂਹ (ਸੰਗਤ) ਦੀ ਵੀ ਸਰਬਉਚਤਾ ਮੰਨੀ ਜਾਣ ਲਗੀ। ਐਸੇ ਸਮੇਂ ਵਿਚ, ਜਦੋਂ ਇਸ ਧਰਤੀ ਉਪਰ ਬਾਦਸ਼ਾਹ ਹੀ ਇਕੋ ਇਕ ਪਰਭੂਸਤਾਸ਼ਾਲੀ ਪੁਰਖ ਸੀ ਅਤੇ ਉਹ ਹੀ ਪੂਜਣਯੋਗ ਸ਼ਖਸੀਅਤ ਮੰਨੀ ਜਾਂਦੀ ਸੀ, ਸਿਖ ਗੁਰੂ ਸਾਹਿਬਾਨ ਨੇ ਅਜਿਹੀ ਸ਼ਕਤੀ ਨੂੰ ਰਦ ਕਰਕੇ ਲੋਕ-ਸ਼ਕਤੀ ਨੂੰ ਸਾਹਮਣੇ ਲਿਆਂਦਾ। ਇਹ ਇਕ ਕਿਸਮ ਦੀ ਉਲਟੀ ਗੰਗਾ ਵਹਾਉਣ ਵਾਲੀ ਗਲ ਸੀ। ਕਿਥੇ ਤਾਂ ਪਰਜਾ (ਲੋਕ-ਸਮੂਹ) ਨੂੰ ਬਾਦਸ਼ਾਹ ਆਪਣੀ ਗੁਲਾਮ ਸਮਝਦਾ ਸੀ ਅਤੇ ਕਿਥੇ ਗੁਰੂ ਸਾਹਿਬਾਨ ਨੇ ਪਰਜਾ (ਲੋਕ-ਸਮੂਹ) ਨੂੰ ਹੀ ਬਾਦਸ਼ਾਹਾਂ ਦੀ ਸਿਰਜਣ-ਸ਼ਕਤੀ ਬਣਾ ਦਿਤਾ। ਇਹ ਆਪਣੇ ਆਪ ਵਿਚ ਹੀ ਇਕ ਇਨਕਲਾਬ ਸੀ। ਸਿਖ ਧਰਮ ਦਾ ਇਹ ਸੰਗਤ ਦੀ ਸਰਬਉਚਤਾ ਦਾ ਸੰਕਲਪ ਆਖਰ ਖਾਲਸੇ ਦੇ ਰੂਪ ਵਿਚ ਸਰਬਤ ਖਾਲਸੇ ਦੀ ਸੰਸਥਾ ਦਾ ਰੂਪ ਧਾਰਨ ਕਰ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸ਼ਕਤੀਆਂ ਸਰਬਤ ਖਾਲਸੇ ਵਿਚ ਹੀ ਸਮਿਲਤ ਕਰ ਦਿਤੀਆਂ ਸਨ, ਜਿਸ ਦਾ ਭਾਵ ਸੀ ਕਿ ਸਿਖ ਧਰਮ ਦੀ ਵਿਚਾਰਧਾਰਾ ਅਨੁਸਾਰ ਕੋਈ ਵੀ ਵਿਅਕਤੀ ਵਡਾ ਨਹੀਂ ਸਗੋਂ ਸਰਬਤ ਖਾਲਸਾ ਸਰਬਉਚ ਹੈ। ਇਸ ਤਰਾਂ ਇਕ ਅਜਿਹੀ ਲੋਕਤੰਤਰੀ ਪਰਣਾਲੀ ਦੀ ਨੀਂਹ ਰਖੀ ਗਈ ਜਿਸ ਨੇ ਅਮੀਰ-ਗਰੀਬ, ਜਟ-ਚੂਹੜੇ, ਬਾਹਮਣ-ਸ਼ੂਦਰ ਅਤੇ ਉਚੇ-ਨੀਵੇਂ ਵਿਅਕਤੀ ਨੂੰ ਇਕ ਸਮਾਨ ਦਰਜਾ ਦੇ ਕੇ ਰਾਜਨੀਤਕ ਸ਼ਕਤੀਆਂ ਦਾ ਮਾਲਕ ਬਣਾ ਦਿਤਾ।

ਇਸ ਤਰਾਂ ਸਿਖ ਧਰਮ ਦੀ ਇਸ ਰਾਜਨੀਤਕ ਵਿਚਾਰਧਾਰਾ ਨੇ ਪਹਿਲੀ ਵਾਰ ਸਤਾਰਵੀਂ ਸਦੀ ਦੇ ਆਗਮਨ ਦੇ ਸਮੇਂ ਇਕ ਐਸਾ ਰਾਜ ਸਥਾਪਤ ਕਰ ਲਿਆ ਸੀ ਜਿਥੇ ਸ਼ੂਦਰ ਅਤੇ ਵੈਸ਼ ਲੋਕ ਕਸ਼ਤਰੀਆਂ ਅਤੇ ਬਾਹਮਣਾਂ ਦੀ ਕਿਸਮਤ ਘੜਨ ਵਾਲੇ ਸਨ। ਆਨੰਦਪੁਰ ਸਾਹਿਬ ਦੀ ਧਰਤੀ

---

2. ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰ।

(ਗੁਰੂ ਗ੍ਰੰਥ ਸਾਹਿਬ, ਪੰਨਾ 1314)

ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ।
ਵਡੈ ਭਾਗਿ ਸਤ ਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ।

(ਗੁਰੂ ਗ੍ਰੰਥ ਸਾਹਿਬ, ਪੰਨਾ 1335)

ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਸਾਧ ਸੰਗਤਿ ਵਿਚਿ ਵਸੈ।

(ਵਾਰਾਂ ਭਾਈ ਗੁਰਦਾਸ, ਵਾਰ 39, ਪਾਉੜੀ 12)

ਸਾਧ ਸੰਗਤਿ ਸਚੁ ਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ।

(ਉਕਤ, ਵਾਰ 6, ਪਉੜੀ 4)

ਤੇ ਖਾਲਸੇ ਦਾ ਲੋਕ-ਤੰਤਰੀ ਰਾਜ ਸਥਾਪਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਇਕ ਐਸੇ ਸਮਕਾਲੀ ਕਵੀ ਸੈਨਾਪਤਿ ਨੇ ਖਾਲਸੇ ਦੇ ਇਸ ਰਾਜ ਬਾਰੇ ਲਿਖਿਆ ਹੈ ਜਿਸ ਨੇ ਇਸ ਰਾਜ ਨੂੰ ਖੁਦ ਆਪਣੀ ਅਖੀਂ ਵੇਖਿਆ ਸੀ। ਕਵੀ ਸੈਨਾਪਤਿ ਲਿਖਦਾ ਹੈ :

ਨਗਰ ਨਗਰ ਤੇ ਖਾਲਸਾ ਆਵਤ ਹੈ ਤਿਹ ਠਉਰ।
ਦਰਸ ਕਰਤ ਪ੍ਰਭ ਪੁਰਖ ਕੋ ਭਰਮ ਰਹਤ ਨਹੀਂ ਅਉਰ।
ਨਿਕਟ ਗਾਂਵ ਜੇਤੇ ਬਸੈ ਲਏ ਖਾਲਸੇ ਜੀਤ।
ਕੇਤਕ ਦਿਨ ਅਰ ਦੁਇ ਬਰਸ ਇਹਿ ਬਿਧਿ ਭਏ ਬਤੀਤ।
ਤਬੈ ਖਾਲਸਾ ਐਸੀ ਕਰੈ। ਹੋਇ ਅਸੁਵਾਰ ਗਾਵਨ ਪੈ ਚਰੈ।
ਜੋ ਆਗੈ ਤੇ ਮਿਲਨੇ ਆਵੈ। ਬਸਤ ਰਹੈ ਕਛੁ ਭੇਟ ਚੜਾਵੈ।
ਕਰੈ ਬਿਲੰਮ ਭੇਟ ਨਹੀਂ ਦੇਈ। ਤਾਂ ਕੋ ਲੂਟ ਖਾਲਸਾ ਲੇਈ।

(ਸ੍ਰੀ ਗੁਰ ਸੋਭਾ, ਧਿਆਉ 11, ਦੋਹਰਾ 3-4, ਚੌਪਈ 5-6)

ਇਸ ਪਿਛੋਂ ਬੰਦਾ ਸਿੰਘ ਬਹਾਦਰ ਨੇ ਖਾਲਸਈ ਰਾਜ ਕਾਇਮ ਕਰਕੇ ਰਾਜ ਦੀਆਂ ਮੋਹਰਾਂ ਅਤੇ ਸਿਕਿਆਂ ਉਪਰ ਇਹ ਇਬਾਰਤ ਲਿਖੀ :

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ।
ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ।

ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ : "ਮੁਗਲ ਬਾਦਸ਼ਾਹ ਦਾ ਰਾਜ ਸਿਕੇ, ਮੋਹਰਾਂ ਉਨਾਂ ਦੇ ਨਿਜੀ ਨਾਉਂ ਉਤੇ ਚਲਦੇ ਸਨ, ਪਰ ਖਾਲਸੇ ਦਾ ਰਾਜ-ਨੇਤਾ ਬੰਦਾ ਸਿੰਘ ਆਪਣੇ ਨਿਜੀ ਨਾਉਂ ਉਤੇ ਕੁਝ ਨਹੀਂ ਸੀ ਕਰਦਾ। ਉਹ ਰਾਜ ਦੀ ਪਰਾਪਤੀ ਸਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਗੋਬਿੰਦ ਸਿੰਘ ਤੋਂ ਪਰਾਪਤ ਹੋਈ ਕਹਿੰਦਾ ਸੀ ਅਤੇ ਆਪ ਦੇਗ਼ ਅਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਸੀ। ਉਸ ਲਈ ਬਖਸ਼ਿਸ਼ ਨਾਨਕ ਦੀ ਸੀ, ਫ਼ਤਿਹ ਗੁਰੂ ਗੋਬਿੰਦ ਸਿੰਘ ਦੀ ਅਤੇ ਪਾਤਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ।[3] ਵਿਲੀਅਮ ਇਰਵਿਨ ਲਿਖਦਾ ਹੈ ਕਿ ਬੰਦਾ ਸਿੰਘ ਦੀ ਫੌਜ ਵਿਚ ਭਰਤੀ ਜ਼ਿਆਦਾਤਰ ਨੀਚ ਜਾਤੀਆਂ ਵਿਚੋਂ ਹੀ ਹੋਈ ਸੀ ਅਤੇ ਚੂਹੜੇ ਚਮਿਆਰਾਂ ਜਿਹੇ ਲੋਕ ਉਸ ਦੀ ਫ਼ੌਜ ਵਿਚ ਬਹੁਤ ਸਨ।[4]

ਭਾਵੇਂ ਇਹ ਰਾਜ ਥੋੜ-ਚਿਰੇ ਸਨ ਪਰ ਇਸ ਰਾਹੀਂ ਸਿਖ ਧਰਮ ਦੀ ਰਾਜਨੀਤਕ ਵਿਚਾਰ-ਧਾਰਾ ਨੇ ਦੁਨੀਆਂ ਦੇ ਸਾਹਮਣੇ ਪਹਿਲੀ ਵਾਰ ਇਕ ਸਿਧਾ ਲੋਕਤੰਤਰੀ ਵਿਚਾਰ ਦੇ ਕੇ ਉਸਨੂੰ ਅਮਲੀ ਰੂਪ ਦੇ ਕੇ ਦਿਖਾ ਦਿਤਾ ਸੀ। ਚੇਤੇ ਰਹੇ ਕਿ ਅਜ ਲੋਕਤੰਤਰ ਦਾ ਜਨਮਦਾਤਾ ਇੰਗਲੈਂਡ ਨੂੰ ਮੰਨਿਆ ਜਾਂਦਾ ਹੈ ਪਰ ਇੰਗਲੈਂਡ ਵਿਚ ਲੋਕਤੰਤਰ ਅਠਾਰਵੀਂ ਸਦੀ ਵਿਚ ਸ਼ੁਰੂ ਹੋਇਆ ਸੀ ਜਦੋਂ ਕਿ ਸਿਖ ਧਰਮ ਨੇ 1699 ਈ. ਵਿਚ ਹੀ ਲੋਕਤੰਤਰ ਨੂੰ ਅਮਲੀ ਰੂਪ ਵਿਚ ਸਥਾਪਤ ਕਰ ਦਿਤਾ ਸੀ। ਇਸੇ ਤਰਾਂ ਅਜ ਹਥਿਆਰਬੰਦ ਇਨਕਲਾਬ ਦਾ ਜਨਮਦਾਤਾ ਰੂਸ ਜਾਂ ਫਰਾਂਸ ਨੂੰ ਮੰਨਿਆ ਜਾਂਦਾ ਹੈ ਪਰ ਉਥੇ ਇਹ ਇਨਕਲਾਬ ਕਰਮਵਾਰ 1917 ਅਤੇ 1789 ਈ. ਵਿਚ ਆਏ ਸਨ ਜਦੋਂ ਕਿ ਪੰਜਾਬ ਦੀ ਧਰਤੀ ਤੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਹਥਿਆਰਬੰਦ ਇਨਕਲਾਬ ਦੀ ਨੀਂਹ 1606 ਵਿਚ ਹੀ ਰਖ ਦਿਤੀ ਸੀ।

---

3. ਬੰਦਾ ਸਿੰਘ ਬਹਾਦੁਰ (ਸ਼ਰੋਮਣੀ ਕਮੇਟੀ, ਅੰਮ੍ਰਿਤਸਰ, 1964), ਪੰਨਾ 61.
4. ਲੇਟਰ ਮੁਗਲਜ਼ (ਲੰਡਨ, 1922) ਪੰਨੇ 94-99.